Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763




COVERED CALIFORNIA
Certified Insurance Agent
Global Green INSURANCE AGENCY

Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Gurcharan Singh Mann
Mann Insurance Brokers Inc.
4123 Dyer St., #230, Union City, CA 94587



Buy/Sell Real Estate
in Bay Area
Call: Jaideep Singh
Ph: 510-565-5250
Email: jaideeprealtor@gmail.com
I can help you every step of the way.
No Pressure, No Obligation.

DRE#02021283
Fluent in Punjabi and Hindi.



Twentieth Year of Publication | ਕੈਲੀਫੋਰਨੀਆ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 50, December 14, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਹੁਣ ਕੈਪਟਨ ਦੇ ਵਜ਼ੀਰਾਂ ਵਲੋਂ ਬਗਾਵਤ

## ਵਿਰੋਧੀ ਧਿਰਾਂ ਵਲੋਂ ਸਰਕਾਰ ਡੇਗਣ ਦੀਆਂ ਵਿਉਂਤਾਂ

**ਚੰਡੀਗੜ੍ਹ:** ਆਰਥਿਕ ਤੰਗੀ ਨਾਲ ਦੋ-ਦੋ ਹੱਥ ਕਰ ਰਹੀ ਪੰਜਾਬ ਦੀ ਕੈਪਟਨ ਸਰਕਾਰ ਹੁਣ ਨਵੇਂ ਸਿਆਸੀ ਸੰਕਟ ਵਿਚ ਘਿਰਦੀ ਨਜ਼ਰ ਆ ਰਹੀ ਹੈ। ਸਰਕਾਰ ਦੀ ਨਾਲਾਇਕੀ ਖਿਲਾਫ ਪਾਰਟੀ ਅੰਦਰੋਂ ਹੀ ਬਾਗੀ ਸੁਰਾਂ ਤਿੱਖੀਆਂ ਹੋ ਗਈਆਂ ਹਨ। ਕੱਲ੍ਹ ਤੱਕ ਕਾਂਗਰਸ ਦੇ ਸੀਨੀਅਰ ਆਗੂ ਅਤੇ ਵਿਧਾਇਕ ਹੀ ਕੈਪਟਨ ਨੂੰ ਵੰਗਾਰ ਰਹੇ ਸਨ ਪਰ ਹੁਣ ਕੈਬਨਿਟ ਮੰਤਰੀ ਹੀ ਸਰਕਾਰ ਦੀ ਨੀਅਤ ਉਤੇ ਸਵਾਲ ਉਠਾਉਣ ਲੱਗੇ ਹਨ।



ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੈਪਟਨ ਨੂੰ ਇਥੋਂ ਤੱਕ ਆਖ ਦਿੱਤਾ ਹੈ ਕਿ ਜੇ ਬੇਅਦਬੀ ਮਾਮਲੇ ਦੇ ਅਸਲ ਗੁਨਾਹਗਾਰਾਂ ਨੂੰ ਸਜ਼ਾਵਾਂ ਨਾ ਮਿਲੀਆਂ ਤਾਂ ਲੋਕਾਂ ਨੇ ਸਾਡੀਆਂ ਵਜ਼ੀਰੀਆਂ 'ਤੇ ਥੁੱਕਣਾ ਤੱਕ ਨਹੀਂ। ਰੰਧਾਵਾ ਨੇ ਵਜ਼ੀਰੀ ਛੱਡਣ ਦੀ ਪੇਸ਼ਕਸ਼ ਕਰਦਿਆਂ ਆਖ ਦਿੱਤਾ ਕਿ 'ਅਸੀਂ ਗੁਰੂ ਨੂੰ ਪਿੱਠ ਵਿਖਾਈ ਹੈ, ਕਦੇ ਮੁਆਫੀ ਨਹੀਂ ਮਿਲਣੀ'। ਅਸਲ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਾਅਦ 'ਚ ਹੋਏ ਗੋਲੀਕਾਂਡ ਦੀਆਂ ਘਟਨਾਵਾਂ ਲਈ ਇਨਸਾਫ ਨਾ ਮਿਲਣ 'ਤੇ ਅਲਾਇੰਸ ਸਿੱਖ ਆਰਗੇਨਾਈਜ਼ੇਸ਼ਨ ਵਲੋਂ ਕੈਬਨਿਟ ਮੰਤਰੀ ਦੀ ਰਿਹਾਇਸ਼ ਅੱਗੇ ਰੋਸ ਧਰਨਾ ਲਾਇਆ ਸੀ। ਰੰਧਾਵਾ ਖੁਦ ਇਸ ਧਰਨੇ ਵਿਚ ਸੰਬੋਧਨ ਕਰਨ ਲੱਗੇ ਅਤੇ ਆਪਣੀ ਹੀ ਸਰਕਾਰ ਉਤੇ ਸਵਾਲ ਚੁੱਕਦੇ ਹੋਏ ਆਖ ਦਿੱਤਾ ਕਿ 'ਹੁਣ ਅਸੀਂ ਵੀ ਬਾਦਲਾਂ ਜਿੰਨੇ ਹੀ ਗੁਨਾਹਗਾਰ ਹਾਂ'।

ਰੰਧਾਵਾ ਦੇ ਇਨ੍ਹਾਂ ਬਾਗੀ ਸੁਰਾਂ ਦੇ ਅਗਲੇ ਹੀ ਦਿਨ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਵਲੋਂ ਪਾਰਟੀ ਵਰਕਰਾਂ ਕੋਲੋਂ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਫੀਡ-ਬੈਕ ਲੈਣ ਦੇ ਪ੍ਰੋਗਰਾਮ ਵਿਚ ਪਾਰਟੀ ਵਰਕਰਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ। ਪੇਂਡੂ ਤੇ ਸ਼ਹਿਰੀ ਇਲਾਕਿਆਂ ਦੀਆਂ ਕੀਤੀਆਂ ਗਈਆਂ ਮੀਟਿੰਗਾਂ ਵਿਚ ਬਰਗਾੜੀ, ਚਿੱਟਾ, ਟਰਾਂਸਪੋਰਟ, ਰੇਤ ਮਾਫੀਆ ਤੇ ਨੀਲੇ ਕਾਰਡਾਂ ਦੀ ਥਾਂ ਸਮਾਰਟ ਕਾਰਡ ਵਰਗੇ ਮੁੱਦਿਆਂ ਉਤੇ ਸਰਕਾਰ ਦੀ ਨਾਲਾਇਕੀ ਉਤੇ ਸਵਾਲ ਚੁੱਕੇ ਗਏ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਜੇ ਇਨ੍ਹਾਂ ਮੁੱਦਿਆਂ ਦਾ ਹੱਲ ਨਾ ਕੀਤਾ ਗਿਆ ਤਾਂ ਜਿਵੇਂ 2017 ਵਿਚ ਅਕਾਲੀਆਂ ਦਾ ਹਸ਼ਰ ਹੋਇਆ, ਉਹੀ ਹਾਲ 2022 ਦੀਆਂ ਚੋਣਾਂ ਵਿਚ ਕਾਂਗਰਸ ਦਾ ਹੋਵੇਗਾ। ਆਗੂਆਂ ਨੇ ਇਹ ਗੱਲ ਖੁੱਲ੍ਹ ਕੇ ਕਹੀ ਕਿ ਨਵਜੋਤ ਸਿੰਘ ਸਿੱਧੂ ਵਰਗਾ ਜਿਹੜਾ ਲੀਡਰ ਸੱਚੀ ਗੱਲ ਕਰਦਾ ਸੀ, ਉਸ ਨੂੰ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ ਅਤੇ ਪੰਜਾਬ ਵਿਚ ਇਹ ਪ੍ਰਭਾਵ ਜਾ ਰਿਹਾ ਹੈ ਕਿ ਕੈਪਟਨ ਅਤੇ ਬਾਦਲ ਰਲੇ ਹੋਏ ਹਨ।

ਕਾਂਗਰਸੀਆਂ ਦੇ ਬਾਗੀ ਸੁਰ ਵੇਖ ਕੇ ਵਿਰੋਧੀ ਧਿਰਾਂ ਸਰਕਾਰ ਡੇਗਣ ਦੀਆਂ ਵਿਉਂਤਾਂ ਘੜਨ ਲੱਗੀਆਂ ਹਨ। ਆਮ ਆਦਮੀ ਪਾਰਟੀ ਨੇ ਤਾਂ ਇਹ ਦਾਅਵਾ ਕਰ ਦਿੱਤਾ ਕਿ ਕਾਂਗਰਸ ਦੇ 40 ਵਿਧਾਇਕ ਉਨ੍ਹਾਂ ਦੇ ਸੰਪਰਕ ਵਿਚ ਹਨ। ਇਸ ਲਈ ਉਹ (ਆਪ) ਆਪਣੇ 19 ਵਿਧਾਇਕਾਂ ਦਾ ਸਮਰਥਨ ਦੇ ਕੇ ਨਵੀਂ ਸਰਕਾਰ ਬਣਾਉਣ ਬਾਰੇ ਰਣਨੀਤੀ ਤੈਅ ਕਰ ਰਹੇ ਹਨ। ਇਸ ਲਈ ਨਵਜੋਤ ਸਿੰਘ ਸਿੱਧੂ ਅਤੇ ਬੈਂਸ ਭਰਾਵਾਂ ਨੂੰ ਵੀ ਸੱਦਾ ਦਿੱਤਾ ਗਿਆ ਹੈ। ਯਾਦ ਰਹੇ ਕਿ ਪਿਛਲੇ ਕੁਝ ਮਹੀਨਿਆਂ ਤੋਂ ਕਾਂਗਰਸ ਵਿਚ ਬਾਗੀਆਂ ਦੀ ਲਿਸਟ ਕਾਫੀ ਲੰਮੀ ਹੋ ਰਹੀ ਹੈ। ਇਸ ਤੋਂ ਪਹਿਲਾਂ ਹਲਕਾ ਸ਼ੁਤਰਾਣਾ ਤੋਂ ਕਾਂਗਰਸੀ ਵਿਧਾਇਕ ਨਿਰਮਲ ਸਿੰਘ ਨੇ ਸਰਕਾਰ ਖਿਲਾਫ ਮੋਰਚਾ ਖੋਲ੍ਹ ਲਿਆ ਸੀ ਅਤੇ ਕਿਹਾ ਸੀ ਕਿ ਉਹ ਪਹਿਲੀ ਜਨਵਰੀ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੋਠੀ ਅੱਗੇ ਧਰਨਾ ਸ਼ੁਰੂ ਕਰੇਗਾ। ਮਗਰੋਂ ਉਸ ਦਾ ਬਿਆਨ ਆ ਗਿਆ ਕਿ ਹੁਣ ਉਸ ਦੇ ਇਲਾਕੇ ਵਿਚ ਵਿਕਾਸ ਕਾਰਜਾਂ ਲਈ ਰਾਹ ਖੁੱਲ੍ਹ ਗਿਆ ਹੈ, ਇਸ ਲਈ ਧਰਨਾ ਮੁਲਤਵੀ ਕਰ ਦਿੱਤਾ ਗਿਆ ਹੈ।

ਵਿਧਾਇਕਾਂ ਦੀ ਨਾਰਾਜ਼ਗੀ ਪਹਿਲੀ ਵਾਰ ਸਾਹਮਣੇ ਨਹੀਂ ਆਈ, ਇਸ ਤੋਂ ਪਹਿਲਾਂ ਵੱਖ-ਵੱਖ ਸਮਿਆਂ ਦੌਰਾਨ ਇਕ ਦਰਜਨ ਤੋਂ ਵੱਧ ਵਿਧਾਇਕ ਕਿਸੇ ਨਾ ਕਿਸੇ ਮੌਕੇ ਖੁੱਲ੍ਹੇਆਮ ਆਪਣੀ ਨਾਰਾਜ਼ਗੀ ਪ੍ਰਗਟ ਕਰ ਚੁੱਕੇ ਹਨ। ਵਿਧਾਇਕਾਂ ਦੀ ਨਾਰਾਜ਼ਗੀ ਕਾਰਨ ਹੀ ਮੁੱਖ ਮੰਤਰੀ ਨੂੰ ਕੁਝ ਵਿਧਾਇਕਾਂ ਨੂੰ ਸਲਾਹਕਾਰ ਵਰਗੇ ਅਹੁਦੇ ਦੇ ਕੇ ਸ਼ਾਂਤ ਕਰਨ ਦਾ ਯਤਨ ਕੀਤਾ ਗਿਆ। ਕੈਪਟਨ ਸਰਕਾਰ ਤਿੰਨ ਸਾਲਾਂ ਦੀ ਸੱਤਾ ਦੌਰਾਨ ਲੋਕਾਂ ਦੀਆਂ ਉਮੀਦਾਂ ਉਤੇ ਖਰੀ ਨਹੀਂ ਉਤਰੀ। ਵਿਧਾਨ ਸਭਾ ਚੋਣਾਂ ਵਿਚ ਕੈਪਟਨ ਨੇ ਲੋਕਾਂ ਨਾਲ ਵੱਡੇ ਵਾਅਦੇ ਕੀਤੇ ਸਨ ਪਰ ਸੱਤਾ ਮਿਲਦਿਆਂ ਹੀ ਇਸ ਪਾਸਿਉਂ ਮੂੰਹ ਫੇਰ ਲਿਆ। ਦਰਅਸਲ, ਕੈਪਟਨ ਸਰਕਾਰ ਘਰ-ਘਰ ਰੁਜ਼ਗਾਰ ਦੇਣ, ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ,

*(ਬਾਕੀ ਸਫਾ 6 ਉਤੇ)*

# 'ਬਾਦਲ ਮੁਕਤ' ਅਕਾਲੀ ਦਲ ਲਈ ਲਾਮਬੰਦੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ ਮੌਕੇ ਅਕਾਲੀ ਦਲ ਨੂੰ 'ਬਾਦਲ ਮੁਕਤ' ਕਰਨ ਲਈ ਮੁਹਿੰਮ ਛੇੜੀ ਗਈ ਹੈ। ਅਕਾਲੀ ਦਲ ਬਾਦਲ ਵਿਰੋਧੀ ਸਾਰੇ ਅਕਾਲੀ ਧੜਿਆਂ ਦੀ ਇਕਜੁਟਤਾ ਨੇ ਪੰਜਾਬ ਦੀਆਂ ਸਿਆਸੀ ਸਫਾਂ ਵਿਚ ਵੀ ਨਵੀਂ ਚਰਚਾ ਛੇੜ ਦਿੱਤੀ ਹੈ। ਬਾਦਲਾਂ ਨੂੰ ਸਭ ਤੋਂ ਵੱਡਾ ਝਟਕਾ ਢੀਂਡਸਾ ਪਰਿਵਾਰ ਨੇ ਦਿੱਤਾ ਹੈ। ਅਕਾਲੀ ਦਲ ਦੇ ਸੀਨੀਅਰ ਆਗੂ ਤੇ ਵਿਧਾਇਕ ਦਲ ਦੇ ਨੇਤਾ ਪਰਮਿੰਦਰ ਸਿੰਘ ਢੀਂਡਸਾ ਵਲੋਂ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਵਿਧਾਇਕ ਦਲ ਦੇ ਨੇਤਾ ਦੇ ਅਹੁਦੇ ਤੋਂ ਲਾਂਭੇ ਹੋਣ ਦੇ ਫੈਸਲੇ ਨੇ ਬਾਦਲਾਂ ਨੂੰ ਤ੍ਰੇਲੀਆਂ ਲਿਆ ਦਿੱਤੀਆਂ ਹਨ।

ਇਸ ਦੀ ਅਗਾਊਂ ਸੂਹ ਮਿਲਣ ਉਤੇ ਬਾਦਲਾਂ ਨੇ ਭਾਵੇਂ ਪਰਮਿੰਦਰ ਢੀਂਡਸਾ ਨੂੰ ਅਜਿਹੇ ਹਾਲਾਤ ਵਿਚ ਸਾਥ ਨਾ ਛੱਡਣ ਦਾ ਤਰਲਾ ਮਾਰਿਆ ਹੈ ਪਰ ਪਰਮਿੰਦਰ ਢੀਂਡਸਾ ਸੱਜਰੇ ਸਿਆਸੀ ਹਾਲਾਤ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਥਾਂ ਆਪਣੇ ਪਿਤਾ ਸੁਖਦੇਵ ਸਿੰਘ ਢੀਂਡਸਾ ਦਾ ਸਾਥ ਦੇਣ ਲਈ ਬਜ਼ਿਦ ਹਨ। ਯਾਦ ਰਹੇ ਕਿ ਸੁਖਦੇਵ ਸਿੰਘ ਢੀਂਡਸਾ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇਣ ਮਗਰੋਂ ਬਾਦਲਾਂ ਵਲੋਂ ਪਾਰਟੀ ਅੰਦਰ ਪਰਮਿੰਦਰ ਸਿੰਘ ਢੀਂਡਸਾ ਦੀ 'ਵੁਕਅਤ' ਵਧਾਉਣ ਦਾ ਪ੍ਰਭਾਵ ਦਿੱਤਾ ਜਾ ਰਿਹਾ ਸੀ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਢੀਂਡਸਾ ਪਰਿਵਾਰ ਦਾ ਤਾਜ਼ਾ ਪੈਂਤੜਾ ਬਾਦਲਾਂ ਲਈ ਰਾਜਨੀਤਕ ਤੌਰ 'ਤੇ ਸੰਕਟ ਵਾਲਾ ਸਾਬਤ ਹੋ ਸਕਦਾ ਹੈ। ਪਰਮਿੰਦਰ ਢੀਂਡਸਾ ਇਸ ਸਮੇਂ ਲਹਿਰਾਗਾਗਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਹਨ ਅਤੇ ਹਾਲੀਆ ਸੰਸਦੀ ਚੋਣਾਂ ਦੌਰਾਨ ਪਾਰਟੀ ਨੇ ਉਨ੍ਹਾਂ ਨੂੰ ਸੰਗਰੂਰ ਹਲਕੇ ਤੋਂ ਉਮੀਦਵਾਰ ਬਣਾਇਆ ਸੀ ਪਰ ਉਹ ਚੋਣ ਹਾਰ ਗਏ ਸਨ। ਚੇਤੇ ਰਹੇ ਕਿ ਬਾਦਲ ਵਿਰੋਧੀ ਅਕਾਲੀਆਂ ਵਲੋਂ ਅੰਮ੍ਰਿਤਸਰ ਵਿਚ ਹੀ ਪਾਰਟੀ ਦਾ ਸਥਾਪਨਾ ਦਿਵਸ ਵੱਖਰੇ ਤੌਰ ਉਤੇ ਮਨਾਇਆ ਜਾ ਰਿਹਾ ਹੈ ਅਤੇ ਖਬਰਾਂ ਹਨ ਕਿ ਇਸ ਦੀ ਅਗਵਾਈ ਸੁਖਦੇਵ ਸਿੰਘ ਢੀਂਡਸਾ ਕਰਨਗੇ। ਸ਼੍ਰੋਮਣੀ



ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਹੋਰਨਾਂ ਆਗੂਆਂ ਦੀ ਸੁਖਦੇਵ ਸਿੰਘ ਢੀਂਡਸਾ ਨਾਲ ਹੋਈ ਮੀਟਿੰਗ ਮਗਰੋਂ ਸਿਆਸੀ ਗਤੀਵਿਧੀਆਂ ਤੇਜ਼ ਹੋ ਗਈਆਂ ਹਨ। ਸਿੱਖ ਸਿਆਸਤ 'ਚ ਹੋ ਰਹੀ ਨਵੀਂ ਕਤਾਰਬੰਦੀ ਖਾਸ ਕਰ ਸੁਖਦੇਵ ਸਿੰਘ ਢੀਂਡਸਾ ਵਲੋਂ ਉਨ੍ਹਾਂ ਦੇ ਖੇਮੇ 'ਚ ਆ ਜਾਣ ਨਾਲ ਅਕਾਲੀ ਦਲ (ਟਕਸਾਲੀ) ਦੇ ਆਗੂ ਵਧੇਰੇ ਉਤਸ਼ਾਹ ਵਿਚ ਹਨ।

ਦਰਅਸਲ, ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਨੇ ਨਾਰਾਜ਼ ਤੇ ਨਿਰਾਸ਼ ਅਕਾਲੀ ਲੀਡਰਾਂ ਸਮੇਤ ਹੋਰ ਹਮਖਿਆਲੀ ਪਾਰਟੀਆਂ ਤੇ ਲੀਡਰਾਂ ਨੂੰ ਇਕ ਮੰਚ ਉਤੇ ਲਿਆਉਣ ਲਈ

*(ਬਾਕੀ ਸਫਾ 6 ਉਤੇ)*


Ad Space Available
Please call
Ph: 847-359-0746




Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਸਾਬਕਾ ਪ੍ਰਿੰਸੀਪਲ ਹਰਕੀਰਤ ਕੌਰ ਸੈਨ ਹੋਜੇ ਗੁਰੂ ਘਰ ਪਹੁੰਚੇ

**ਸੈਨ ਹੋਜੇ (ਬਿਊਰੋ):** ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਦੇ ਸਾਬਕਾ ਪ੍ਰਿੰਸੀਪਲ ਹਰਕੀਰਤ ਕੌਰ ਗਰੇਵਾਲ ਲੰਘੇ ਐਤਵਾਰ ਗੁਰਦਆਰਾ ਸੈਨ ਹੋਜੇ ਨਤਮਸਤਕ ਹੋਣ ਲਈ ਪਹੁੰਚੇ। ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਬਹੁਤ ਸਾਰੇ ਸਾਬਕਾ ਵਿਦਿਆਰਥੀ ਬੇਏਰੀਏ



*ਪ੍ਰਿੰ. ਹਰਕੀਰਤ ਕੌਰ ਗਰੇਵਾਲ*

ਵਿਚ ਰਹਿੰਦੇ ਹਨ। ਉਨ੍ਹਾਂ ਪ੍ਰਿੰ. ਹਰਕੀਰਤ ਕੌਰ ਗਰੇਵਾਲ ਦਾ ਭਰਵਾਂ ਸਵਾਗਤ ਕੀਤਾ ਅਤੇ ਵਿਚਾਰ-ਵਟਾਂਦਰਾ ਕੀਤਾ ਕਿ ਕਾਲਜ ਤੇ ਵਿਦਿਆਰਥੀਆਂ ਦੀ ਬਿਹਤਰੀ ਲਈ ਕਿਵੇਂ ਯੋਗਦਾਨ ਪਾ ਸਕਦੇ ਹਨ। ਪ੍ਰਿੰ. ਹਰਕੀਰਤ ਕੌਰ ਗਰੇਵਾਲ ਨੇ ਦੱਸਿਆ ਕਿ ਕਾਲਜ ਦੇ ਵਿਦਿਆਰਥੀ ਗੁਰਦੁਆਰਾ ਸੈਨ ਹੋਜੇ ਦੇ ਭਾਈਚਾਰਕ ਪ੍ਰਾਜੈਕਟਾਂ ਅਤੇ ਸਥਾਨਕ ਪ੍ਰਸ਼ਾਸਨ ਵਿਚ ਕਿਵੇਂ ਸਰਗਰਮ ਹਨ ਤਾਂ ਜੋ ਉਨ੍ਹਾਂ ਨੂੰ ਆਪਣੇ ਸਭਿਆਚਾਰ ਅਤੇ ਪੇਸ਼ੇਵਰ ਪ੍ਰਾਪਤੀਆਂ ਬਾਰੇ ਜਾਣੂ ਕਰਵਾ ਸਕਣ।

ਸ. ਸੁਰਜੀਤ ਸਿੰਘ ਬੈਂਸ ਨੇ ਪ੍ਰਿੰ. ਹਰਕੀਰਤ ਕੌਰ ਗਰੇਵਾਲ ਦੀ ਸੰਗਤ ਨਾਲ ਜਾਣ-ਪਛਾਣ ਕਰਵਾਈ ਅਤੇ ਦੱਸਿਆ ਕਿ ਕਿਵੇਂ ਉਹ ਉਸੇ ਕਾਲਜ ਤੋਂ ਪੜ੍ਹਾਈ ਮੁਕੰਮਲ ਕਰ ਕੇ ਅਧਿਆਪਕ ਬਣੇ ਅਤੇ ਫਿਰ ਪ੍ਰਿੰਸੀਪਲ ਬਣੇ।







ਪ੍ਰਿੰ. ਹਰਕੀਰਤ ਕੌਰ ਨੇ ਸੰਗਤ ਦਾ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਦੁਨੀਆਂ ਭਰ ਵਿਚ ਮਨਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਆਪਣੇ ਵਲੋਂ ਕਾਲਜ ਨਾਲ ਸਬੰਧਤ ਮਾਮਲਿਆਂ ਵਿਚ ਜੇ ਕਿਸੇ ਨੂੰ ਮਦਦ ਦੀ ਲੋੜ ਹੋਵੇ ਤਾਂ ਮਦਦ ਕਰਨ ਦਾ ਭਰੋਸਾ ਦਿੱਤਾ। ਪ੍ਰਬੰਧਕਾਂ ਵਲੋਂ ਉਨ੍ਹਾਂ ਦਾ ਵਿਸ਼ੇਸ਼ ਮਾਣ-ਸਨਮਾਨ ਕੀਤਾ ਗਿਆ। ਬਾਅਦ ਵਿਚ ਵਿਦਿਆਰਥੀਆਂ ਨੇ ਉਨ੍ਹਾਂ ਦੀ ਗੁਰਦੁਆਰਾ ਸਾਹਿਬ ਦੀ ਫੇਰੀ ਲੁਆਈ ਅਤੇ ਭਵਿੱਖ ਦੇ ਪ੍ਰਾਜੈਕਟਾਂ ਬਾਰੇ ਜਾਣਕਾਰੀ ਦਿੱਤੀ।



## ਪੰਜਾਬ ਦੇ ਵਿਕਾਸ ਲਈ ਸਰਕਾਰ ਪਰਵਾਸੀ ਪੰਜਾਬੀਆਂ ਤੋਂ ਸਹਿਯੋਗ ਲਵੇ: ਗਾਖਲ

**ਵਾਟਸਨਵਿਲ (ਬਿਊਰੋ):** ਇਨ੍ਹੀਂ ਦਿਨੀਂ ਪਿੰਡ ਗਾਖਲ (ਜਲੰਧਰ) ਵਿਕਾਸ ਕਾਰਜ ਵੱਡੀ ਪੱਧਰ 'ਤੇ ਚੱਲ ਰਹੇ ਹਨ। ਜਿਥੇ ਪਿੰਡ ਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨ ਉਪਰੰਤ ਛੱਪੜ ਨੂੰ ਪੂਰ ਕੇ ਇੱਕ ਖੂਬਸੂਰਤ ਪਾਰਕ ਦੀ ਉਸਾਰੀ ਕੀਤੀ ਜਾਵੇਗੀ।



ਅਮਰੀਕਾ ਵਸਦੇ ਗਾਖਲ ਭਰਵਾਂ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ ਵਲੋਂ ਨਗਰ ਪੰਚਾਇਤ ਅਤੇ ਨਿਰਮਲ ਸਿੰਘ ਦੀ ਅਗਵਾਈ 'ਚ ਇਹ ਸੇਵਾ ਕਰਵਾਈ ਜਾ ਰਹੀ ਹੈ।

ਅਮੋਲਕ ਸਿੰਘ ਗਾਖਲ ਅਨੁਸਾਰ ਇਨ੍ਹਾਂ ਕਾਰਜਾਂ ਨੂੰ ਅਰੰਭ ਤੇ ਮੁਕੰਮਲ ਕਰਨ' ਚ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰੀ ਪਰਵਾਸੀ ਪੰਜਾਬੀਆਂ ਨੂੰ ਸਹਿਯੋਗ ਦੇਵੇ ਤੇ ਪਿੰਡਾਂ ਦੇ ਵਿਕਾਸ ਲਈ ਅੱਗੇ ਆਉਣ ਦੀ ਅਪੀਲ ਕਰੇ। ਉਨ੍ਹਾਂ ਕਿਹਾ ਕਿ ਜੇ ਪਰਵਾਸੀ ਪੰਜਾਬੀ ਭਰਾ ਆਪੋ-ਆਪਣੇ ਪਿੰਡ ਲਈ ਦੋ-ਦੋ ਕਰੋੜ ਰੁਪਏ ਵੀ ਖਰਚਣ ਤਾਂ ਪੰਜਾਬ ਦੇ ਸਾਰੇ ਪਿੰਡਾਂ ਵਿਚ ਜਦੋਂ ਕਰੀਬ 25 ਹਜ਼ਾਰ ਕਰੋੜ ਰੁਪਏ ਤੋਂ ਉਪਰ ਖਰਚਿਆ ਜਾਵੇਗਾ ਤਾਂ ਪੰਜਾਬ ਦਾ ਵਿਕਾਸ ਸਿਰ ਚੜ੍ਹ ਕੇ ਬੋਲੇਗਾ ਤੇ ਵੱਡੀ ਪੱਧਰ 'ਤੇ ਰੁਜਗਾਰ ਦੇ ਮੌਕੇ ਵੀ ਪੈਦਾ ਹੋਣਗੇ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਤਜਵੀਜ ਵੱਲ ਪੂਰਾ ਧਿਆਨ ਦਿੱਤਾ ਜਾਵੇ।

ਗਾਖਲ ਪਰਿਵਾਰ ਨੇ ਡਿਪਟੀ ਕਮਿਸ਼ਨਰ ਜਲੰਧਰ ਤੇ ਸਮੁੱਚੇ ਸਿਵਲ ਪ੍ਰਸ਼ਾਸਨ ਦਾ ਸਹਿਯੋਗ ਲਈ ਧੰਨਵਾਦ ਵੀ ਕੀਤਾ ਹੈ।

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Manjit Singh Nagra
Realtor/Broker
Cell: 317-750-1900
6979 Hillsdale Court
Indianapolis, Indiana 46250

Gurdeep (Garry) Chhokar
Realtor/Broker
Cell: 317-500-1247

Star Alliance BROKERAGE



We do all type of Home and Commercial Loan. Same day loan approval...

# ਫਰੀਮਾਂਟ ਪੁਲਿਸ ਮੁਖੀ ਵਲੋਂ ਗੁਰਦੁਆਰਾ ਚੋਣਾਂ 'ਚ ਦਖਲ ਦੇਣ ਤੋਂ ਸਾਫ ਨਾਂਹ

City of Fremont Police Department

December 7, 2019

To all valued members of the Fremont Gurdwara Sahib community:

I am writing to you as the Chief of Police for the Fremont Police Department to clarify our position concerning the ongoing divide within the Supreme Council that governs your place of worship.

Let me start by telling you that we very much value the Sikh community, and treasure what you contribute to Fremont in terms of human ingenuity, our socio-economic health, and overall vibrant culture. We are proud to be home to the Fremont Gurdwara Sahib, one of the most prominent and influential Sikh Gurdwaras outside of India. But this ongoing cycle of discord and even violence must stop as it relates to Supreme Council control and elections.

We are aware of the ongoing dispute and divide within your current Supreme Council, and understand that this situation is not a new phenomenon. On a personal note, I can remember as far back as 20 years ago having to spend several Spring Sundays at the Gurdwara, all to prevent violence during election time. It seems that this cycle of discord continues, despite an agreed-upon process to hold elections this coming March. It is our understanding that some members of the Council wish to hold elections earlier, while others wish to adhere to the established election schedule. Both sides have asked us to intervene on multiple occasions, and both sides have asserted the police department's support of their agenda. I wish to clarify and communicate our position directly to you, the Gurdwara Sahib community.

When the Founding Fathers of the United States established our country and its form of governance, they explicitly articulated and created a separation of church and state. It was their wish that the United States allow its citizens to freely choose and express their religious beliefs. The First Amendment to the United States Constitution reads, in part, "Congress shall make no law respecting an establishment of religion, or prohibiting the free exercise thereof…"

For this reason, we, as a department, approach disputes over the internal workings of any church, temple, or mosque with neutrality and do not express support of any political agenda other than public safety. We fully support the practice that established election processes should promote peaceful transitions of power, and the ability of the voting membership to choose their intended path and representation.

**It is my sincere hope that you, as a congregation, adhere to the established process and timeline to ensure a civilized and safe election in March of 2020.**

We, as a police department, will do our best to support your safety. However, we do not have the capacity to have police officers assigned as onsite security. With a size of over 90 square miles, and only 12-15 officers on-duty at any one time, our officers must remain available to respond to the multitude of other issues occurring at any one time, including, but not limited to, auto burglaries, vehicle accidents, mental health crises, batteries, and robberies. We rely on you to act with civility, responsibility, and maturity as a congregation and representatives of your community.

Here is a similar sentiment I found on your own Gurdwara Sahib website:

> "The Gurdwara is also a place for discussing problems facing the Sikh community. Infringement of the Sikh code of discipline may also be considered and suitable punishment decided. The Gurdwara plays a socio-economic role in the Sikh community. It is expected to be free from any sectional interests or party politics."[1]

We urge all of you to resist the temptation to be drawn into any behavior that might lead to violence. If violence does occur, we recommend you record it and report it to the police. If you are an unfortunate victim of violence, we encourage you to be cooperative in the prosecution of such matters, as we cannot request prosecution without a cooperative victim. If actions are occurring that put persons in immediate danger, please call 9-1-1. If you wish to report a non-emergency, please use (510) 790-6800x3.

Thank you all for what you bring to the City of Fremont. We are proud to be home to Gurdwara Sahib and value our relationship and partnership with all of you. We look forward to our future together.

Sincerely,

Kimberly Petersen

Kimberly Petersen
Chief of Police
Fremont Police Department

## ਸਿੱਖ ਭਾਈਚਾਰੇ ਨੂੰ ਖੁੱਲ੍ਹੀ ਚਿੱਠੀ ਲਿਖੀ; ਜ਼ਬਤ ਵਿਚ ਰਹਿਣ ਦੀ ਤਾਕੀਦ

**ਫਰੀਮਾਂਟ (ਬਿਊਰੋ):** ਫਰੀਮਾਂਟ ਪੁਲਿਸ ਵਿਭਾਗ ਨੇ ਅਗਲੇ ਸਾਲ ਮਾਰਚ ਮਹੀਨੇ ਫਰੀਮਾਂਟ ਗੁਰਦੁਆਰਾ ਸਾਹਿਬ ਦੀਆਂ ਹੋਣ ਵਾਲੀਆਂ ਚੋਣਾਂ ਬਾਬਤ ਚੱਲ ਰਹੇ ਰੇੜਕੇ ਵਿਚ ਦਖਲ ਦੇਣ ਤੋਂ ਸਾਫ ਇਨਕਾਰ ਕਰਦਿਆਂ ਦੋਹਾਂ ਧਿਰਾਂ ਨੂੰ ਜ਼ਬਤ ਰੱਖਣ, ਸਭਿਅਕ ਢੰਗ ਨਾਲ ਵਿਚਰਨ ਅਤੇ ਜ਼ਿੰਮੇਵਾਰੀ ਦਿਖਾਉਣ ਦੀ



ਗੁਰਦੁਆਰਾ ਫਰੀਮਾਂਟ

ਸਲਾਹ ਦਿੱਤੀ ਹੈ।

ਫਰੀਮਾਂਟ ਪੁਲਿਸ ਵਿਭਾਗ ਦੇ ਮੁਖੀ ਕਿੰਬਰਲੀ ਪੀਟਰਸਨ ਨੇ ਆਪਣੀ ਦੋ ਸਫਿਆਂ ਦੀ ਖੁੱਲ੍ਹੀ ਚਿੱਠੀ ਵਿਚ ਸਿੱਖ ਭਾਈਚਾਰੇ ਦੇ ਆਗੂਆਂ ਨੂੰ ਮੌਜੂਦਾ ਸੁਪਰੀਮ ਕੌਂਸਲ ਵਿਚ ਚੱਲ ਰਹੇ ਵਿਵਾਦ ਅਤੇ ਰੱਫੜ ਦਾ ਹਵਾਲਾ



*ਕਿੰਬਰਲੀ ਪੀਟਰਸਨ*

ਦਿੰਦਿਆਂ ਕਿਹਾ ਹੈ ਕਿ ਇਹ ਕੋਈ ਨਵਾਂ ਵਰਤਾਰਾ ਨਹੀਂ ਹੈ, 20 ਸਾਲ ਪਹਿਲਾਂ ਵੀ ਗੁਰਦੁਆਰਾ ਸਾਹਿਬ ਵਿਚ ਚੋਣਾਂ ਵੇਲੇ ਹਿੰਸਾ ਦਾ ਇਸੇ ਤਰ੍ਹਾਂ ਦਾ ਮਸਲਾ ਭਖਿਆ ਸੀ। ਉਨ੍ਹਾਂ ਕਿਹਾ ਕਿ ਉਹ ਸਿੱਖ ਭਾਈਚਾਰੇ ਵਲੋਂ ਫਰੀਮਾਂਟ ਦੇ ਵਿਕਾਸ ਲਈ ਪਾਏ ਜਾ ਰਹੇ ਯੋਗਦਾਨ ਤੋਂ ਪੂਰੀ ਤਰ੍ਹਾਂ ਵਾਕਫ ਹਨ। ਉਨ੍ਹਾਂ ਨੂੰ ਮਾਣ ਵੀ ਹੈ ਕਿ ਸ਼ਹਿਰ ਵਿਚ ਸਥਿਤ ਗੁਰਦੁਆਰਾ ਸਾਹਿਬ ਭਾਰਤ ਤੋਂ ਬਾਹਰ ਸਥਿਤ ਗੁਰਦੁਆਰਾ ਸਾਹਿਬਾਨ ਵਿਚ ਅਹਿਮ ਸਥਾਨ ਰੱਖਦਾ ਹੈ, ਪਰ ਸੁਪਰੀਮ ਕੋਰਟ ਉਤੇ ਕੰਟਰੋਲ ਅਤੇ ਚੋਣਾਂ ਦੇ ਮਾਮਲਿਆਂ ਵਿਚ ਮਤਭੇਦ, ਇਥੋਂ ਤਕ ਕਿ ਹਿੰਸਾ ਹਰ ਹਾਲ ਰੁਕਣੀ ਚਾਹੀਦੀ ਹੈ।

ਚਿੱਠੀ ਵਿਚ ਕਿਹਾ ਗਿਆ ਹੈ ਕਿ ਕੁਝ ਮੈਂਬਰ ਚੋਣਾਂ ਛੇਤੀ ਕਰਵਾਉਣ ਲਈ ਕਹਿ ਰਹੇ ਹਨ ਜਦ ਕਿ ਹੋਰ ਮੈਂਬਰ ਚੋਣ ਮਿਥੇ ਮੁਤਾਬਕ ਹੀ ਚੋਣਾਂ ਕਰਵਾਉਣ 'ਤੇ ਜ਼ੋਰ ਦੇ ਰਹੇ ਹਨ। ਦੋਹਾਂ ਹੀ ਧਿਰਾਂ ਨੇ ਪੁਲਿਸ ਨੂੰ ਦਖਲ ਦੇਣ ਦੀ ਬੇਨਤੀ ਕੀਤੀ ਹੈ।

ਪੁਲਿਸ ਮੁਖੀ ਨੇ ਅਮਰੀਕਾ ਦਾ ਮੁੱਢ ਬੰਨ੍ਹਣ ਵਾਲੇ ਪੁਰਖਿਆਂ ਦੇ ਹਵਾਲੇ ਨਾਲ ਕਿਹਾ ਹੈ ਕਿ ਸਾਡੇ ਪੁਰਖਿਆਂ ਨੇ ਧਰਮ ਅਤੇ ਸਟੇਟ ਨੂੰ ਬਿਲਕੁਲ ਵੱਖਰਾ ਰੱਖਿਆ। ਉਨ੍ਹਾਂ ਦੀ ਇਹ ਇੱਛਾ ਸੀ ਕਿ ਅਮਰੀਕਾ ਦੇ ਸਾਰੇ ਨਾਗਰਿਕ ਆਪੋ-ਆਪਣਾ ਧਰਮ ਮੰਨਣ ਲਈ ਆਜ਼ਾਦ ਹੋਣ। ਅਮਰੀਕੀ ਸੰਵਿਧਾਨ ਦੀ ਪਹਿਲੀ ਸੋਧ ਵਿਚ ਵੀ ਇਹੀ ਗੱਲ ਕੀਤੀ ਗਈ ਹੈ। ਇਸ ਕਾਰਨ ਕਿਸੇ ਚਰਚ, ਮੰਦਿਰ, ਗੁਰਦੁਆਰੇ ਜਾਂ ਮਸਜਿਦ ਦੇ ਅੰਦਰੂਨੀ ਮਾਮਲਿਆਂ ਨਾਲ ਸਬੰਧਿਤ ਵਿਵਾਦਾਂ ਦੇ ਮਾਮਲੇ 'ਚ ਵਿਭਾਗ ਨਿਰਪੱਖ ਪਹੁੰਚ ਅਪਨਾਉਂਦਾ ਹੈ ਅਤੇ ਲੋਕਾਂ ਦੀ ਸੁਰੱਖਿਆ ਦੇ ਪੱਖ ਤੋਂ ਕਿਸੇ ਵੀ ਸਿਆਸੀ ਏਜੰਡੇ ਦਾ ਕਦੀ ਸਮਰਥਨ ਨਹੀਂ ਕਰਦਾ। ਇਸ ਦੇ ਨਾਲ ਹੀ ਉਨ੍ਹਾਂ ਆਸ ਪ੍ਰਗਟਾਈ ਕਿ ਮਾਰਚ 2020 ਵਿਚ ਗੁਰਦੁਆਰੇ ਦੀ ਹੋ ਰਹੀ ਚੋਣ ਨਿਯਮਾਂ ਮੁਤਾਬਕ ਹੋਵੇਗੀ।

ਚਿੱਠੀ ਵਿਚ ਸਪਸ਼ਟ ਕਿਹਾ ਗਿਆ ਹੈ ਕਿ ਪੁਲਿਸ ਵਿਭਾਗ ਸਿੱਖ ਭਾਈਚਾਰੇ ਦੀ ਸੁਰੱਖਿਆ ਲਈ ਵਚਨਵੱਧ ਹੈ, ਪਰ ਵਿਭਾਗ ਕੋਲ ਇੰਨੀ ਗਿਣਤੀ ਵਿਚ ਪੁਲਿਸ ਅਫਸਰ ਨਹੀਂ ਹਨ। 90 ਵਰਗ ਮੀਲ ਦੇ ਖੇਤਰ ਵਿਚ ਇਕ ਸਮੇਂ ਸਿਰਫ 12 ਤੋਂ 15 ਤੱਕ ਪੁਲਿਸ ਅਫਸਰ ਤਾਇਨਾਤ ਹੁੰਦੇ ਹਨ। ਇਨ੍ਹਾਂ ਅਫਸਰਾਂ ਦੇ ਜ਼ਿੰਮੇ ਲੁੱਟਾਂ-ਖੋਹਾਂ, ਸੜਕ ਹਾਦਸਿਆਂ, ਮਾਨਸਿਕ ਸਿਹਤ ਨਾਲ ਸਬੰਧਿਤ ਮਸਲਿਆਂ ਸਮੇਤ ਅਜਿਹੇ ਹੋਰ ਬਹੁਤ ਮਸਲਿਆਂ ਦੀ ਜ਼ਿੰਮੇਵਾਰੀ ਹੁੰਦੀ ਹੈ। ਇਸ ਲਈ ਆਸ ਕੀਤੀ ਜਾਂਦੀ ਹੈ ਕਿ ਸਿੱਖ ਭਾਈਚਾਰਾ ਪੂਰੀ ਜ਼ਿੰਮੇਵਾਰੀ ਅਤੇ ਸਿਆਣਪ ਨਾਲ ਅੱਗੇ ਵਧੇਗਾ।


ਨਾਲ ਹੀ ਪੁਲਿਸ ਮੁਖੀ ਨੇ ਗੁਰਦੁਆਰਾ ਸਾਹਿਬ ਦੀ ਵੈਬਸਾਈਟ ਵਿਚ ਦਰਜ ਵੇਰਵੇ ਦੇ ਹਵਾਲੇ ਨਾਲ ਕਿਹਾ ਹੈ ਕਿ ਗੁਰਦੁਆਰਾ ਅਜਿਹੀ ਥਾਂ ਹੈ, ਜਿਥੇ ਸਿੱਖ ਭਾਈਚਾਰੇ ਨਾਲ ਸਬੰਧਤ ਸਮੱਸਿਆਵਾਂ ਬਾਰੇ ਵਿਚਾਰਾਂ ਕੀਤੀਆਂ ਜਾਂਦੀਆਂ ਹਨ; ਇਥੇ ਅਨੁਸ਼ਾਸਨ ਭੰਗ ਕਰਨ ਦੇ ਮਾਮਲਿਆਂ ਬਾਰੇ ਵੀ ਵਿਚਾਰ-ਵਟਾਂਦਰਾ ਹੁੰਦਾ ਹੈ ਤੇ ਬਣਦੀ ਸਜ਼ਾ ਵੀ ਦਿੱਤੀ ਜਾਂਦੀ ਹੈ; ਇਹ ਆਸ ਵੀ ਕੀਤੀ ਜਾਂਦੀ ਹੈ ਕਿ ਕਿਸੇ ਇਕ ਧਿਰ ਦੇ ਹਿਤਾਂ ਜਾਂ ਪਾਰਟੀ ਸਿਆਸਤ ਤੋਂ ਮੁਕਤ ਮਾਹੌਲ ਸਿਰਜਿਆ ਜਾਵੇ।

ਚਿੱਠੀ ਦੇ ਅਖੀਰ ਵਿਚ ਸਿੱਖ ਭਾਈਚਾਰੇ ਨੂੰ ਕਿਹਾ ਗਿਆ ਹੈ ਕਿ ਹਿੰਸਾ ਦੀ ਨੌਬਤ ਨਾ ਆਉਣ ਦਿੱਤੀ ਜਾਵੇ। ਫਿਰ ਵੀ ਜੇ ਹਿੰਸਾ ਵਾਪਰ ਜਾਵੇ ਤਾਂ ਇਸ ਨੂੰ ਰਿਕਾਰਡ ਕਰਨ ਅਤੇ ਪੁਲਿਸ ਨੂੰ ਤੁਰੰਤ ਰਿਪੋਰਟ ਕੀਤੀ ਜਾਵੇ। ਜੇ ਕੋਈ ਹਿੰਸਾ ਦੀ ਮਾਰ ਹੇਠ ਆ ਜਾਵੇ ਤਾਂ ਉਹ ਸਮੁੱਚੀ ਕਾਰਵਾਈ ਅੱਗੇ ਵਧਾਉਣ ਲਈ ਬਾਕਾਇਦਾ ਇਮਦਾਦ ਕਰੇ। ਐਮਰਜੈਂਸੀ ਲਈ 9-1-1 ਉਤੇ ਅਤੇ ਆਮ ਹਾਲਾਤ ਵਿਚ ਫੋਨ ਨੰਬਰ 510-790-6800 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 'ਪੁਲਿਸ ਦੇ ਹੈਦਰਾਬਾਦੀ ਨਿਆਂ' ਉਤੇ ਉਠੇ ਤਿੱਖੇ ਸਵਾਲ

## ਅਦਾਲਤਾਂ ਤੋਂ ਬਾਹਰ ਨਿਆਂ ਦੇਣ ਦੀ ਪਿਰਤ ਨੇ ਛੇੜੀ ਨਵੀਂ ਚਰਚਾ





ਹੈਦਰਾਬਾਦ: ਨੌਜਵਾਨ ਵੈਟਰਨਰੀ ਡਾਕਟਰ ਦੀ ਜਬਰ ਜਨਾਹ ਮਗਰੋਂ ਹੱਤਿਆ ਕਰਨ ਵਾਲੇ ਚਾਰੇ ਮੁਲਜ਼ਮ ਪੁਲਿਸ ਮੁਕਾਬਲੇ ਦੌਰਾਨ ਮਾਰੇ ਗਏ। ਬਹੁਤ ਸਾਰੇ ਰਾਜਸੀ ਮਾਹਿਰਾਂ ਤੇ ਸਿਆਸੀ ਆਗੂਆਂ ਨੇ ਪੁਲਿਸ ਦੀ ਇਸ ਕਾਰਵਾਈ 'ਤੇ ਕਿੰਤੂ ਕੀਤਾ ਹੈ ਅਤੇ ਕੇਂਦਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਸ ਸਬੰਧੀ ਪੜਤਾਲ ਕਰਾਉਣ ਦਾ ਐਲਾਨ ਕੀਤਾ ਹੈ। ਚਾਰੋਂ ਮੁਲਜ਼ਮਾਂ ਨੂੰ 25 ਵਰ੍ਹਿਆਂ ਦੀ ਡਾਕਟਰ ਨਾਲ ਜਬਰ ਜਨਾਹ ਮਗਰੋਂ ਉਸ ਦੀ ਹੱਤਿਆ ਕਰਕੇ ਸਾੜਨ ਦੇ ਦੋਸ਼ ਹੇਠ 29 ਨਵੰਬਰ ਨੂੰ ਗ੍ਰਿਫਤਾਰ ਕਰਕੇ ਸੱਤ ਦਿਨ ਦੀ ਨਿਆਇਕ ਹਿਰਾਸਤ 'ਚ ਭੇਜਿਆ ਗਿਆ ਸੀ।

ਹੈਦਰਾਬਾਦ 'ਚ ਔਰਤ ਨਾਲ ਜਬਰ ਜਨਾਹ ਮਗਰੋਂ ਪੂਰੇ ਮੁਲਕ ਵਿਚ ਰੋਸ ਪ੍ਰਦਰਸ਼ਨ ਹੋਏ ਸਨ ਅਤੇ ਦੋਸ਼ੀਆਂ ਨੂੰ ਫੜ ਕੇ ਤੁਰਤ ਸਖਤ ਸਜ਼ਾ ਦੇਣ ਦੀ ਮੰਗ ਕੀਤੀ ਜਾ ਰਹੀ ਸੀ। ਪੁਲਿਸ ਮੁਤਾਬਕ ਮੁਕਾਬਲਾ ਤੜਕੇ ਪੌਣੇ 6 ਅਤੇ ਸਵਾ 6 ਵਜੇ ਦੇ ਵਿਚਕਾਰ ਹੋਇਆ ਜਦੋਂ 20 ਤੋਂ 24 ਸਾਲ ਦੇ ਮੁਲਜ਼ਮਾਂ ਨੂੰ ਹੈਦਰਾਬਾਦ ਨੇੜੇ ਮੌਕਾ-ਏ-ਵਾਰਦਾਤ ਉਤੇ ਲਿਆਂਦਾ ਗਿਆ ਸੀ ਤਾਂ ਜੋ ਘਟਨਾ ਬਾਬਤ ਜਾਣਕਾਰੀ ਇਕੱਠੀ ਕੀਤੀ ਜਾ ਸਕੇ। ਮੁਲਜ਼ਮ ਭਾਵੇਂ ਹਿਰਾਸਤ 'ਚ ਸਨ ਪਰ ਉਨ੍ਹਾਂ ਦੇ ਹਥਕੜੀਆਂ ਨਹੀਂ ਲੱਗੀਆਂ ਹੋਈਆਂ ਸਨ। ਪੁਲਿਸ ਦਾ ਦਾਅਵਾ ਹੈ ਕਿ ਦੋ ਮੁਲਜ਼ਮਾਂ ਨੇ ਪੁਲਿਸ ਮੁਲਾਜ਼ਮਾਂ ਕੋਲੋਂ ਹਥਿਆਰ ਖੋਹ ਕੇ ਉਨ੍ਹਾਂ ਉਪਰ ਗੋਲੀਆਂ ਚਲਾ ਦਿੱਤੀਆਂ ਜਿਸ ਮਗਰੋਂ ਹੋਰ ਪੁਲਿਸ ਵਾਲਿਆਂ ਨੇ ਉਨ੍ਹਾਂ ਉਤੇ ਜਵਾਬੀ ਗੋਲੀਬਾਰੀ ਕੀਤੀ ਤੇ ਚਾਰੇ ਮੁਲਜ਼ਮ ਮਾਰੇ ਗਏ, ਹਾਲਾਂਕਿ ਇਸ 'ਮੁਕਾਬਲੇ' ਨੂੰ ਪਹਿਲੀ ਨਜ਼ਰੇ ਹੀ ਜਾਣਬੁਝ ਕੇ ਕੀਤੀ ਗਈ ਕਾਰਵਾਈ ਮੰਨਿਆ ਜਾ ਰਿਹਾ ਹੈ।

ਬਹੁਤ ਸਾਰੇ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਲੋਕਾਂ ਅਤੇ ਸਿਆਸੀ ਆਗੂਆਂ ਵੱਲੋਂ ਅਪਰਾਧੀਆਂ ਨੂੰ ਪੁਲਿਸ ਵੱਲੋਂ ਮਾਰਨ ਦੀ ਇਸ ਲਈ ਹਮਾਇਤ ਕੀਤੀ ਜਾ ਰਹੀ ਹੈ ਕਿਉਂਕਿ ਲੋਕਾਂ ਦਾ ਦੇਸ਼ ਦੀ ਨਿਆਂ-ਪ੍ਰਣਾਲੀ ਵਿਚੋਂ ਵਿਸ਼ਵਾਸ ਘਟ ਗਿਆ ਹੈ। ਉਨ੍ਹਾਂ ਅਨੁਸਾਰ ਜਬਰ ਜਨਾਹ ਅਤੇ ਅਜਿਹੇ ਹੋਰ ਭਿਅੰਕਰ ਅਪਰਾਧਾਂ ਬਾਰੇ ਮਸਲੇ ਅਦਾਲਤਾਂ ਵਿਚ ਵਰ੍ਹਿਆਂ ਬੱਧੀ ਚੱਲਦੇ ਰਹਿੰਦੇ ਹਨ ਅਤੇ ਬਾਅਦ ਵਿਚ ਅਪਰਾਧੀ ਗਵਾਹਾਂ ਨੂੰ ਡਰਾ-ਧਮਕਾ ਕੇ ਜਾਂ ਪੈਸੇ ਦਾ ਲੋਭ ਦੇ ਕੇ ਜਾਂ ਹੋਰ ਕਾਨੂੰਨੀ ਨੁਕਤਿਆਂ ਜਾਂ ਸਬੂਤਾਂ ਦੀ ਘਾਟ ਕਾਰਨ ਛੁੱਟ ਜਾਂਦੇ ਹਨ। ਬਹੁਤ ਵਾਰ ਪੁਲਿਸ ਵੱਲੋਂ ਕੀਤੀ ਗਈ ਕਮੀਆਂ-ਪੇਸ਼ੀਆਂ ਨਾਲ ਭਰਪੂਰ ਤਫਤੀਸ਼ ਵੀ ਇਸ ਲਈ ਜ਼ਿੰਮੇਵਾਰ ਹੁੰਦੀ ਹੈ।

ਕਈ ਹੋਰ ਕਾਨੂੰਨੀ ਮਾਹਿਰਾਂ ਅਨੁਸਾਰ ਲੋਕਾਂ ਅਤੇ ਸਿਆਸੀ ਆਗੂਆਂ ਵੱਲੋਂ ਪੁਲਿਸ ਕਾਰਵਾਈ ਦੀ ਵੱਡੀ ਪੱਧਰ 'ਤੇ ਕੀਤੀ ਜਾ ਰਹੀ ਹਮਾਇਤ ਦੇਸ਼ ਨੂੰ ਗਲਤ ਰਸਤੇ ਉਤੇ ਲਿਜਾ ਸਕਦੀ ਹੈ। ਸਾਬਕਾ ਮੰਤਰੀ ਮੇਨਕਾ ਗਾਂਧੀ ਨੇ ਕਿਹਾ ਹੈ ਕਿ ਪੁਲੀਸ ਦੁਆਰਾ ਕੀਤੀ ਗਈ ਕਾਰਵਾਈ ਬਹੁਤ ਭਿਆਨਕ ਹੈ ਅਤੇ ਕਿਸੇ ਨੂੰ ਇਸ ਲਈ ਨਹੀਂ ਮਾਰਿਆ ਜਾ ਸਕਦਾ ਕਿ ਅਸੀਂ ਉਸ ਨੂੰ ਮਾਰਨਾ ਚਾਹੁੰਦੇ ਹਾਂ; ਇਹੋ ਜਿਹੀ ਸਜ਼ਾ ਦੇਣ ਦਾ ਕੰਮ ਸਿਰਫ ਅਦਾਲਤਾਂ ਦਾ ਹੈ। ਵੈਟਰਨਰੀ ਡਾਕਟਰ ਦੀ ਜਬਰ ਜਨਾਹ ਮਗਰੋਂ ਹੱਤਿਆ ਕਰਨ ਦੇ ਚਾਰ ਮੁਲਜ਼ਮਾਂ ਦੇ ਪਰਿਵਾਰਾਂ ਨੇ ਉਨ੍ਹਾਂ ਦੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਉਤੇ ਸਵਾਲ ਉਠਾਏ ਹਨ। ਦੋ ਟਰੱਕ ਡਰਾਈਵਰਾਂ ਅਤੇ ਦੋ ਕਲੀਨਰਾਂ ਦੇ ਪਰਿਵਾਰਾਂ ਨੇ ਕਿਹਾ ਕਿ ਉਹ ਸਦਮੇ ਵਿਚ ਨਾ ਹੁੰਦੇ ਜੇਕਰ ਮੁਕੱਦਮੇ ਮਗਰੋਂ ਅਦਾਲਤ ਉਨ੍ਹਾਂ ਨੂੰ ਸਜ਼ਾ ਸੁਣਾਉਂਦੀ।

ਤਿਲੰਗਾਨਾ ਦੇ ਨਾਰਾਇਣਪੇਟ ਜ਼ਿਲ੍ਹੇ 'ਚ ਮੁੱਖ ਮੁਲਜ਼ਮ ਮੁਹੰਮਦ ਪਾਸ਼ਾ ਉਰਫ ਆਰਿਫ ਦੀ ਮਾਂ ਕੋਲ ਜਦੋਂ ਮੀਡੀਆ ਪਹੁੰਚਿਆ ਤਾਂ ਉਹ ਭੁੱਬਾਂ ਮਾਰ ਕੇ ਰੋਣ ਲੱਗ ਪਈ। ਇਕ ਹੋਰ ਮੁਲਜ਼ਮ ਚਿੰਤਾਕੁੰਟਾ ਚੇਨਾਕੇਸ਼ਾਵੁਲੂ ਦੀ ਗਰਭਵਤੀ ਪਤਨੀ ਰੇਣੁਕਾ ਨੇ ਕਿਹਾ ਕਿ ਉਹ ਪਤੀ ਬਿਨਾਂ ਨਹੀਂ ਰਹਿ ਸਕਦੀ ਹੈ ਅਤੇ ਪੁਲਿਸ ਉਸ ਨੂੰ ਵੀ ਮਾਰ ਮੁਕਾਏ। ਸਾਲ ਪਹਿਲਾਂ ਵਿਆਹੀ ਗਈ ਰੇਣੁਕਾ ਨੇ ਕਿਹਾ ਕਿ ਪੁਲਿਸ ਉਸ ਦੇ ਪਤੀ ਨੂੰ ਵਾਪਸ ਭੇਜਣ ਦੇ ਵਾਅਦੇ ਨਾਲ ਚੁੱਕ ਕੇ ਲੈ ਗਈ ਸੀ ਪਰ ਹੁਣ ਉਨ੍ਹਾਂ ਨੇ ਗੋਲੀ ਮਾਰ ਦਿੱਤੀ। ਜੋਲੂ ਸ਼ਿਵਾ ਦੇ ਪਿਤਾ ਰਾਜੱਪਾ ਨੇ ਹੈਰਾਨੀ ਜਤਾਈ ਕਿ ਪੁਲਿਸ ਨੇ ਅਜਿਹੀਆਂ ਸਜ਼ਾਵਾਂ ਪਹਿਲਾਂ ਜਬਰ ਜਨਾਹ ਅਤੇ ਹੱਤਿਆ ਦੇ ਦੋਸ਼ੀਆਂ ਨੂੰ ਕਿਉਂ ਨਹੀਂ ਦਿੱਤੀਆਂ।

### ਕਾਨੂੰਨੀ ਮਾਹਿਰਾਂ ਨੇ ਮੁਕਾਬਲੇ ਦੀ ਫੌਰੀ ਜਾਂਚ ਮੰਗੀ

**ਨਵੀਂ ਦਿੱਲੀ:** ਜਬਰ ਜਨਾਹ ਅਤੇ ਹੱਤਿਆ ਕਾਂਡ ਦੇ ਮੁਲਜ਼ਮਾਂ ਦੇ ਭੇਤ ਭਰੇ ਮੁਕਾਬਲੇ 'ਚ ਮਾਰੇ ਜਾਣ ਮਗਰੋਂ ਕਾਨੂੰਨੀ ਮਾਹਿਰਾਂ ਨੇ ਮੰਗ ਕੀਤੀ ਹੈ ਕਿ ਇਸ ਦੀ ਕਾਨੂੰਨ ਮੁਤਾਬਕ ਜਾਂਚ ਹੋਣੀ ਚਾਹੀਦੀ ਹੈ। ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਵਿਕਾਸ ਸਿੰਘ ਨੇ ਕਿਹਾ ਕਿ ਮੁਲਕ 'ਚ ਕਾਨੂੰਨ ਦਾ ਰਾਜ ਹੋਣਾ ਚਾਹੀਦਾ ਹੈ ਅਤੇ ਮੁਕਾਬਲੇ ਦੀ ਫੌਰੀ ਜਾਂਚ ਹੋਵੇ। ਸੀਨੀਅਰ ਵਕੀਲ ਪੁਨੀਤ ਮਿੱਤਲ ਨੇ ਕਿਹਾ ਕਿ ਮੁਕਾਬਲੇ ਦੀ ਅਸਲ ਸੱਚਾਈ ਸਾਹਮਣੇ ਆਉਣੀ ਚਾਹੀਦੀ ਹੈ। ਮੁਲਜ਼ਮਾਂ ਦੇ ਪਰਿਵਾਰ ਜਾਂਚ ਲਈ ਅਦਾਲਤ ਜਾ ਸਕਦੇ ਹਨ। ਇਕ ਹੋਰ ਵਕੀਲ ਸੰਜੈ ਪਾਰੇਖ ਨੇ ਕਿਹਾ ਕਿ ਕਾਨੂੰਨ ਮੁਤਾਬਕ ਮੁਕਾਬਲੇ 'ਚ ਸ਼ਾਮਲ ਪੁਲਿਸ ਅਧਿਕਾਰੀਆਂ ਖਿਲਾਫ ਕੇਸ ਦਰਜ ਹੋਣਾ ਚਾਹੀਦਾ ਹੈ। ਮਹਾਰਾਸ਼ਟਰ ਦੇ ਸਾਬਕਾ ਪੁਲਿਸ ਮੁਖੀ ਡੀ ਸ਼ਿਵਾਨੰਦਨ ਨੇ ਕਿਹਾ ਕਿ ਅਜਿਹੇ 'ਸ਼ਾਰਟ ਕੱਟ' ਨਾਲ ਜੁਰਮ ਉਤੇ ਨੱਥ ਪਾਉਣ 'ਚ ਸਹਾਇਤਾ ਨਹੀਂ ਮਿਲੇਗੀ।

### ਇਉਂ ਇਨਸਾਫ ਨਹੀਂ ਹੁੰਦਾ: ਚੀਫ ਜਸਟਿਸ

**ਜੋਧਪੁਰ:** ਭਾਰਤ ਦੇ ਚੀਫ ਜਸਟਿਸ ਸ਼ਰਦ ਅਰਵਿੰਦ ਬੋਬੜੇ ਨੇ ਕਿਹਾ ਕਿ ਨਿਆਂ ਕਦੇ ਵੀ ਤਤਫੱਟ ਜਾਂ ਇਕਦਮ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਨਿਆਂ ਜੇਕਰ ਬਦਲੇ ਦੀ ਸ਼ਕਲ ਲੈ ਲਵੇ ਤਾਂ ਆਪਣਾ ਕਿਰਦਾਰ ਗੁਆ ਬੈਠਦਾ ਹੈ। ਚੀਫ ਜਸਟਿਸ ਦੀਆਂ ਇਹ ਟਿੱਪਣੀਆਂ ਤਿਲੰਗਾਨਾ ਪੁਲਿਸ ਵੱਲੋਂ ਇਕ ਵੈਟਰਨਰੀ ਡਾਕਟਰ ਨਾਲ ਪਹਿਲਾਂ ਜਬਰ ਜਨਾਹ ਤੇ ਮਗਰੋਂ ਕਤਲ ਕਰਨ ਵਾਲੇ ਚਾਰ ਮੁਲਜ਼ਮਾਂ ਨੂੰ 'ਮੁਕਾਬਲੇ' ਵਿਚ ਮਾਰ ਮੁਕਾਉਣ ਦੇ ਪਿਛੋਕੜ ਵਿਚ ਕਾਫੀ ਅਹਿਮ ਹਨ। ਚੀਫ ਜਸਟਿਸ ਬੋਬੜੇ ਨੇ ਕਿਹਾ, 'ਮੁਲਕ ਵਿਚ ਵਾਪਰੀਆਂ ਹਾਲੀਆ ਘਟਨਾਵਾਂ ਨੇ ਪੁਰਾਣੀ ਬਹਿਸ ਨੂੰ ਨਵੀਂ ਸ਼ਕਤੀ ਨਾਲ ਚਿੰਗਾਰੀ ਲਾਈ ਹੈ। ਇਸ ਵਿਚ ਕੋਈ ਦੋ ਰਾਇ ਨਹੀਂ ਕਿ ਅਪਰਾਧਿਕ ਨਿਆਂ ਪ੍ਰਬੰਧ ਨੂੰ ਆਪਣੇ ਦ੍ਰਿਸ਼ਟੀਕੋਣ, ਸਮੇਂ ਦੇ ਨਾਲ ਆਪਣੇ ਰਵੱਈਏ ਅਤੇ ਕਿਸੇ ਅਪਰਾਧਿਕ ਮਾਮਲੇ ਨੂੰ ਨਿਬੇੜਨ ਲਈ ਵਰਤੀ ਜਾਂਦੀ ਢਿੱਲ ਤੇ ਸੰਭਾਵੀ ਸਮੇਂ ਬਾਰੇ ਪੁਨਰਵਿਚਾਰ ਕਰਨਾ ਹੋਵੇਗਾ।'

### ਅਦਾਲਤਾਂ ਤੋਂ ਬਾਹਰ ਜਾ ਕੇ ਨਿਆਂ ਦੇਣ ਦੇ ਖਿਲਾਫ ਹਾਂ: ਕੈਪਟਨ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੈਦਰਾਬਾਦ ਪੁਲਿਸ ਮੁਕਾਬਲੇ ਦੇ ਪਿਛੋਕੜ ਵਿਚ ਕਿਹਾ ਕਿ ਉਹ ਪੁਲਿਸ ਵੱਲੋਂ ਸਵੈ-ਰੱਖਿਆ ਵਿਚ ਗੋਲੀ ਚਲਾਉਣ ਦੀ ਪੈਰਵੀ ਕਰਦੇ ਹਨ, ਪਰ ਉਹ ਅਦਾਲਤਾਂ ਤੋਂ ਬਾਹਰ ਜਾ ਕੇ ਨਿਆਂ ਦੇਣ ਦੇ ਖਿਲਾਫ ਹਨ। ਇਥੇ ਇਕ ਸਮਾਗਮ ਵਿਚ ਸ਼ਮੂਲੀਅਤ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਤਿਲੰਗਾਨਾ ਘਟਨਾ ਦੇ ਸੰਦਰਭ ਵਿਚ ਬੋਲਦਿਆਂ ਕਿਹਾ, 'ਜੇ ਮੁਲਜ਼ਮਾਂ ਨੇ ਪੁਲਿਸ ਮੁਲਾਜ਼ਮਾਂ 'ਤੇ ਹਮਲਾ ਕੀਤਾ ਹੈ ਤਾਂ ਕੀਤੀ ਗਈ ਕਾਰਵਾਈ ਜਾਇਜ਼ ਹੈ।' ਉਨ੍ਹਾਂ ਹਾਲਾਂਕਿ ਸਾਫ ਕੀਤਾ ਕਿ ਪਹਿਲੀ ਨਜ਼ਰੇ 'ਪੁਲੀਸ ਮੁਕਾਬਲੇ' ਵਰਗੀ ਕੋਈ ਗੱਲ ਨਹੀਂ ਸੀ। ਉਨ੍ਹਾਂ ਪੰਜਾਬ ਦੀ ਗੱਲ ਕਰਦਿਆਂ ਕਿਹਾ ਕਿ ਸੂਬਾਈ ਪੁਲਿਸ ਇਸ ਬਾਰੇ ਪੂਰੀ ਤਰ੍ਹਾਂ ਸਪਸ਼ਟ ਹੈ। ਅਪਰਾਧਿਕ ਅਨਸਰਾਂ, ਅਤਿਵਾਦੀਆਂ ਤੇ ਗੈਂਗਸਟਰਾਂ ਨੂੰ ਪਹਿਲਾਂ ਆਤਮ ਸਮਰਪਣ ਕਰਨ ਲਈ ਹੀ ਕਿਹਾ ਜਾਂਦਾ ਹੈ।

# ਉਨਾਓ ਜਬਰ ਜਨਾਹ ਪੀੜਤਾ ਨੂੰ ਅੱਗ ਲਾ ਕੇ ਸਾੜਿਆ



**ਉਨਾਓ:** ਅਦਾਲਤ ਜਾ ਰਹੀ ਉਨਾਓ ਜਬਰ ਜਨਾਹ ਮਾਮਲੇ ਦੀ ਪੀੜਤ ਲੜਕੀ ਨੂੰ ਕੇਸ ਦੇ ਦੋ ਮੁਲਜ਼ਮਾਂ ਸਣੇ ਪੰਜ ਵਿਅਕਤੀਆਂ ਨੇ ਅੱਗ ਲਗਾ ਦਿੱਤੀ, ਜਿਸ ਨਾਲ ਪੀੜਤਾ 90 ਫੀਸਦੀ ਸੜ ਗਈ ਤੇ ਹਸਪਤਾਲ ਵਿਚ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਜਬਰ ਜਨਾਹ ਕਾਂਡ ਤੇ ਅੱਗ ਲਾਉਣ ਦੀ ਘਟਨਾ 'ਚ ਸ਼ਾਮਲ ਦੋ ਮੁਲਜ਼ਮਾਂ ਵਿਚੋਂ ਇਕ ਦਸ ਦਿਨ ਪਹਿਲਾਂ ਹੀ ਜ਼ਮਾਨਤ 'ਤੇ ਜੇਲ੍ਹ ਵਿਚੋਂ ਬਾਹਰ ਆਇਆ ਸੀ।

ਪੁਲਿਸ ਵੱਲੋਂ ਸਾਰੇ ਪੰਜ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਮੌਤ ਤੋਂ ਪਹਿਲਾਂ ਪੁਲਿਸ ਨੂੰ ਦਿੱਤੇ ਬਿਆਨ 'ਚ ਪੀੜਤਾ ਨੇ ਦੱਸਿਆ ਕਿ ਉਹ ਸਵੇਰੇ ਉਨਾਓ ਜ਼ਿਲ੍ਹੇ 'ਚ ਸਥਿਤ ਆਪਣੇ ਪਿੰਡ ਤੋਂ ਰਾਏ ਬਰੇਲੀ ਸਥਿਤ ਅਦਾਲਤ ਜਾ ਰਹੀ ਸੀ ਜਿਥੇ ਕਿ ਜਬਰ ਜਨਾਹ ਮਾਮਲੇ ਦੀ ਸੁਣਵਾਈ ਚੱਲ ਰਹੀ ਹੈ। ਇਸ ਦੌਰਾਨ ਰਸਤੇ 'ਚ ਉਸ ਉਤੇ ਹਮਲਾ ਹੋ ਗਿਆ। ਪੀੜਤਾ ਨੇ ਦੱਸਿਆ ਕਿ ਜਦੋਂ ਉਹ ਘਰ ਨੇੜੇ ਗੌਰਾ ਮੋੜ ਕੋਲ ਪਹੁੰਚੀ ਤਾਂ ਉਸ ਉਤੇ ਹਮਲਾ ਹੋ ਗਿਆ। ਹਰੀਸ਼ੰਕਰ ਤ੍ਰਿਵੇਦੀ, ਰਾਮ ਕਿਸ਼ੋਰ ਤ੍ਰਿਵੇਦੀ, ਉਮੇਸ਼ ਬਾਜਪਾਈ, ਸ਼ਿਵਮ ਤ੍ਰਿਵੇਦੀ ਤੇ ਸ਼ੁਭਮ ਤ੍ਰਿਵੇਦੀ ਨੇ ਉਸ ਨੂੰ ਅੱਗ ਲਗਾ ਦਿੱਤੀ।

ਉਨਾਓ ਜਬਰ ਜਨਾਹ ਪੀੜਤਾ ਦੀ ਮੌਤ ਤੋਂ ਬਾਅਦ ਪੂਰੇ ਮੁਲਕ 'ਚ ਗੁੱਸਾ ਭੜਕ ਗਿਆ ਹੈ। ਉਸ ਦੇ ਪਰਿਵਾਰਕ ਮੈਂਬਰਾਂ ਨੇ ਰੋਹ 'ਚ ਆ ਕੇ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਹੈਦਰਾਬਾਦ 'ਮੁਕਾਬਲੇ' ਵਾਂਗ ਮਾਰਿਆ ਜਾਵੇ ਜਾਂ ਫਾਹੇ ਟੰਗਿਆ ਜਾਵੇ। ਉਧਰ, ਵਿਰੋਧੀ ਧਿਰ ਦੇ ਆਗੂਆਂ ਨੇ ਦੋਸ਼ ਲਾਇਆ ਹੈ ਕਿ ਉਤਰ ਪ੍ਰਦੇਸ਼ ਸਰਕਾਰ ਔਰਤਾਂ ਨੂੰ ਸੁਰੱਖਿਆ ਅਤੇ ਇਨਸਾਫ ਦੇਣ 'ਚ ਨਾਕਾਮ ਰਹੀ ਹੈ। 23 ਵਰ੍ਹਿਆਂ ਦੀ ਜਬਰ ਜਨਾਹ ਪੀੜਤਾ ਨੇ ਸਫਦਰਜੰਗ ਹਸਪਤਾਲ 'ਚ ਕਰੀਬ 40 ਘੰਟਿਆਂ ਤੱਕ ਮੌਤ ਨਾਲ ਜੰਗ ਲੜੀ ਪਰ ਸ਼ੁੱਕਰਵਾਰ ਰਾਤ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਸ ਨੂੰ 90 ਫੀਸਦੀ ਸੜੀ ਹੋਈ ਹਾਲਤ 'ਚ ਹਵਾਈ ਐਂਬੂਲੈਂਸ ਰਾਹੀਂ ਇਲਾਜ ਲਈ ਲਖਨਊ ਤੋਂ ਦਿੱਲੀ ਲਿਆਂਦਾ ਗਿਆ ਸੀ।

### ਮਾਂ ਨੇ ਬੱਚੀ 'ਤੇ ਪੈਟਰੋਲ ਛਿੜਕਿਆ

**ਨਵੀਂ ਦਿੱਲੀ:** ਉਨਾਓ ਕਾਂਡ ਦੀ ਪੀੜਤਾ ਨੂੰ ਇਨਸਾਫ ਦਿਵਾਉਣ ਦੀ ਮੰਗ ਕਰਦਿਆਂ ਇਕ ਔਰਤ ਨੇ ਸਫਦਰਜੰਗ ਹਸਪਤਾਲ ਦੇ ਬਾਹਰ ਆਪਣੀ 6 ਸਾਲ ਦੀ ਬੱਚੀ ਉਤੇ ਪੈਟਰੋਲ ਛਿੜਕ ਦਿੱਤਾ। ਉਥੇ ਮੌਜੂਦ ਪੁਲਿਸ ਨੇ ਲੜਕੀ ਨੂੰ ਤੁਰਤ ਹਸਪਤਾਲ 'ਚ ਭਰਤੀ ਕਰਵਾਇਆ ਅਤੇ ਮਾਂ ਨੂੰ ਹਿਰਾਸਤ ਵਿਚ ਲੈ ਲਿਆ। ਇਹ ਵਾਰਦਾਤ ਉਨਾਓ ਪੀੜਤਾ ਦੀ ਮ੍ਰਿਤਕ ਦੇਹ ਨੂੰ ਪਿੰਡ ਭੇਜਣ ਦੇ ਕਰੀਬ ਇਕ ਘੰਟੇ ਬਾਅਦ ਹੋਈ।

# ਵਿਰੋਧੀ ਧਿਰ ਦੇ ਨਿਸ਼ਾਨੇ 'ਤੇ ਆਏ ਯੋਗੀ ਅਦਿਤਿਆਨਾਥ

**ਨਵੀਂ ਦਿੱਲੀ:** ਉਨਾਓ ਜਬਰ ਜਨਾਹ ਪੀੜਤਾ ਦੀ ਦਿੱਲੀ ਦੇ ਹਸਪਤਾਲ 'ਚ ਮੌਤ ਤੋਂ ਬਾਅਦ ਸਿਆਸੀ ਆਗੂਆਂ ਨੇ ਉੱਤਰ ਪ੍ਰਦੇਸ਼ ਸਰਕਾਰ, ਮੁੱਖ ਮੰਤਰੀ ਯੋਗੀ ਅਦਿਤਿਆਨਾਥ ਦੇ ਨਾਲ ਨਾਲ ਕੇਂਦਰ ਸਰਕਾਰ ਨੂੰ ਵੀ ਕਰਾਰੇ ਹੱਥੀਂ ਲਿਆ ਹੈ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਟਵੀਟ ਕਰਕੇ ਕਿਹਾ ਕਿ ਇਕ ਹੋਰ ਧੀ ਨੇ ਇਨਸਾਫ ਦੀ ਉਡੀਕ 'ਚ ਆਪਣੀ ਜਾਨ ਦੇ ਦਿੱਤੀ ਹੈ।

ਆਪਣੇ ਟਵੀਟ 'ਚ ਰਾਹੁਲ ਨੇ ਕਿਹਾ, "ਉਨਾਓ ਦੀ ਬੇਕਸੂਰ ਧੀ ਦੀ ਦਿਲ ਦਹਿਲਾ ਦੇਣ ਵਾਲੀ ਮੌਤ ਨੇ ਮਨੁੱਖਤਾ ਨੂੰ ਸ਼ਰਮਸਾਰ ਕਰ ਦਿੱਤਾ ਹੈ। ਇਸ ਘਟਨਾ ਤੋਂ ਮੇਰੇ 'ਚ ਗੁੱਸਾ ਹੈ ਅਤੇ ਮੈਂ ਸਦਮੇ 'ਚ ਹਾਂ। ਇਕ ਹੋਰ ਧੀ ਨੇ ਇਨਸਾਫ ਅਤੇ ਸੁਰੱਖਿਆ ਦੀ ਉਡੀਕ 'ਚ ਆਪਣੀ ਜਾਨ ਗੁਆ ਲਈ ਹੈ।" ਕਾਂਗਰਸ ਤਰਜਮਾਨ ਸੁਪ੍ਰਿਆ ਸ੍ਰੀਨਾਤੇ ਨੇ ਭਾਜਪਾ ਦੀ ਅਗਵਾਈ ਹੇਠਲੀ ਯੂਪੀ ਸਰਕਾਰ 'ਤੇ ਹਮਲਾ ਬੋਲਦਿਆਂ ਕਿਹਾ ਕਿ ਸੂਬੇ 'ਚ ਅਮਨ-ਕਾਨੂੰਨ ਦੀ ਹਾਲਤ ਪੂਰੀ ਤਰ੍ਹਾਂ ਨਾਲ ਤਹਿਸ-ਨਹਿਸ ਹੋ ਗਈ ਹੈ ਅਤੇ ਇਹ ਦੇਸ਼ ਦੀ 'ਜਬਰ ਜਨਾਹ ਦੀ ਰਾਜਧਾਨੀ' ਬਣਦੀ ਜਾ ਰਹੀ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਉਨਾਓ ਜਬਰ ਜਨਾਹ ਪੀੜਤਾ ਦੀ ਮੌਤ 'ਤੇ ਦੁੱਖ ਜ਼ਾਹਰ ਕਰਦਿਆਂ ਕਿਹਾ ਕਿ ਜ਼ੁਲਮ ਦੀ ਕੋਈ ਇੰਤਹਾ ਨਹੀਂ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੀੜਤਾ ਦੀ ਮੌਤ ਨੂੰ ਹਰੇਕ ਭਾਰਤੀ ਲਈ 'ਸ਼ਰਮਨਾਕ' ਕਰਾਰ ਦਿੰਦਿਆਂ ਆਸ ਜਤਾਈ ਕਿ ਉੱਤਰ ਪ੍ਰਦੇਸ਼ ਸਰਕਾਰ ਦੋਸ਼ੀਆਂ ਨੂੰ ਫਾਹੇ ਟੰਗੇਗੀ ਤਾਂ ਜੋ ਸਮਾਜ ਲਈ ਮਿਸਾਲ ਕਾਇਮ ਹੋ ਸਕੇ।

## ਜੰਮੂ ਤੇ ਕਸ਼ਮੀਰ 'ਚ ਅਸੈਂਬਲੀ ਚੋਣਾਂ ਨਵੀਂ ਹੱਦਬੰਦੀ ਪਿਛੋਂ

**ਸ੍ਰੀਨਗਰ:** ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਤੇ ਕਸ਼ਮੀਰ ਦੀ ਹੱਦਬੰਦੀ ਨੂੰ ਨਿਰਧਾਰਿਤ ਕਰਨ ਲਈ ਸਥਾਨਕ ਪ੍ਰਸ਼ਾਸਨ ਵੱਲੋਂ ਇਕ ਕਮਿਸ਼ਨ ਗਠਿਤ ਕੀਤਾ ਜਾ ਰਿਹੈ, ਜੋ ਦਸੰਬਰ ਦੇ ਅਖੀਰ ਜਾਂ ਫਿਰ ਅਗਲੇ ਮਹੀਨੇ ਦੀ ਸ਼ੁਰੂਆਤ ਵਿਚ ਇਸ ਅਮਲ ਨੂੰ ਪੂਰਾ ਕਰ ਲਏਗਾ।

ਭਾਜਪਾ ਦੇ ਜਨਰਲ ਸਕੱਤਰ ਅਸ਼ੋਕ ਕੌਲ ਮੁਤਾਬਕ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਚੋਣਾਂ ਹੱਦਬੰਦੀ ਮਗਰੋਂ ਹੋਣਗੀਆਂ। ਕੌਲ ਨੇ ਹਾਲਾਂਕਿ ਸਾਫ ਕਰ ਦਿੱਤਾ ਇਸ ਅਮਲ ਨੂੰ ਥੋੜ੍ਹਾ ਸਮਾਂ ਲੱਗ ਸਕਦਾ ਹੈ। ਭਾਜਪਾ ਆਗੂ ਨੇ ਦਾਅਵਾ ਕੀਤਾ ਕਿ ਨਾਗਰਿਕਤਾ ਸੋਧ ਬਿੱਲ ਸੰਸਦ ਵਿਚ ਪਾਸ ਹੋਣ ਮਗਰੋਂ ਇਸ ਨੂੰ ਜੰਮੂ ਤੇ ਕਸ਼ਮੀਰ ਵਿਚ ਵੀ ਲਾਗੂ ਕੀਤਾ ਜਾਵੇਗਾ। ਨਵਾਂ ਕਾਨੂੰਨ ਜੰਮੂ ਤੇ ਕਸ਼ਮੀਰ ਵਿਚ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਰੋਹਿੰਗਿਆ ਤੇ ਬੰਗਲਾਦੇਸ਼ੀਆਂ 'ਤੇ ਲਾਗੂ ਹੋਵੇਗਾ ਜਦਕਿ ਪੱਛਮੀ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਤੋਂ ਆਏ ਸ਼ਰਨਾਰਥੀਆਂ ਨੂੰ ਫਿਕਰ ਕਰਨ ਦੀ ਕੋਈ ਲੋੜ ਨਹੀਂ।

# ਅਯੁੱਧਿਆ ਫੈਸਲੇ ਖਿਲਾਫ ਚਾਰ ਪਟੀਸ਼ਨਾਂ ਦਾਇਰ

**ਨਵੀਂ ਦਿੱਲੀ:** ਅਯੁੱਧਿਆ ਵਿਚ ਵਿਵਾਦਤ ਥਾਂ ਉਤੇ ਰਾਮ ਮੰਦਰ ਦੀ ਉਸਾਰੀ ਲਈ 9 ਨਵੰਬਰ ਨੂੰ ਸੁਪਰੀਮ ਕੋਰਟ ਵੱਲੋਂ ਰਾਹ ਪੱਧਰਾ ਕੀਤੇ ਜਾਣ ਦੇ ਫੈਸਲੇ ਖਿਲਾਫ ਚਾਰ ਪਟੀਸ਼ਨਾਂ ਸਿਖਰਲੀ ਅਦਾਲਤ ਵਿਚ ਦਾਇਰ ਕੀਤੀਆਂ ਗਈਆਂ ਹਨ। ਚਾਰ ਪਟੀਸ਼ਨਾਂ- ਮੌਲਾਨਾ ਮੁਫਤੀ ਹਸਬੁੱਲ੍ਹਾ, ਮੁਹੰਮਦ ਉਮਰ, ਮੌਲਾਨਾ ਮਹਫੂਜ਼ੁਰ ਰਹਿਮਾਨ ਤੇ ਮਿਸ਼ਬਾਹੂਦੀਨ ਵੱਲੋਂ ਦਾਇਰ ਕੀਤੀਆਂ ਗਈਆਂ ਹਨ।

ਇਨ੍ਹਾਂ ਨੂੰ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੀ ਹਮਾਇਤ ਹਾਸਲ ਹੈ। ਪਟੀਸ਼ਨਾਂ ਵਕੀਲ ਐਮ.ਆਰ. ਸ਼ਮਸ਼ਾਦ ਰਾਹੀਂ



ਦਾਇਰ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਬੋਰਡ ਨੇ 17 ਨਵੰਬਰ ਨੂੰ ਕਿਹਾ ਸੀ ਕਿ ਉਹ ਕਿਸੇ ਵੱਲੋਂ ਵੀ ਪਟੀਸ਼ਨ ਦਾਇਰ ਕਰਨ ਦਾ ਸਮਰਥਨ ਕਰਨਗੇ। ਦੋ ਦਸੰਬਰ ਨੂੰ ਪਹਿਲੀ ਪਟੀਸ਼ਨ ਮੌਲਾਨਾ ਸਈਦ ਅਸ਼ਦ ਰਸ਼ੀਦੀ ਤੇ ਜਮੀਅਤ ਉਲਾਮਾ-ਏ-ਹਿੰਦ ਦਾਇਰ ਕਰ ਚੁੱਕਾ ਹੈ, ਜਦਕਿ ਕੇਸ ਲੜਨ ਵਾਲੀ ਮੁੱਖ ਧਿਰ ਉਤਰ ਪ੍ਰਦੇਸ਼ ਸੁੰਨੀ ਕੇਂਦਰੀ ਵਕਫ ਬੋਰਡ ਨੇ ਪਟੀਸ਼ਨ ਦਾਇਰ ਨਾ ਕਰਨ ਦਾ ਐਲਾਨ ਕੀਤਾ ਸੀ। ਪਹਿਲੀ ਪਟੀਸ਼ਨ ਵਿਚ ਫੈਸਲੇ ਸਬੰਧੀ 14 ਨੁਕਤੇ ਉਠਾਏ ਗਏ ਹਨ। ਮੌਲਾਨਾ ਮੁਫਤੀ ਨੇ ਕਿਹਾ ਹੈ ਕਿ ਸਿਖਰਲੀ ਅਦਾਲਤ ਨੂੰ ਇਕ ਖਾਸ ਭਾਈਚਾਰੇ ਨਾਲ ਇਸ ਕੇਸ ਵਿਚ ਹੋਏ 'ਵੱਡੇ ਅਨਿਆਂ' ਉਤੇ ਵਿਚਾਰ ਕਰਨਾ ਚਾਹੀਦਾ ਹੈ।

# ਡਾ. ਮਨਮੋਹਨ ਸਿੰਘ ਦੇ ਸਿੱਖ ਕਤਲੇਆਮ ਬਾਰੇ ਖੁਲਾਸੇ ਪਿੱਛੋਂ ਸਿਆਸਤ ਭਖੀ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੱਲੋਂ 1984 ਸਿੱਖ ਕਤਲੇਆਮ ਬਾਰੇ ਕੀਤੇ ਖੁਲਾਸੇ ਪਿੱਛੋਂ ਸਿਆਸੀ ਪਾਰਾ ਚੜ੍ਹ ਗਿਆ ਹੈ। ਡਾ. ਮਨਮੋਹਨ ਸਿੰਘ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੀ ਯਾਦ ਵਿਚ ਰੱਖੇ ਸਮਾਗਮ ਦੌਰਾਨ ਕਿਹਾ ਸੀ ਕਿ ਜੇ ਤਤਕਾਲੀ ਗ੍ਰਹਿ ਮੰਤਰੀ ਪੀ.ਵੀ ਨਰਸਿਮ੍ਹਾ ਰਾਓ ਨੇ ਫੌਜ ਸੱਦਣ ਦੇ ਸੁਝਾਅ ਉਤੇ ਧਿਆਨ ਦਿੱਤਾ ਹੁੰਦਾ ਤਾਂ 1984 ਦੇ ਸਿੱਖ ਵਿਰੋਧੀ ਦੰਗੇ ਰੋਕੇ ਜਾ ਸਕਦੇ ਸਨ।

ਸਾਬਕਾ ਪ੍ਰਧਾਨ ਮੰਤਰੀ ਦੇ ਇਸ ਬਿਆਨ ਦੀ ਭਾਜਪਾ ਨੇ ਸਖਤ ਨਿਖੇਧੀ ਕਰਦਿਆਂ ਕਤਲੇਆਮ ਦਾ ਜਿੰਮਾ ਰਾਜੀਵ ਗਾਂਧੀ ਸਿਰ ਪਾਇਆ ਹੈ। ਮਨਮੋਹਨ ਨੇ ਕਿਹਾ ਸੀ ਕਿ ਗੁਜਰਾਲ ਨੇ ਰਾਓ ਨੂੰ ਫੌਜ ਸੱਦਣ ਲਈ ਕਿਹਾ ਸੀ ਕਿਉਂਕਿ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ ਵਿਰੁੱਧ ਹਿੰਸਾ ਵਧ ਰਹੀ ਸੀ। ਉਨ੍ਹਾਂ ਕਿਹਾ ਕਿ ਜੇ ਇਸ ਸੁਝਾਅ ਵੱਲ ਧਿਆਨ ਦਿੱਤਾ ਜਾਂਦਾ ਤਾਂ ਸ਼ਾਇਦ ਚੁਰਾਸੀ ਦਾ ਕਤਲੇਆਮ ਨਾ ਵਾਪਰਦਾ। ਭਾਜਪਾ ਨੇ ਮਨਮੋਹਨ ਉਤੇ ਵਿਅੰਗ ਕਰਦਿਆਂ ਕਿਹਾ ਕਿ ਜੇ ਰਾਓ ਐਨੇ ਹੀ 'ਮਾੜੇ' ਸਨ ਤਾਂ ਉਹ 1991 ਵਿਚ ਉਨ੍ਹਾਂ ਦੀ ਸਰਕਾਰ 'ਚ ਮੰਤਰੀ ਕਿਉਂ ਬਣੇ? ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਪ੍ਰਧਾਨ ਮੰਤਰੀ ਬਣੇ ਰਾਜੀਵ ਕੋਲ ਸਾਰੇ ਹੱਕ ਸਨ ਤੇ ਉਹ ਫੌਜ ਸੱਦ ਸਕਦੇ ਸਨ। ਉਨ੍ਹਾਂ ਰਾਜੀਵ ਗਾਂਧੀ ਨੂੰ ਕਤਲੇਆਮ ਲਈ ਜ਼ਿੰਮੇਵਾਰ ਠਹਿਰਾਇਆ।



ਜਾਵੜੇਕਰ ਨੇ ਕਿਹਾ ਕਿ ਰਾਜੀਵ ਨੇ ਉਦੋਂ ਕਿਹਾ ਸੀ ਕਿ 'ਜਦ ਕੋਈ ਵੱਡਾ ਦਰਖਤ ਡਿਗਦਾ ਹੈ ਤਾਂ ਧਰਤੀ ਹਿੱਲਦੀ ਹੈ', ਇਕ ਤਰ੍ਹਾਂ ਰਾਜੀਵ ਨੇ ਕਤਲੇਆਮ ਦਾ ਸਮਰਥਨ ਕੀਤਾ ਸੀ। ਗੁਜਰਾਲ ਦੇ ਪੁੱਤਰ ਤੇ ਅਕਾਲੀ ਦਲ ਦੇ ਸੰਸਦ ਮੈਂਬਰ ਨਰੇਸ਼ ਗੁਜਰਾਲ ਨੇ 'ਸੱਚ ਬੋਲਣ' ਲਈ ਮਨਮੋਹਨ ਦੀ ਸਿਫਤ ਕੀਤੀ ਤੇ ਕਿਹਾ ਕਿ 'ਜੋ ਸੀ ਉਹੀ ਉਨ੍ਹਾਂ ਨੇ ਬਿਆਨਿਆ।' ਇਸੇ ਦੌਰਾਨ ਨਰਸਿਮ੍ਹਾ ਰਾਓ ਦੇ ਪੋਤਰੇ ਐਨ.ਵੀ. ਸੁਭਾਸ਼ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਗ੍ਰਹਿ ਮੰਤਰੀ ਕੋਈ ਵੀ ਫੈਸਲਾ ਇਕੱਲੇ ਨਹੀਂ ਲੈ ਸਕਦੇ। ਫੌਜ ਸਬੰਧੀ ਲਿਆ ਗਿਆ ਫੈਸਲਾ ਸਾਰੀ ਵਜ਼ਾਰਤ ਦਾ ਸੀ।

## ਸਰਕਾਰ ਨੇ ਖੁਦ ਨਸਲਕੁਸ਼ੀ ਕਰਵਾਈ ਸੀ: ਜਥੇਦਾਰ

ਨਵੰਬਰ 1984 ਸਿੱਖ ਕਤਲੇਆਮ ਮਾਮਲੇ ਬਾਰੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਆਏ ਬਿਆਨ ਬਾਰੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਸ ਵੇਲੇ ਦੀ ਸਰਕਾਰ ਨੇ ਖੁਦ ਨਸਲਕੁਸ਼ੀ ਕਰਵਾਈ ਸੀ। ਵਿਦੇਸ਼ਾਂ ਵਿਚ ਪੜ੍ਹਾਈ ਦੇ ਮੰਤਵ ਨਾਲ ਗਏ ਪੰਜਾਬੀ ਤੇ ਖਾਸ ਕਰਕੇ ਸਿੱਖ ਬੱਚਿਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਵਿਦੇਸ਼ਾਂ ਦੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਆਖਿਆ ਕਿ ਉਹ ਇਨ੍ਹਾਂ ਬੱਚਿਆਂ ਲਈ ਲੰਗਰ ਅਤੇ ਰਿਹਾਇਸ਼ ਉਤੇ ਤਰਜੀਹੀ ਆਧਾਰ 'ਤੇ ਪ੍ਰਬੰਧ ਕਰਨ। ਰਣਜੀਤ ਸਿੰਘ ਢੱਡਰੀਆਂ ਵਾਲਾ ਮਾਮਲੇ ਬਾਰੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਪੰਜ ਮੈਂਬਰੀ ਕਮੇਟੀ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

## ਗਾਂਧੀ ਪਰਿਵਾਰ ਗੁਨਾਹ ਕਬੂਲ ਕਰੇ: ਦਮਦਮੀ ਟਕਸਾਲ

**ਅੰਮ੍ਰਿਤਸਰ:** ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਨਵੰਬਰ 1984 ਦੌਰਾਨ ਦਿੱਲੀ ਵਿਖੇ ਹੋਏ ਸਿੱਖ ਕਤਲੇਆਮ 'ਚ ਗਾਂਧੀ ਪਰਿਵਾਰ ਦੀ ਸ਼ਮੂਲੀਅਤ ਬਾਰੇ ਡਾ. ਮਨਮੋਹਨ ਸਿੰਘ ਵੱਲੋਂ ਕੀਤੇ ਖੁਲਾਸੇ ਮਗਰੋਂ ਹੋਰ ਕਿਸੇ ਸਬੂਤ ਦੀ ਲੋੜ ਨਹੀਂ ਰਹਿ ਜਾਂਦੀ। ਇਸ ਲਈ ਗਾਂਧੀ ਪਰਿਵਾਰ ਨੂੰ 1984 ਦੇ ਕਤਲੇਆਮ ਪ੍ਰਤੀ ਆਪਣੇ ਪਰਿਵਾਰ ਦਾ ਗੁਨਾਹ ਕਬੂਲ ਲੈਣਾ ਚਾਹੀਦਾ ਹੈ। ਉਨ੍ਹਾਂ ਸਾਬਕਾ ਪ੍ਰਧਾਨ ਮੰਤਰੀ ਵੱਲੋਂ ਨਵੰਬਰ 1984 ਦੇ ਦੁਖਾਂਤ ਪ੍ਰਤੀ ਕੀਤੇ ਗਏ ਖੁਲਾਸੇ ਨੂੰ ਦੇਰ ਆਏ ਦਰੁਸਤ ਆਏ ਕਿਹਾ। ਪਰ ਤਤਕਾਲੀ ਸਰਕਾਰ ਵੱਲੋਂ ਉਸ ਵਕਤ ਦਿੱਲੀ ਵਿਖੇ ਫੌਜ ਨੂੰ ਨਾ ਸੱਦਣ ਦੀ ਹਕੀਕਤ ਨੂੰ ਲੰਮਾ ਸਮਾਂ ਲੁਕਾਈ ਰੱਖਣ 'ਤੇ ਸਵਾਲ ਵੀ ਉਠਾਇਆ। ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ ਸਾਬਕਾ ਪ੍ਰਧਾਨ ਮੰਤਰੀ ਆਪਣੇ ਭਾਈਚਾਰੇ ਦੀ ਸਰਕਾਰੀ ਨਸਲਕੁਸ਼ੀ ਬਾਰੇ ਸਭ ਕੁਝ ਜਾਣਦੇ ਹੋਏ ਵੀ ਕਿਵੇਂ ਚੁੱਪ ਬੈਠੇ ਰਹੇ?

## ਮਨਮੋਹਨ ਸਿੰਘ ਦਾ ਬਿਆਨ ਮੰਦਭਾਗਾ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਨਵੰਬਰ 1984 ਵਿਚ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕਤਲੇਆਮ ਰੋਕਣ ਲਈ ਫੌਜ ਨਾ ਸੱਦਣ ਵਾਸਤੇ ਸਾਬਕਾ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੂੰ ਦੋਸ਼ੀ ਠਹਿਰਾਉਣ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਸ੍ਰੀ ਬਾਦਲ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਦਾ ਬਿਆਨ ਗਾਂਧੀ ਪਰਿਵਾਰ ਨੂੰ ਕਲੀਨ ਚਿੱਟ ਦੇ ਕੇ ਸਾਰਾ ਦੋਸ਼ ਤਤਕਾਲੀ ਗ੍ਰਹਿ ਮੰਤਰੀ ਸਿਰ ਮੜ੍ਹਨ ਦੀ ਕੋਸ਼ਿਸ਼ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸਾਬਕਾ ਪ੍ਰਧਾਨ ਮੰਤਰੀ ਦਾ ਬਿਆਨ ਸਪੱਸ਼ਟ ਰੂਪ ਵਿਚ ਅਕਾਲੀ ਦਲ ਦੇ ਉਸ ਪੱਖ ਦੀ ਪੁਸ਼ਟੀ ਕਰਦਾ ਹੈ ਕਿ ਇਸ ਕਤਲੇਆਮ ਨੂੰ ਰੋਕਿਆ ਜਾ ਸਕਦਾ ਸੀ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਗਾਂਧੀ ਪਰਿਵਾਰ ਦੇ ਬਚਾਅ ਵਾਸਤੇ ਅੱਗੇ ਆਉਣ ਵਿਚ 35 ਸਾਲ ਲੱਗ ਗਏ।

# ਆਗੂਆਂ ਤੇ ਗੈਂਗਸਟਰਾਂ 'ਚ ਸਾਂਝ ਦਾ ਮੁੱਦਾ ਭਖਿਆ

**ਚੰਡੀਗੜ੍ਹ:** ਸੂਬੇ ਵਿਚ ਰਾਜਸੀ ਆਗੂਆਂ ਤੇ ਗੈਂਗਸਟਰਾਂ ਵਿਚਾਲੇ ਗੰਢਜੋੜ ਦੇ ਦੋਸ਼ਾਂ ਦੀਆਂ ਮੀਡੀਆ ਰਿਪੋਰਟਾਂ ਦਾ ਖੁਦ ਹੀ ਨੋਟਿਸ ਲੈਂਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ ਦੀ ਜਾਂਚ ਦੇ ਹੁਕਮ ਦਿੰਦਿਆਂ ਵਾਅਦਾ ਕੀਤਾ ਹੈ ਕਿ ਕਿਸੇ ਦੇ ਵੀ ਦੋਸ਼ੀ ਪਾਏ ਜਾਣ ਉਤੇ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨਾਲ ਹੀ ਆਪਣੇ ਸਾਥੀ 'ਤੇ ਪੂਰਨ ਭਰੋਸਾ ਹੋਣ ਦਾ ਵਿਸ਼ਵਾਸ ਪ੍ਰਗਟਾਇਆ ਹੈ।

ਮੁੱਖ ਮੰਤਰੀ ਨੇ ਆਪਣੇ ਹੁਕਮਾਂ ਵਿਚ ਡੀ.ਜੀ.ਪੀ. ਦਿਨਕਰ ਗੁਪਤਾ ਨੂੰ ਉਨ੍ਹਾਂ ਇਲਜ਼ਾਮਾਂ ਦੀ ਪੜਚੋਲ ਕਰਨ ਲਈ ਕਿਹਾ ਹੈ ਜੋ ਉਨ੍ਹਾਂ ਕੋਲ ਪੇਸ਼ ਕੀਤੇ ਦਸਤਾਵੇਜ਼ਾਂ/ਤਸਵੀਰਾਂ ਦੇ ਆਧਾਰ ਉਤੇ ਲਗਾਏ ਗਏ ਹਨ ਜੋ ਕਿ ਵਿਰੋਧੀ ਪਾਰਟੀਆਂ ਵੱਲੋਂ ਲਾਏ ਗਏ ਦੋਸ਼ਾਂ ਦੇ ਉਲਟ ਕਹਾਣੀ ਬਿਆਨ ਕਰਦੇ ਹਨ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਤਸਵੀਰਾਂ 'ਚ ਇਕ ਬਦਨਾਮ ਅਪਰਾਧੀ ਜਿਸ ਖਿਲਾਫ ਕਈ ਕੇਸ ਦਰਜ ਹਨ ਅਤੇ ਉਸ ਦੇ ਨਾਮੀ ਗੈਂਗਸਟਰਾਂ ਨਾਲ ਵੀ ਸਬੰਧ ਹਨ, ਚੋਟੀ ਦੇ ਅਕਾਲੀ ਆਗੂਆਂ ਸਮੇਤ ਸੁਖਬੀਰ ਬਾਦਲ, ਬਿਕਰਮ ਮਜੀਠੀਆ ਤੇ ਹਰਸਿਮਰਤ ਬਾਦਲ ਦੇ ਨਾਲ ਨਜ਼ਰ ਆਉਂਦਾ ਹੈ। ਕੈਪਟਨ ਨੇ



ਇਹ ਸਾਫ ਕਰਦਿਆਂ ਕਿਹਾ ਕਿ ਸੂਬੇ ਵਿਚ ਗੈਰ ਕਾਨੂੰਨੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

ਸਾਬਕਾ ਅਕਾਲੀ ਸਰਪੰਚ ਦਲਬੀਰ ਢਿੱਲਵਾਂ ਦੇ ਕਤਲ ਤੋਂ ਬਾਅਦ ਅਕਾਲੀ ਦਲ ਤੇ ਭਾਜਪਾ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਉਤੇ ਲਗਾਏ ਜਾ ਰਹੇ ਦੋਸ਼ਾਂ 'ਤੇ ਪ੍ਰਤੀਕਿਰਿਆ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੈਨੂੰ ਇਸ ਗੱਲ ਉਤੇ ਰੱਤੀ ਭਰ ਵੀ ਸ਼ੱਕ ਨਹੀਂ ਕਿ ਮੇਰੇ ਕਿਸੇ ਵੀ ਸਾਥੀ ਦਾ ਅਜਿਹੀ ਕਿਸੇ ਵੀ ਘਿਨਾਉਣੀ ਸਰਗਰਮੀ ਵਿਚ ਹੱਥ ਹੋਵੇ।

## ਸੁਖਬੀਰ ਕਿਸੇ ਤੋਂ ਵੀ ਜਾਂਚ ਕਰਵਾ ਲੈਣ: ਰੰਧਾਵਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਤੇ ਰਾਜ ਦੇ ਜੇਲ੍ਹ ਮੰਤਰੀ ਵਿਚਾਲੇ ਸ਼ੁਰੂ ਹੋਈ ਖਾਨਾਜੰਗੀ ਖਤਮ ਹੋਣ ਦਾ ਨਾਂ ਨਹੀਂ ਲੈ ਰਹੀ, ਜਿਥੇ ਅਕਾਲੀ ਦਲ ਵੱਲੋਂ ਮੰਤਰੀ ਰੰਧਾਵਾ ਉਤੇ ਗੈਂਗਸਟਰਾਂ ਨਾਲ ਸਬੰਧ ਰੱਖਣ ਅਤੇ ਅਕਾਲੀ ਆਗੂ ਦੇ ਕਤਲ ਮਾਮਲੇ 'ਚ ਹੱਥ ਹੋਣ ਦੇ ਦੋਸ਼ ਲਾ ਕੇ ਕੈਬਨਿਟ ਵਿਚੋਂ ਬਰਖਾਸਤ ਕਰਨ ਦੀ ਮੰਗ ਕੀਤੀ ਜਾ ਰਹੀ ਹੈ, ਉਥੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅਕਾਲੀ ਆਗੂਆਂ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਹ ਕਿਸੇ ਵੀ ਨਿਰਪੱਖ ਜਾਂਚ ਏਜੰਸੀ, ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਜਾਂਚ ਲਈ ਤਿਆਰ ਹਨ।

# 84 ਵਰਗਾ ਮਾਹੌਲ ਸਿਰਜ ਰਹੀ ਹੈ ਮੋਦੀ ਅਤੇ ਕੈਪਟਨ ਸਰਕਾਰ: ਮਾਨ

**ਬਠਿੰਡਾ:** ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸਰਕਟ ਹਾਊਸ ਬਠਿੰਡਾ ਵਿਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨੂੰ ਫਿਰਕੂ ਸਰਕਾਰਾਂ ਦੱਸਿਆ। ਮਾਨ ਨੇ ਦੋਸ਼ ਲਗਾਏ ਕਿ 1984 ਦੇ ਕਤਲੇਆਮ ਦਾ ਪਹਿਲਾਂ ਹੀ ਸਿੱਖਾਂ ਨੂੰ ਇਨਸਾਫ ਨਹੀਂ ਮਿਲਿਆ।

ਉਨ੍ਹਾਂ ਦੋਸ਼ ਲਗਾਏ ਕਿ ਮੋਦੀ ਸਰਕਾਰ ਦੇਸ਼ ਵਿਰੋਧੀ ਕਾਨੂੰਨ ਬਣਾਉਂਦੀ ਆ ਰਹੀ ਹੈ ਅਤੇ ਘੱਟ ਗਿਣਤੀਆਂ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕੈਪਟਨ ਸਰਕਾਰ ਉਤੇ ਸਵਾਲ ਚੁੱਕਦਿਆਂ ਕਿਹਾ ਕਿ ਸਾਲ ਪਹਿਲਾਂ ਲਗਾਇਆ ਬਰਗਾੜੀ ਮੋਰਚਾ ਖਤਮ ਕਰਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਦੋ ਮੰਤਰੀਆਂ ਨੇ ਗੁਰੂ ਦੀ ਹਾਜ਼ਰੀ ਵਿਚ ਗੁਰੂ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਅਤੇ ਵੱਖ-ਵੱਖ ਜੇਲ੍ਹਾਂ ਵਿਚ ਬੰਦ ਬੰਦੀ ਸਿੱਖਾਂ ਦੀ ਰਿਹਾਈ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਦਾ ਭਰੋਸਾ ਦਿੱਤਾ ਸੀ, ਪਰ ਅੱਜ ਸਾਲ ਬੀਤਣ ਮਗਰੋਂ ਵੀ ਕੋਈ ਵਾਅਦਾ ਪੂਰਾ ਨਹੀਂ ਕੀਤਾ ਗਿਆ, ਜਿਸ ਕਰ ਕੇ ਸਮੂਹ ਸਿੱਖ ਧਾਰਮਿਕ ਰਾਜਨੀਤਿਕ ਜਥੇਬੰਦੀਆਂ ਮੁੜ ਤਿੱਖੇ ਸੰਘਰਸ਼ ਲਈ ਮਜਬੂਰ ਹੋਣਗੀਆਂ। ਉਨ੍ਹਾਂ ਕਿਹਾ ਕਿ ਜਲਦੀ ਹੀ ਸਰਬੱਤ ਖਾਲਸਾ ਨਾਲ ਜੁੜੀਆਂ ਧਿਰਾਂ ਨਾਲ ਵਿਚਾਰ ਵਟਾਂਦਰਾ ਕਰ ਕੇ ਸੰਘਰਸ਼ ਦੀ ਰੂਪ-ਰੇਖਾ ਉਲੀਕੀ ਜਾਵੇਗੀ।

# ਬੰਦੀ ਸਿੱਖਾਂ ਦੀ ਰਿਹਾਈ: ਕੇਂਦਰ ਦਾ ਵਾਅਦਾ ਵਫਾ ਨਾ ਹੋਇਆ

**ਅੰਮ੍ਰਿਤਸਰ:** ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਬੰਦ ਅਤੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ 8 ਸਿੱਖ ਬੰਦੀਆਂ ਨੂੰ ਜੇਲ੍ਹਾਂ 'ਚੋਂ ਰਿਹਾਅ ਕਰਨ ਦਾ ਐਲਾਨ ਵੀ ਅਜੇ ਤੱਕ ਪੂਰਾ ਨਹੀਂ ਹੋਇਆ। ਇਨ੍ਹਾਂ 8 ਵਿਚੋਂ 3 ਬੰਦੀ ਸਿੰਘਾਂ ਦੇ ਪਰਿਵਾਰ ਅਜੇ ਵੀ ਕੇਂਦਰ ਸਰਕਾਰ ਦਾ ਵਾਅਦਾ ਪੂਰਾ ਹੋਣ ਦੀ ਉਡੀਕ ਵਿਚ ਹਨ।


ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ 14 ਨਵੰਬਰ ਨੂੰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਸਮੇਤ 8 ਬੰਦੀ ਸਿੰਘਾਂ ਨੂੰ ਜੇਲ੍ਹਾਂ 'ਚੋਂ ਰਿਹਾਅ ਕਰਨ ਦਾ ਐਲਾਨ ਕੀਤਾ ਗਿਆ ਸੀ। ਇਨ੍ਹਾਂ 8 ਬੰਦੀ ਸਿੰਘਾਂ ਵਿਚੋਂ ਤਿੰਨ ਬਲਬੀਰ ਸਿੰਘ, ਵਰਿਆਮ ਸਿੰਘ ਤੇ ਹਰਜਿੰਦਰ ਸਿੰਘ ਦੀ ਰਿਹਾਈ ਤਾਂ ਤਿੰਨ-ਚਾਰ ਸਾਲ ਪਹਿਲਾਂ ਹੀ ਹੋ ਚੁੱਕੀ ਹੈ ਤੇ ਦੋ ਭਾਈ ਨੰਦ ਸਿੰਘ ਅਤੇ ਭਾਈ ਸੁਬੇਗ ਸਿੰਘ ਦੀ ਰਿਹਾਈ ਬੀਤੇ ਦਿਨੀਂ ਪਟਿਆਲਾ ਜੇਲ੍ਹ ਤੋਂ ਹੋਈ ਹੈ। ਇਸ ਦੌਰਾਨ ਬਾਕੀ ਦੇ ਤਿੰਨ ਬੰਦੀਆਂ ਵਿਚੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਭਾਈ ਲਾਲ ਸਿੰਘ ਤੇ ਭਾਈ ਗੁਰਦੀਪ ਸਿੰਘ ਖੇੜਾ ਦੇ ਪਰਿਵਾਰ ਅਜੇ ਵੀ ਰਿਹਾਈ ਦੇ ਐਲਾਨਾਂ ਉਤੇ ਅਮਲ ਹੋਣ ਦੀ ਉਡੀਕ ਕਰ ਰਹੇ ਹਨ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਜੋ ਕਿ 19 ਜਨਵਰੀ 1995 ਤੋਂ ਲੈ ਕੇ ਹੁਣ ਤੱਕ ਜੇਲ੍ਹ ਵਿਚ ਬੰਦ ਹਨ, ਕੁਝ ਵਰ੍ਹੇ ਪਹਿਲਾਂ ਕੇਂਦਰ ਸਰਕਾਰ ਨੇ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਸੀ। ਇਸ ਤਰ੍ਹਾਂ ਉਹ ਆਪਣੀ ਬਣਦੀ ਸਜ਼ਾ ਕਦੋਂ ਦੀ ਪੂਰੀ ਕਰ ਚੁੱਕੇ ਹਨ। ਉਹ ਕੁਝ ਦਿਨ ਪਹਿਲਾਂ 29 ਨਵੰਬਰ ਨੂੰ ਹੀ ਪੈਰੋਲ ਉਤੇ ਕੁਝ ਦਿਨ ਆਪਣੇ ਅੰਮ੍ਰਿਤਸਰ ਸਥਿਤ ਗ੍ਰਹਿ ਵਿਖੇ ਬਿਤਾਉਣ ਉਪਰੰਤ ਮੁੜ ਕੇਂਦਰੀ ਜੇਲ੍ਹ ਫਤਾਹਪੁਰ ਵਾਪਸ ਚਲੇ ਗਏ। ਉਨ੍ਹਾਂ ਦੀ ਰਿਹਾਈ ਦਾ ਕੇਸ ਦਿੱਲੀ ਦੀ ਕੇਜਰੀਵਾਲ ਸਰਕਾਰ ਕੋਲ ਵਿਚਾਰ ਅਧੀਨ ਦੱਸਿਆ ਜਾਂਦਾ ਹੈ। ਸਿੱਖ ਬੰਦੀ ਲਾਲ ਸਿੰਘ ਜੋ ਇਸ ਵੇਲੇ ਨਾਭਾ ਜੇਲ੍ਹ ਵਿਚ ਬੰਦ ਹਨ, 1992 ਤੋਂ ਲੈ ਕੇ ਹੁਣ ਤੱਕ 27 ਸਾਲ ਦੇ ਕਰੀਬ ਜੀਵਨ ਜੇਲ੍ਹਾਂ ਵਿਚ ਬਿਤਾ ਚੁੱਕੇ ਹਨ ਤੇ ਉਨ੍ਹਾਂ ਦੀ ਰਿਹਾਈ ਦਾ ਕੇਸ ਗੁਜਰਾਤ ਦੀ ਸੂਬਾ ਸਰਕਾਰ ਕੋਲ ਦੱਸਿਆ ਜਾਂਦਾ ਹੈ। ਉਨ੍ਹਾਂ ਦੇ ਜੇਲ੍ਹ ਵਿਚ ਚੰਗੇ ਚਾਲ ਚੱਲਣ ਕਾਰਨ ਉਨ੍ਹਾਂ ਨੂੰ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਵੱਲੋਂ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ।

ਤੀਜੇ ਬੰਦੀ ਸਿੰਘ ਗੁਰਦੀਪ ਸਿੰਘ ਖੇੜਾ 6 ਦਸੰਬਰ 1990 ਤੋਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਰਹੇ ਹਨ ਤੇ ਅੱਜ ਕੱਲ੍ਹ ਕੇਂਦਰੀ ਜੇਲ੍ਹ ਫਤਾਹਪੁਰ ਵਿਖੇ ਬੰਦ ਹਨ। ਉਹ ਆਪਣੀ ਸਜ਼ਾ ਤੋਂ ਦੁੱਗਣੀ ਸਜ਼ਾ ਭੁਗਤ ਚੁੱਕੇ ਹਨ ਤੇ ਕੇਂਦਰ ਦੇ ਫੈਸਲੇ ਅਨੁਸਾਰ ਰਿਹਾਈ ਦੀ ਉਡੀਕ ਵਿਚ ਹਨ। ਇਸੇ ਦੌਰਾਨ ਭਾਈ ਜਗਤਾਰ ਸਿੰਘ ਹਵਾਰਾ ਕਮੇਟੀ ਵੱਲੋਂ ਕੇਂਦਰ ਸਰਕਾਰ ਨੂੰ ਸਿੱਖ ਰਾਜਸੀ ਬੰਦੀ ਸਿੰਘਾਂ ਦੀ ਰਿਹਾਈ ਦੀ ਪ੍ਰਕਿਰਿਆ ਵਿਚ ਤੇਜ਼ੀ ਲਿਆਉਣ ਦੀ ਅਪੀਲ ਕੀਤੀ ਹੈ।

ਕਮੇਟੀ ਦੇ ਮੈਂਬਰਾਂ ਪ੍ਰੋ. ਬਲਜਿੰਦਰ ਸਿੰਘ ਖਾਲਸਾ ਕਾਲਜ ਨੇ ਕਿਹਾ ਕਿ ਕੇਂਦਰ ਸਰਕਾਰ ਜਾਂ ਸਬੰਧਤ ਸੂਬਾ ਸਰਕਾਰਾਂ ਵੱਲੋਂ ਬੰਦੀ ਸਿੰਘਾਂ ਦੇ ਪਰਿਵਾਰਾਂ ਨੂੰ ਸੰਪਰਕ ਕਰਕੇ ਰਿਹਾਈ ਸਬੰਧੀ ਕੋਈ ਵੀ ਸੂਚਨਾ ਵੀ ਅਜੇ ਤੱਕ ਪ੍ਰਦਾਨ ਨਹੀਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਹ ਸਾਰੇ ਬੰਦੀ ਸਿੰਘਾਂ ਦਾ ਜੇਲ੍ਹਾਂ ਵਿਚ ਰਿਕਾਰਡ ਬਹੁਤ ਵਧੀਆ ਹੈ ਤੇ ਇਸੇ ਕਰਕੇ ਉਨ੍ਹਾਂ ਨੂੰ ਨਿਯਮਾਂ ਅਨੁਸਾਰ ਪੈਰੋਲ ਵੀ ਮਿਲਦੀ ਰਹੀ ਹੈ। ਉਨ੍ਹਾਂ ਕੇਂਦਰ ਸਰਕਾਰ ਅਤੇ ਸਬੰਧਤ ਸੂਬਿਆਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਬੰਦੀ ਸਿੰਘਾਂ ਦੀ ਰਿਹਾਈ ਪ੍ਰਕਿਰਿਆ ਵਿਚ ਤੇਜ਼ੀ ਲਿਆਂਦੀ ਜਾਵੇ ਅਤੇ ਇਨ੍ਹਾਂ ਤੋਂ ਇਲਾਵਾ ਬਾਕੀ ਦੇ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ਕੇਂਦਰ ਖੁੱਲ੍ਹਦਿਲੀ ਨਾਲ ਵਿਚਾਰ ਕਰੇ। ਉਨ੍ਹਾਂ ਪੰਜਾਬ ਦੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਵੀ ਅਪੀਲ ਕੀਤੀ ਕਿ ਉਹ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਵਿਚ ਅੜਿੱਕੇ ਡਾਹੁਣ ਦੀ ਥਾਂ ਉਸਾਰੂ ਭੂਮਿਕਾ ਅਦਾ ਕਰਨ ਤਾਂ ਕਿ ਉਹ ਆਪਣੀ ਜ਼ਿੰਦਗੀ ਆਪਣੇ ਪਰਿਵਾਰਾਂ ਵਿਚ ਬਿਤਾ ਸਕਣ।

## ਰਿਹਾਈ ਲਈ ਸਿੱਖ ਆਵਾਜ਼ ਬੁਲੰਦ ਕਰਨ: ਜਥੇਦਾਰ

**ਅੰਮ੍ਰਿਤਸਰ:** ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫੀ ਮਾਮਲੇ ਵਿਚ ਕੇਂਦਰ ਸਰਕਾਰ ਵੱਲੋਂ ਪੈਦਾ ਕੀਤੇ ਭੰਬਲਭੂਸੇ ਬਾਰੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਸਰਕਾਰ ਦੀ ਇਸ ਕਾਰਵਾਈ ਨਾਲ ਸਿੱਖਾਂ ਦੇ ਮਨਾਂ ਨੂੰ ਠੇਸ ਪੁੱਜੀ



ਹੈ। ਇਸ ਲਈ ਸਰਕਾਰ ਨੂੰ ਆਪਣਾ ਫੈਸਲਾ ਬਦਲਣਾ ਚਾਹੀਦਾ ਹੈ। ਉਨ੍ਹਾਂ ਸਮੂਹ ਸਿੱਖ ਆਗੂਆਂ ਨੂੰ ਆਖਿਆ ਕਿ ਉਹ ਬੰਦੀ ਸਿੰਘਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਆਜ਼ਾਦੀ ਤੋਂ ਬਾਅਦ ਸਿੱਖਾਂ ਨਾਲ ਮਾੜਾ ਸਲੂਕ ਕੀਤਾ ਜਾ ਰਿਹਾ ਹੈ ਪਰ ਇਹ ਮਾਮਲਾ ਹੋਰ ਵੀ ਦੁਖਦਾਈ ਹੈ। ਇਕ ਵਾਰੀ ਹਾਂ ਕਰਕੇ ਮੁਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿੱਖ ਬੰਦੀਆਂ ਦੀ ਰਿਹਾਈ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਆਖਿਆ ਕਿ ਉਹ ਇਕਜੁਟ ਹੋ ਕੇ ਸਮੂਹ ਸਿੱਖ ਬੰਦੀਆਂ ਦੀ ਰਿਹਾਈ ਲਈ ਸਰਕਾਰ ਕੋਲ ਆਵਾਜ਼ ਬੁਲੰਦ ਕਰਨ।

## ਵਿਆਹ ਸਮਾਗਮ 'ਚ ਬੱਬੂ ਮਾਨ ਦੇ ਅਖਾੜੇ ਦੌਰਾਨ ਚੱਲੀ ਗੋਲੀ-2 ਮਰੇ

**ਦੋਰਾਹਾ:** ਦੋਰਾਹਾ ਦੇ ਕਸ਼ਮੀਰ ਗਾਰਡਨ ਪੈਲੇਸ 'ਚ ਵਿਆਹ ਸਮਾਗਮ ਦੌਰਾਨ ਚੱਲੀਆਂ ਗੋਲੀਆਂ ਕਾਰਨ ਦੋ ਵਿਅਕਤੀਆਂ ਦੀ ਮੌਤ ਅਤੇ ਦੋ ਜ਼ਖਮੀ ਹੋ ਗਏ। ਪਤਾ ਲੱਗਾ ਹੈ ਕਿ ਜਦੋਂ ਗੋਲੀ ਚੱਲੀ ਉਸ ਵੇਲੇ ਬੱਬੂ ਮਾਨ ਗਾ ਰਿਹਾ ਸੀ। ਵਿਆਹ 'ਚ ਸ਼ਾਮਲ ਦੋ ਧਿਰਾਂ ਵਿਚ ਆਹਮੋ-ਸਾਹਮਣੇ ਗੋਲੀਆਂ ਚੱਲਣ ਦੀ ਗੱਲ ਵੀ ਕਹੀ ਜਾ ਰਹੀ ਹੈ।

ਗੋਲੀ ਚੱਲਣ ਨਾਲ ਵਿਆਹ ਵਿਚ ਭਾਜੜ ਮਚ ਗਈ। ਦੱਸਿਆ ਗਿਆ ਹੈ ਕਿ ਪੈਲੇਸ ਵਿਚ ਖਮਾਣੋਂ ਦੇ ਐਨ.ਆਰ.ਆਈ. ਹਰਜੀਤ ਸਿੰਘ ਦੀ ਬੇਟੀ ਦਾ ਵਿਆਹ ਸੀ। ਮਰਨ ਵਾਲੇ ਦੋਵੇਂ ਪਿੰਡ ਧਾਂਦਲਾ ਦੇ ਹਨ, ਜਿਨ੍ਹਾਂ ਦੀ ਪਛਾਣ ਗੁਰਪ੍ਰੀਤ ਸਿੰਘ (50), ਬਲਵੰਤ ਸਿੰਘ (28) ਵਜੋਂ ਹੋਈ ਹੈ ਤੇ ਇਹ ਦੋਵੇਂ ਰਿਸ਼ਤੇ 'ਚ ਚਾਚਾ-ਭਤੀਜਾ ਸਨ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਸ਼ਵ ਕਬੱਡੀ ਕੱਪ ਭਾਰਤ ਦੇ ਨਾਮ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਵਿਸ਼ਵ ਕਬੱਡੀ ਕੱਪ ਦਾ ਫਾਈਨਲ ਮੈਚ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿਖੇ ਭਾਰਤ ਅਤੇ ਕੈਨੇਡਾ ਦੇ ਵਿਚਾਲੇ ਖੇਡਿਆ ਗਿਆ, ਜਿਸ 'ਚ ਭਾਰਤ ਨੇ ਕੈਨੇਡਾ ਨੂੰ 45 ਅੰਕਾਂ ਦੇ ਫਰਕ ਨਾਲ ਹਰਾ ਕੇ ਕਬੱਡੀ ਕੱਪ ਉਤੇ ਕਬਜਾ ਕਰ ਲਿਆ। ਮੈਚ 'ਚ ਭਾਰਤ ਨੇ 64 ਅੰਕ ਅਤੇ ਕੈਨੇਡਾ ਨੇ 19 ਅੰਕ ਹਾਸਲ ਕੀਤੇ।

ਮੈਚ ਦੀ ਸ਼ੁਰੂਆਤ 'ਚ ਭਾਰਤੀ ਟੀਮ ਇਕ ਮਜ਼ਬੂਤ ਇਰਾਦੇ ਨਾ ਉਤਰੀ ਅਤੇ ਕੈਨੇਡਾ ਖਿਲਾਫ ਲਗਾਤਾਰ ਅੰਕ ਹਾਸਲ ਕਰ ਕੇ ਮੈਚ 'ਚ ਇਕ ਵੱਡੀ ਬੜ੍ਹਤ ਬਣਾ ਲਈ। ਭਾਰਤ ਨੇ ਮੈਚ ਦੇ ਪਹਿਲੇ ਕੁਆਟਰ ਤੱਕ ਕੈਨੇਡਾ ਖਿਲਾਫ ਸਕੋਰ 18-4 ਦਾ ਕਰ ਲਿਆ। ਪਹਿਲੇ ਹਾਫ ਦੇ ਦੋ ਕੁਆਰਟਰਾਂ 'ਚ ਕੈਨੇਡਾ ਦੀ ਟੀਮ ਸੰਘਰਸ਼ ਕਰਦੀ ਨਜ਼ਰ ਆਈ ਤੇ ਅੰਕਾਂ ਦੇ ਮਾਮਲੇ 'ਚ ਲਗਾਤਾਰ ਭਾਰਤ ਤੋਂ ਪਿਛੜਦੀ ਗਈ। ਭਾਰਤ ਨੇ ਕੈਨੇਡਾ ਦੇ ਮੁਕਾਬਲੇ ਬਹੁਤ ਚੰਗਾ ਪ੍ਰਦਰਸ਼ਨ ਕੀਤਾ ਹੈ। ਪਹਿਲੇ ਹਾਫ ਟਾਈਮ ਤੱਕ ਭਾਰਤ ਦੇ 34 ਅਤੇ ਕੈਨੇਡਾ ਦੇ 9 ਅੰਕ ਹਨ। ਕੈਨੇਡਾ ਦੀ ਟੀਮ ਨੇ ਇਸ ਮੈਚ 'ਚ ਵਾਪਸੀ ਕਰਨ ਦੀ ਪੂਰੀ ਵਾਹ ਲਾਈ ਪਰ ਭਾਰਤ ਦੀ ਦਮਦਾਰ ਖੇਡ ਅੱਗੇ ਕੈਨੇਡਾ ਦੇ ਖਿਡਾਰੀ ਕੁਝ ਨਾ ਕਰ ਸਕੇ। ਬਾਕੀ ਤਿੰਨੇ ਕੁਆਰਟਰਾਂ 'ਚ ਭਾਰਤ ਨੇ ਕੈਨੇਡਾ ਖਿਲਾਫ ਆਪਣੀ ਬੜ੍ਹਤ ਬਰਕਰਾਰ ਰੱਖਦੇ ਹੋਏ 64-19 ਅੰਕਾਂ ਨਾਲ ਇਹ ਫਾਈਨਲ ਮੈਚ ਜਿੱਤ ਲਿਆ।

# 'ਬਾਦਲ ਮੁਕਤ' ਅਕਾਲੀ ਦਲ ਲਈ ਲਾਮਬੰਦੀ

*(ਸਫਾ ਇਕ ਦੀ ਬਾਕੀ)*

ਯਤਨ ਸ਼ੁਰੂ ਕੀਤੇ ਹਨ। ਇਸ ਤਹਿਤ ਵੱਖਰੇ ਤੌਰ ਉਤੇ ਸ਼੍ਰੋਮਣੀ ਅਕਾਲੀ ਦਲ ਦਾ ਸਥਾਪਨਾ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ ਗਿਆ। ਪਹਿਲੇ ਪੜਾਅ ਵਿਚ ਵੱਖ-ਵੱਖ ਲੀਡਰਾਂ ਨੂੰ ਇਸ ਸਮਾਗਮ ਵਿਚ ਸੱਦਿਆ ਜਾ ਰਿਹਾ ਹੈ। ਦਰਅਸਲ, ਟਕਸਾਲੀ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਤੀਜੀ ਧਿਰ ਬਣਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਇਸ ਲਈ ਅਕਾਲੀ ਦਲ ਦੇ ਸਾਰੇ ਬਾਗੀ ਧੜਿਆਂ ਨੂੰ ਇਕ ਮੰਚ ਉਤੇ ਇਕੱਠਾ ਕੀਤਾ ਜਾ ਰਿਹਾ ਹੈ। ਇਸ ਦਾ ਮਕਸਦ ਅਕਾਲੀ ਦਲ ਨੂੰ ਬਾਦਲਾਂ ਤੋਂ ਮੁਕਤ ਕਰਵਾਉਣਾ ਦੱਸਿਆ ਜਾ ਰਿਹਾ ਹੈ। ਯਾਦ ਰਹੇ, ਅਕਾਲੀ ਸਰਕਾਰ ਵੇਲੇ ਹੋਏ ਬੇਅਦਬੀ ਕਾਂਡਾਂ ਕਾਰਨ ਸਿੱਖ ਸੰਗਤ 'ਚ ਕਾਫੀ ਰੋਹ ਹੈ। ਟਕਸਾਲੀ ਅਕਾਲੀ ਆਗੂਆਂ ਦਾ ਮੰਨਣਾ ਹੈ ਕਿ ਬਾਦਲਾਂ ਦੀਆਂ ਗਲਤੀਆਂ ਕਾਰਨ ਇਸ ਪੰਥਕ ਧਿਰ ਨੂੰ ਕਾਫੀ ਨੁਕਸਾਨ ਹੋਇਆ ਹੈ। ਇਸ ਲਈ ਪਾਰਟੀ ਨੂੰ ਮੁੜ ਪੈਰਾਂ ਸਿਰ ਕਰਨ ਲਈ ਇਹੀ ਰਾਹ ਹੈ ਕਿ ਬਾਦਲਾਂ ਨੂੰ ਪਾਰਟੀ ਤੋਂ ਬਾਹਰ ਦਾ ਰਾਹ ਦਿਖਾ ਦਿੱਤਾ ਜਾਵੇ। ਅਕਾਲੀ ਦਲ ਦੇ ਸ਼ਤਾਬਦੀ ਸਮਾਗਮ ਮੌਕੇ ਹੋਈ ਲਾਮਬੰਦੀ ਇਹੀ ਸੰਕੇਤ ਦਿੰਦੀ ਹੈ ਕਿ ਬਾਦਲ ਪਰਿਵਾਰ ਲਈ ਇਹ ਔਖੀ ਘੜੀ ਹੈ।

# ਨਾਗਰਿਕਤਾ ਸੋਧ ਬਿੱਲ ਲੋਕ ਸਭਾ 'ਚ ਪਾਸ

**ਨਵੀਂ ਦਿੱਲੀ:** ਨਾਗਰਿਕਤਾ ਸੋਧ ਬਿੱਲ ਲੋਕ ਸਭਾ 'ਚ ਪਾਸ ਹੋ ਗਿਆ। ਬਿੱਲ ਦੇ ਹੱਕ 'ਚ 311 ਜਦੋਂਕਿ ਵਿਰੋਧ ਵਿਚ 80 ਵੋਟਾਂ ਪਈਆਂ। ਇਸ ਤੋਂ ਪਹਿਲਾਂ ਬਿੱਲ ਵਿਚ ਵੱਖ ਵੱਖ ਸੋਧਾਂ ਲਈ ਵੀ ਵੋਟਿੰਗ ਹੋਈ ਜਿਨ੍ਹਾਂ 'ਚੋਂ ਬਹੁਗਿਣਤੀ ਨੂੰ ਜਬਾਨੀ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ ਜਦੋਂਕਿ ਕੁਝ ਸੋਧਾਂ ਲਈ ਵੋਟਿੰਗ ਦਾ ਸਹਾਰਾ ਲਿਆ ਗਿਆ।

ਮਹਾਰਾਸ਼ਟਰ ਵਿਚ ਸਰਕਾਰ ਦੇ ਗਠਨ ਨੂੰ ਲੈ ਕੇ ਭਾਜਪਾ ਨਾਲ ਤੋੜ-ਵਿਛੋੜਾ ਕਰਨ ਵਾਲੀ ਸ਼ਿਵ ਸੈਨਾ ਨੇ ਬਿੱਲ ਦੇ ਹੱਕ ਵਿਚ ਵੋਟ ਪਾਈ। ਏ.ਆਈ.ਐਮ.ਆਈ.ਐਮ. ਦੇ ਆਗੂ ਅਸਦੂਦੀਨ ਓਵਾਇਸੀ ਨੇ ਦੋ ਸੋਧਾਂ ਪੇਸ਼ ਕੀਤੀਆਂ ਸਨ, ਜਿਨ੍ਹਾਂ ਨੂੰ ਸਦਨ ਨੇ ਰੱਦ ਕਰ ਦਿੱਤਾ। ਸ਼ਾਹ ਨੇ ਸਾਫ ਕਰ ਦਿੱਤਾ ਕਿ ਦੇਸ਼ ਵਿਚ ਕੌਮੀ ਨਾਗਰਿਕਤਾ ਰਜਿਸਟਰ (ਐਨ.ਆਰ.ਸੀ.) ਲਿਆ ਕੇ ਅਤੇ ਦੇਸ਼ 'ਚੋਂ ਸਾਰੇ ਘੁਸਪੈਠੀਆਂ ਨੂੰ ਬਾਹਰ ਕੱਢ ਕੇ ਹੀ ਸਾਹ ਲਵਾਂਗੇ।

ਉਨ੍ਹਾਂ ਕਿਹਾ ਕਿ ਕਿਸੇ ਵੀ ਰੋਹਿੰਗੀਆਂ ਨੂੰ ਦੇਸ਼ ਵਿਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਨਾਗਰਿਕਤਾ ਸੋਧ ਬਿੱਲ 2019 ਮੁਤਾਬਕ ਉਪਰੋਕਤ ਧਾਰਮਿਕ ਵਧੀਕੀਆਂ ਦਾ ਸ਼ਿਕਾਰ ਹਿੰਦੂ, ਸਿੱਖ, ਬੁੱਧ, ਜੈਨ, ਪਾਰਸੀ ਤੇ ਈਸਾਈ ਘੱਟ ਗਿਣਤੀ ਭਾਈਚਾਰਿਆਂ ਦੇ ਜਿਨ੍ਹਾਂ ਲੋਕਾਂ ਨੇ 31 ਦਸੰਬਰ 2014 ਤੱਕ ਭਾਰਤ ਵਿਚ ਸ਼ਰਨ ਲਈ ਹੈ, ਨੂੰ ਗੈਰਕਾਨੂੰਨੀ ਪਰਵਾਸੀ ਨਾ ਮੰਨਦਿਆਂ ਭਾਰਤੀ ਨਾਗਰਿਕਤਾ ਦਿੱਤੀ ਜਾਵੇਗੀ। ਸ਼ਾਹ ਨੇ ਸਾਫ ਕਰ ਦਿੱਤਾ ਕਿ ਸੰਵਿਧਾਨ ਦੇ 6ਵੇਂ ਸ਼ਡਿਊਲ ਮੁਤਾਬਕ ਇਹ ਤਜਵੀਜ਼ਤ ਕਾਨੂੰਨ ਅਸਾਮ, ਮੇਘਾਲਿਆ, ਮਿਜ਼ੋਰਮ ਜਾਂ ਤ੍ਰਿਪੁਰਾ ਅਤੇ ਬੰਗਾਲ ਈਸਟਰਨ ਫਰੰਟੀਅਰ ਰੈਗੂਲੇਸ਼ਨ 1873 ਤਹਿਤ ਨੋਟੀਫਾਈ ਇੰਨਰ ਲਾਈਨ ਪਰਮਿਟ (ਆਈ.ਐਲ.ਪੀ.) ਅਧੀਨ ਆਉਂਦੇ ਖੇਤਰਾਂ ਵਿਚ ਲਾਗੂ ਨਹੀਂ ਹੋਵੇਗਾ।

# ਮਹੀਨੇ 'ਚ ਸਿਰਫ 16 ਹਜ਼ਾਰ ਸ਼ਰਧਾਲੂਆਂ ਨੇ ਲਾਂਘਾ ਪਾਰ ਕੀਤਾ

**ਗੁਰਦਾਸਪੁਰ:** ਕਰਤਾਰਪੁਰ ਲਾਂਘੇ ਦੇ ਉਦਘਾਟਨ ਦੇ ਇਕ ਮਹੀਨੇ ਬਾਅਦ ਡੇਢ ਲੱਖ ਦੇ ਨਿਸ਼ਚਿਤ ਟੀਚੇ ਦੇ ਮੁਕਾਬਲੇ ਸਿਰਫ 16 ਹਜ਼ਾਰ ਸ਼ਰਧਾਲੂਆਂ ਨੇ ਹੀ ਲਾਂਘਾ ਪਾਰ ਕੀਤਾ ਹੈ। ਸ਼ਰਧਾਲੂਆਂ ਦੀ ਕਰਤਾਰਪੁਰ ਸਾਹਿਬ ਵਿਖੇ ਆਮਦ ਨੂੰ ਕਈ ਕਾਰਨਾਂ ਨੇ ਪ੍ਰਭਾਵਿਤ ਕੀਤਾ ਹੈ।

ਬਹੁਤ ਸਾਰੇ ਸ਼ਰਧਾਲੂਆਂ ਵਿਚ ਇਹ ਪ੍ਰਭਾਵ ਵੇਖਣ ਨੂੰ ਮਿਲਿਆ ਕਿ ਪਾਕਿਸਤਾਨ ਜਾਣ ਮਗਰੋਂ ਅਮਰੀਕਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਸਮੇਤ ਹੋਰ ਦੇਸ਼ ਸਰਹੱਦ ਪਾਰ ਕਰਨ ਵਾਲੇ ਲੋਕਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਸਕਦੇ ਹਨ। ਲਾਂਘੇ ਰਾਹੀਂ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਵਲੋਂ ਪਾਸਪੋਰਟਾਂ ਦਾ ਵੇਰਵਾ ਭਾਰਤ ਅਤੇ ਪਾਕਿਸਤਾਨ ਦੀਆਂ ਏਕੀਕ੍ਰਿਤ ਚੈੱਕ ਪੋਸਟਾਂ (ਆਈ.ਸੀ.ਪੀ.) ਉਤੇ ਦਿੱਤਾ ਜਾਂਦਾ ਹੈ। ਇਸ ਕਾਰਨ ਬਹੁਤ ਸਾਰੇ ਸ਼ਰਧਾਲੂਆਂ ਨੂੰ ਡਰ ਹੈ ਕਿ ਪਾਕਿਸਤਾਨ ਜਾਣ ਕਾਰਨ ਉਨ੍ਹਾਂ ਦਾ ਵੀਜ਼ਾ ਦੂਜੇ ਦੇਸ਼ਾਂ ਵਲੋਂ ਰੱਦ ਕੀਤਾ ਜਾ ਸਕਦਾ ਹੈ।

ਆਈਲੈਟਸ ਸੈਂਟਰਾਂ ਦੇ ਸੰਚਾਲਕਾਂ ਨੇ ਵੀ ਇਸ ਗੱਲ ਦਾ ਖੁਲਾਸਾ ਕੀਤਾ ਹੈ ਕਿ ਵੱਡੀ ਗਿਣਤੀ ਨੌਜਵਾਨ ਵਿਦੇਸ਼ ਦਾ ਰੁਖ ਕਰ ਰਹੇ ਹਨ ਤੇ ਉਹ ਪਾਕਿਸਤਾਨ ਦਾ ਦੌਰਾ ਕਰ ਕੇ ਕੋਈ ਅਜਿਹਾ ਖਤਰਾ ਮੁੱਲ ਨਹੀਂ ਲੈਣਾ ਚਾਹੁੰਦੇ, ਜਿਸ ਨਾਲ ਉਨ੍ਹਾਂ ਦਾ ਵੀਜ਼ਾ ਪ੍ਰਭਾਵਿਤ ਹੋਵੇ।

ਦੂਸਰੇ ਪਾਸੇ ਮਾਹਿਰਾਂ ਦਾ ਦਾਅਵਾ ਹੈ ਕਿ ਲਾਂਘਾ 'ਸਮਰਪਿਤ ਪ੍ਰੋਜੈਕਟ' ਹੈ ਅਤੇ ਇਹ ਵਿਦਿਆਰਥੀਆਂ ਦੇ ਵਿਦੇਸ਼ ਵੀਜ਼ੇ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ। ਇਸ ਤੋਂ ਇਲਾਵਾ ਪਾਸਪੋਰਟ ਨਾ ਹੋਣਾ ਵੀ ਲਾਂਘਾ ਪਾਰ ਕਰ ਕੇ ਜਾਣ ਵਾਲੇ ਸ਼ਰਧਾਲੂਆਂ ਦੀ ਘੱਟ ਗਿਣਤੀ ਦਾ ਕਾਰਨ ਹੈ। ਪੇਂਡੂ ਇਲਾਕਿਆਂ ਵਿਚ ਰਹਿਣ ਵਾਲੇ ਸ਼ਰਧਾਲੂ ਵੀ ਕਰਤਾਰਪੁਰ ਜਾਣ ਤੋਂ ਅਸਮਰਥ ਹਨ ਕਿਉਂਕਿ ਉਨ੍ਹਾਂ ਕੋਲ ਯਾਤਰਾ ਦਸਤਾਵੇਜ਼ ਨਹੀਂ ਹਨ।

# ਬੰਬ ਧਮਾਕਾ ਕੇਸ ਵਿਚੋਂ ਹਵਾਰਾ ਬਰੀ

**ਲੁਧਿਆਣਾ:** ਲੁਧਿਆਣਾ ਦੇ ਘੰਟਾ ਘਰ ਚੌਕ ਬੰਬ ਧਮਾਕੇ ਮਾਮਲੇ 'ਚ 24 ਸਾਲ ਬਾਅਦ ਅਦਾਲਤ ਨੇ ਜਗਤਾਰ ਸਿੰਘ ਹਵਾਰਾ ਨੂੰ ਬਰੀ ਕਰ ਦਿੱਤਾ ਹੈ। ਇਸ ਮਾਮਲੇ 'ਚ ਪੁਲਿਸ ਨੇ ਛੇ ਲੋਕਾਂ ਨੂੰ ਨਾਮਜ਼ਦ ਕੀਤਾ ਸੀ। ਇਕ ਮੁਲਜ਼ਮ 2003 'ਚ ਬਰੀ ਹੋ ਚੁੱਕਾ ਹੈ ਜਦਕਿ ਪਰਮਜੀਤ ਸਿੰਘ ਭਿਓਰਾ 'ਤੇ ਦੋਸ਼ ਤੈਅ ਨਹੀਂ ਸਨ ਹੋ ਸਕੇ। ਦੋ ਮੁਲਜ਼ਮਾਂ, ਬਲਜਿੰਦਰ ਸਿੰਘ ਤੇ ਪ੍ਰੀਤਮ ਸਿੰਘ ਨੂੰ ਅਦਾਲਤ ਨੇ ਭਗੌੜਾ ਐਲਾਨ ਦਿੱਤਾ ਸੀ।

ਜਾਣਕਾਰੀ ਅਨੁਸਾਰ 6 ਦਸੰਬਰ 1995 ਨੂੰ ਘੰਟਾ ਘਰ ਚੌਕ 'ਚ ਬੰਬ ਧਮਾਕਾ ਹੋਇਆ ਸੀ ਜਿਸ ਵਿਚ ਕੁਝ ਹਾਕਰ ਜਖਮੀ ਹੋ ਗਏ ਸਨ। ਥਾਣਾ ਕੋਤਵਾਲੀ ਪੁਲਿਸ ਨੇ ਇਸ ਮਾਮਲੇ 'ਚ 11 ਦਸੰਬਰ 1995 ਨੂੰ ਪੰਜ ਲੋਕਾਂ ਨੂੰ ਨਾਮਜ਼ਦ ਕੀਤਾ ਸੀ। ਜਗਤਾਰ ਸਿੰਘ ਹਵਾਰਾ ਦੇ ਵਕੀਲ ਜਸਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਇਸ ਮਾਮਲੇ ਵਿਚ ਜਗਤਾਰ ਸਿੰਘ ਹਵਾਰਾ, ਬਿਕਰਮਜੀਤ ਸਿੰਘ, ਪਰਮਜੀਤ ਸਿੰਘ, ਬਲਜਿੰਦਰ ਸਿੰਘ ਤੇ ਪ੍ਰੀਤਮ ਸਿੰਘ ਨੂੰ ਨਾਮਜ਼ਦ ਕੀਤਾ ਸੀ। ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਮਾਮਲੇ ਵਿਚ ਹਵਾਰਾ ਦਾ ਨਾਂ ਆਉਣ ਮਗਰੋਂ ਕੇਸ ਬੰਦ ਹੋ ਗਿਆ ਸੀ ਜੋ 26 ਜੂਨ 2015 ਨੂੰ ਦੁਬਾਰਾ ਸ਼ੁਰੂ ਹੋਇਆ। ਮਈ 2017 ਵਿਚ ਹਵਾਰਾ 'ਤੇ ਦੋਸ਼ ਲਗਾਏ ਗਏ ਅਤੇ ਇਸ ਮਾਮਲੇ 'ਚ 23 ਲੋਕਾਂ ਦੀ ਗਵਾਹੀ ਹੋਈ ਪਰ ਪੁਖਤਾ ਸਬੂਤ ਨਾ ਹੋਣ ਕਾਰਨ ਅਦਾਲਤ ਨੇ ਹਵਾਰਾ ਨੂੰ ਬਰੀ ਕਰ ਦਿੱਤਾ।

# ਅਮਰੀਕੀ ਕਾਂਗਰਸ ਵਲੋਂ ਊਈਗਰ ਮਨੁੱਖੀ ਅਧਿਕਾਰਾਂ ਬਾਰੇ ਕਾਨੂੰਨ ਪਾਸ

**ਵਾਸ਼ਿੰਗਟਨ:** ਅਮਰੀਕਾ ਦੀ ਸੰਸਦ ਨੇ ਊਈਗਰ ਮਨੁੱਖੀ ਅਧਿਕਾਰ ਨੀਤੀ ਬਿੱਲ ਪਾਸ ਕਰ ਦਿੱਤਾ ਹੈ। ਇਸ ਬਿੱਲ 'ਚ ਅਮਰੀਕਾ ਵਲੋਂ ਚੀਨ ਵਿਚ ਨਜ਼ਰਬੰਦ ਕਰਕੇ ਰੱਖੇ ਗਏ 10 ਲੱਖ ਊਈਗਰ ਤੇ ਮੁਸਲਿਮ ਘੱਟ ਗਿਣਤੀ ਨਾਲ ਸਬੰਧਤ ਵਿਅਕਤੀਆਂ ਤੱਕ ਸਰੋਤ ਪਹੁੰਚਾਉਣ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ। ਦੂਜੇ ਪਾਸੇ ਚੀਨ ਨੇ ਇਹ ਬਿੱਲ ਪਾਸ ਕੀਤੇ ਜਾਣ ਦਾ ਸਖਤ ਵਿਰੋਧ ਕਰਦਿਆਂ ਕਿਹਾ ਕਿ ਇਸ ਦਾ ਢੁਕਵਾਂ ਜਵਾਬ ਦਿੱਤਾ ਜਾਵੇਗਾ।

ਚੀਨ ਵਿਚ ਊਈਗਰ ਭਾਈਚਾਰੇ ਨੂੰ ਹਿਰਾਸਤ ਵਿਚ ਲੈਣ ਅਤੇ ਉਨ੍ਹਾਂ ਉਤੇ ਤਸ਼ੱਦਦ ਤੇ ਸ਼ੋਸ਼ਣ ਖਤਮ ਕਰਨ ਦੀ ਅਪੀਲ ਕਰਨ ਵਾਲੇ ਇਸ ਬਿੱਲ ਨੂੰ ਇਸ ਤੋਂ ਪਹਿਲਾਂ ਸੈਨੇਟ ਨੇ ਪਾਸ ਕਰ ਦਿੱਤਾ ਸੀ। ਪ੍ਰਤੀਨਿਧ ਸਭਾ 'ਚ ਰਿਪਬਲੀਕਨ ਦੇ ਆਗੂ ਕੇਵਿਨ ਮੈੱਕਾਰਥੀ ਨੇ ਕਿਹਾ ਕਿ ਇਹ ਬਿੱਲ ਪਾਸ ਕਰਕੇ ਸੰਸਦ ਦੱਸਣਾ ਚਾਹੁੰਦੀ ਹੈ ਕਿ ਉਹ ਲਤਾੜੇ ਜਾ ਰਹੇ ਲੋਕਾਂ ਨੂੰ ਅਣਗੌਲਿਆ ਨਹੀਂ ਕਰੇਗੀ। ਸੈਨੇਟ ਵਿਚ ਵਿਦੇਸ਼ੀ ਸਬੰਧਾਂ ਬਾਰੇ ਕਮੇਟੀ ਦੇ ਮੈਂਬਰਾਂ ਮਾਰਕੋ ਰੂਬੀਓ ਤੇ ਬੌਬ ਮੈਨੇਂਡੇਜ਼ ਨੇ ਕਿਹਾ ਕਿ ਚੀਨੀ ਸਰਕਾਰ ਵਲੋਂ ਸ਼ਿਨਜਿਆਂਗ ਊਈਗਰ ਖ਼ੁਦਮੁਖ਼ਤਿਆਰ ਖੇਤਰ 'ਚ ਮਨੁੱਖੀ ਅਧਿਕਾਰਾਂ ਦੇ ਵੱਡੇ ਪੱਧਰ ਉਤੇ ਕੀਤੇ ਜਾ ਰਹੇ ਘਾਣ ਖਿਲਾਫ ਮਹੱਤਵਪੂਰਨ ਕਦਮ ਹੈ।

# ਸਿੱਖ ਟੈਕਸੀ ਡਰਾਈਵਰ 'ਤੇ ਹਮਲਾ

**ਵਾਸ਼ਿੰਗਟਨ ਡੀ. ਸੀ.:** ਰਾਜਧਾਨੀ ਵਾਸ਼ਿਗਟਨ ਵਿਚ ਭਾਰਤੀ ਮੂਲ ਦੇ ਸਿੱਖ ਟੈਕਸੀ ਡਰਾਈਵਰ 'ਤੇ ਹਮਲਾ ਕੀਤੇ ਜਾਣ ਦੀਆਂ ਖਬਰਾਂ ਹਨ। ਮੀਡੀਆ ਰਿਪੋਰਟਾਂ ਮੁਤਾਬਕ, ਇਸ ਹਮਲੇ ਨੂੰ ਸ਼ੱਕੀ ਨਸਲੀ ਅਪਰਾਧ ਮੰਨਿਆ ਜਾ ਰਿਹਾ ਹੈ। ਗ੍ਰਿਫਿਨ ਲੇਵੀ ਸੇਅਰਜ਼ (22) ਨਾਂ ਦੇ ਅਮਰੀਕੀ ਨੌਜਵਾਨ ਨੇ 5 ਦਸੰਬਰ ਨੂੰ ਬੈਲਿੰਗਮ ਸ਼ਹਿਰ ਵਿਚ ਸਿੱਖ ਊਬਰ ਡਰਾਈਵਰ ਨੂੰ ਪਹਿਲਾਂ ਗਾਲ੍ਹਾਂ ਕੱਢੀਆਂ ਅਤੇ ਮਗਰੋਂ ਉਸ ਨਾਲ ਖਿੱਚ-ਧੂਹ ਵੀ ਕੀਤੀ। ਪੁਲਿਸ ਅਧਿਕਾਰੀ ਕਲਾਉਡੀਆ ਮਰਫੀ ਨੇ ਦੱਸਿਆ ਹੈ ਕਿ ਖਿੱਚ-ਧੂਹ ਦੌਰਾਨ ਸੇਅਰਜ਼ ਨੇ ਸਿੱਖ ਡਰਾਈਵਰ ਦਾ ਗਲ ਘੁੱਟਣ ਦੀ ਕੋਸ਼ਿਸ਼ ਵੀ ਕੀਤੀ ਅਤੇ ਪੀੜਤ ਦੀ ਚਮੜੀ ਦੇ ਰੰਗ ਬਾਰੇ ਨਸਲੀ ਟਿੱਪਣੀਆਂ ਕੀਤੀਆਂ। ਇਸੇ ਦੌਰਾਨ ਡਰਾਈਵਰ, ਜਿਸ ਦੀ ਪਛਾਣ ਜਾਹਰ ਨਹੀਂ ਕੀਤੀ ਗਈ, ਕਿਸੇ ਤਰ੍ਹਾਂ ਕਾਰ ਵਿਚੋਂ ਬਹਰ ਆ ਗਿਆ। ਉਸ ਨੇ ਮਦਦ ਲਈ 911 'ਤੇ ਫੋਨ ਕੀਤਾ। ਰਿਪੋਰਟ ਮੁਤਾਬਕ, ਪੁਲਿਸ ਨੇ ਹਮਲਾਵਰ ਨੂੰ ਉਹਦੇ ਅਪਾਰਟਮੈਂਟ ਤੋਂ ਗ੍ਰਿਫਤਾਰ ਕਰ ਲਿਆ।

ਬੈਲਿੰਗਮ ਪੁਲਿਸ ਨੇ ਸੇਅਰਜ਼ ਉਤੇ ਦੂਜੇ ਦਰਜੇ ਦੇ ਹਮਲੇ ਤਹਿਤ ਦੋਸ਼ ਆਇਦ ਕੀਤੇ ਹਨ। ਮਗਰੋਂ ਉਸ ਨੂੰ 6 ਦਸੰਬਰ ਨੂੰ 13 ਹਜ਼ਾਰ ਅਮਰੀਕੀ ਡਾਲਰ ਦੀ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ ਹੈ। ਸਿੱਖ ਡਰਾਇਵਰ ਨੇ ਪੁਲਿਸ ਨੂੰ ਦੱਸਿਆ ਕਿ ਸੇਅਰਜ਼ ਨੇ 5 ਦਸੰਬਰ ਦੀ ਸ਼ਾਮ ਨੂੰ ਉਹਦੀ ਟੈਕਸੀ ਹਾਇਰ ਕੀਤੀ ਸੀ।

# ਹੁਣ ਕੈਪਟਨ ਦੇ ਵਜ਼ੀਰਾਂ ਵਲੋਂ ਬਗਾਵਤ

*(ਸਫਾ ਇਕ ਦੀ ਬਾਕੀ)*

ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ, ਨਸ਼ਿਆਂ ਦਾ ਚਾਰ ਹਫਤਿਆਂ ਅੰਦਰ ਲੱਕ ਤੋੜਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਵਰਗੇ ਵੱਡੇ ਮੁੱਦੇ ਹੱਲ ਕਰਨ ਦਾ ਵਾਅਦਾ ਲੈ ਕੇ ਸੱਤਾ ਵਿਚ ਆਈ ਸੀ ਪਰ ਸਰਕਾਰ ਨੇ ਤਿੰਨ ਸਾਲ ਸੱਤਾ ਭੋਗਣ ਤੋਂ ਬਾਅਦ ਵੀ ਇਸ ਪਾਸੇ ਡੱਕਾ ਨਹੀਂ ਤੋੜਿਆ। ਕਾਂਗਰਸੀ ਵਿਧਾਇਕ ਸਮੇਂ-ਸਮੇਂ ਉਤੇ ਖੁਦ ਮੁੱਖ ਮੰਤਰੀ ਤੱਕ ਪਹੁੰਚ ਕਰਕੇ ਚੋਣ ਵਾਅਦੇ ਯਾਦ ਕਰਵਾਉਂਦੇ ਰਹੇ ਪਰ ਕੈਪਟਨ ਨੇ ਇਸ ਦੀ ਭੋਰਾ ਪਰਵਾਹ ਨਹੀਂ ਕੀਤੀ। ਵਿਧਾਇਕਾਂ ਦਾ ਕਹਿਣਾ ਹੈ ਕਿ ਕੈਪਟਨ ਤਾਂ ਬਾਹਰ ਨਿਕਲਦੇ ਨਹੀਂ, ਲੋਕਾਂ ਨੂੰ ਜਵਾਬ ਉਨ੍ਹਾਂ ਨੂੰ ਦੇਣਾ ਪੈਂਦਾ ਹੈ।

ਲੋਕ ਸਭਾ ਚੋਣਾਂ ਦੌਰਾਨ ਜਨਤਕ ਮੀਟਿੰਗਾਂ ਵਿਚ ਕਾਂਗਰਸੀ ਵਿਧਾਇਕਾਂ ਨੂੰ ਲੋਕਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ ਸੀ। ਉਦੋਂ ਵਿਧਾਇਕਾਂ ਨੇ ਇਹ ਆਖ ਕੇ ਜਾਨ ਛੁਡਾਈ ਸੀ ਕਿ ਚੋਣਾਂ ਲੰਘਣ ਦਿਓ, ਸਾਰੇ ਮਸਲੇ ਹੱਲ ਹੋਣਗੇ। ਚੋਣਾਂ ਪਿੱਛੋਂ ਵਿਧਾਇਕਾਂ ਨੇ ਕੈਪਟਨ ਤੱਕ ਪਹੁੰਚ ਵੀ ਕੀਤੀ ਪਰ ਹੁਣ ਲੋਕਾਂ ਵਾਂਗ ਉਹ (ਵਿਧਾਇਕ) ਵੀ ਸਰਕਾਰ ਦੇ ਲਾਅਰਿਆਂ ਤੋਂ ਅੱਕ ਗਏ ਹਨ।

# ਦੱਖਣੀ ਅਫਰੀਕਾ ਦੀ ਟੂੰਜ਼ੀ ਬਣੀ ਮਿਸ ਯੂਨੀਵਰਸ

**ਅਟਲਾਂਟਾ:** ਦੱਖਣੀ ਅਫਰੀਕਾ ਦੀ ਜੋਜ਼ੀਬਿਨੀ ਟੂੰਜ਼ੀ ਨੇ ਸਾਲ 2019 ਦਾ ਮਿਸ ਯੂਨੀਵਰਸ ਦਾ ਖਿਤਾਬ ਜਿੱਤਿਆ ਹੈ। 26 ਸਾਲਾ



ਟੂੰਜ਼ੀ ਨੇ ਇਸ ਮੁਕਾਬਲੇ 'ਚ ਵੱਖ-ਵੱਖ ਮੁਲਕਾਂ ਦੀਆਂ 90 ਸੁੰਦਰੀਆਂ ਨੂੰ ਹਰਾਇਆ ਜਿਨ੍ਹਾਂ 'ਚ ਮਿਸ ਇੰਡੀਆ ਵਰਤਿਕਾ ਸਿੰਘ ਵੀ ਸ਼ਾਮਲ ਹੈ। ਵਰਤਿਕਾ ਸਿੰਘ ਆਖਰੀ 20 'ਚ ਥਾਂ ਬਣਾਉਣ ਵਿਚ ਕਾਮਯਾਬ ਰਹੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਸੁਡਾਨ ਮਿੱਲ ਨੂੰ ਅੱਗ; 18 ਭਾਰਤੀਆਂ ਸਣੇ 23 ਮੌਤਾਂ

**ਖਾਰਤੂਮ:** ਸੁਡਾਨ 'ਚ ਇਕ ਚੀਨੀ ਮਿੱਟੀ ਦੀ ਫੈਕਟਰੀ ਵਿਚ ਐਲ.ਪੀ.ਜੀ. ਗੈਸ ਦੇ ਟੈਂਕਰ 'ਚ ਧਮਾਕਾ ਹੋਣ ਕਾਰਨ 18 ਭਾਰਤੀਆਂ ਸਮੇਤ 23 ਲੋਕਾਂ ਦੀ ਮੌਤ ਹੋ ਗਈ, ਜਦਕਿ 130 ਲੋਕ ਜਖਮੀ ਹੋ ਗਏ। ਭਾਰਤੀ ਮਿਸ਼ਨ ਨੇ ਦੱਸਿਆ ਕਿ ਰਾਸ਼ਟਰੀ ਰਾਜਧਾਨੀ ਖਾਰਤੂਮ 'ਚ ਬਾਹਰੀ ਇਲਾਕੇ 'ਚ ਸੀਲਾ ਚੀਨੀ ਮਿੱਟੀ ਦੀ ਫੈਕਟਰੀ 'ਚ ਵਾਪਰੇ ਹਾਦਸੇ ਦੇ ਬਾਅਦ 16 ਭਾਰਤੀ ਲਾਪਤਾ ਹਨ।

ਭਾਰਤੀ ਅੰਬੈਸੀ ਨੇ ਕਿਹਾ ਕਿ ਤਾਜ਼ਾ ਰਿਪੋਰਟਾਂ ਅਨੁਸਾਰ 18 ਦੀ ਮੌਤ ਹੋ ਗਈ ਹੈ। ਲਾਸ਼ਾਂ ਦੇ ਸੜ ਜਾਣ ਕਾਰਨ ਉਨ੍ਹਾਂ ਦੀ ਸ਼ਨਾਖਤ ਮੁਸ਼ਕਲ ਹੈ। ਅੰਬੈਸੀ ਨੇ ਹਸਪਤਾਲ 'ਚ ਦਾਖਲ, ਲਾਪਤਾ ਜਾਂ ਬਚ ਗਏ ਭਾਰਤੀਆਂ ਦੀ ਸੂਚੀ ਜਾਰੀ ਕੀਤੀ। ਅੰਕੜਿਆਂ ਅਨੁਸਾਰ 7 ਵਿਅਕਤੀ ਹਸਪਤਾਲ 'ਚ ਦਾਖਲ ਹਨ, ਜਿਨ੍ਹਾਂ 'ਚੋਂ ਚਾਰ ਦੀ ਹਾਲਤ ਗੰਭੀਰ ਹੈ।

ਸੁਰੱਖਿਅਤ ਬਚੇ 34 ਭਾਰਤੀਆਂ ਨੂੰ ਸਲੂਮੀ ਸੇਰਾਮਿਕਸ ਫੈਕਟਰੀ ਦੀ ਰਿਹਾਇਸ਼ 'ਚ ਠਹਿਰਾਇਆ ਗਿਆ ਹੈ। ਏ.ਐਫ.ਪੀ. ਨੇ ਸੁਡਾਨੀ ਸਰਕਾਰ ਦੇ ਹਵਾਲੇ ਨਾਲ ਕਿਹਾ ਕਿ ਹਾਦਸੇ 'ਚ 23 ਲੋਕਾਂ ਦੀ ਮੌਤ ਹੋ ਗਈ, ਜਦਕਿ 130 ਤੋਂ ਵੱਧ ਲੋਕ ਜਖਮੀ ਹੋਏ।

ਮੁਢਲੀਆਂ ਰਿਪੋਰਟਾਂ ਇਸ ਗੱਲ ਵੱਲ ਸੰਕੇਤ ਕਰਦੀਆਂ ਹਨ ਕਿ ਇਹ ਘਟਨਾ ਵਾਪਰਨ ਸਮੇਂ ਮੌਕੇ 'ਤੇ ਸੁਰੱਖਿਆ ਯੰਤਰ ਨਹੀਂ ਸਨ। ਇਥੇ ਜਲਣਸ਼ੀਲ ਪਦਾਰਥ ਵੀ ਗਲਤ ਤਰੀਕੇ ਨਾਲ ਰੱਖਿਆ ਗਿਆ ਸੀ, ਜਿਸ ਨਾਲ ਅੱਗ ਜ਼ਿਆਦਾ ਫੈਲ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਦੁੱਖਦਾਈ ਘਟਨਾ ਉਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।


## Matrimonials

### ਲੜਕੇ ਦੀ ਲੋੜ ਹੈ

ਜੱਟ ਸਿੱਖ ਅਮਰੀਕਨ ਸਿਟੀਜ਼ਨ, RN, ਅੰਮ੍ਰਿਤਧਾਰੀ, ਮਿਸ਼ੀਗਨ ਰਹਿੰਦੀ ਲੜਕੀ ਉਮਰ 28 ਸਾਲ, ਕੱਦ 5'4" ਲਈ ਅਮਰੀਕਾ ਜਾਂ ਕੈਨੇਡਾ ਤੋਂ ਬਰਾਬਰ ਦੀ ਯੋਗਤਾ ਵਾਲੇ ਅੰਮ੍ਰਿਤਧਾਰੀ ਗੁਰਸਿੱਖ ਲੜਕੇ ਦੀ ਲੋੜ ਹੈ। ਮਾਲਵੇ ਨੂੰ ਪਹਿਲ ਤੇ ਜ਼ਮੀਨ-ਜਾਇਦਾਦ ਹੋਣੀ ਜਰੂਰੀ। ਸੰਪਰਕ ਕਰੋ: ਫੋਨ 519-732-9090 ਜਾਂ 661-800-8400 50+4

Looking for a good match for a Jatt Sikh girl, MSc, MPhil, PhD botany, lecturer in a university in Punjab, age 34, height 5'-4". Please send bio-data to Hargun1900@gmail.com 48-51

### ਲੜਕੇ ਦੀ ਲੋੜ ਹੈ

Suitable Ramgariha Sikh match sought for our Beautiful and slim daughter, 28 years, 5'-7", M.Sc. (Botany), Currently enrolled in LPN (US), Working as a Cert. Pharmacy tech at Wal-Mart pharmacy. Residing in Chicago. Pl. Contact: manpreets1211@gmail.com 48-51

Wanted suitable boy for US green card holder Jatt Sikh, 25 years, 5'-6" educated girl, doing job in Michigan. Boy should be us citizen or green card holder, Contact, Ph: 734-927-2674 45-48


# ਸੂਫੀ ਗਾਇਕ ਵਿੱਕੀ ਬਾਦਸ਼ਾਹ ਨਹੀਂ ਰਹੇ

**ਲੁਧਿਆਣਾ:** ਪੰਜਾਬੀ ਸੂਫੀ ਗਾਇਕ ਵਿੱਕੀ ਬਾਦਸ਼ਾਹ ਦਾ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਦੇਹਾਂਤ ਹੋ ਗਿਆ। ਕੁਝ ਦਿਨਾਂ ਤੋਂ ਉਹ ਇਥੇ ਸੋਬਤੀ ਹਸਪਤਾਲ 'ਚ ਜੇਰੇ ਇਲਾਜ ਸੀ, ਜਿਥੇ ਉਸ ਨੇ ਆਖਰੀ ਸਾਹ ਲਿਆ। ਲੁਧਿਆਣਾ ਦੇ ਭੱਟੀਆਂ ਰਹਿੰਦਾ ਵਿੱਕੀ ਬਾਦਸ਼ਾਹ ਸੂਫੀ ਗਾਇਕੀ ਦੇ ਨਾਲ ਜਾਗਰਣ ਸਮਾਗਮਾਂ 'ਚ ਹਾਜ਼ਰੀ ਲਵਾਉਂਦਾ ਸੀ। ਉਹ ਆਪਣੇ ਪਿੱਛੇ ਪਤਨੀ, ਇਕ ਲੜਕਾ ਤੇ 3 ਲੜਕੀਆਂ ਛੱਡ ਗਿਆ ਹੈ।



ਇਸੇ ਦੌਰਾਨ ਵਿੱਕੀ ਬਾਦਸ਼ਾਹ ਦੀ ਬੇਵਕਤ ਮੌਤ 'ਤੇ ਜੀਵੇ ਪੰਜਾਬ ਐਂਟਰਟੇਨਮੈਂਟ ਦੇ ਮਾਲਕ ਜੱਸੀ ਬੰਗਾ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹ ਕਿ ਵਿੱਕੀ ਬਾਦਸ਼ਾਹ ਬਹੁਤ ਹੀ ਥੋੜ੍ਹੇ ਸਮੇਂ ਵਿਚ ਲੋਕਾਂ ਦਾ ਹਰਮਨ ਪਿਆਰਾ ਗਾਇਕ ਬਣ ਗਿਆ ਸੀ ਅਤੇ ਉਸ ਨਾਲ ਉਨ੍ਹਾਂ ਦਾ ਜਾਤੀ ਪਿਆਰ ਸੀ।

ਕੈਨੇਡਾ ਤੋਂ ਪ੍ਰਿੰਸ ਰੂਫਿੰਗ ਦੇ ਮਾਲਕ ਬਲਵੀਰ ਬੈਂਸ, ਸੋਢੀ ਦਦਰਾਲ, ਰਾਜ ਬੰਗਾ, ਰੌਨੀ ਬੰਗਾ ਯੂ.ਐਸ.ਏ., ਹਰਨੇਕ ਸਿੰਘ ਵਿਰਦੀ, ਸੁਖਦੇਵ ਸਾਹਿਲ, ਗਾਇਕ ਲਖਵਿੰਦਰ ਲੱਕੀ, ਆਸ਼ਾ ਸ਼ਰਮਾ, ਸੋਨੂੰ ਚੱਠਾ, ਪ੍ਰਦੀਪ ਚੱਠਾ, ਦੀਪ ਸੋਚ, ਜੱਸੀ ਕਾਤਰੋਂ, ਸੁਰਿੰਦਰ ਮਹੇ, ਅਵਤਾਰ ਲਾਖਾ, ਪਰਮਜੀਤ ਲਾਖਾ, ਜੁਗਨੂੰ ਖੇੜਾ, ਬਿੱਟੂ ਸਪੀਡੋ, ਮਨਜੀਤ ਰੱਲੂ, ਮਾਇਕਲ, ਗੀਤਕਾਰ ਮੱਖਣ ਲੁਹਾਰ, ਸੋਨੂੰ ਲੰਬੜਦਾਰ, ਬਿਸ਼ਨ ਪਰਮਾਰ, ਨਵੀ ਰੀਨੂ ਅਤੇ ਬਸੰਤ ਬ੍ਰਦਰਜ਼ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਆਈ.ਟੀ.ਬੀ.ਪੀ. ਜਵਾਨ ਵਲੋਂ ਪੰਜ ਸਾਥੀਆਂ ਨੂੰ ਗੋਲੀ ਮਾਰ ਕੇ ਖੁਦਕੁਸ਼ੀ

**ਰਾਏਪੁਰ:** ਇੰਡੋ-ਤਿੱਬਤ ਬਾਰਡਰ ਪੁਲਿਸ (ਆਈ.ਟੀ.ਬੀ.ਪੀ.) ਦੇ ਇਕ ਜਵਾਨ ਨੇ ਛੱਤੀਸਗੜ੍ਹ ਦੇ ਨਾਰਾਇਣਪੁਰ ਜ਼ਿਲ੍ਹੇ ਵਿਚ ਆਪਣੇ ਸਾਥੀ ਜਵਾਨਾਂ ਵੱਲ ਗੋਲੀਆਂ ਚਲਾ ਕੇ ਪੰਜ ਨੂੰ ਹਲਾਕ ਕਰ ਦਿੱਤਾ। ਇਸ ਤੋਂ ਬਾਅਦ ਉਸ ਨੇ ਖੁਦ ਨੂੰ ਵੀ ਗੋਲੀ ਮਾਰ ਲਈ। ਘਟਨਾ ਆਈ.ਟੀ.ਬੀ.ਪੀ. ਦੇ 45ਵੀਂ ਬਟਾਲੀਅਨ ਦੇ ਕੈਂਪ ਵਿਚ ਵਾਪਰੀ। ਆਈ.ਜੀ. (ਬਸਤਰ ਰੇਂਜ) ਸੁੰਦਰਰਾਜ ਪੀ. ਨੇ ਦੱਸਿਆ ਕਿ ਕਾਂਸਟੇਬਲ ਦੀ ਸ਼ਨਾਖਤ ਮਸੂਦੁੱਲ ਰਹਿਮਾਨ ਵਜੋਂ ਹੋਈ ਹੈ।

ਉਸ ਨੇ ਆਪਣੇ ਸਰਵਿਸ ਹਥਿਆਰ ਵਿਚੋਂ ਫਾਇਰ ਕੀਤੇ ਤੇ ਚਾਰ ਨੂੰ ਮੌਕੇ ਉਤੇ ਹਲਾਕ ਕਰ ਦਿੱਤਾ ਜਦਕਿ ਤਿੰਨ ਹੋਰ ਫੱਟੜ ਕਰ ਦਿੱਤੇ। ਆਈ.ਜੀ. ਨੇ ਕਿਹਾ ਕਿ ਇਨ੍ਹਾਂ ਵਿਚਾਲੇ ਕਿਸ ਗੱਲ ਤੋਂ ਤਕਰਾਰ ਹੋਈ, ਇਸ ਬਾਰੇ ਅਜੇ ਪਤਾ ਨਹੀਂ ਲੱਗ ਸਕਿਆ। ਆਈ.ਟੀ.ਬੀ.ਪੀ. ਦੇ ਬੁਲਾਰੇ ਵਿਵੇਕ ਕੁਮਾਰ ਪਾਂਡੇ ਨੇ ਦੱਸਿਆ ਕਿ ਰਹਿਮਾਨ ਨੇ ਹੀ ਉਨ੍ਹਾਂ ਨੂੰ ਗੋਲੀਆਂ ਮਾਰ ਖੁਦ ਨੂੰ ਗੋਲੀ ਮਾਰ ਲਈ, ਉਹ (ਰਹਿਮਾਨ) ਕਿਸੇ ਹੋਰ ਦੀ ਗੋਲੀ ਨਾਲ ਨਹੀਂ ਮਰਿਆ।

ਜਖਮੀਆਂ ਵਿਚੋਂ ਇਕ ਦੀ ਮਗਰੋਂ ਮੌਤ ਹੋ ਗਈ। ਜਦਕਿ ਬਸਤਰ ਰੇਂਜ ਦੇ ਆਈਜੀ ਦਾ ਕਹਿਣਾ ਹੈ ਕਿ ਇਹ ਅਜੇ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਰਹਿਮਾਨ ਨੇ ਖੁਦ ਨੂੰ ਗੋਲੀ ਮਾਰੀ ਜਾਂ ਉਸ ਉਤੇ ਕਿਸੇ ਹੋਰ ਨੇ ਗੋਲੀ ਚਲਾਈ। ਮ੍ਰਿਤਕਾਂ ਦੀ ਸ਼ਨਾਖਤ ਹੈੱਡ ਕਾਂਸਟੇਬਲ ਮਹੇਂਦਰ ਸਿੰਘ, ਦਲਜੀਤ ਸਿੰਘ ਤੇ ਕਾਂਸਟੇਬਲ ਸੁਰਜੀਤ ਸਰਕਾਰ, ਬਿਸਵਰੂਪ ਮਾਹਤੋ ਤੇ ਬਿਜੀਸ਼ ਵਜੋਂ ਹੋਈ ਹੈ।

## ਮ੍ਰਿਤਕਾਂ ਵਿਚ ਪੰਜਾਬ ਦਾ ਦਲਜੀਤ ਸਿੰਘ ਸ਼ਾਮਲ

**ਮੁੱਲਾਂਪੁਰ ਦਾਖਾ:** ਛੱਤੀਸਗੜ੍ਹ ਦੇ ਨਰਾਇਣਪੁਰ ਇਲਾਕੇ ਵਿਚ ਆਈ.ਟੀ.ਬੀ.ਪੀ. ਦੇ ਜਵਾਨਾਂ ਵਿਚਕਾਰ ਕਿਸੇ ਗੱਲ ਤੋਂ ਹੋਏ ਝਗੜੇ ਮਗਰੋਂ ਇਕ ਜਵਾਨ ਵੱਲੋਂ ਚਲਾਈਆਂ ਗੋਲੀਆਂ ਦੌਰਾਨ ਮਾਰੇ ਗਏ ਜਵਾਨਾਂ ਵਿਚ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਜਾਂਗਪੁਰ ਦਾ ਦਲਜੀਤ ਸਿੰਘ (42) ਪੁੱਤਰ ਮਰਹੂਮ ਸੂਬੇਦਾਰ ਗੁਰਦੇਵ ਸਿੰਘ ਵੀ ਸ਼ਾਮਲ ਹੈ। ਉਹ ਇਕ ਮਹੀਨਾ ਪਹਿਲਾਂ ਹੀ ਛੁੱਟੀ ਕੱਟ ਕੇ ਡਿਊਟੀ ਉਤੇ ਗਿਆ ਸੀ। ਦੁਪਹਿਰ ਵੇਲੇ ਜਦੋਂ ਮੀਡੀਆ ਕਰਮੀਆਂ ਨੇ ਪੀੜਤ ਪਰਿਵਾਰ ਦੇ ਘਰ ਜਾ ਕੇ ਘਟਨਾ ਬਾਰੇ ਪੁੱਛਿਆ ਤਾਂ ਘਰ ਵਿਚ ਮੌਜੂਦ ਦਲਜੀਤ ਸਿੰਘ ਦੇ ਫੌਜ ਵਿਚੋਂ ਛੁੱਟੀ ਆਏ ਵੱਡੇ ਭਰਾ ਮਨਜੀਤ ਸਿੰਘ ਅਤੇ ਭਰਜਾਈ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ।


## ਤੰਦੂਰੀਏ, ਕੁੱਕ ਅਤੇ ਵੇਟਰ ਦੀ ਲੋੜ ਹੈ

ਇੰਡੀਅਨ-ਅਮੈਰਿਕਨ ਰੈਸਟੋਰੈਂਟ (ਮਿੱਤਰਾਂ ਦਾ ਢਾਬਾ) ਲਈ ਤੰਦੂਰੀਏ, ਕੁੱਕ ਅਤੇ ਵੇਟਰ ਦੀ ਲੋੜ ਹੈ।

(ਨਾਰਥ ਇੰਡੀਅਨ ਫੂਡ ਲਈ ਸਪੈਸ਼ਲ)

ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

*ਕਿਰਪਾ ਕਰਕੇ ਪੱਕੇ ਪੇਪਰ ਵਾਲੇ ਹੀ ਸੰਪਰਕ ਕਰਨ*

ਫੋਨ: 317-786-1022

ਜਾਂ 317-782-4547

48-52


## ਚਿਦੰਬਰਮ 106 ਦਿਨਾਂ ਬਾਅਦ ਜੇਲ੍ਹ 'ਚੋਂ ਰਿਹਾ

**ਨਵੀਂ ਦਿੱਲੀ:** ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਵਿੱਤ ਮੰਤਰੀ ਪੀ ਚਿਦੰਬਰਮ 106 ਦਿਨ ਦੀ ਹਿਰਾਸਤ ਪਿਛੋਂ ਤਿਹਾੜ ਜੇਲ੍ਹ 'ਚੋਂ ਰਿਹਾ ਹੋ ਗਏ ਹਨ। ਉਨ੍ਹਾਂ ਦੀ ਰਿਹਾਈ ਸੁਪਰੀਮ ਕੋਰਟ ਵੱਲੋਂ ਉਨ੍ਹਾਂ ਦੀ ਜ਼ਮਾਨਤ ਸਬੰਧੀ ਅਰਜ਼ੀ ਪ੍ਰਵਾਨ ਕੀਤੇ ਜਾਣ ਬਾਅਦ ਸੰਭਵ ਹੋਈ ਹੈ।


ਰਿਹਾਈ ਪਿਛੋਂ ਉਨ੍ਹਾਂ ਕਿਹਾ ਕਿ ਉਨ੍ਹਾਂ ਵਿਰੁੱਧ ਕੋਈ ਵੀ ਦੋਸ਼ ਸਿੱਧ ਨਹੀਂ ਹੋਇਆ। ਉਨ੍ਹਾਂ ਨੂੰ 21 ਅਗਸਤ ਨੂੰ ਸੀ.ਬੀ.ਆਈ. ਨੇ ਨਵੀਂ ਦਿੱਲੀ ਵਿਚ ਉਨ੍ਹਾਂ ਦੀ ਰਿਹਾਇਸ਼ ਤੋਂ ਆਈ.ਐਨ.ਐਕਸ. ਮੀਡੀਆ ਨੂੰ ਵਿਤ ਮੰਤਰੀ ਹੁੰਦਿਆਂ ਫੌਰਨ ਐਕਸਚੇਂਜ ਪ੍ਰਮੋਸ਼ਨ ਬੋਰਡ (ਐਫ.ਆਈ.ਪੀ.ਬੀ.) ਦੀ ਮਨਜ਼ੂਰੀ ਦੇਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਸੀ।


## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave & Mundan
*Head Massage



ਫੁੱਲ ਟਾਈਮ ਬਾਰਬਰ ਦੀ ਲੋੜ ਹੈ

*ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ*

**Business hours:**
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605

www.princebarbershop.com

## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

*ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

Kashmir S. Thandi
Office: (866) 933-3038
Balhar S. Ranu Cell:916-502-7733

# ਕੈਪਟਨ ਵੱਲੋਂ ਨਿਵੇਸ਼ਕਾਂ ਨੂੰ ਪੰਜਾਬ ਵਿਚ ਖੁੱਲ੍ਹ ਕੇ ਨਿਵੇਸ਼ ਕਰਨ ਦਾ ਸੱਦਾ

## ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ

**ਮੁਹਾਲੀ:** ਦੋ ਰੋਜ਼ਾ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਨਅਤਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜਿਸ ਵੀ ਚੀਜ਼ ਦੀ ਲੋੜ ਹੋਵੇਗੀ, ਉਹ ਮੁਹੱਈਆ ਕਰਵਾਉਣਗੇ। ਉਨ੍ਹਾਂ ਸਨਅਤੀ ਘਰਾਣਿਆਂ ਨੂੰ ਭਰੋਸਾ ਦਿੱਤਾ ਕਿ ਨਿਵੇਸ਼ ਲਈ ਹਰ ਹਾਲ ਸ਼ਾਂਤ ਤੇ ਸੁਰੱਖਿਅਤ ਮਾਹੌਲ ਪ੍ਰਦਾਨ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਪੰਜਾਬ ਦੀ ਅਰਥ ਵਿਵਸਥਾ ਨੂੰ ਖੇਤੀਬਾੜੀ ਤੋਂ ਸਨਅਤਾਂ ਵੱਲ ਲਿਜਾਣ ਲਈ ਦਹਾਕਿਆਂ ਪੁਰਾਣੀਆਂ ਨੀਤੀਆਂ ਵਿਚ ਸੁਧਾਰ ਲਿਆਂਦਾ ਹੈ। ਬੱਚਿਆਂ ਨੂੰ ਚੰਗੇ ਵਸੀਲਿਆਂ ਦੀ ਖੋਜ ਲਈ ਦੂਰ ਜਾਣ ਦੀ ਬਜਾਏ ਇਥੇ ਹੀ ਸਾਜ਼ਗਾਰ ਮਾਹੌਲ ਦੇਣ ਦੀ ਲੋੜ ਉਤੇ ਜ਼ੋਰ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 50 ਸਾਲ ਪੁਰਾਣੀਆਂ ਨੀਤੀਆਂ ਨਾਲ ਨਹੀਂ ਚੱਲਿਆ ਜਾ ਸਕਦਾ। ਪੰਜਾਬ 'ਚੋਂ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ ਉਤੇ ਚਿੰਤਾ ਜ਼ਾਹਿਰ ਕਰਦਿਆਂ ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਪੰਜਾਬ ਨੂੰ ਪ੍ਰਗਤੀ ਦੇ ਰਾਹ ਤੋਰਨਾ ਬੇਹੱਦ ਜ਼ਰੂਰੀ ਹੋ ਗਿਆ ਹੈ। ਕੈਪਟਨ ਨੇ ਕਿਹਾ ਕਿ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਸਰਕਾਰ ਪੂਰੀ ਤਰ੍ਹਾਂ ਗੰਭੀਰ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੁਸ਼ਲ ਕਾਮਿਆਂ ਦੀ ਸੂਬੇ ਵਿਚ ਘਾਟ ਨਹੀਂ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਉਦਯੋਗਾਂ ਅਤੇ ਨਿਵੇਸ਼ ਨੂੰ ਹੁਲਾਰਾ ਦੇਣ ਲਈ ਕਈ ਵੱਡੇ ਕਦਮ ਚੁੱਕੇ ਹਨ। ਛੋਟੇ, ਲਘੂ ਤੇ ਦਰਮਿਆਨੇ ਉੱਦਮੀਆਂ ਨੂੰ ਵਿੱਤੀ ਸਹਾਇਤਾ ਦੇਣ ਲਈ ਐਚ.ਡੀ.ਐਫ.ਸੀ. ਬੈਂਕ ਨਾਲ ਐਮ.ਓ.ਯੂ. ਸਹੀਬੱਧ ਹੋਇਆ ਹੈ। ਇਸ ਤਹਿਤ 1100 ਕਰੋੜ ਰੁਪਏ ਦੇ ਕਰਜ਼ੇ ਵੰਡੇ ਗਏ ਹਨ। ਇਸੇ ਤਰ੍ਹਾਂ ਪੰਜਾਬ ਰਾਈਟ ਟੂ ਬਿਜ਼ਨਸ ਆਰਡੀਨੈਂਸ ਅਤੇ ਸਟੇਟ ਗਰਾਊਂਡ ਵਾਟਰ ਅਥਾਰਿਟੀ ਦੀ ਸਥਾਪਨਾ ਨੂੰ ਸਹਿਮਤੀ ਦਿੱਤੀ ਗਈ ਹੈ। ਇੰਡਸਟਰੀ ਡਿਸਪਿਊਟ ਐਕਟ 1947, ਫੈਕਟਰੀਜ਼ ਐਕਟ 1948, ਕੰਟਰੈਕਟ ਲੇਬਰ



ਰੈਗੂਲੇਸ਼ਨ ਐਂਡ ਅਬੋਲੇਸ਼ਨ ਐਕਟ 1970 ਵਿਚ ਸੋਧਾਂ ਕੀਤੀਆਂ ਗਈਆਂ ਹਨ। ਭਵਿੱਖ ਵਿਚ ਹੋਰ ਵੀ ਅਜਿਹੇ ਸੁਧਾਰ ਜਾਰੀ ਰਹਿਣਗੇ। ਜ਼ਮੀਨ ਦੀ ਉਪਲੱਬਧਤਾ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹਾਲ ਹੀ ਵਿਚ ਪੰਜਾਬ ਵਿਲੇਜ ਕਾਮਨ ਲੈਂਡ (ਰੈਗੂਲੇਸ਼ਨ) ਰੂਲਜ਼ 1964 ਵਿਚ ਸੋਧ ਨੂੰ ਮਨਜ਼ੂਰੀ ਦਿੱਤੀ ਗਈ ਹੈ।

### ਜਾਪਾਨੀ ਕੰਪਨੀਆਂ ਵੱਲੋਂ ਕੈਪਟਨ ਨੂੰ ਭਰੋਸਾ


**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰਤ ਵਿਚ ਜਾਪਾਨ ਦੇ ਰਾਜਦੂਤ ਸਤੋਸ਼ੀ ਸੁਜ਼ੂਕੀ ਨੂੰ ਅਪੀਲ ਕੀਤੀ ਕਿ ਉਹ ਜਾਪਾਨੀ ਕੰਪਨੀਆਂ ਨੂੰ ਰਾਜਪੁਰਾ ਅਤੇ ਬਠਿੰਡਾ ਵਿਚ ਉਸਾਰੇ ਜਾਣ ਵਾਲੇ ਮੈਗਾ ਉਦਯੋਗਿਕ ਪਾਰਕਾਂ ਵਿਚ ਨਿਵੇਸ਼ ਲਈ ਉਤਸ਼ਾਹਿਤ ਕਰਨ। ਸ੍ਰੀ ਸੁਜ਼ੂਕੀ ਨੇ ਮੁਹਾਲੀ ਵਿਚ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਵਿਚ ਸ਼ਿਰਕਤ ਕਰਨ ਤੋਂ ਬਾਅਦ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ। ਨਿਵੇਸ਼ ਨੂੰ ਲੈ ਕੇ ਹੋਈ ਇਸ ਮਿਲਣੀ ਦੌਰਾਨ ਕੈਪਟਨ ਨੇ ਜਾਪਾਨੀ ਰਾਜਦੂਤ ਨੂੰ ਦੱਸਿਆ ਕਿ ਰਾਜਪੁਰਾ, ਮੁਹਾਲੀ ਦੇ ਬਿਲਕੁਲ ਨੇੜੇ ਸਥਿਤ ਹੈ ਜਿਸ ਨਾਲ ਨਿਵੇਸ਼ ਕਰਨ ਵਾਲੀਆਂ ਕੰਪਨੀਆਂ ਨੂੰ ਲੋੜੀਂਦੇ ਬੁਨਿਆਦੀ ਢਾਂਚੇ ਦੇ ਨਾਲ-ਨਾਲ ਬਿਹਤਰੀਨ ਸੜਕੀ ਤੇ ਹਵਾਈ ਆਵਾਜਾਈ ਵੀ ਉਪਲਬਧ ਹੋਵੇਗੀ। ਉਨ੍ਹਾਂ ਦੱਸਿਆ ਕਿ ਰਾਜਪੁਰਾ ਥਰਮਲ ਪਲਾਂਟ ਰਾਹੀਂ ਉਦਯੋਗਿਕ ਪਾਰਕ ਵਿਚ ਕੰਪਨੀ ਦੇ ਯੂਨਿਟ ਸਥਾਪਤ ਕਰਨ ਲਈ ਨਿਵੇਸ਼ਕਾਂ ਦੀਆਂ ਬਿਜਲੀ ਲੋੜਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਜਾਪਾਨੀ ਰਾਜਦੂਤ ਨੇ ਪੰਜਾਬ ਵਿਚ ਨਿਵੇਸ਼ ਲਈ ਸਾਜ਼ਗਾਰ ਮਾਹੌਲ ਕਾਇਮ ਕਰਨ ਸਬੰਧੀ ਸਰਕਾਰ ਵੱਲੋਂ ਦਿੱਤੇ ਭਰੋਸੇ ਦੀ ਸਿਫਤ ਕਰਦਿਆਂ ਕਿਹਾ ਕਿ ਵੱਖ-ਵੱਖ ਕੰਪਨੀਆਂ ਨਿਵੇਸ਼ ਲਈ ਅੱਗੇ ਆਉਣਗੀਆਂ।

ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ 50 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਫੂਡ ਪ੍ਰੋਸੈਸਿੰਗ, ਮੈਨੂਫੈਕਚਰਿੰਗ, ਲਾਈਟ ਇੰਜੀਨੀਅਰਿੰਗ, ਪੈਟਰੋਕੈਮੀਕਲ ਤੇ ਫਰਮਾਸਿਊਟੀਕਲ ਸੈਕਟਰ ਵਿਚ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸਨਅਤਾਂ ਲਈ ਬਿਜਲੀ ਦੀ ਮੰਗ 26 ਫੀਸਦੀ ਵਧੀ ਹੈ ਜਿਹੜੀ ਕਿ ਸੂਬੇ ਵਿਚ ਸਨਅਤੀ ਵਿਕਾਸ ਦੇ ਵਾਧੇ ਦਾ ਸਬੂਤ ਹੈ।

# ਮੰਤਰੀ ਨਾਲ ਆਢਾ ਲਾਉਣ ਵਾਲੇ ਡੀ.ਐਸ.ਪੀ. ਦੀ ਛੁੱਟੀ

**ਲੁਧਿਆਣਾ:** ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨਾਲ ਪਿਛਲੇ ਕੁਝ ਸਮੇਂ ਤੋਂ ਵਿਵਾਦਾਂ ਕਾਰਨ ਚਰਚਾ 'ਚ ਆਏ ਉਪ ਪੁਲਿਸ ਕਪਤਾਨ ਬਲਵਿੰਦਰ ਸਿੰਘ ਸੇਖੋਂ ਨੂੰ ਸਰਕਾਰ ਵੱਲੋਂ ਮੁਅੱਤਲ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਲੁਧਿਆਣਾ ਵਿਚ ਬਣ ਰਹੇ ਗ੍ਰੈਂਡ ਮੈਨਰ ਹਾਊਸਿੰਗ ਕੰਪਲੈਕਸ ਵਿਚ ਹੋਈਆਂ ਬੇਨਿਯਮੀਆਂ ਕਾਰਨ ਉਸ ਵੇਲੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਜਾਂਚ ਦੇ ਹੁਕਮ ਦਿੱਤੇ ਗਏ ਸਨ ਅਤੇ ਉਪ ਪੁਲਿਸ ਕਪਤਾਨ ਸੇਖੋਂ ਜੋ ਕਿ ਉਸ ਵੇਲੇ ਨਗਰ ਨਿਗਮ ਲੁਧਿਆਣਾ ਵਿਚ ਤਾਇਨਾਤ ਸਨ, ਨੂੰ ਜਾਂਚ ਅਧਿਕਾਰੀ ਬਣਾਇਆ ਗਿਆ ਸੀ।

ਜਾਂਚ ਰਿਪੋਰਟ ਨੂੰ ਲੈ ਕੇ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਅਤੇ ਸੇਖੋਂ ਦਾ ਤਕਰਾਰ ਵੀ ਹੋਇਆ ਸੀ ਅਤੇ ਜਿਸ ਦੀ ਆਡੀਓ ਸੂਬੇ ਭਰ ਵਿਚ ਵਾਇਰਲ ਹੋ ਗਈ ਸੀ। ਪਿਛਲੇ ਕੁਝ ਸਮੇਂ ਤੋਂ ਬਲਵਿੰਦਰ ਸਿੰਘ ਸੇਖੋਂ ਵੱਲੋਂ ਫੇਸਬੁੱਕ ਪੇਜ਼ 'ਤੇ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਖਿਲਾਫ ਕੁਝ ਇਤਰਾਜ਼ਯੋਗ ਟਿੱਪਣੀਆਂ ਵੀ ਕੀਤੀਆਂ ਗਈਆਂ ਸਨ। ਇਹ ਮਾਮਲਾ ਕੈਬਨਿਟ ਦੀ ਮੀਟਿੰਗ



ਵਿਚ ਵੀ ਉੱਠਿਆ ਸੀ। ਇਸ ਤੋਂ ਬਾਅਦ ਬਲਵਿੰਦਰ ਸਿੰਘ ਸੇਖੋਂ ਨੂੰ ਸਰਕਾਰ ਵੱਲੋਂ ਮੁਅੱਤਲ ਕਰ ਦਿੱਤਾ ਗਿਆ। ਇਸ ਦੀ ਪੁਸ਼ਟੀ ਕਰਦਿਆਂ ਸੇਖੋਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਹੁਕਮ ਮਿਲੇ ਹਨ। ਉਹ ਹਮੇਸ਼ਾ ਸੱਚਾਈ ਉਤੇ ਖੜ੍ਹੇ ਹਨ ਅਤੇ ਝੂਠ ਅਤੇ ਭ੍ਰਿਸ਼ਟਾਚਾਰ ਖਿਲਾਫ ਉਨ੍ਹਾਂ ਦੀ ਲੜਾਈ ਜਾਰੀ ਰਹੇਗੀ।

### ਜਾਂਚ ਲਈ ਹਾਊਸ ਕਮੇਟੀ ਬਣੇ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੂੰ ਗਰੈਂਡ ਮੇਨਰ ਹੋਮਜ਼ ਸੀ.ਐਲ.ਯੂ. ਕੇਸ ਅਤੇ ਡੀ.ਐਸ.ਪੀ. ਬਲਵਿੰਦਰ ਸਿੰਘ ਸੇਖੋਂ ਖਿਲਾਫ ਕੀਤੀ ਬਦਲੇਖੋਰੀ ਦੇ ਮਾਮਲੇ 'ਚ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਭੂਮਿਕਾ ਦੀ ਜਾਂਚ ਵਾਸਤੇ ਇਕ ਹਾਊਸ ਕਮੇਟੀ ਬਣਾਉਣ ਦੀ ਅਪੀਲ ਕੀਤੀ ਹੈ। ਸੀਨੀਅਰ ਆਗੂਆਂ ਬਿਕਰਮ ਸਿੰਘ ਮਜੀਠੀਆ, ਸ਼ਰਨਜੀਤ ਸਿੰਘ ਢਿੱਲੋਂ ਅਤੇ ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਮੰਤਰੀ ਆਸ਼ੂ ਨੇ ਉਸ ਪੁਲਿਸ ਅਧਿਕਾਰੀ ਨੂੰ ਮੁਅੱਤਲ ਕਰਵਾ ਦਿੱਤਾ ਹੈ, ਜਿਸ ਨੂੰ ਸਾਬਕਾ ਸਥਾਨਕ ਸਰਕਾਰਾਂ ਬਾਰੇ ਮੰਤਰੀ ਵੱਲੋਂ ਗਰੈਂਡ ਮੇਨਰ ਹੋਮਜ਼ ਸੀ.ਐਲ.ਯੂ. ਕੇਸ ਵਿਚ ਆਸ਼ੂ ਦੀ ਭੂਮਿਕਾ ਬਾਰੇ ਜਾਂਚ ਕਰਨ ਦਾ ਹੁਕਮ ਦਿੱਤਾ ਗਿਆ ਸੀ।

# ਖਰੜ 'ਚ ਗੋਲੀਆਂ ਮਾਰ ਕੇ ਸਕੂਲ ਅਧਿਆਪਕਾ ਦਾ ਕਤਲ

**ਖਰੜ:** ਸੰਨੀ ਇਨਕਲੇਵ ਖਰੜ ਸਥਿਤ 'ਦਾ ਨਾਲੇਜ ਬੱਸ ਗਲੋਬਲ ਸਕੂਲ' ਦੀ ਇਕ ਮਹਿਲਾ ਅਧਿਆਪਕਾ ਨੂੰ ਸਕੂਲ ਸਮੇਂ ਦੌਰਾਨ ਅਣਪਛਾਤੇ ਵੱਲੋਂ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਅਧਿਆਪਕਾ ਨੂੰ ਉਸ ਸਮੇਂ ਗੋਲੀ ਮਾਰੀ ਗਈ ਜਦੋਂ ਉਹ ਆਪਣੀ ਲੜਕੀ ਸਮੇਤ ਸਕੂਲ ਦੇ ਬਾਹਰ ਸੜਕ 'ਤੇ ਹੀ ਪਾਰਕਿੰਗ 'ਚ ਐਕਟਿਵਾ ਖੜ੍ਹੀ ਕਰਕੇ ਸਕੂਲ ਦੇ ਅੰਦਰ ਜਾਣ ਲੱਗੀ ਸੀ।

ਘਟਨਾ ਦੌਰਾਨ ਮ੍ਰਿਤਕਾ ਦੀ ਲੜਕੀ ਦਾ ਬਚਾਅ ਹੋ ਗਿਆ। ਹਮਲਾਵਰ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਕਾਰ ਵਿਚ ਫਰਾਰ ਹੋ ਗਿਆ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਜਦੋਂ ਇਹ ਘਟਨਾ ਵਾਪਰੀ ਤਾਂ ਉਸ ਸਮੇਂ ਸੜਕ 'ਤੇ ਪੂਰੀ ਚਹਿਲ-ਪਹਿਲ ਸੀ। ਜਦੋਂ ਅਧਿਆਪਕਾ ਨੂੰ ਗੋਲੀਆਂ ਮਾਰੀਆਂ ਗਈਆਂ ਤਾਂ ਲੋਕਾਂ ਵੱਲੋਂ ਰੌਲਾ ਵੀ ਪਾਇਆ ਗਿਆ, ਪਰ ਕਿਸੇ ਦੀ ਹਿੰਮਤ ਨਹੀਂ ਹੋਈ ਕਿ ਉਹ ਭੱਜਦੇ ਹੋਏ ਦੋਸ਼ੀ ਨੂੰ ਕਾਬੂ ਕਰ ਲਏ। ਹਮਲਾਵਰ ਵੱਲੋਂ ਚਲਾਈਆਂ ਗਈਆਂ 3 ਗੋਲੀਆਂ ਅਧਿਆਪਕਾ ਸਰਬਜੀਤ ਕੌਰ ਦੇ ਸਰੀਰ ਦੇ ਵੱਖ-ਵੱਖ ਹਿੱਸਿਆਂ 'ਚ ਲੱਗੀਆਂ। ਇਸ ਘਟਨਾ ਉਪਰੰਤ ਅਧਿਆਪਕਾ ਨੂੰ ਨਾਜ਼ੁਕ ਹਾਲਤ ਵਿਚ ਸਿਵਲ ਹਸਪਤਾਲ ਮੁਹਾਲੀ ਵਿਖੇ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਸਰਬਜੀਤ ਕੌਰ ਦੇ ਛੋਟੇ ਭਰਾ ਦਿਲਪ੍ਰੀਤ ਸਿੰਘ ਨੇ ਦੱਸਿਆ ਕਿ ਸਾਲ 2012 'ਚ ਉਸ ਦੀ ਭੈਣ ਦਾ ਪ੍ਰੇਮ-ਵਿਆਹ ਹਰਵਿੰਦਰ ਸਿੰਘ ਨਾਲ ਹੋਇਆ ਸੀ ਅਤੇ ਇਸ ਵਿਆਹ ਤੋਂ ਉਨ੍ਹਾਂ ਕੋਲ 5-6 ਸਾਲਾ ਬੇਟੀ ਅਰਾਧਿਆ ਹੈ।

ਵਿਆਹ ਤੋਂ ਬਾਅਦ ਸਰਬਜੀਤ ਕੌਰ ਅਤੇ ਉਸ ਦਾ ਘਰਵਾਲਾ ਦੋਵੇਂ ਸਟੱਡੀ ਵੀਜ਼ੇ ਉਤੇ ਫਰਾਂਸ ਚਲੇ ਗਏ ਸਨ, ਜਿਥੋਂ ਉਹ ਪਿਛਲੇ ਸਾਲ ਵਾਪਸ ਆ ਗਏ ਸਨ ਅਤੇ ਉਨ੍ਹਾਂ ਪਿੰਡ ਦਾਊਂ (ਰਾਮਗੜ੍ਹ) ਵਿਖੇ ਕਿਰਾਏ ਉਤੇ ਮਕਾਨ ਲੈ ਕੇ ਰਹਿਣਾ ਸ਼ੁਰੂ ਕਰ ਦਿੱਤਾ ਸੀ। ਇਸ ਤੋਂ ਕੁਝ ਸਮੇਂ ਬਾਅਦ ਕਿਸੇ ਗੱਲ ਨੂੰ ਲੈ ਕੇ ਉਨ੍ਹਾਂ ਦੋਵਾਂ 'ਚ ਅਣਬਣ ਰਹਿਣ ਲੱਗ ਪਈ। ਉਸ ਦੀ ਭੈਣ ਨੇ ਆਪਣੇ ਪਤੀ ਤੋਂ ਤਲਾਕ ਲੈਣ ਲਈ ਇਸੇ ਸਾਲ ਸਤੰਬਰ ਮਹੀਨੇ 'ਚ ਅਦਾਲਤ ਵਿਚ ਕੇਸ ਵੀ ਦਾਇਰ ਕੀਤਾ ਸੀ, ਜੋ ਕਿ ਹਾਲੇ ਵਿਚਾਰ ਅਧੀਨ ਹੈ।

## ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਤਿੰਨ ਮੈਂਬਰਾਂ ਸਣੇ 7 ਡੇਰਾ ਪ੍ਰੇਮੀ ਬਰੀ

**ਸੰਗਰੂਰ:** ਡੇਰਾ ਮੁਖੀ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਤਹਿਸੀਲਦਾਰ ਦਫਤਰ ਲਹਿਰਾ ਨੂੰ ਅੱਗ ਲਗਾਏ ਜਾਣ ਦੇ ਇਕ ਮਾਮਲੇ 'ਚੋਂ ਅਦਾਲਤ ਨੇ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਤਿੰਨ ਮੈਂਬਰਾਂ ਸਮੇਤ 7 ਡੇਰਾ ਪ੍ਰੇਮੀਆਂ ਨੂੰ ਬਰੀ ਕਰਨ ਦਾ ਹੁਕਮ ਸੁਣਾਇਆ ਹੈ।

ਬਚਾਅ ਪੱਖ ਦੇ ਵਕੀਲ ਗੁਰਿੰਦਰਪਾਲ ਕਰਤਾਰਪੁਰਾ ਨੇ ਦੱਸਿਆ ਕਿ ਥਾਣਾ ਲਹਿਰਾ ਵਿਚ 25 ਅਗਸਤ, 2017 ਨੂੰ ਦਰਜ ਮਾਮਲੇ ਮੁਤਾਬਕ ਏ.ਐਸ.ਆਈ. ਧਰਮਵੀਰ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਕੁਝ ਵਿਅਕਤੀ ਜਿਨ੍ਹਾਂ ਮੂੰਹ ਬੰਨ੍ਹੇ ਹੋਏ ਸਨ, ਮੋਟਰਸਾਈਕਲਾਂ ਉਤੇ ਸਵਾਰ ਹੋ ਕੇ ਤਹਿਸੀਲ ਕੰਪਲੈਕਸ ਲਹਿਰਾ ਆਏ ਤੇ ਆਉਂਦਿਆਂ ਹੀ ਤਹਿਸੀਲਦਾਰ ਦਫਤਰ ਵਿਚ ਮੇਜਾਂ 'ਤੇ ਪਈਆਂ ਫਾਈਲਾਂ, ਪ੍ਰਿੰਟਰ ਆਦਿ 'ਤੇ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ ਅਤੇ ਫਰਾਰ ਹੋ ਗਏ।

ਬਾਅਦ ਵਿਚ ਪੁਲਿਸ ਨੇ ਇਸ ਕੇਸ ਵਿਚ ਡੇਰਾ ਸਿਰਸਾ ਦੀ 45 ਮੈਂਬਰੀ ਦੇ ਮੈਂਬਰ ਪ੍ਰਿਥਵੀ ਸਿੰਘ ਉਰਫ ਪ੍ਰਿਥੀ ਸਿੰਘ ਵਾਸੀ ਬਾਘਾ ਪੁਰਾਣਾ, ਦੁਨੀ ਚੰਦ ਵਾਸੀ ਸ਼ੇਰਪੁਰ, ਮੇਜਰ ਸਿੰਘ ਵਾਸੀ ਖਿਆਲਾ ਜ਼ਿਲ੍ਹਾ ਮਾਨਸਾ ਅਤੇ ਰਾਕੇਸ਼ ਕੁਮਾਰ ਵਾਸੀ ਦਿੜ੍ਹਬਾ, ਭੀਮ ਸੈਨ ਉਰਫ ਭੀਮਾ ਵਾਸੀ ਗੋਬਿੰਦਗੜ੍ਹ ਜੇਜੀਆਂ, ਗੁਰਜੰਟ ਸਿੰਘ ਵਾਸੀ ਭੁਟਾਲ ਕਲਾਂ, ਮਾਂਗੇਰਾਮ ਵਾਸੀ ਭੁਟਾਲ ਕਲਾਂ ਤੇ ਹੋਰਨਾਂ ਨੂੰ ਨਾਮਜ਼ਦ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ। ਹੁਣ ਅਦਾਲਤ 'ਚ ਸੁਣਵਾਈ ਮੁਕੰਮਲ ਹੋਣ ਉਤੇ ਇਨ੍ਹਾਂ ਸਾਰਿਆਂ ਨੂੰ ਬਰੀ ਕਰਨ ਦਾ ਹੁਕਮ ਸੁਣਾਇਆ ਹੈ।

# ਪਿਆਜ਼ ਦੀਆਂ ਕੀਮਤਾਂ ਦੀ ਗੂੰਜ ਸੜਕਾਂ ਤੋਂ ਸੰਸਦ ਤਕ ਪੁੱਜੀ

**ਚੰਡੀਗੜ੍ਹ:** ਪ੍ਰਚੂਨ ਵਿਚ 150 ਤੋਂ 180 ਰੁਪਏ ਪ੍ਰਤੀ ਕਿੱਲੋ ਤੱਕ ਵਿਕ ਰਹੇ ਪਿਆਜ਼ ਨੇ ਲੋਕਾਂ ਦੀਆਂ ਅੱਖਾਂ ਵਿਚ ਪਾਣੀ ਲਿਆ ਦਿੱਤਾ ਹੈ। ਲੋਕਾਂ ਦੀ ਰਸੋਈ ਦਾ ਇਕੱਲੇ ਪਿਆਜ਼ ਨੇ ਹੀ ਬਜਟ ਵਿਗਾੜ ਦਿੱਤਾ ਹੈ। ਦੇਸ਼ ਦੇ ਕਈ ਹਿੱਸਿਆਂ ਵਿਚ ਪਿਆਜ਼ 200 ਰੁਪਏ ਤੋਂ ਪਾਰ ਹੋ ਗਿਆ ਹੈ।

ਵਧੀਆਂ ਕੀਮਤਾਂ ਦੇ ਮੱਦੇਨਜ਼ਰ ਅਟਾਰੀ-



ਵਾਹਗਾ ਸਰਹੱਦ ਰਾਹੀਂ ਅਫਗਾਨਿਸਤਾਨ ਤੋਂ ਪਿਆਜ਼ਾਂ ਦੇ ਭਰੇ ਕਰੀਬ 10-15 ਟਰੱਕ ਰੋਜ਼ਾਨਾ ਭਾਰਤ ਪੁੱਜ ਰਹੇ ਹਨ। ਹਰ ਟਰੱਕ ਵਿਚ 35 ਮੀਟ੍ਰਿਕ ਟਨ ਪਿਆਜ਼ ਹੈ। ਪੰਜਾਬ ਤੇ ਦਿੱਲੀ ਦੇ ਵਪਾਰੀ ਅਫਗਾਨਿਸਤਾਨ ਤੋਂ ਪਿਆਜ਼ ਮੰਗਵਾ ਰਹੇ ਹਨ ਤੇ ਇਨ੍ਹਾਂ ਨੂੰ ਉਤਰੀ ਖਿੱਤੇ ਦੀਆਂ ਮੰਡੀਆਂ ਵਿਚ ਪਹੁੰਚਾਇਆ ਜਾ ਰਿਹਾ ਹੈ। ਅਟਾਰੀ-ਵਾਹਗਾ ਸਰਹੱਦ ਰਾਹੀਂ ਹਾਲਾਂਕਿ ਭਾਰਤ-ਪਾਕਿ ਵਪਾਰ ਠੱਪ ਹੈ, ਪਰ ਪਾਕਿ-ਅਫਗਾਨ ਦੁਵੱਲੇ ਟਰਾਂਜ਼ਿਟ ਵਪਾਰ ਸਮਝੌਤੇ ਤਹਿਤ ਅਫਗਾਨਿਸਤਾਨ ਤੋਂ ਪਿਆਜ਼ ਆ ਰਿਹਾ ਹੈ। ਕੇਂਦਰ ਸਰਕਾਰ ਦੀ ਕੰਪਨੀ ਐਮ.ਐਮ.ਟੀ.ਸੀ. ਨੇ 4,000 ਟਨ ਪਿਆਜ਼ਾਂ ਦੀ ਦਰਾਮਦ ਲਈ ਤੁਰਕੀ ਨੂੰ ਆਰਡਰ ਦਿੱਤਾ ਹੈ। ਸਰਕਾਰ ਮੁਤਾਬਕ ਇਹ ਜਨਵਰੀ ਦੇ ਅੱਧ ਤੱਕ ਪਹੁੰਚ ਜਾਣਗੇ। ਇਸ ਤੋਂ ਪਹਿਲਾਂ ਵੀ 17,090 ਟਨ ਪਿਆਜ਼ ਮੰਗਵਾਏ ਗਏ ਹਨ। ਕਰੀਬ 6,090 ਟਨ ਪਿਆਜ਼ ਮਿਸਰ ਤੇ 11,000 ਟਨ ਤੁਰਕੀ ਤੋਂ ਹੀ ਮੰਗਵਾਏ ਗਏ ਹਨ।

ਪਿਆਜ਼ ਦੀਆਂ ਵੱਧ ਰਹੀਆਂ ਕੀਮਤਾਂ ਖਿਲਾਫ ਕਾਂਗਰਸ ਨੇ ਸੰਸਦ ਭਵਨ ਦੇ ਬਾਹਰ ਪ੍ਰਦਰਸ਼ਨ ਕੀਤਾ ਜਦਕਿ ਲੋਕ ਸਭਾ 'ਚ ਵੀ ਇਹ ਮਾਮਲਾ ਗੂੰਜਿਆ। ਕਾਂਗਰਸ ਦੇ ਸੰਸਦ ਮੈਂਬਰਾਂ ਨੇ ਪਿਆਜ਼ਾਂ ਦੀ ਟੋਕਰੀ ਭਰ ਕੇ ਪ੍ਰਦਰਸ਼ਨ ਕਰਦਿਆਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਮੰਗ ਕੀਤੀ ਕਿ ਸਰਕਾਰ ਪਿਆਜ਼ਾਂ ਦਾ ਭਾਅ ਘਟਾ ਕੇ ਗਰੀਬਾਂ ਨੂੰ ਪਰੇਸ਼ਾਨ ਕਰਨਾ ਬੰਦ ਕਰੇ। ਉਨ੍ਹਾਂ ਹੱਥਾਂ 'ਚ ਬੈਨਰ ਵੀ ਫੜੇ ਹੋਏ ਸਨ ਜਿਨ੍ਹਾਂ ਉਤੇ 'ਕੈਸਾ ਹੈ ਮੋਦੀ ਰਾਜ, ਮਹਿੰਗਾ ਰਾਸ਼ਨ, ਮਹਿੰਗਾ ਪਿਆਜ਼', 'ਮਹਿੰਗਾਈ ਕੀ ਪਿਆਜ਼ ਪਰ ਮਾਰ, ਚੁੱਪ ਕਿਉਂ ਹੈ ਮੋਦੀ ਸਰਕਾਰ' ਆਦਿ ਨਾਅਰੇ ਲਿਖੇ ਹੋਏ ਸਨ। ਮਹਾਤਮਾ ਗਾਂਧੀ ਦੇ ਬੁੱਤ ਕੋਲ ਪ੍ਰਦਰਸ਼ਨ ਕਰਦਿਆਂ ਕਾਂਗਰਸ ਆਗੂਆਂ ਨੇ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਨਿਖੇਧੀ ਕੀਤੀ। ਇਸ ਦੌਰਾਨ ਸਿਆਸੀ ਟਿੱਪਣੀਕਾਰ ਤਹਿਸੀਨ ਪੂਨਾਵਾਲਾ ਨੇ ਪਿਆਜ਼ ਦਾ ਭਾਅ ਵਧਣ ਉਤੇ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਖਿਲਾਫ ਇਕੱਲਿਆਂ ਹੀ ਵਿਜੈ ਚੌਕ 'ਤੇ ਸੰਸਦ ਕੰਪਲੈਕਸ ਦੇ ਬਾਹਰ ਪ੍ਰਦਰਸ਼ਨ ਕੀਤਾ। ਪੁਲਿਸ ਉਸ ਨੂੰ ਘੇਰ ਕੇ ਜੰਤਰ-ਮੰਤਰ ਲੈ ਗਈ ਅਤੇ ਉਥੇ ਛੱਡ ਦਿੱਤਾ।

### ਵਿਰੋਧੀ ਧਿਰ ਨੂੰ ਪਿਆਜ਼ਾਂ ਦੇ ਟਰੱਕ ਦੀ ਪੇਸ਼ਕਸ਼

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਦੇ ਇਕ ਮੈਂਬਰ ਨੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਆਪਣੇ ਹਲਕੇ ਤੋਂ 25 ਰੁਪਏ ਕਿਲੋ ਦੇ ਹਿਸਾਬ ਨਾਲ ਇਕ ਟਰੱਕ ਪਿਆਜ਼ਾਂ ਨਾਲ ਭਰ ਕੇ ਦੇਣ ਦੀ ਪੇਸ਼ਕਸ਼ ਕੀਤੀ। ਉੱਤਰ ਪ੍ਰਦੇਸ਼ ਦੇ ਬਲੀਆ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਅਤੇ ਭਾਜਪਾ ਕਿਸਾਨ ਮੋਰਚਾ ਦੇ ਪ੍ਰਧਾਨ ਵਿਰੇਂਦਰ ਸਿੰਘ ਮਸਤ ਨੇ ਪਿਆਜ਼ਾਂ ਦੀਆਂ ਵਧੀਆਂ ਕੀਮਤਾਂ ਉਤੇ ਸਰਕਾਰ ਨੂੰ ਘੇਰ ਰਹੀ ਵਿਰੋਧੀ ਧਿਰ ਨੂੰ ਜਵਾਬ ਦਿੰਦਿਆਂ ਕਿਹਾ ਕਿ ਮਹਾਰਾਸ਼ਟਰ ਤੇ ਗੁਜਰਾਤ ਦੀ ਤਰ੍ਹਾਂ ਉੱਤਰ ਪ੍ਰਦੇਸ਼ 'ਚ ਵੀ ਪਿਆਜ਼ ਦੀ ਪੈਦਾਵਾਰ ਹੁੰਦੀ ਹੈ ਤੇ ਸਭ ਤੋਂ ਵਧੀਆ ਪਿਆਜ਼ ਉਨ੍ਹਾਂ ਦੇ ਹਲਕੇ ਦੇ ਸ਼ਹਿਰ ਮੁਹੰਮਦਾਬਾਦ 'ਚ ਹੁੰਦਾ ਹੈ। ਉਹ ਆਪਣੇ ਹਲਕੇ ਤੋਂ 25 ਰੁਪਏ ਕਿੱਲੋ ਦੇ ਹਿਸਾਬ ਨਾਲ ਪਿਆਜ਼ਾਂ ਦਾ ਟਰੱਕ ਭਰ ਕੇ ਵਿਰੋਧੀ ਧਿਰ ਨੂੰ ਦੇਣ ਲਈ ਤਿਆਰ ਹਨ।

### ਸੀਤਾਰਾਮਨ ਦੀ ਪਿਆਜ਼ ਬਾਰੇ ਟਿੱਪਣੀ ਦਾ ਉਡਿਆ ਮਖੌਲ

**ਨਵੀਂ ਦਿੱਲੀ:** ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਪਿਆਜ਼ ਅਤੇ ਲਸਣ ਦੀ ਵੱਧ ਵਰਤੋਂ ਨਾ ਕੀਤੇ ਜਾਣ ਦੇ ਬਿਆਨ ਮਗਰੋਂ ਟਵਿੱਟਰ ਉਤੇ ਕਈ ਮਜ਼ਾਹੀਆ ਟਿੱਪਣੀਆਂ ਦੇਖਣ ਨੂੰ ਮਿਲੀਆਂ। ਸੀਨੀਅਰ ਕਾਂਗਰਸ ਆਗੂ ਪੀ ਚਿਦੰਬਰਮ ਨੇ ਸਵਾਲ ਕੀਤਾ ਕਿ ਕੀ ਉਹ ਪਿਆਜ਼ ਦੀ ਥਾਂ ਉਤੇ ਐਵਾਕੈਡੋਜ਼ ਖਾਂਦੇ ਹਨ। ਇਕ ਵੀਡੀਓ ਕਲਿੱਪ 'ਚ ਵਿਅਕਤੀ ਭੋਜਨ ਕਰਦੇ ਸਮੇਂ ਪਿਆਜ਼, ਲਸਣ ਅਤੇ ਟਮਾਟਰ ਨੂੰ ਚਟਦਾ ਹੋਇਆ ਨਜ਼ਰ ਆਇਆ।

ਇਕ ਤਸਵੀਰ 'ਚ ਸੀਤਾਰਾਮਨ ਅਤੇ ਉਨ੍ਹਾਂ ਦੀ ਕੈਬਨਿਟ ਸਾਥੀ ਸਮ੍ਰਿਤੀ ਇਰਾਨੀ ਦੀ ਪੁਰਾਣੀ ਤਸਵੀਰ ਪਾਈ ਗਈ ਹੈ ਜਿਸ 'ਚ ਉਹ ਵਿਰੋਧੀ ਧਿਰ 'ਚ ਰਹਿੰਦਿਆਂ ਪੈਟਰੋਲ-ਡੀਜ਼ਲ ਦੀਆਂ ਵਧੀਆਂ ਕੀਮਤਾਂ ਖਿਲਾਫ ਰੋਸ ਪ੍ਰਦਰਸ਼ਨ ਕਰ ਰਹੀਆਂ ਹਨ। ਇਕ ਹੋਰ ਤਸਵੀਰ 'ਚ ਪਿਆਜ਼ਾਂ ਦੀ ਟੋਕਰੀ ਦੇ ਨਾਲ ਟਿੱਪਣੀ ਕੀਤੀ ਗਈ, "ਅੱਜ ਭਾਰਤੀ ਪਿਆਜ਼ ਅਮਰੀਕੀ ਡਾਲਰ ਨਾਲੋਂ ਮਜ਼ਬੂਤ ਹਨ।" ਇਕ ਹੋਰ ਪੋਸਟ 'ਚ ਫਿਲਮ ਦਾ ਦ੍ਰਿਸ਼ ਪਾਉਂਦਿਆਂ ਕੈਪਸ਼ਨ ਲਿਖੀ ਹੈ ਕਿ ਪਿਆਜ਼ ਹੁਣ ਸੁਨਿਆਰਿਆਂ ਵੱਲੋਂ ਵੇਚੇ ਜਾਣਗੇ।

# ਦਿੱਲੀ ਵਿਚ ਬਹੁ-ਮੰਜ਼ਿਲਾ ਫੈਕਟਰੀ ਨੂੰ ਅੱਗ ਲੱਗਣ ਕਾਰਨ 43 ਮੌਤਾਂ

**ਨਵੀਂ ਦਿੱਲੀ:** ਦਿੱਲੀ ਦੇ ਭੀੜ-ਭਾੜ ਵਾਲੇ ਅਨਾਜ ਮੰਡੀ ਇਲਾਕੇ 'ਚ ਰਾਣੀ ਝਾਂਸੀ ਰੋਡ ਉਤੇ ਬਹੁ-ਮੰਜ਼ਿਲਾ ਇਮਾਰਤ ਵਿਚ ਅਚਾਨਕ ਭਿਆਨਕ ਅੱਗ ਲੱਗਣ ਕਾਰਨ 43 ਵਿਅਕਤੀਆਂ ਦੀ ਮੌਤ ਹੋ ਗਈ ਜਦੋਂ ਕਿ ਡੇਢ ਦਰਜਨ ਦੇ ਕਰੀਬ ਹੋਰ ਵਿਅਕਤੀ ਜਖਮੀ ਹੋ ਗਏ ਹਨ। ਜਖਮੀਆਂ 'ਚ ਦਿੱਲੀ ਅੱਗ ਬੁਝਾਊ ਦਸਤੇ ਦੇ ਦੋ ਮੁਲਾਜ਼ਮ ਵੀ ਸ਼ਾਮਲ ਹਨ। ਕੌਮੀ ਰਾਜਧਾਨੀ 'ਚ 1997 ਦੇ ਉਪਹਾਰ ਸਿਨਮਾ ਅਗਨੀ ਕਾਂਡ ਮਗਰੋਂ ਇਹ ਸਭ ਤੋਂ ਭਿਆਨਕ ਹਾਦਸਾ ਹੈ। ਉਸ ਸਮੇਂ ਸਿਨਮਾ ਘਰ 'ਚ ਅੱਗ ਲੱਗਣ ਕਾਰਨ 59 ਵਿਅਕਤੀ ਮਾਰੇ ਗਏ ਸਨ।

ਉੱਤਰੀ ਦਿੱਲੀ 'ਚ ਪੈਂਦੀ ਇਮਾਰਤ ਵਿਚ ਗੈਰਕਾਨੂੰਨੀ ਫੈਕਟਰੀਆਂ ਚੱਲ ਰਹੀਆਂ ਸਨ। ਦਿੱਲੀ ਪੁਲਿਸ ਨੇ ਇਮਾਰਤ ਦੇ ਮਾਲਕ ਰੇਹਾਨ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਧਾਰਾ 304 ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਅਤੇ ਅੱਗ ਬੁਝਾਊ ਦਸਤੇ ਦੇ ਅਧਿਕਾਰੀਆਂ ਮੁਤਾਬਕ ਜ਼ਿਆਦਾਤਰ ਮੌਤਾਂ ਅੱਗ ਦੇ ਧੂੰਏਂ 'ਚ ਸਾਹ ਘੁੱਟਣ ਕਰਕੇ ਹੋਈਆਂ ਹਨ ਕਿਉਂਕਿ ਤੜਕੇ 5.22 ਵਜੇ ਅੱਗ ਲੱਗਣ ਵੇਲੇ ਉਥੇ ਮਜ਼ਦੂਰ ਗੂੜ੍ਹੀ ਨੀਂਦ ਸੁੱਤੇ ਪਏ ਸਨ। ਅਧਿਕਾਰੀਆਂ ਮੁਤਾਬਕ ਅੱਗ ਇਮਾਰਤ ਦੀ ਦੂਜੀ ਮੰਜ਼ਿਲ ਤੋਂ ਸ਼ੁਰੂ ਹੋਈ। ਦਿੱਲੀ



ਫਾਇਰ ਸਰਵਿਸ ਨੂੰ ਜਦੋਂ ਅੱਗ ਲੱਗਣ ਦੀ ਸੂਚਨਾ ਮਿਲੀ ਤਾਂ ਤੁਰਤ 30 ਗੱਡੀਆਂ ਮੌਕੇ ਉਤੇ ਭੇਜੀਆਂ ਗਈਆਂ। ਦਿੱਲੀ ਫਾਇਰ ਸਰਵਿਸ ਦੇ ਡਾਇਰੈਕਟਰ ਅਤੁਲ ਗਰਗ ਨੇ ਦੱਸਿਆ ਕਿ ਅਮਲੇ ਦੇ ਕਰੀਬ 150 ਜਵਾਨਾਂ ਨੇ ਇਮਾਰਤ 'ਚੋਂ 63 ਵਿਅਕਤੀਆਂ ਨੂੰ ਬਾਹਰ ਕੱਢਿਆ। ਉਨ੍ਹਾਂ ਕਿਹਾ ਕਿ 43 ਮਜ਼ਦੂਰਾਂ ਦੀ ਮੌਤ ਹੋ ਗਈ ਹੈ ਜਦਕਿ ਕਈ ਹੋਰ ਜਖਮੀ ਹੋ ਗਏ ਹਨ। ਇਮਾਰਤ 'ਚ ਸੁੱਤੇ ਪਏ ਬਹੁਤੇ ਲੋਕ ਮਜ਼ਦੂਰ ਸਨ ਜੋ ਉਤਰ ਪ੍ਰਦੇਸ਼ ਅਤੇ ਬਿਹਾਰ ਨਾਲ ਸਬੰਧਤ ਸਨ।

ਗਲੀਆਂ ਭੀੜੀਆਂ ਹੋਣ ਕਰਕੇ ਅੱਗ ਬੁਝਾਊ ਦਸਤੇ ਨੂੰ ਬਚਾਅ ਕਾਰਜਾਂ 'ਚ ਮੁਸ਼ਕਲਾਂ ਆਈਆਂ ਅਤੇ ਉਨ੍ਹਾਂ ਨੂੰ ਖਿੜਕੀਆਂ ਦੀਆਂ ਗਰਿੱਲਾਂ ਕੱਟ ਕੇ ਅੰਦਰ ਜਾਣਾ ਪਿਆ। ਮੁਢਲੀ ਜਾਂਚ ਮੁਤਾਬਕ ਅੱਗ ਸ਼ਾਰਟ ਸਰਕਿਟ ਕਾਰਨ ਲੱਗੀ ਜਾਪਦੀ ਹੈ। ਪ੍ਰਭਾਵਿਤ ਇਮਾਰਤ ਦੀ ਹੇਠਲੀ ਮੰਜ਼ਿਲ ਉਤੇ ਪਲਾਸਟਿਕ ਦੇ ਖਿਡੌਣੇ ਬਣਦੇ ਸਨ। ਪਹਿਲੀ ਮੰਜ਼ਿਲ 'ਤੇ ਕਾਰਡ ਬੋਰਡ ਦਾ ਕੰਮ ਹੁੰਦਾ ਹੈ, ਦੂਜੀ ਮੰਜ਼ਿਲ ਉਤੇ ਕੱਪੜੇ ਦੀ ਵਰਕਸ਼ਾਪ ਸੀ ਅਤੇ ਤੀਜੀ ਮੰਜ਼ਿਲ ਉਤੇ ਜੈਕਟਾਂ ਬਣਦੀਆਂ ਸਨ ਤੇ ਪ੍ਰਿੰਟਿੰਗ ਦਾ ਕੰਮ ਹੁੰਦਾ ਸੀ। ਅੱਗ ਤੀਜੀ ਮੰਜ਼ਿਲ ਨੂੰ ਲੱਗੀ ਜਿਸ ਨੇ ਦੂਜੀ ਮੰਜ਼ਿਲ ਨੂੰ ਵੀ ਨੁਕਸਾਨ ਪਹੁੰਚਾਇਆ। ਫੈਕਟਰੀ 'ਚ 12 ਤੋਂ 15 ਮਸ਼ੀਨਾਂ ਸਨ ਅਤੇ ਦੋ ਮੰਜ਼ਿਲਾਂ ਉਤੇ ਪਿਆ ਸਾਰਾ ਸਾਮਾਨ ਸੜ ਗਿਆ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਾਥੀ ਮੰਤਰੀਆਂ ਇਮਰਾਨ ਹੁਸੈਨ ਅਤੇ ਸਤਿੰਦਰ ਜੈਨ ਨਾਲ ਅੱਗ ਵਾਲੀ ਥਾਂ ਦਾ ਦੌਰਾ ਕੀਤਾ। ਅਗਨੀ ਕਾਂਡ ਉਤੇ ਦੁੱਖ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਘਟਨਾ ਦੀ ਮੈਜਿਸਟ੍ਰੇਟੀ ਜਾਂਚ ਦੇ ਹੁਕਮ ਦਿੱਤੇ ਹਨ।

ਅੱਗ ਉਤੇ ਕਾਬੂ ਪਾਉਣ ਲਈ ਅੱਗ ਬੁਝਾਊ ਦਸਤੇ 'ਚ ਸ਼ਾਮਲ ਫਾਇਰਮੈਨ ਰਾਜੇਸ਼ ਸ਼ੁਕਲਾ ਨੇ ਬਹਾਦਰੀ ਦਾ ਨਮੂਨਾ ਪੇਸ਼ ਕੀਤਾ। ਭਾਂਬੜ ਬਣੀ ਇਮਾਰਤ 'ਚ ਸਭ ਤੋਂ ਪਹਿਲਾਂ ਉਹ ਦਾਖਲ ਹੋਇਆ। ਫਾਇਰਮੈਨ ਰਾਜੇਸ਼ ਸ਼ੁਕਲਾ ਨੇ ਜ਼ਹਿਰੀਲੇ ਧੂੰਏਂ ਦੀ ਪ੍ਰਵਾਹ ਨਾ ਕਰਦਿਆਂ ਆਪਣੀ ਜਾਨ ਉਤੇ ਖੇਡਦਿਆਂ 11 ਜਾਨਾਂ ਬਚਾਈਆਂ। ਬਚਾਅ ਕਾਰਜਾਂ ਦੌਰਾਨ ਉਸ ਦੀਆਂ ਲੱਤਾਂ ਉਤੇ ਸੱਟਾਂ ਲੱਗੀਆਂ ਹਨ ਅਤੇ ਉਹ ਲੋਕ ਨਾਇਕ ਜੈਪ੍ਰਕਾਸ਼ ਹਸਪਤਾਲ ਵਿਚ ਜੇਰੇ ਇਲਾਜ ਹੈ। ਹੁਣ ਇਸ 'ਅਸਲ ਨਾਇਕ' ਦੀ ਕਾਫੀ ਪ੍ਰਸ਼ੰਸਾ ਹੋ ਰਹੀ ਹੈ। ਦਿੱਲੀ ਦੇ ਮੰਤਰੀ ਸਤਿੰਦਰ ਜੈਨ ਨੇ ਹਸਪਤਾਲ ਵਿਚ ਉਸ ਨਾਲ ਮੁਲਾਕਾਤ ਕੀਤੀ ਅਤੇ ਉਸ ਦੀ ਬਹਾਦਰੀ ਦੇ ਸੋਹਲੇ ਗਾਏ। ਸੱਟਾਂ ਲੱਗਣ ਦੇ ਬਾਵਜੂਦ ਉਸ ਨੇ ਆਪਣੇ ਕੰਮ ਨੂੰ ਅੰਜਾਮ ਤੱਕ ਪਹੁੰਚਾਇਆ।

## *ਮ੍ਰਿਤਕਾਂ ਦੇ ਵਾਰਸਾਂ ਨੂੰ 10-10 ਲੱਖ ਮੁਆਵਜ਼ਾ*

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮ੍ਰਿਤਕਾਂ ਦੇ ਵਾਰਸਾਂ ਨੂੰ 10-10 ਲੱਖ ਰੁਪਏ ਅਤੇ ਜ਼ਖਮੀਆਂ ਦੇ ਮੁਫਤ ਇਲਾਜ ਤੇ ਇਕ-ਇਕ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਰਾਹਤ ਫੰਡ ਵਿਚੋਂ ਮ੍ਰਿਤਕਾਂ ਦੇ ਵਾਰਸਾਂ ਨੂੰ ਦੋ-ਦੋ ਲੱਖ ਰੁਪਏ ਅਤੇ ਗੰਭੀਰ ਜਖਮੀਆਂ ਨੂੰ 50-50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ। ਦਿੱਲੀ ਪ੍ਰਦੇਸ਼ ਭਾਜਪਾ ਵੱਲੋਂ ਵੀ ਮ੍ਰਿਤਕਾਂ ਦੇ ਪਰਿਵਾਰਾਂ ਲਈ 5-5 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ ਕੀਤਾ ਗਿਆ ਹੈ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਆਪਣੇ ਸੂਬੇ ਨਾਲ ਸਬੰਧਤ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਦੀ ਵਿੱਤੀ ਮਦਦ ਦਾ ਐਲਾਨ ਕੀਤਾ ਹੈ।


Wanted Workers
Need workers for Restaurant and Gas stations In Eureka, CA.
*Housing and food provide.*
ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ
ਰਿਹਾਇਸ਼ ਅਤੇ ਖਾਣਾ ਮੁਫਤ
Call, Gurpreet Singh Sohal
Ph: 707-498-9325
redwoodpetroleum@gmail.com
48-51

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

ਰੈਸਟੋਰੈਂਟ ਸਟਾਫ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
22+

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

## ਹਿੰਦੂ ਰਾਸ਼ਟਰ ਦਾ ਉਦੈ-2

# ਕਸ਼ਮੀਰ ਨੂੰ ਕੈਦ

***ਬੁੱਕਰ ਇਨਾਮ ਜੇਤੂ ਸੰਸਾਰ ਪ੍ਰਸਿਧ ਲੇਖਕਾ ਅਰੁੰਧਤੀ ਰਾਏ ਨੇ ਇਹ ਪਰਚਾ 12 ਨਵੰਬਰ ਨੂੰ ਨਿਊ ਯਾਰਕ ਵਿਚ ਜੋਨਾਥਨ ਸ਼ੈਲ ਯਾਦਗਾਰੀ ਲੈਕਚਰ-2019 ਦੌਰਾਨ ਪੜ੍ਹਿਆ, ਜਿਸ ਵਿਚ ਭਾਰਤ ਦੇ ਮੌਜੂਦਾ ਹਾਲਤ ਅਤੇ ਪਨਪ ਰਹੇ ਖਤਰਿਆਂ ਦੀ ਚਰਚਾ ਕੀਤੀ ਹੈ। ਆਪਣੀਆਂ ਹੋਰ ਲਿਖਤਾਂ ਵਾਂਗ ਲੇਖਕਾ ਨੇ ਇਸ ਪਰਚੇ ਵਿਚ ਵੀ ਕਈ ਸਵਾਲ ਉਠਾਏ ਹਨ। ਇਸ ਲਿਖਤ ਦੀ ਪਹਿਲੀ ਕਿਸ਼ਤ ਪਾਠਕ ਪਿਛਲੇ ਅੰਕ ਵਿਚ ਪੜ੍ਹ ਚੁਕੇ ਹਨ, ਹਾਜਰ ਹੈ, ਦੂਜੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਮਜ਼ਬੂਤ ਸਿਆਸੀ ਜਕੜ ਬਣਾਈ ਰੱਖਣ ਲਈ ਆਰ.ਐਸ.ਐਸ. ਅਤੇ ਭਾਜਪਾ ਦਾ ਖਾਸ ਪੈਂਤੜ ਹੈ, ਲੰਮੇ ਸਮੇਂ ਤਕ ਬੇਤਹਾਸ਼ਾ ਅਫਰਾ-ਤਫਰੀ ਮਚਾਈ ਰੱਖਣਾ। ਇਨ੍ਹਾਂ ਲੋਕਾਂ ਦੀ ਰਸੋਈ ਵਿਚ ਮੱਠੀ ਅੱਗ 'ਤੇ ਰੱਖੇ ਬਹੁਤ ਸਾਰੇ ਕੜਾਹੇ ਤਿਆਰ-ਬਰ-ਤਿਆਰ ਹਨ, ਜਿਨ੍ਹਾਂ ਵਿਚ ਲੋੜ ਪੈਣ 'ਤੇ ਫੌਰਨ ਉਬਾਲ ਲਿਆ ਸਕਦੇ ਹਨ। 5 ਅਗਸਤ 2019 ਨੂੰ ਭਾਰਤੀ ਸੰਸਦ ਨੇ 'ਇਲਹਾਕ ਸੰਧੀ' ਦੀਆਂ ਉਹ ਬੁਨਿਆਦੀ ਸ਼ਰਤਾਂ ਇਕਤਰਫਾ ਤੌਰ 'ਤੇ ਤੋੜ ਦਿੱਤੀਆਂ, ਜਿਨ੍ਹਾਂ ਦੇ ਆਧਾਰ 'ਤੇ 1947 'ਚ ਜੰਮੂ ਕਸ਼ਮੀਰ ਦੀ ਸਾਬਕਾ ਰਿਆਸਤ ਭਾਰਤ 'ਚ ਸ਼ਾਮਲ ਹੋਣ ਲਈ ਤਿਆਰ ਹੋਈ ਸੀ। ਸੰਸਦ ਨੇ ਜੰਮੂ ਕਸ਼ਮੀਰ ਤੋਂ ਰਾਜ ਦਾ ਦਰਜਾ ਤੇ ਉਹ ਵਿਸ਼ੇਸ਼ ਹੈਸੀਅਤ ਖੋਹ ਲਈ, ਜਿਸ ਵਿਚ ਰਾਜ ਨੂੰ ਆਪਣਾ ਸੰਵਿਧਾਨ ਅਤੇ ਝੰਡਾ ਰੱਖਣ ਦਾ ਹੱਕ ਵੀ ਸ਼ਾਮਲ ਸੀ। ਰਾਜ ਦਾ ਦਰਜਾ ਖੋਹ ਲੈਣ ਦਾ ਇਕ ਅਰਥ ਹੈ, ਭਾਰਤੀ ਸੰਵਿਧਾਨ ਦੀ ਧਾਰਾ 35 ਏ ਨੂੰ ਖਤਮ ਕਰ ਦੇਣਾ, ਜਿਸ ਨਾਲ ਇਸ ਸਾਬਕਾ ਰਿਆਸਤ ਦੇ ਲੋਕਾਂ ਨੂੰ ਉਹ ਹੱਕ ਅਤੇ ਵਿਸ਼ੇਸ਼ ਹੱਕ ਹਾਸਲ ਸਨ, ਜੋ ਉਨ੍ਹਾਂ ਨੂੰ ਆਪਣੀ ਰਿਆਸਤ ਦੇ ਪ੍ਰਬੰਧਕ ਬਣਾਉਂਦੇ ਹਨ। ਇਸ ਦੀ ਤਿਆਰੀ ਵਜੋਂ ਸਰਕਾਰ ਨੇ ਉਥੇ ਪਹਿਲਾਂ ਹੀ ਤਾਇਨਾਤ ਲੱਖਾਂ ਫੌਜੀਆਂ ਤੋਂ ਇਲਾਵਾ 50 ਹਜ਼ਾਰ ਫੌਜੀ ਹੋਰ ਤਾਇਨਾਤ ਕਰ ਦਿੱਤੇ। 4 ਅਗਸਤ ਦੀ ਰਾਤ ਨੂੰ ਕਸ਼ਮੀਰ ਘਾਟੀ ਵਿਚੋਂ ਸੈਲਾਨੀਆਂ ਅਤੇ ਤੀਰਥ ਯਾਤਰੀਆਂ ਨੂੰ ਬਾਹਰ ਕੱਢ ਲਿਆ ਗਿਆ। ਸਕੂਲ ਅਤੇ ਬਾਜ਼ਾਰ ਬੰਦ ਕਰ ਦਿੱਤੇ ਗਏ। ਚਾਰ ਹਜ਼ਾਰ ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ

**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ**

ਗਿਆ। ਗ੍ਰਿਫਤਾਰ ਕੀਤੇ ਗਏ ਲੋਕਾਂ ਵਿਚ ਸਿਆਸੀ ਪਾਰਟੀਆਂ ਦੇ ਆਗੂ, ਕਾਰੋਬਾਰੀ, ਵਕੀਲ, ਲੋਕ ਹੱਕਾਂ ਦੇ ਕਾਰਕੁਨ, ਸਥਾਨਕ ਆਗੂ, ਵਿਦਿਆਰਥੀ ਅਤੇ ਤਿੰਨ ਸਾਬਕਾ ਮੁੱਖ ਮੰਤਰੀ ਸ਼ਾਮਲ ਹਨ। ਕਸ਼ਮੀਰ ਦੀ ਸਾਰੀ ਸਿਆਸੀ ਜਮਾਤ, ਜਿਸ ਵਿਚ ਭਾਰਤ ਪ੍ਰਤੀ ਵਫਾਦਾਰ ਲੋਕ ਵੀ ਸ਼ਾਮਲ ਹਨ, ਸਭ ਨੂੰ ਗ੍ਰਿਫਤਾਰ ਕਰ ਲਿਆ ਗਿਆ। ਅੱਧੀ ਰਾਤ ਨੂੰ ਇੰਟਰਨੈੱਟ ਬੰਦ ਕਰ ਦਿੱਤਾ ਗਿਆ ਅਤੇ ਟੈਲੀਫੋਨ ਬੰਦ ਹੋ ਗਏ।

ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ ਜਾਣਾ, ਪੂਰੇ ਭਾਰਤ ਵਿਚ ਐਨ.ਆਰ.ਸੀ. ਲਾਗੂ ਕਰਨ ਦਾ ਵਾਅਦਾ, ਅਯੁੱਧਿਆ ਵਿਚ ਬਾਬਰੀ ਮਸਜਿਦ ਦੇ ਖੰਡਰਾਂ 'ਤੇ ਰਾਮ ਮੰਦਰ ਦੀ ਉਸਾਰੀ, ਇਹ ਆਰ. ਐਸ. ਐਸ. ਅਤੇ ਭਾਜਪਾ ਦੀ ਰਸੋਈ ਦੇ ਚੁੱਲ੍ਹਿਆਂ 'ਤੇ ਚੜ੍ਹਾਏ ਕੜਾਹੇ ਹਨ। ਇਨ੍ਹਾਂ ਵਿਚ ਬਸ ਇੰਨਾ ਹੀ ਕਰਨਾ ਹੈ ਕਿ ਭੜਕੀਆਂ ਭਾਵਨਾਵਾਂ ਨੂੰ ਅੱਗ ਲਾਉਣ ਲਈ ਇਕ ਦੁਸ਼ਮਣ ਵਲ ਉਂਗਲ ਹੀ ਕਰਨੀ ਹੈ ਅਤੇ ਜੰਗ ਦੇ ਕੁੱਤਿਆਂ ਨੂੰ ਉਨ੍ਹਾਂ 'ਤੇ ਖੁੱਲ੍ਹੇ ਛੱਡ ਦੇਣਾ ਹੈ। ਇਨ੍ਹਾਂ ਦੇ ਕਈ ਦੁਸ਼ਮਣ ਹਨ: ਪਾਕਿਸਤਾਨੀ ਜਹਾਦੀ, ਕਸ਼ਮੀਰੀ ਦਹਿਸ਼ਤਗਰਦ, ਬੰਗਲਾਦੇਸ਼ੀ 'ਘੁਸਪੈਠੀਏ' ਅਤੇ ਮੁਲਕ ਦੇ ਕਰੀਬ 20 ਕਰੋੜ ਮੁਸਲਮਾਨ, ਜਿਨ੍ਹਾਂ 'ਤੇ ਕਿਸੇ ਵੀ ਵਕਤ ਪਾਕਿਸਤਾਨ ਹਮਾਇਤੀ ਜਾਂ ਦੇਸ਼ਧ੍ਰੋਹੀ ਗੱਦਾਰ ਹੋਣ ਦਾ ਦੋਸ਼ ਲਾਇਆ ਜਾ ਸਕਦਾ ਹੈ। ਇਨ੍ਹਾਂ ਵਿਚੋਂ ਹਰ 'ਕਾਰਡ' ਨੂੰ ਦੂਜੇ ਦਾ ਬੰਦੀ ਬਣਾ ਦਿੱਤਾ ਗਿਆ ਹੈ ਤੇ ਅਕਸਰ ਉਨ੍ਹਾਂ ਨੂੰ ਇਕ ਦੂਜੇ ਦਾ ਬਦਲ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਨ੍ਹਾਂ ਦਾ ਆਪਸ ਵਿਚ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਇਹ ਲੋਕ ਆਪਣੀਆਂ ਲੋੜਾਂ, ਇੱਛਾਵਾਂ, ਵਿਚਾਰਧਾਰਾਵਾਂ ਅਤੇ ਹਾਲਾਤ ਮੁਤਾਬਿਕ ਇਕ ਦੂਜੇ ਨਾਲ ਦੁਸ਼ਮਣੀ ਹੀ ਨਹੀਂ ਰੱਖਦੇ ਸਗੋਂ ਇਕ ਦੂਜੇ ਦੀ ਹੋਂਦ ਲਈ ਵੀ ਖਤਰਾ ਬਣ ਜਾਂਦੇ ਹਨ; ਪਰ ਇਹ ਸਾਰੇ ਕਿਉਂਕਿ ਮੁਸਲਮਾਨ ਹਨ ਇਸ ਲਈ ਇਨ੍ਹਾਂ ਸਾਰਿਆਂ ਨੂੰ ਇਕ ਦੂਜੇ ਦੀ ਕਰਨੀ ਦਾ ਨਤੀਜਾ ਭੁਗਤਣਾ ਪੈਂਦਾ ਹੈ।

ਪਿਛਲੀਆਂ ਦੋ ਚੋਣਾਂ ਵਿਚ ਭਾਜਪਾ ਨੇ ਦਿਖਾ ਦਿੱਤਾ ਹੈ ਕਿ ਉਹ ਮੁਸਲਿਮ ਵੋਟਾਂ ਤੋਂ ਬਿਨਾ ਹੀ ਸੰਸਦ ਵਿਚ ਭਾਰੀ ਬਹੁਮਤ ਲੈ ਸਕਦੀ ਹੈ। ਨਤੀਜੇ ਵਜੋਂ ਭਾਰਤੀ ਮੁਸਲਮਾਨਾਂ ਨੂੰ ਕਾਰਗਰ ਢੰਗ ਨਾਲ ਵੋਟ ਦੀ ਤਾਕਤ ਤੋਂ ਵਾਂਝੇ ਕਰ ਦਿੱਤਾ ਗਿਆ ਹੈ ਅਤੇ ਇਹ ਲੋਕ ਸਿਆਸੀ ਨੁਮਾਇੰਦਗੀ ਤੋਂ ਵਾਂਝਾ ਸਮੂਹ ਬਣਦੇ ਜਾ ਰਹੇ ਹਨ, ਜਿਨ੍ਹਾਂ ਦੀ ਕੋਈ ਆਵਾਜ਼ ਨਹੀਂ। ਵੱਖ-ਵੱਖ ਤਰ੍ਹਾਂ ਨਾਲ ਕੀਤੇ ਜਾਣ ਵਾਲੇ ਅਣਐਲਾਨੇ ਸਮਾਜਕ ਬਾਈਕਾਟ ਦੀ ਹਾਲਤ ਵਿਚ ਇਸ ਭਾਈਚਾਰੇ ਦਾ ਪੱਧਰ ਹੋਰ ਹੇਠਾਂ ਡਿੱਗਦਾ ਜਾ ਰਿਹਾ ਹੈ ਅਤੇ ਉਹ ਸੁਰੱਖਿਆ ਲਈ ਖੁੱਡੇਨੁਮਾ ਮੁਹੱਲਿਆਂ 'ਚ ਸਿਮਟਦੇ ਜਾ ਰਹੇ ਹਨ। ਮੁੱਖਧਾਰਾ ਮੀਡੀਆ 'ਚ ਵੀ ਭਾਰਤੀ ਮੁਸਲਮਾਨਾਂ ਲਈ ਕੋਈ ਥਾਂ ਨਹੀਂ। ਹੁਣ ਅਸੀਂ ਸਿਰਫ ਉਨ੍ਹਾਂ ਮੁਸਲਮਾਨਾਂ ਦੀ ਆਵਾਜ਼ ਟੀ.ਵੀ. 'ਤੇ ਸੁਣ ਸਕਦੇ ਹਾਂ, ਜਿਨ੍ਹਾਂ ਨੂੰ ਨਿਊਜ਼ ਪ੍ਰੋਗਰਾਮਾਂ ਵਿਚ ਪੁਰਾਤਨ ਇਸਲਾਮਿਕ ਮੌਲਾਨਾ ਦੇ ਤੌਰ 'ਤੇ ਸੱਦਿਆ ਜਾਂਦਾ ਹੈ, ਜੋ ਪਹਿਲਾਂ ਹੀ ਖਰਾਬ ਹਾਲਾਤ ਨੂੰ ਹੋਰ ਖਰਾਬ ਬਣਾਉਂਦੇ ਹਨ।

ਇਸ ਤੋਂ ਇਲਾਵਾ ਭਾਰਤ ਵਿਚ ਮੁਸਲਿਮ ਭਾਈਚਾਰੇ ਦੀ ਇਕੋ-ਇਕ ਪ੍ਰਵਾਨਤ ਭਾਸ਼ਾ ਇਹ ਹੈ ਕਿ ਉਹ ਵਾਰ-ਵਾਰ ਜਨਤਕ ਤੌਰ 'ਤੇ ਮੁਲਕ ਦੇ ਝੰਡੇ ਪ੍ਰਤੀ ਆਪਣੀ ਵਫਾਦਾਰੀ ਸਾਬਤ ਕਰਦੇ ਰਹਿਣ। ਕਸ਼ਮੀਰੀਆਂ ਨੂੰ ਉਨ੍ਹਾਂ ਦੇ ਇਤਿਹਾਸ ਅਤੇ ਉਸ ਤੋਂ ਵੀ ਵੱਧ ਉਨ੍ਹਾਂ ਦੇ ਭੂਗੋਲ ਲਈ ਸਜ਼ਾ ਦਿੱਤੀ ਜਾ ਰਹੀ ਹੈ, ਪਰ ਉਨ੍ਹਾਂ ਕੋਲ ਜ਼ਿੰਦਾ ਰਹਿਣ ਦੀ ਵਜ੍ਹਾ ਦੇ ਤੌਰ 'ਤੇ ਆਜ਼ਾਦੀ ਦਾ ਸੁਪਨਾ ਹੈ ਲੇਕਿਨ ਭਾਰਤੀ ਮੁਸਲਮਾਨਾਂ ਨੂੰ ਤਾਂ ਇਸ ਡੁੱਬਦੇ ਜਹਾਜ 'ਤੇ ਹੀ ਬੈਠੇ ਰਹਿਣਾ ਪੈਣਾ ਹੈ ਅਤੇ ਇਸ ਦੀਆਂ ਮੋਰੀਆਂ ਨੂੰ ਮੋਂਦਾ ਲਾਉਣ ਵਿਚ ਮਦਦ ਵੀ ਕਰਨੀ ਪੈਣੀ ਹੈ। (ਦੇਸ਼ਧ੍ਰੋਹੀ ਖਲਨਾਇਕਾਂ ਦੀ ਇਕ ਹੋਰ ਸ਼੍ਰੇਣੀ ਹੈ, ਜਿਸ ਵਿਚ ਮਨੁੱਖੀ ਅਧਿਕਾਰ ਕਾਰਕੁਨ, ਵਕੀਲ, ਵਿਦਿਆਰਥੀ, ਅਧਿਆਪਕ ਅਤੇ 'ਸ਼ਹਿਰੀ ਮਾਓਵਾਦੀ' ਆਉਂਦੇ ਹਨ, ਜਿਨ੍ਹਾਂ ਨੂੰ ਬਦਨਾਮ ਕੀਤਾ ਗਿਆ, ਜੇਲ੍ਹਾਂ ਵਿਚ ਡੱਕਿਆ ਗਿਆ ਅਤੇ ਕਾਨੂੰਨੀ ਕੇਸਾਂ ਵਿਚ ਫਸਾ ਦਿੱਤਾ ਗਿਆ। ਇਜ਼ਰਾਈਲ ਦੇ ਜਾਸੂਸੀ ਸਾਫਟਵੇਅਰ ਨਾਲ ਇਨ੍ਹਾਂ ਦੀ ਜਾਸੂਸੀ ਕੀਤੀ ਗਈ ਅਤੇ ਕਈ ਲੋਕਾਂ ਦੀ ਹੱਤਿਆ ਕਰ ਦਿੱਤੀ ਗਈ)।



ਕਸ਼ਮੀਰ ਵਿਚ ਪਾਬੰਦੀਆਂ ਖਿਲਾਫ ਵਿਖਾਵਾ ਕਰ ਰਹੇ ਕਸ਼ਮੀਰੀ।

ਤਬਰੇਜ਼ ਅੰਸਾਰੀ ਦਾ ਹਜੂਮੀ ਕਤਲ ਇਹ ਸਮਝਣ ਲਈ ਕਾਫੀ ਹੈ ਕਿ ਜਹਾਜ ਕਿੰਨਾ ਬੁਰੀ ਤਰ੍ਹਾਂ ਟੁੱਟ-ਭੱਜ ਗਿਆ ਹੈ ਅਤੇ ਇਸ ਨੂੰ ਅੰਦਰ ਤਕ ਕਿੰਨਾ ਜੰਗਾਲ ਲੱਗ ਚੁਕਾ ਹੈ। ਇਥੇ ਅਮਰੀਕਾ ਵਿਚ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਹਜੂਮੀ ਕਤਲ ਦਾ ਮਤਲਬ ਹੈ, ਇਕ ਰਸਮੀ ਤਰੀਕੇ ਨਾਲ ਕਤਲ ਦੀ ਨੁਮਾਇਸ਼, ਜਿਸ ਵਿਚ ਕਿਸੇ ਆਦਮੀ ਜਾਂ ਔਰਤ ਨੂੰ ਇਸ ਲਈ ਮਾਰ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦੇ ਭਾਈਚਾਰੇ ਨੂੰ ਦੱਸਿਆ ਜਾ ਸਕੇ, ਉਨ੍ਹਾਂ ਦੀ ਜਾਨ ਹਜੂਮ ਦੇ ਰਹਿਮੋ-ਕਰਮ 'ਤੇ ਨਿਰਭਰ ਹੈ। ਪੁਲਿਸ, ਕਾਨੂੰਨ, ਸਰਕਾਰ ਅਤੇ ਇਥੋਂ ਤਕ ਕਿ ਐਸੇ ਲੋਕ ਵੀ, ਜੋ ਇਕ ਮੱਖੀ ਤੱਕ ਨਹੀਂ ਮਾਰ ਸਕਦੇ, ਤੇ ਜੋ ਕੰਮ 'ਤੇ ਜਾਂਦੇ ਹਨ ਅਤੇ ਆਪਣੇ ਟੱਬਰ ਪਾਲਦੇ ਹਨ, ਉਹ ਵੀ ਹਜੂਮ ਦੇ ਸਹਿਯੋਗੀ ਹੁੰਦੇ ਹਨ।



***ਕਸ਼ਮੀਰ ਵਿਚ ਪੈਲੇਟ ਗੰਨ ਨਾਲ ਜ਼ਖਮੀ ਹੋਏ ਨੌਜਵਾਨ ਦੇ ਸਰੀਰ ਵਿਚੋਂ ਸ਼ੱਰੇ ਕੱਢਣ ਦਾ ਮਾਰਮਿਕ ਦ੍ਰਿਸ਼।***

ਤਬਰੇਜ਼ ਦਾ ਹਜੂਮੀ ਕਤਲ ਇਸ ਸਾਲ ਜੂਨ 'ਚ ਹੋਇਆ। ਉਹ ਲੜਕਾ ਅਨਾਥ ਸੀ ਅਤੇ ਉਸ ਦੀ ਪਰਵਰਿਸ਼ ਝਾਰਖੰਡ ਵਿਚ ਉਸ ਦੇ ਚਾਚਾ-ਚਾਚੀ ਦੇ ਘਰ ਹੋਈ ਸੀ। ਚੜ੍ਹਦੀ ਉਮਰੇ ਉਹ ਪੂਨੇ ਚਲਾ ਗਿਆ ਅਤੇ ਵੈਲਡਰ ਦੀ ਨੌਕਰੀ ਕਰ ਲਈ। 22 ਸਾਲ ਦੀ ਉਮਰੇ ਵਿਆਹ ਕਰਾਉਣ ਲਈ ਘਰ ਵਾਪਸ ਆਇਆ। 18 ਸਾਲਾਂ ਦੀ ਸ਼ਾਇਸਤਾ ਨਾਲ ਵਿਆਹੇ ਜਾਣ ਤੋਂ ਅਗਲੇ ਦਿਨ ਹੀ ਹਜੂਮ ਨੇ ਤਬਰੇਜ਼ ਨੂੰ ਘੇਰ ਲਿਆ, ਬਿਜਲੀ ਦੇ ਖੰਭੇ ਨਾਲ ਬੰਨ੍ਹ ਕੇ ਉਸ ਨੂੰ ਕਈ ਘੰਟੇ ਕੁੱਟਿਆ ਅਤੇ ਉਸ ਨੂੰ ਨਵਾਂ ਜੰਗੀ ਨਾਅਰਾ 'ਜੈ ਸ੍ਰੀਰਾਮ' ਲਾਉਣ ਲਈ ਮਜਬੂਰ ਕੀਤਾ। ਪੁਲਿਸ ਨੇ ਦੂਜੇ ਦਿਨ ਉਸ ਨੂੰ ਹਿਰਾਸਤ ਵਿਚ ਲੈ ਲਿਆ, ਪਰ ਪਰਿਵਾਰ ਅਤੇ ਨਵੀਂ ਵਿਆਹੀ ਬਹੂ ਨੂੰ ਉਸ ਨੂੰ ਹਸਪਤਾਲ ਲਿਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਪੁਲਿਸ ਨੇ ਉਸ 'ਤੇ ਚੋਰੀ ਦਾ ਦੋਸ਼ ਲਾ ਕੇ ਮੈਜਿਸਟਰੇਟ ਦੇ ਪੇਸ਼ ਕੀਤਾ। ਮੈਜਿਸਟਰੇਟ ਨੇ ਉਸ ਨੂੰ ਹਸਪਤਾਲ ਨਹੀਂ, ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ, ਜਿੱਥੇ ਚਾਰ ਦਿਨ ਪਿਛੋਂ ਉਸ ਦੀ ਮੌਤ ਹੋ ਗਈ।

ਕੌਮੀ ਜੁਰਮ ਰਿਕਾਰਡ ਬਿਊਰੋ ਦੀ ਤਾਜ਼ਾ ਰਿਪੋਰਟ ਵਿਚ ਬਹੁਤ ਹੀ ਚਲਾਕੀ ਨਾਲ ਹਜੂਮੀ ਕਤਲਾਂ ਦੇ ਅੰਕੜੇ ਗਾਇਬ ਕਰ ਦਿੱਤੇ ਗਏ। ਨਿਊਜ਼ ਪੋਰਟਲ 'ਦਿ ਕੁਇੰਟ' ਅਨੁਸਾਰ 2015 ਤੋਂ ਲੈ ਕੇ ਹੁਣ ਤਕ ਹਜੂਮੀ ਕਤਲਾਂ ਨਾਲ 113 ਲੋਕਾਂ ਦੀ ਮੌਤ ਹੋਈ ਹੈ। ਹਜੂਮੀ ਕਤਲ ਕਰਨ ਵਾਲੇ ਤੇ ਸਮੂਹਕ ਕਤਲੇਆਮ ਕਰਨ ਵਾਲੇ ਘਿਨਾਉਣੇ ਜੁਰਮਾਂ ਵਿਚ ਸ਼ਾਮਲ ਲੋਕਾਂ ਨੂੰ ਸਰਕਾਰੀ ਅਹੁਦਿਆਂ ਨਾਲ ਨਿਵਾਜਿਆ ਗਿਆ ਅਤੇ ਮੋਦੀ ਦੇ ਵਜ਼ੀਰਾਂ ਨੇ ਉਨ੍ਹਾਂ ਦਾ ਸਨਮਾਨ ਕੀਤਾ। ਮੋਦੀ ਜੋ ਟਵਿੱਟਰ 'ਤੇ ਹਮੇਸ਼ਾ ਕੁਝ ਨਾ ਕੁਝ ਟਵੀਟ ਕਰਦਾ ਰਹਿੰਦਾ ਹੈ, ਹਮੇਸ਼ਾ ਹਮਦਰਦੀ ਅਤੇ ਜਨਮ ਦਿਨ ਦੀਆਂ ਮੁਬਾਰਕਾਂ ਦੇਣ ਲਈ ਤਤਪਰ ਰਹਿੰਦਾ ਹੈ, ਜਦੋਂ ਵੀ ਹਜੂਮੀ ਕਤਲ ਹੁੰਦਾ ਹੈ, ਉਦੋਂ ਹਮੇਸ਼ਾ ਹੀ ਖਾਮੋਸ਼ੀ ਧਾਰ ਲੈਂਦਾ ਹੈ। ਸ਼ਾਇਦ ਇੰਞ ਸੋਚਣਾ ਹੀ ਤਰਕਹੀਣ ਹੈ ਕਿ ਜਦ ਵੀ ਕੋਈ ਕੁੱਤਾ ਕਿਸੇ ਦੀ ਗੱਡੀ ਥੱਲੇ ਆ ਜਾਵੇ ਤਾਂ ਪ੍ਰਧਾਨ ਮੰਤਰੀ ਉਸ 'ਤੇ ਟਿੱਪਣੀ ਕਰੇ।

ਆਰ. ਐਸ. ਐਸ. ਮੁਖੀ ਮੋਹਨ ਭਾਗਵਤ ਨੇ ਦਾਅਵਾ ਕੀਤਾ ਹੈ ਕਿ ਹਜੂਮੀ ਕਤਲ ਪੱਛਮੀ ਧਾਰਨਾ ਹੈ, ਜੋ ਬਾਈਬਲ ਨਾਲ ਆਈ ਹੈ ਅਤੇ ਹਿੰਦੂਆਂ ਵਿਚ ਐਸੀ ਕੋਈ ਪਰੰਪਰਾ ਨਹੀਂ ਹੈ। ਭਾਗਵਤ ਨੇ ਕਿਹਾ ਹੈ ਕਿ "ਹਜੂਮੀ ਕਤਲਾਂ ਦੀ ਮਹਾਂਮਾਰੀ" ਦੀ ਗੱਲ ਕਰਨਾ ਭਾਰਤ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ।

ਅਸੀਂ ਜਾਣਦੇ ਹਾਂ ਕਿ ਯੂਰਪ 'ਚ ਉਦੋਂ ਕੀ ਹੋਇਆ ਸੀ, ਜਦ ਅਜਿਹੀ ਵਿਚਾਰਧਾਰਾ ਵਾਲੀ ਇਕ ਜਥੇਬੰਦੀ ਨੇ ਪਹਿਲਾਂ ਖੁਦ ਨੂੰ ਮੁਲਕ 'ਤੇ ਥੋਪਿਆ ਅਤੇ ਪਿਛੋਂ ਉਸ ਦਾ ਵਿਸਤਾਰ ਕਰਨਾ ਚਾਹਿਆ। ਅਸੀਂ ਜਾਣਦੇ ਹਾਂ ਕਿ ਇਸ ਪਿਛੋਂ ਜੋ ਵਾਪਰਿਆ, ਉਹ ਇਸ ਕਰਕੇ ਹੋਇਆ, ਦੇਖਣ-ਸੁਣਨ ਵਾਲਿਆਂ ਦੀ ਸ਼ੁਰੂਆਤੀ ਚਿਤਾਵਨੀ ਨੂੰ ਕੁਲ ਆਲਮ ਨੇ ਨਜ਼ਰਅੰਦਾਜ਼ ਕਰ ਦਿੱਤਾ ਸੀ। ਹੋ ਸਕਦਾ ਹੈ, ਇਹ ਚਿਤਾਵਨੀਆਂ ਉਸ ਮਰਦਾਵੀਂ, ਪੁਰਾਤਨ ਅੰਗਰੇਜ਼ ਨਸਲ ਦੀ ਦੁਨੀਆਂ ਲਈ ਸੰਤੁਲਿਤ ਜਾਂ ਮਰਯਾਦਾਪੂਰਨ ਨਾ ਰਹੀਆਂ ਹੋਣ, ਜੋ ਮੁਸੀਬਤਾਂ ਜਾਂ ਭਾਵਨਾਵਾਂ ਦੇ ਖੁੱਲ੍ਹੇ ਇਜ਼ਹਾਰ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਦੀ ਹੈ।

ਹਾਲਾਂਕਿ ਇਕ ਖਾਸ ਤਰ੍ਹਾਂ ਦੀ ਭੜਕਾਊ ਭਾਵਨਾ ਉਸ ਨੂੰ ਕਬੂਲ ਹੈ। ਇਹ ਭਾਵਨਾ ਕੁਝ ਹਫਤੇ ਪਹਿਲਾਂ ਅਮਰੀਕਾ ਵਿਚ ਖੂਬ ਨਜ਼ਰ ਆਈ ਸੀ। 22 ਸਤੰਬਰ 2019 ਨੂੰ ਅਮਰੀਕਾ ਵਿਚ, ਇਹ ਨਰਮਦਾ ਡੈਮ ਲਾਗੇ ਮੋਦੀ ਦੇ ਜਨਮ ਦਿਨ ਦੀ ਪਾਰਟੀ ਤੋਂ ਚਾਰ-ਪੰਜ ਦਿਨ ਪਿਛੋਂ ਦੀ ਗੱਲ ਹੈ, ਹਜ਼ਾਰਾਂ ਭਾਰਤੀ-ਅਮਰੀਕਨ ਹਿਊਸਟਨ ਦੇ ਐਨ. ਆਰ. ਜੀ. ਸਟੇਡੀਅਮ ਵਿਚ ਸਮਾਗਮ 'ਹਾਓਡੀ ਮੋਦੀ!' ਵਿਚ ਸ਼ਾਮਲ ਹੋਣ ਆਏ ਸਨ। ਹੁਣ ਇਹ ਪ੍ਰੋਗਰਾਮ ਸ਼ਹਿਰੀ ਦੰਦਕਥਾ ਦਾ ਵਿਸ਼ਾ ਬਣ ਚੁਕਾ ਹੈ। ਰਾਸ਼ਟਰਪਤੀ ਡੋਨਲਡ ਟਰੰਪ ਨੇ ਬੜੀ ਦਰਿਆਦਿਲੀ ਦਿਖਾਉਂਦਿਆਂ ਆਪਣੇ ਹੀ ਮੁਲਕ 'ਚ ਆਪਣੀ ਹੀ ਜਨਤਾ ਮੂਹਰੇ ਅਮਰੀਕਾ ਦੇ ਦੌਰੇ 'ਤੇ ਆਏ ਭਾਰਤੀ ਪ੍ਰਧਾਨ ਮੰਤਰੀ ਵਲੋਂ ਖੁਦ ਨੂੰ ਖਾਸ ਮਹਿਮਾਨ ਕਹੇ ਜਾਣ ਦੀ ਇਜਾਜ਼ਤ ਦਿੱਤੀ। ਅਮਰੀਕੀ ਕਾਂਗਰਸ ਦੇ ਕਈ ਮੈਂਬਰਾਂ ਨੇ ਇਸ ਮੌਕੇ 'ਤੇ ਭਾਸ਼ਣ ਦਿੱਤੇ, ਬਹੁਤ ਹੀ ਖਿੜੀਆਂ ਵਾਛਾਂ ਨਾਲ ਤੇ ਖੁਸ਼ਾਮਦੀ ਅੰਦਾਜ਼ ਵਿਚ। ਨਗਾਰਿਆਂ



ਦੀ ਗੂੰਜ ਵਿਚ ਖੁਸ਼ੀ ਨਾਲ ਬਾਘੀਆਂ ਪਾਉਂਦੇ ਅਤੇ ਤਾਰੀਫਾਂ ਨਾਲ ਨੱਕੋਨੱਕ ਭਰੇ ਹਜੂਮ ਨੇ 'ਮੋਦੀ, ਮੋਦੀ' ਦੇ ਨਾਅਰੇ ਲਾਏ। ਸਟੇਡੀਅਮ ਤਾਂ ਜਿਵੇਂ ਜਨੂੰਨੀ ਸ਼ੋਰ ਨਾਲ ਫਟਣ ਵਾਲਾ ਹੋਇਆ ਪਿਆ ਸੀ। ਭਾਰਤ ਵਿਚ ਉਸ ਸ਼ੋਰ-ਸ਼ਰਾਬੇ ਨੂੰ ਟੀ.ਵੀ. ਚੈਨਲਾਂ ਨੇ ਕਾਰਪੈਟ ਕਵਰੇਜ਼ ਜ਼ਰੀਏ ਹਜ਼ਾਰ ਗੁਣਾਂ ਵਧਾ-ਚੜ੍ਹਾ ਕੇ ਦਿਖਾਇਆ। ਦੇਖਦੇ ਹੀ ਦੇਖਦੇ 'ਹਾਓਡੀ' ਹਿੰਦੀ ਸ਼ਬਦ ਬਣ ਗਿਆ। ਇਸ ਦੌਰਾਨ ਸਟੇਡੀਅਮ ਦੇ ਬਾਹਰ ਵਿਰੋਧ ਕਰ ਰਹੇ ਹਜ਼ਾਰਾਂ ਲੋਕਾਂ ਨੂੰ ਇਨ੍ਹਾਂ ਨਿਊਜ਼ ਸੰਸਥਾਵਾਂ ਨੇ ਨਜ਼ਰਅੰਦਾਜ਼ ਕਰ ਦਿੱਤਾ।

ਭਾਰਤ ਵਿਚ ਸਾਡੇ ਵਿਚੋਂ ਕਈ ਲੋਕ ਥਰ-ਥਰ ਕੰਬਦੇ ਕਦੇ 'ਹਾਓਡੀ ਮੋਦੀ' ਦੇਖ ਰਹੇ ਸਨ ਤੇ ਕਦੇ ਨਾਜ਼ੀ ਰੈਲੀ 'ਤੇ ਬਣੀ ਲਾਓਰਾ ਪੋਇਟ੍ਰਾਸ ਦੀ 1939 ਦੀ ਛੋਟੀ ਦਸਤਾਵੇਜ਼ੀ ਫਿਲਮ, ਜਿਸ ਵਿਚ ਸਾਰਾ ਮੈਡੀਸਨ ਸਕੁਏਅਰ ਗਾਰਡਨ ਖਚਾਖਚ ਭਰਿਆ ਹੋਇਆ ਸੀ।

ਹਿਊਸਟਨ ਸਟੇਡੀਅਮ ਵਿਚ 60 ਹਜ਼ਾਰ ਲੋਕਾਂ ਦਾ ਹੱਲਾ-ਗੁੱਲਾ ਵੀ ਕੰਨ ਪਾੜਵੇਂ ਕਸ਼ਮੀਰ ਦੇ ਸੰਨਾਟੇ ਨੂੰ ਦਬਾ ਨਾ ਸਕਿਆ। ਉਸ ਦਿਨ, 22 ਸਤੰਬਰ ਨੂੰ ਜਦ ਇਥੇ ਪ੍ਰੋਗਰਾਮ ਹੋ ਰਿਹਾ ਸੀ, ਘਾਟੀ ਵਿਚ ਕਰਫਿਊ ਅਤੇ ਸੰਚਾਰ ਸੇਵਾਵਾਂ 'ਤੇ ਲੱਗੀ ਰੋਕ ਦੇ 48 ਦਿਨ ਪੂਰੇ ਹੋ ਚੁਕੇ ਸਨ।

ਮੋਦੀ ਨੇ ਇਕ ਵਾਰ ਫਿਰ ਆਪਣੇ ਵਿਸ਼ੇਸ਼ ਵਹਿਸ਼ੀਪਣ ਦੀ ਐਸੀ ਨੁਮਾਇਸ਼ ਲਾਈ, ਜੋ ਆਧੁਨਿਕ ਯੁਗ ਵਿਚ ਕਿਸੇ ਨੇ ਦੇਖੀ-ਸੁਣੀ ਨਹੀਂ ਹੋਵੇਗੀ; ਤੇ ਇਕ ਵਾਰ ਫਿਰ ਇਸ ਨੁਮਾਇਸ਼ ਨੇ ਭਗਤਾਂ 'ਚ ਉਸ ਨੂੰ ਹੋਰ ਵਧੇਰੇ ਪ੍ਰੇਮ ਦਾ ਪਾਤਰ ਬਣਾ ਦਿੱਤਾ। 6 ਅਗਸਤ ਨੂੰ ਜਦ 'ਜੰਮੂ ਕਸ਼ਮੀਰ ਪੁਨਰਗਠਨ ਐਕਟ' ਸੰਸਦ ਵਿਚ ਪਾਸ ਹੋਇਆ ਤਾਂ ਹਰ ਤਰ੍ਹਾਂ ਦੀਆਂ ਸਿਆਸੀ ਪਾਰਟੀਆਂ ਨੇ ਇਸ ਦਾ ਜਸ਼ਨ ਮਨਾਇਆ। ਦਫਤਰਾਂ ਵਿਚ ਮਿਠਾਈਆਂ ਵੰਡੀਆਂ ਗਈਆਂ ਅਤੇ ਸੜਕਾਂ 'ਤੇ ਭੰਗੜੇ ਪਾਏ। ਇਸ ਦਿਨ ਨੂੰ ਜੇਤੂ 'ਬਸਤੀਵਾਦੀ ਕਬਜ਼ਾ, ਹਿੰਦੂ ਰਾਸ਼ਟਰ ਦਾ ਇਕ ਜੇਤੂ ਨਾਅਰਾ' ਉਤਸ਼ਾਹ ਨਾਲ ਮਨਾਇਆ ਗਿਆ। ਇਕ ਵਾਰ ਫਿਰ ਜਿੱਤਣ ਵਾਲਿਆਂ ਦੀਆਂ ਲਲਚਾਈਆਂ ਨਜ਼ਰਾਂ ਜਿੱਤ ਦੀ ਮਨੁੱਖੀ ਟਰਾਫੀ 'ਜ਼ਮੀਨ ਤੇ ਔਰਤਾਂ' 'ਤੇ ਟਿਕ ਗਈਆਂ। ਭਾਜਪਾ ਦੇ ਸੀਨੀਅਰ ਆਗੂਆਂ ਦੇ ਬਿਆਨ ਅਤੇ ਦੇਸ਼ਭਗਤੀ ਦੇ ਪੌਪ ਵੀਡੀਓ, ਜੋ ਕਰੋੜਾਂ ਲੋਕਾਂ ਨੇ ਦੇਖੇ, ਇਸ ਘ੍ਰਿਣਤ ਕਾਰੇ ਨੂੰ ਜਾਇਜ਼ ਠਹਿਰਾ ਰਹੇ ਸਨ। ਗੂਗਲ ਰੁਝਾਨ ਤੋਂ ਪਤਾ ਲੱਗਦਾ ਹੈ ਕਿ 'ਕਸ਼ਮੀਰੀ ਲੜਕੀ ਨਾਲ ਵਿਆਹ' ਅਤੇ 'ਕਸ਼ਮੀਰ ਵਿਚ ਜ਼ਮੀਨ ਖਰੀਦਣ' ਨੂੰ ਸਭ ਤੋਂ ਵੱਧ ਸਰਚ ਕੀਤਾ ਗਿਆ।


ਇਹ ਸਿਰਫ ਗੂਗਲ 'ਤੇ ਭੱਦੀ ਖੋਜ ਤਕ ਸੀਮਤ ਨਹੀਂ ਰਿਹਾ। ਕਸ਼ਮੀਰ ਦੀ ਘੇਰਾਬੰਦੀ ਪਿਛੋਂ ਕੁਝ ਦਿਨਾਂ ਵਿਚ ਹੀ 'ਵਣ ਸਲਾਹਕਾਰ ਕਮੇਟੀ' ਨੇ ਜੰਗਲ ਦੇ ਹੋਰ ਇਸਤੇਮਾਲ ਲਈ 125 ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇ ਦਿੱਤੀ।

ਖੁੱਲ੍ਹੀ ਜੇਲ੍ਹਬੰਦੀ ਦੇ ਮੁੱਢਲੇ ਦਿਨਾਂ ਤੋਂ ਲੈ ਕੇ ਬਹੁਤ ਹੀ ਘੱਟ ਖਬਰ ਬਾਹਰ ਆਈ। ਭਾਰਤੀ ਮੀਡੀਆ ਨੇ ਸਾਨੂੰ ਉਹੀ ਦੱਸਿਆ, ਜੋ ਸਰਕਾਰ ਸਾਨੂੰ ਦੱਸਣਾ ਚਾਹੁੰਦੀ ਸੀ। ਕਸ਼ਮੀਰੀ ਅਖਬਾਰਾਂ 'ਤੇ ਮੁਕੰਮਲ ਸੈਂਸਰਸ਼ਿਪ ਲਾ ਦਿੱਤੀ ਗਈ। ਇਹ ਅਖਬਾਰ ਰੱਦ ਹੋ ਚੁਕੇ ਵਿਆਹਾਂ, ਪੌਣਪਾਣੀ ਵਿਚ ਬਦਲਾਓ ਦੇ ਅਸਰ, ਝੀਲਾਂ ਅਤੇ ਜੰਗਲੀ ਜੀਵਾਂ ਦੀਆਂ ਰੱਖਾਂ, ਸ਼ੂਗਰ ਦੀ ਬਿਮਾਰੀ ਦੇ ਮਰੀਜ਼ਾਂ ਨੂੰ ਜਿਉਣ ਦੇ ਨੁਸਖੇ ਅਤੇ ਪਹਿਲੇ ਪੰਨਿਆਂ ਵਿਚ ਉਨ੍ਹਾਂ ਸਰਕਾਰੀ ਇਸ਼ਤਿਹਾਰਾਂ ਨਾਲ ਭਰੇ ਹੋਏ ਸਨ, ਜੋ ਦੱਸਦੇ ਸਨ ਕਿ ਕਸ਼ਮੀਰ ਦੇ ਨਵੇਂ, ਘਟੇ ਹੋਏ ਸੰਵਿਧਾਨਕ ਦਰਜੇ ਨਾਲ ਕਸ਼ਮੀਰੀਆਂ ਨੂੰ ਕੀ ਕੀ ਲਾਭ ਹੋਣਗੇ। ਇਨ੍ਹਾਂ 'ਲਾਭਾਂ' ਵਿਚ ਸੰਭਵ ਤੌਰ 'ਤੇ ਵੱਡੇ ਡੈਮਾਂ ਦਾ ਨਿਰਮਾਣ ਵੀ ਸ਼ਾਮਲ ਹੈ, ਜੋ ਕਸ਼ਮੀਰ ਵਿਚ ਵਗਣ ਵਾਲੀਆਂ ਨਦੀਆਂ ਦੇ

***(ਬਾਕੀ ਅਗਲੇ ਸਫੇ 'ਤੇ)***

# ਮਨਮੋਹਨ ਸਿੰਘ ਦਾ ਖੋਖਲਾ ਖੁਲਾਸਾ ਅਤੇ ਦੰਗਾਕਾਰੀ ਦਾ ਕਿੱਸਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455



*ਡਾ. ਮਨਮੋਹਨ ਸਿੰਘ ਅਤੇ ਪੀ. ਵੀ. ਨਰਸਿਮਹਾ ਰਾਓ ਦੀ ਇਕ ਪੁਰਾਣੀ ਤਸਵੀਰ*

ਮੈਂ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਵਿਚੋਂ ਮੰਨ ਲੈਂਦਾ ਹਾਂ, ਜੋ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਇੱਜਤ ਕਰਦੇ ਸਨ ਅਤੇ ਕਰਦੇ ਵੀ ਰਹਿਣਾ ਚਾਹੁੰਦੇ ਹਨ। ਫਿਰ ਵੀ ਇਸ ਹਫਤੇ ਉਨ੍ਹਾਂ ਨੇ ਜਿੱਦਾਂ ਇੱਕ ਖੁਲਾਸਾ ਕਰਨ ਦਾ ਯਤਨ ਕੀਤਾ ਹੈ, ਉਸ ਨਾਲ ਮੇਰੀ ਰਾਏ ਵਿਚ ਉਨ੍ਹਾਂ ਦਾ ਪ੍ਰਭਾਵ ਚੰਗਾ ਨਹੀਂ ਬਣਿਆ। ਉਹ ਇੱਕ ਸਮਾਗਮ ਵਿਚ ਬੋਲ ਰਹੇ ਸਨ, ਜੋ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੀ ਯਾਦ ਵਿਚ ਕੀਤਾ ਗਿਆ ਸੀ ਤੇ ਦੋਹਾਂ ਦੀ ਨੇੜਤਾ ਵੀ ਸਭ ਨੂੰ ਪਤਾ ਸੀ। ਡਾ. ਮਨਮੋਹਨ ਸਿੰਘ ਨੇ ਉਥੇ ਇਹ ਗੱਲ ਯਾਦ ਵੀ ਕਰਾਈ ਕਿ 'ਗੁਜਰਾਲ ਜੀ ਅਤੇ ਮੈਂ ਦੋਵੇਂ ਪਾਕਿਸਤਾਨੀ ਖੇਤਰ ਤੋਂ ਆਏ ਸ਼ਰਨਾਰਥੀ ਸਾਂ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਸਾਂ।' ਇਹ ਗੱਲ ਕਹਿਣ ਵੇਲੇ ਉਨ੍ਹਾਂ ਨੇ ਇਹ ਮੁੱਦਾ ਉਛਾਲ ਦਿੱਤਾ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਦਿੱਲੀ ਵਿਚ ਹੋਏ ਕਤਲੇਆਮ ਵੇਲੇ ਇੰਦਰ ਕੁਮਾਰ ਗੁਜਰਾਲ ਨੇ ਉਦੋਂ ਗ੍ਰਿਹਿ ਮੰਤਰੀ ਪੀ. ਵੀ. ਨਰਸਿਮਹਾ ਰਾਓ ਨੂੰ ਸਲਾਹ ਦਿੱਤੀ ਸੀ ਕਿ ਫੌਜ ਸੱਦ ਲਈ ਜਾਵੇ, ਪਰ ਰਾਓ ਨੇ ਇਹ ਸਲਾਹ ਨਹੀਂ ਸੀ ਮੰਨੀ। ਗੁਜਰਾਲ ਅਤੇ ਨਰਸਿਮਹਾ ਰਾਓ-ਦੋਵੇਂ ਇਸ ਵੇਲੇ ਦੁਨੀਆਂ ਵਿਚ ਨਹੀਂ ਤੇ ਉਦੋਂ ਬਾਰੇ ਕਹੀ ਇਸ ਗੱਲ ਦੀ ਤਸਦੀਕ ਕਰਨ ਵਾਲਾ ਵੀ ਕੋਈ ਨਹੀਂ ਲੱਭਣਾ, ਪਰ ਖੁਦ ਡਾ. ਮਨਮੋਹਨ ਸਿੰਘ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਦੋਂ ਕਮਾਂਡ ਨਰਸਿਮਹਾ ਰਾਓ ਦੇ ਹੱਥ ਹੈ ਹੀ ਨਹੀਂ ਸੀ। ਫਿਰ ਇਹ ਮੁੱਦਾ ਚੁੱਕ ਕੇ ਉਹ ਦੱਸਣਾ ਕੀ ਚਾਹੁੰਦੇ ਹਨ? ਇਸ ਦੀ ਕਿਸੇ ਨੂੰ ਵੀ ਸਮਝ ਨਹੀਂ ਪਈ ਅਤੇ ਹਰ ਕੋਈ ਵੱਖੋ-ਵੱਖ ਅਰਥ ਕੱਢ ਰਿਹਾ ਹੈ।

ਜਿਸ ਦਿਨ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ, ਰਾਜੀਵ ਗਾਂਧੀ ਉਦੋਂ ਪੱਛਮੀ ਬੰਗਾਲ ਵਿਚ ਸੀ ਤੇ ਇਹ ਖਬਰ ਸੁਣਨ ਪਿੱਛੋਂ ਦਿੱਲੀ ਆਉਣ ਵੇਲੇ ਉਹ ਤੇ ਪ੍ਰਣਬ ਮੁਕਰਜੀ ਇੱਕੋ ਜਹਾਜ ਵਿਚ ਸਨ। ਸੋਗੀ ਮੌਕਾ ਹੁੰਦਿਆਂ ਵੀ ਦੋਹਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਸਾਰੇ ਸਫਰ ਦੌਰਾਨ ਇੱਕ ਦੂਜੇ ਨਾਲ ਨਜ਼ਰ ਸਾਂਝੀ ਨਹੀਂ ਸੀ ਕੀਤੀ। ਕਾਰਨ ਇਹ ਸੀ ਕਿ ਦੋਹਾਂ ਦਾ ਧਿਆਨ ਦੇਸ਼ ਦੇ ਪ੍ਰਧਾਨ ਮੰਤਰੀ ਦੀ ਪਦਵੀ ਵੱਲ ਸੀ। ਪ੍ਰਣਬ ਮੁਕਰਜੀ ਉਦੋਂ ਦੇ ਸਾਰੇ ਮੰਤਰੀਆਂ ਵਿਚੋਂ ਸੀਨੀਅਰ ਮੰਨਿਆ ਜਾਂਦਾ ਹੋਣ ਕਾਰਨ ਪੱਕਾ ਨਾ ਸਹੀ, ਕਾਰਜਕਾਰੀ ਪ੍ਰਧਾਨ ਮੰਤਰੀ ਬਣਨਾ ਆਪਣਾ ਹੱਕ ਸਮਝਦਾ ਹੋਵੇਗਾ। ਰਾਜੀਵ ਗਾਂਧੀ ਦੇ ਮਨ ਵਿਚ ਕੁਝ ਹੋਰ ਸੀ। ਦੋਹਾਂ ਦੇ ਦਿੱਲੀ ਆਉਂਦੇ ਸਾਰ ਸਿਆਸੀ ਖੇਤਰ ਵਿਚਲੇ ਧੁਰੰਤਰ ਸਰਗਰਮ ਹੋਏ ਤੇ ਪਲਾਂ ਵਿਚ ਹੀ ਪ੍ਰਣਬ ਮੁਕਰਜੀ ਨੂੰ ਲਾਂਭੇ ਰੱਖ ਕੇ ਕੀਤੀਆਂ ਮੀਟਿੰਗਾਂ ਪਿੱਛੋਂ ਕੁਝ ਲੋਕਾਂ ਨੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਜਾ ਕੇ ਕਹਿ ਦਿੱਤਾ ਕਿ ਰਾਜੀਵ ਨੂੰ ਪ੍ਰਧਾਨ ਮੰਤਰੀ ਬਣਾ ਦਿਓ। ਅੱਗੋਂ ਉਸ ਨੇ ਜਦੋਂ ਰਾਸ਼ਟਰਪਤੀ ਬਣਨ ਵੇਲੇ ਹੀ ਨਹਿਰੂ-ਗਾਂਧੀ ਪਰਿਵਾਰ ਦੀ ਨਿੱਜੀ ਵਫਾਦਾਰੀ ਦਾ ਐਲਾਨ ਕਰ ਰੱਖਿਆ ਸੀ ਤਾਂ ਨਾਂਹ ਕਰਨ ਦੀ ਹਿੰਮਤ ਨਹੀਂ ਸੀ ਪੈਣੀ ਤੇ ਉਸ ਨੇ ਰਾਜੀਵ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ।

ਨਰਸਿਮਹਾ ਰਾਓ ਗ੍ਰਿਹਿ ਮੰਤਰੀ ਦੇ ਅਹੁਦੇ 'ਤੇ ਬੇਸ਼ੱਕ ਸੀ, ਅਸਲ ਵਿਚ ਗ੍ਰਿਹਿ ਮੰਤਰੀ ਦੇ ਸੰਭਾਲਣ ਵਾਲੇ ਅਮਨ-ਕਾਨੂੰਨ ਦੀ ਕਮਾਂਡ ਰਾਜੀਵ ਗਾਂਧੀ ਦੇ ਖਾਨਦਾਨੀ ਰਿਸ਼ਤੇਦਾਰ ਅਰੁਣ ਨਹਿਰੂ ਦੇ ਹੱਥ ਸੀ ਅਤੇ ਅਰੁਣ ਨਹਿਰੂ ਦਿੱਲੀ ਵਿਚ ਉਹੋ ਕੁਝ ਹੁੰਦਾ ਵੇਖਣਾ ਚਾਹੁੰਦਾ ਸੀ, ਜਿਸ ਬਾਰੇ ਅੱਜ ਤੱਕ ਗੱਲਾਂ ਹੁੰਦੀਆਂ ਹਨ ਤੇ ਜਿਸ ਦਾ ਜ਼ਿਕਰ ਕਰ ਕੇ ਡਾ. ਮਨਮੋਹਨ ਸਿੰਘ ਨੇ ਨਵਾਂ ਵਿਵਾਦ ਛੇੜ ਦਿੱਤਾ ਹੈ। ਪੁਆੜੇ ਪਾ ਚੁਕਣ ਪਿੱਛੋਂ ਇਹੀ ਅਰੁਣ ਨਹਿਰੂ ਆਪਣੇ ਬਚਾਅ ਖਾਤਰ ਇੱਕ ਸਮੇਂ ਰਾਜੀਵ ਗਾਂਧੀ ਨੂੰ ਛੱਡ ਕੇ ਉਸ ਦੇ ਵਿਰੋਧੀਆਂ ਦੇ ਨਾਲ ਵੀ ਜਾ ਜੁੜਿਆ ਸੀ ਤੇ ਦਿੱਲੀ ਕਤਲੇਆਮ ਦੀ ਪੜਤਾਲ ਦੇ ਲਗਭਗ ਸਾਰੇ ਚੱਕਰਾਂ ਦੌਰਾਨ ਇਸ ਦਾ ਨਾਂ ਇੱਕ ਜਾਂ ਦੂਜੇ ਰੂਪ ਵਿਚ ਲੋਕਾਂ ਵੱਲੋਂ ਵੀ ਲਿਆ ਗਿਆ ਸੀ ਤੇ ਜਾਂਚ ਰਿਪੋਰਟਾਂ ਦਾ ਹਿੱਸਾ ਵੀ ਬਣਦਾ ਰਿਹਾ ਸੀ।

ਏਡੇ ਵੱਡੇ ਪੱਧਰ ਦੇ ਕਤਲੇਆਮ, ਜਿਸ ਦੌਰਾਨ ਸਿਰਫ ਤਿੰਨ ਦਿਨਾਂ ਵਿਚ ਤਿੰਨ ਹਜ਼ਾਰ ਤੋਂ ਵੱਧ ਬੇਦੋਸ਼ੇ ਲੋਕ ਮਾਰ ਦਿੱਤੇ ਗਏ ਸਨ, ਮਾਰੇ ਵੀ ਬੁਰੀ ਤਰ੍ਹਾਂ ਜਿੰਦਾ ਸਾੜ ਕੇ ਜਾਂ ਹੋਰ ਤਰੀਕਿਆਂ ਨਾਲ ਤੜਫਾ ਕੇ ਸਨ, ਦੇ ਕੇਸ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਰਾਜੀਵ ਗਾਂਧੀ ਦਾ ਮੁਢਲਾ ਵਿਹਾਰ ਸਿਰੇ ਦਾ ਨਿੰਦਾਜਨਕ ਸੀ। ਉਸ ਨੇ ਕਤਲੇਆਮ ਰੋਕਣ ਦੀ ਕੋਈ ਕੋਸ਼ਿਸ਼ ਕਰਨ ਜਾਂ ਇਸ ਉਤੇ ਅਫਸੋਸ ਜਾਹਰ ਕਰਨ ਦੀ ਥਾਂ ਇਹ ਕਹਿ ਛੱਡਿਆ ਸੀ ਕਿ 'ਜਬ ਕੋਈ ਬੜਾ ਪੇੜ ਗਿਰਤਾ ਹੈ ਤੋ ਧਰਤੀ ਹਿੱਲਤੀ ਹੀ ਹੈ।' ਇਹ ਇਸ ਖੂਨੀ ਕਾਂਡ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਸੀ। ਇਸ ਵਹਿਸ਼ੀਪੁਣੇ ਅੱਗੇ ਜੇ ਕੋਈ ਅੜਿੱਕਾ ਲਾ ਸਕਦਾ ਸੀ ਤਾਂ ਰਾਜੀਵ ਗਾਂਧੀ ਲਾ ਸਕਦਾ ਸੀ, ਪਰ ਉਸ ਨੂੰ ਕਹਿਣ ਨੂੰ ਕੋਈ ਲੀਡਰ ਅੱਗੇ ਨਹੀਂ ਸੀ ਆ ਰਿਹਾ। ਵਿਰੋਧੀ ਧਿਰ ਦੇ ਆਗੂਆਂ ਨੂੰ ਇਹ ਵੱਡਾ ਇਤਰਾਜ਼ ਸੀ ਕਿ ਇੰਦਰਾ ਗਾਂਧੀ ਦਾ ਕਤਲ ਵੀ ਹੋ ਗਿਆ ਤਾਂ ਉਸ ਦੇ ਪੁੱਤਰ ਨਾਲ ਹਮਦਰਦੀ ਦੇ ਬਾਵਜੂਦ ਕਾਰਜਕਾਰੀ ਪ੍ਰਧਾਨ ਮੰਤਰੀ ਚੁਣਨ ਵਾਸਤੇ ਲੋਕਤੰਤਰੀ ਢੰਗ ਵਰਤਣਾ ਚਾਹੀਦਾ ਸੀ, ਕਿਸੇ ਮੀਟਿੰਗ ਤੋਂ ਵੀ ਬਿਨਾ ਉਸ ਨੂੰ ਅਹੁਦਾ ਦੇ ਦਿੱਤਾ ਗਿਆ ਹੈ।

ਇਸ ਗੈਰ ਲੋਕਤੰਤਰੀ ਵਿਹਾਰ ਕਾਰਨ ਭਰੇ-ਪੀਤੇ ਸਾਰੇ ਸਿਆਸੀ ਆਗੂ ਉਸ ਤੋਂ ਦੂਰੀ ਪਾਈ ਬੈਠੇ ਸਨ। ਦਿੱਲੀ ਸੜਦੀ ਪਈ ਵੇਖ ਕੇ ਤੀਜੇ ਦਿਨ ਸੀ. ਪੀ. ਆਈ. ਦੇ ਉਦੋਂ ਦੇ ਆਗੂ ਰਾਜੇਸ਼ਵਰ ਰਾਓ ਨੇ ਪਹਿਲ ਕੀਤੀ ਅਤੇ ਸਾਬਕਾ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਨੂੰ ਜਾ ਕੇ ਕਿਹਾ ਕਿ ਜਿਸ ਦੇਸ਼ ਵਿਚ ਫੌਜੀ ਰਾਜ-ਪਲਟਾ ਵੀ ਹੋ ਜਾਵੇ, ਲੋਕਾਂ ਦੇ ਆਗੂਆਂ ਨੂੰ ਉਨ੍ਹਾਂ ਹਾਲਾਤ ਵਿਚ ਤਾਨਾਸ਼ਾਹਾਂ ਨੂੰ ਵੀ ਮਿਲਣ ਜਾਣਾ ਪੈਂਦਾ ਹੈ, ਅਸੀਂ ਅੜੀ ਕਰਨ ਦੀ ਥਾਂ ਰਾਜੀਵ ਗਾਂਧੀ ਨੂੰ ਜਾ ਕੇ ਹਾਲਾਤ ਸੰਭਾਲਣ ਲਈ ਕਹੀਏ, ਲੋਕਤੰਤਰ ਦੇ ਅਸੂਲਾਂ ਦੀ ਉਲੰਘਣਾ ਦਾ ਮਾਮਲਾ ਪਾਰਲੀਮੈਂਟ ਵਿਚ ਅਤੇ ਫਿਰ ਚੋਣਾਂ ਦੌਰਾਨ ਵੇਖ ਲਵਾਂਗੇ।

ਇਸ ਪਿੱਛੋਂ ਚੌਧਰੀ ਚਰਨ ਸਿੰਘ ਨੇ ਕੁਝ ਹੋਰ ਆਗੂ ਸੱਦੇ ਤੇ ਸਲਾਹ ਕਰ ਕੇ ਰਾਜੀਵ ਗਾਂਧੀ ਕੋਲ ਜਾ ਕੇ ਮਾਰ-ਧਾੜ ਰੋਕਣ ਨੂੰ ਕਿਹਾ ਸੀ। ਜਿਵੇਂ ਇਸ ਵਕਤ ਡਾ. ਮਨਮੋਹਨ ਸਿੰਘ ਦੀ ਗੱਲ ਨੂੰ ਠੀਕ ਜਾਂ ਗਲਤ ਕਹਿਣ ਲਈ ਇੰਦਰ ਕੁਮਾਰ ਗੁਜਰਾਲ ਤੇ ਨਰਸਿਮਹਾ ਰਾਓ-ਦੋਵੇਂ ਜਿੰਦਾ ਨਹੀਂ, ਸਾਡੀ ਗੱਲ ਦੀ ਤਸਦੀਕ ਕਰਨ ਵਾਲਾ ਵੀ ਕੋਈ ਨਹੀਂ, ਪਰ ਉਦੋਂ ਦੇ ਪ੍ਰਧਾਨ ਮੰਤਰੀ ਦੀ ਰਿਹਾਇਸ਼ ਅੰਦਰ ਬਣੇ ਦਫਤਰ ਵਿਚ ਵਿਜ਼ਿਟਰਜ਼ ਵਾਲੇ ਰਜਿਸਟਰ 'ਤੇ ਇਹ ਗੱਲ ਲਿਖੀ ਅੱਜ ਵੀ ਸ਼ਾਇਦ ਮਿਲ ਸਕਦੀ ਹੈ।

ਕੁਝ ਲੋਕਾਂ ਦਾ ਖਿਆਲ ਹੈ ਕਿ ਆਪਣੀ ਗੱਲ ਕਹਿ ਕੇ ਡਾ. ਮਨਮੋਹਨ ਸਿੰਘ ਨੇ ਰਾਜੀਵ ਗਾਂਧੀ ਦੇ ਪਰਿਵਾਰ ਕੋਲ ਆਪਣੇ ਨੰਬਰ ਬਣਾਉਣ ਲਈ ਸਾਰਾ ਕਸੂਰ ਨਰਸਿਮਹਾ ਰਾਓ ਸਿਰ ਥੱਪਿਆ ਹੈ। ਇਹ ਹੋ ਵੀ ਸਕਦਾ ਹੈ ਅਤੇ ਨਹੀਂ ਵੀ, ਕਿਉਂਕਿ ਡਾ. ਮਨਮੋਹਨ ਸਿੰਘ ਨੇ ਆਪਣੇ ਮਨ ਦੀ ਗੱਲ ਕਦੇ ਦੱਸੀ ਨਹੀਂ ਤੇ ਦੱਸਣੀ ਵੀ ਨਹੀਂ; ਉਸ ਦਾ ਪੁਰਾਣਾ ਫਾਰਮੂਲਾ ਇਹੋ ਹੈ ਕਿ 'ਹਜ਼ਾਰੋਂ ਜਵਾਬੋਂ ਸੇ ਮੇਰੀ ਖਾਮੋਸ਼ੀ ਹੈ ਅੱਛੀ, ਨਾ ਜਾਨੇ ਕਿਤਨੇ ਸਵਾਲੋਂ ਕੀ ਆਬਰੂ ਰੱਖੇ।'

ਜੋ ਗੱਲ ਡਾ. ਮਨਮੋਹਨ ਸਿੰਘ ਦੇ ਇਸ ਫਾਰਮੂਲੇ ਤੋਂ ਬਾਹਰ ਜਾ ਕੇ ਆਮ ਲੋਕਾਂ ਨੂੰ ਸੋਚਣੀ ਪੈਂਦੀ ਹੈ, ਉਹ ਇਹ ਕਿ ਉਸ ਕਤਲੇਆਮ ਵਾਲੇ ਖੂਨੀ ਵਕਤ ਤੋਂ ਪੈਂਤੀ ਸਾਲ ਪਿੱਛੋਂ ਇਹ ਬਹੁਤ ਵੱਡਾ 'ਖੁਲਾਸਾ' ਕਰ ਕੇ ਸਨਸਨੀ ਮਚਾਉਣ ਵਾਲੇ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬੈਠਿਆਂ ਕਦੀ ਉਸ ਵਕਤ ਦਾ ਦਰਦ ਸੀਨੇ ਵਿਚ ਲਈ ਬੈਠੇ ਲੋਕਾਂ ਦੀ ਮਦਦ ਕਰਨ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦਾ ਜੋ ਫਰਜ਼ ਨਿਭਾਉਣ ਲਈ ਅਗਵਾਈ ਕਰਨ ਦੀ ਲੋੜ ਸੀ, ਉਹ ਫਰਜ਼ ਉਸ ਨੂੰ ਕਦੀ ਚੇਤੇ ਹੀ ਨਹੀਂ ਸੀ ਆਇਆ।

ਦਿੱਲੀ ਕਤਲੇਆਮ ਦੀ ਜਾਂਚ ਕਰਨ ਲਈ ਜਸਟਿਸ ਰੰਗਾਨਾਥ ਮਿਸ਼ਰਾ ਕਮਿਸ਼ਨ ਤੋਂ ਲੈ ਕੇ ਕਈ ਕਮਿਸ਼ਨ ਤੇ ਕਮੇਟੀਆਂ ਬਣਦੇ ਰਹੇ, ਦਿੱਲੀ ਤੋਂ ਦੁਨੀਆਂ ਭਰ ਤੱਕ ਉਸ ਦੌਰ ਵਾਸਤੇ ਦੋ ਮਹਾਂ-ਪਾਪੀ ਮੰਨੇ ਜਾਣ ਵਾਲੇ ਜਗਦੀਸ਼ ਟਾਈਟਲਰ ਤੇ ਸੱਜਣ ਕੁਮਾਰ ਦੀ ਚਰਚਾ ਹੁੰਦੀ ਰਹੀ, ਡਾ. ਮਨਮੋਹਨ ਸਿੰਘ ਕਦੀ ਇਸ ਬਾਰੇ ਬੋਲੇ ਹੀ ਨਹੀਂ ਸਨ ਤੇ ਨਾ ਉਨ੍ਹਾਂ ਦੋਹਾਂ ਖਿਲਾਫ ਮੁਕੱਦਮਿਆਂ ਨੂੰ ਅੱਗੇ ਤੋਰਨ ਵਿਚ ਕੋਈ ਦਿਲਚਸਪੀ ਦਿਖਾਈ ਸੀ।

ਅੱਜ ਜਦੋਂ ਡਾ. ਮਨਮੋਹਨ ਸਿੰਘ ਨੇ ਇਹ ਖਿਲਾਰਾ ਪਾ ਦਿੱਤਾ ਹੈ, ਸਾਡੇ ਲਈ ਇੱਕ ਵੱਡਾ ਸਵਾਲ ਇਹ ਹੈ ਕਿ ਜਦੋਂ ਦਿੱਲੀ ਵਿਚ ਏਨਾ ਕੁਝ ਵਾਪਰਦਾ ਪਿਆ ਸੀ, ਸਰਕਾਰ ਚਲਾਉਣ ਵਾਲੇ ਬੇਈਮਾਨ ਹੋ ਗਏ ਸਨ, ਇੱਕ ਧਿਰ ਦੇ ਲੋਕਾਂ 'ਤੇ ਹਮਲਾ ਹੋ ਰਿਹਾ ਸੀ, ਉਸ ਮੌਕੇ ਹੋਰਨਾਂ ਭਾਈਚਾਰਿਆਂ ਦੇ ਲੋਕ ਇਸ ਬਾਰੇ ਚੁੱਪ ਕਿਉਂ ਕੀਤੇ ਰਹੇ ਸਨ? ਰਾਜਧਾਨੀ ਦਿੱਲੀ ਵਿਚ ਸਿੱਖ ਵਸੋਂ ਨਾਲੋਂ ਢਾਈ ਗੁਣਾਂ ਮੁਸਲਮਾਨ ਅੱਜ ਵੀ ਹਨ, ਉਦੋਂ ਵੀ ਮੌਜੂਦ ਸਨ, ਪਰ ਉਹ ਇਸ ਔਖੀ ਘੜੀ ਚੁੱਪ ਕਿਉਂ ਕੀਤੇ ਰਹੇ ਸਨ?

ਇਹ ਸਵਾਲ ਕਈ ਸਾਲ ਪਹਿਲਾਂ ਅਸੀਂ ਦਿੱਲੀ ਦੇ ਕੁਝ ਲੇਖਕਾਂ ਦੀ ਮੀਟਿੰਗ ਵਿਚ ਪੁੱਛਿਆ ਸੀ ਤੇ ਜਵਾਬ ਨਹੀਂ ਸੀ ਮਿਲਿਆ, ਪਰ ਸ਼ਾਮ ਨੂੰ ਇੱਕ ਬਜ਼ੁਰਗ ਪੰਜਾਬੀ ਲੇਖਕ, ਤੇ ਉਹ ਵੀ ਇਸ ਵਕਤ ਦੁਨੀਆਂ ਵਿਚ ਨਹੀਂ, ਸਾਨੂੰ ਇੱਕ ਉਰਦੂ ਲੇਖਕ ਦੇ ਕੋਲ ਲੈ ਗਏ। ਸਵਾਲ ਅਸੀਂ ਨਹੀਂ ਸੀ ਕੀਤਾ, ਪੰਜਾਬੀ ਬਜ਼ੁਰਗ ਲੇਖਕ ਨੇ ਹੀ ਕੀਤਾ ਸੀ, ਜੋ ਦੁਪਹਿਰ ਦੀ ਮੀਟਿੰਗ ਵਿਚ ਅਸੀਂ ਕਰ ਚੁਕੇ ਸਾਂ ਤੇ ਜਵਾਬ ਉਰਦੂ ਵਾਲੇ ਲੇਖਕ ਨੇ ਦਿੱਤਾ ਸੀ। ਉਨ੍ਹਾਂ ਕਿਹਾ ਕਿ ਦੇਸ਼ ਆਜ਼ਾਦ ਹੋਣ ਪਿੱਛੋਂ ਪਹਿਲਾ ਵੱਡਾ ਦੁਖਾਂਤ ਗੁਜਰਾਤ ਵਿਚ 1969 ਵਿਚ ਹੋਇਆ ਸੀ ਅਤੇ ਪੰਜ ਸੌ ਤੋਂ ਵੱਧ ਮੁਸਲਮਾਨ ਮਾਰ ਦਿੱਤੇ ਗਏ ਸਨ, ਦੂਜਾ ਵੱਡਾ ਕਾਂਡ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਵਿਚ 1980 ਵਿਚ ਹੋਇਆ ਅਤੇ ਰਾਜ ਦੀ ਹਥਿਆਰਬੰਦ ਪੁਲਿਸ ਪੀ. ਏ. ਸੀ. ਨੇ ਚਾਰ ਸੌ ਤੋਂ ਵੱਧ ਮਾਰ ਦਿੱਤੇ ਸਨ, ਤੀਜਾ ਕਾਂਡ ਅਪਰੇਸ਼ਨ ਬਲਿਊ ਸਟਾਰ ਤੋਂ ਮਸਾਂ ਇੱਕ ਮਹੀਨਾ ਪਹਿਲਾਂ ਮਹਾਰਾਸ਼ਟਰ ਦੇ ਭਿਵੰਡੀ ਵਿਚ ਹੋਇਆ ਸੀ, ਜਿਸ ਵਿਚ ਪੌਣੇ ਤਿੰਨ ਸੌ ਮੁਸਲਮਾਨ ਮਾਰੇ ਗਏ ਅਤੇ ਕੋਈ ਉਨ੍ਹਾਂ ਦੀ ਮਦਦ ਲਈ ਅੱਗੇ ਨਹੀਂ ਸੀ ਆਇਆ। ਫਿਰ ਜਦੋਂ ਦਿੱਲੀ ਵਿਚ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਇਹ ਸਾਰਾ ਹੋ ਰਿਹਾ ਸੀ, ਉਹ ਵੀ ਇਸੇ ਲਈ ਚੁੱਪ ਕੀਤੇ ਰਹੇ ਤੇ ਘੱਟ-ਗਿਣਤੀਆਂ ਵੱਖੋ-ਵੱਖ ਕੁੱਟ ਖਾਈ ਗਈਆਂ। ਉਸ ਉਰਦੂ ਲੇਖਕ ਦੀਆਂ ਗੱਲਾਂ ਅੱਜ ਤੱਕ ਸਾਨੂੰ ਭੁੱਲ ਨਹੀਂ ਸਕੀਆਂ ਤੇ ਸ਼ਾਇਦ ਕਦੇ ਭੁੱਲਣੀਆਂ ਵੀ ਨਹੀਂ।

ਲੋਕੀਂ ਸਿਆਸਤ ਦੀਆਂ ਧਿਰਾਂ ਵਿਚੋਂ ਕਦੀ ਕਿਸੇ ਨੂੰ ਚੁਣ ਕੇ ਅਤੇ ਕਦੀ ਦੂਜੀ ਬਾਰੇ ਮਿਥ ਕੇ ਗੱਲਾਂ ਕਰਨ ਦੇ ਰਾਹ ਪਏ ਰਹਿੰਦੇ ਹਨ, ਇਹ ਸੋਚਣ ਦੀ ਲੋੜ ਨਹੀਂ ਸਮਝਦੇ ਕਿ ਰਾਜ ਕਿਸੇ ਦਾ ਵੀ ਹੋਵੇ, ਘੱਟ ਗਿਣਤੀਆਂ ਦੇ ਵਿਰੁਧ ਨਫਰਤ ਅਤੇ ਇਸ ਵਿਚੋਂ ਫਿਰ ਦੰਗਾ ਕਰਨ ਦਾ ਕਿੱਸਾ ਜਾਰੀ ਰਹਿੰਦਾ ਹੈ। ਜੋ ਕਾਂਡ ਉਸ ਉਰਦੂ ਲੇਖਕ ਨੇ ਯਾਦ ਕਰਵਾਏ ਤੇ ਸਾਨੂੰ ਕਦੇ ਭੁੱਲ ਨਹੀਂ ਸਕੇ, ਉਨ੍ਹਾਂ ਤਿੰਨਾਂ ਮੌਕਿਆਂ ਤੇ ਤਿੰਨਾਂ ਹੀ ਥਾਂਵਾਂ 'ਤੇ ਕਾਂਗਰਸੀ ਰਾਜ ਸੀ, ਭਾਜਪਾ ਕਿਸੇ ਖਾਤੇ ਵਿਚ ਲਿਖੀ ਜਾਣ ਜੋਗੀ ਅਜੇ ਨਹੀਂ ਸੀ ਹੋਈ। ਉਸ ਲੇਖਕ ਦਾ ਕਹਿਣਾ ਸੀ ਕਿ ਦਿੱਲੀ ਦੇ ਕਤਲੇਆਮ ਦਾ ਵੱਡਾ ਸਬਕ ਇਹ ਹੈ ਕਿ ਧਰਮ ਨਿਰਪੱਖਤਾ ਦੀ ਰਾਖੀ ਵੀ ਅਤੇ ਆਪੋ ਆਪਣੇ ਭਾਈਚਾਰੇ ਦੇ ਬਚਾਅ ਲਈ ਵੀ ਸਾਰੀਆਂ ਘੱਟ-ਗਿਣਤੀਆਂ ਵਾਲੇ ਲੋਕਾਂ ਨੂੰ ਇੱਕ ਦੂਜੇ ਦੀ ਬਾਂਹ ਫੜਨੀ ਪਵੇਗੀ। ਜੇ ਇਹ ਨਾ ਕੀਤਾ ਗਿਆ ਤਾਂ 'ਡੂਬੇਗੀ ਕਿਸ਼ਤੀ ਤੋਂ ਡੂਬੇਂਗੇ ਸਾਰੇ, ਨਾ ਤੁਮ ਹੀ ਬਚੋਗੇ, ਨਾ ਸਾਥੀ ਤੁਮਾਰੇ।' ਇਹੋ ਗੱਲ ਹੈ ਜੋ ਭਾਰਤ ਦੀਆਂ ਘੱਟ ਗਿਣਤੀਆਂ ਨੂੰ ਅੱਜ ਤੱਕ ਸਮਝ ਨਹੀਂ ਪਈ।

# ਕਸ਼ਮੀਰ ਨੂੰ ਕੈਦ

*(ਪਿਛਲੇ ਸਫੇ ਦੀ ਬਾਕੀ)*

ਪਾਣੀ ਨੂੰ ਆਪਣੇ ਕਬਜ਼ੇ ਵਿਚ ਲੈ ਲੈਣਗੇ ਅਤੇ ਇਸ ਦੀ ਮਨ ਮਰਜ਼ੀ ਨਾਲ ਵਰਤੋ ਕਰਨਗੇ। ਇਨ੍ਹਾਂ ਲਾਭਾਂ ਵਿਚ ਜੰਗਲ ਦੀ ਕਟਾਈ ਨਾਲ ਮਿੱਟੀ ਦੇ ਖੁਰਨ, ਹਿਮਾਲਿਆ ਦੇ ਨਾਜ਼ੁਕ ਈਕੋ-ਸਿਸਟਮ ਦੀ ਤਬਾਹੀ ਅਤੇ ਨਿਸ਼ਚੇ ਹੀ ਕਸ਼ਮੀਰ ਦੀ ਕੁਦਰਤੀ ਦੌਲਤ ਦੀ ਭਾਰਤੀ ਕਾਰਪੋਰੇਟ ਰਾਹੀਂ ਲੁੱਟ ਵੀ ਸ਼ਾਮਲ ਹੋਵੇਗੀ।

ਆਮ ਲੋਕਾਂ ਦੀ ਜ਼ਿੰਦਗੀ ਦੀ ਅਸਲ ਰਿਪੋਰਟਿੰਗ ਜ਼ਿਆਦਾਤਰ ਐਸੇ ਪੱਤਰਕਾਰਾਂ ਅਤੇ ਫੋਟੋਗ੍ਰਾਫਰਾਂ ਨੇ ਕੀਤੀ ਜੋ 'ਏਜੇਂਸ ਫਰਾਂਸ ਪ੍ਰੈਸੇ', 'ਐਸੋਸੀਏਟਿਡ ਪ੍ਰੈਸ', 'ਅਲ-ਜ਼ਜ਼ੀਰਾ', 'ਦਿ ਗਾਰਡੀਅਨ', 'ਬੀ.ਬੀ.ਸੀ.', 'ਦਿ ਨਿਊ ਯਾਰਕ ਟਾਈਮਜ਼' ਅਤੇ 'ਵਾਸ਼ਿੰਗਟਨ ਪੋਸਟ' ਵਰਗੇ ਕੌਮਾਂਤਰੀ ਮੀਡੀਆ ਨਾਲ ਜੁੜੇ ਹੋਏ ਸਨ। ਸੂਚਨਾ ਦੇ ਖਲਾਅ ਦੇ ਮਾਹੌਲ ਵਿਚ ਕੰਮ ਕਰਦੇ ਹੋਏ, ਜਿਸ ਵਿਚ ਆਧੁਨਿਕ ਯੁਗ ਦੇ ਪੱਤਰਕਾਰਾਂ ਵਰਗੀ ਕੋਈ ਸਹੂਲਤ ਹਾਸਲ ਨਹੀਂ ਸੀ, ਜ਼ਿਆਦਾਤਰ ਕਸ਼ਮੀਰੀ ਪੱਤਰਕਾਰਾਂ ਨੇ ਬਹੁਤ ਜੋਖਮ ਲੈ ਕੇ ਆਪਣੇ ਖੇਤਰਾਂ ਦਾ ਦੌਰਾ ਕੀਤਾ ਅਤੇ ਸਾਡੇ ਲਈ ਖਬਰਾਂ ਬਾਹਰ ਲਿਆਏ। ਖਬਰਾਂ ਕੀ ਸਨ: ਰਾਤ ਨੂੰ ਮਾਰੇ ਜਾ ਰਹੇ ਛਾਪਿਆਂ ਦੀਆਂ ਖਬਰਾਂ, ਨੌਜਵਾਨ ਲੜਕਿਆਂ ਨੂੰ ਫੜ ਕੇ ਉਨ੍ਹਾਂ ਉਪਰ ਘੰਟਿਆਂ ਤੱਕ ਤਸ਼ੱਦਦ ਕਰਨ ਦੀਆਂ ਖਬਰਾਂ, ਉਨ੍ਹਾਂ ਦੀਆਂ ਚੀਕਾਂ ਨੂੰ ਮਾਈਕਾਂ ਉਪਰ ਸੁਣਾਏ ਜਾਣ ਦੀਆਂ ਖਬਰਾਂ ਤਾਂ ਕਿ ਉਨ੍ਹਾਂ ਦੇ ਗੁਆਂਢੀ ਅਤੇ ਪਰਿਵਾਰ ਵਾਲੇ ਸਬਕ ਲੈ ਸਕਣ, ਫੌਜੀਆਂ ਦਾ ਪਿੰਡਾਂ ਦੇ ਲੋਕਾਂ ਦੇ ਘਰਾਂ ਵਿਚ ਘੁਸ ਕੇ ਸਰਦੀਆਂ ਲਈ ਜਮਾਂ ਕਰਕੇ ਰੱਖੇ ਅਨਾਜ ਉਪਰ ਗੋਹਾ ਅਤੇ ਮਿੱਟੀ ਦਾ ਤੇਲ ਡੋਲ੍ਹ ਦੇਣ ਦੀਆਂ ਖਬਰਾਂ, ਇਨ੍ਹਾਂ ਵਿਚ ਉਨ੍ਹਾਂ ਬੱਚਿਆਂ ਦੀਆਂ ਖਬਰਾਂ ਵੀ ਸਨ ਜਿਨ੍ਹਾਂ ਦੇ ਜਿਸਮ ਪੈਲੇਟ ਗੰਨਾਂ ਨਾਲ ਛਲਣੀ ਕਰ ਦਿੱਤੇ ਗਏ ਸਨ ਅਤੇ ਉਹ ਆਪਣਾ ਇਲਾਜ ਘਰਾਂ ਵਿਚ ਹੀ ਕਰਾ ਰਹੇ ਸਨ ਕਿਉਂਕਿ ਜੇ ਉਹ ਇਲਾਜ ਕਰਾਉਣ ਲਈ ਹਸਪਤਾਲ ਜਾਂਦੇ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਣਾ ਸੀ। ਇਨ੍ਹਾਂ ਵਿਚ ਉਨ੍ਹਾਂ ਸੈਂਕੜੇ ਬੱਚਿਆਂ ਦੀਆਂ ਖਬਰਾਂ ਵੀ ਸਨ ਜਿਨ੍ਹਾਂ ਨੂੰ ਰਾਤ ਦੇ ਹਨੇਰੇ ਵਿਚ ਘਰਾਂ ਤੋਂ ਚੁੱਕ ਲਿਆ ਗਿਆ ਅਤੇ ਉਨ੍ਹਾਂ ਦੇ ਮਾਪਿਆਂ ਦੀਆਂ ਖਬਰਾਂ ਵੀ ਜੋ ਬੇਚੈਨੀ ਅਤੇ ਚਿੰਤਾ ਨਾਲ ਬਿਮਾਰ ਪਏ ਸਨ। ਇਨ੍ਹਾਂ ਵਿਚ ਡਰ, ਗੁੱਸੇ, ਨਿਰਾਸ਼ਾ, ਭਰਮ, ਫੌਲਾਦੀ ਦ੍ਰਿੜਤਾ ਅਤੇ ਪੁਰਜੋਸ਼ ਟਾਕਰੇ ਦੀਆਂ ਖਬਰਾਂ ਵੀ ਸਨ।

ਲੇਕਿਨ ਗ੍ਰਿਹਿ ਮੰਤਰੀ ਅਮਿਤ ਸ਼ਾਹ ਨੇ ਦਾਅਵਾ ਕੀਤਾ ਕਿ ਕਸ਼ਮੀਰ ਦੀ ਘੇਰਾਬੰਦੀ ਸਿਰਫ ਕੁਝ ਲੋਕਾਂ ਦੇ ਦਿਮਾਗ ਦੀ ਕਾਢ ਹੈ। ਜੰਮੂ ਕਸ਼ਮੀਰ ਦੇ ਗਵਰਨਰ ਸੱਤਿਆਪਾਲ ਮਲਿਕ ਨੇ ਦੱਸਿਆ ਕਿ ਕਸ਼ਮੀਰੀਆਂ ਦੇ ਲਈ ਟੈਲੀਫੋਨ ਲਾਈਨਾਂ ਦਾ ਮਹੱਤਵ ਨਹੀਂ ਹੈ ਕਿਉਂਕਿ ਇਨ੍ਹਾਂ ਦਾ ਇਸਤੇਮਾਲ ਸਿਰਫ ਦਹਿਸਤਗਰਦ ਕਰਦੇ ਹਨ। ਫੌਜ ਮੁਖੀ ਬਿਪਿਨ ਰਾਵਤ ਨੇ ਕਿਹਾ, "ਜੰਮੂ ਕਸ਼ਮੀਰ ਵਿਚ ਆਮ ਜਨਜੀਵਨ ਪ੍ਰਭਾਵਿਤ ਨਹੀਂ ਹੋਇਆ ਹੈ। ਲੋਕ ਆਪਣੇ ਜ਼ਰੂਰੀ ਕੰਮ ਕਰ ਰਹੇ ਹਨ ... ਜੋ ਲੋਕ ਕਹਿ ਰਹੇ ਹਨ ਕਿ ਜਨਜੀਵਨ ਪ੍ਰਭਾਵਿਤ ਹੋਇਆ ਹੈ, ਇਹ ਉਹੀ ਲੋਕ ਹਨ ਜਿਨ੍ਹਾਂ ਦਾ ਤੋਰੀ-ਫੁਲਕਾ ਦਹਿਸ਼ਤਵਾਦ ਦੇ ਸਹਾਰੇ ਚੱਲਦਾ ਹੈ।" ਇਨ੍ਹਾਂ ਬਿਆਨਾਂ ਤੋਂ ਇਹ ਸੌਖਿਆਂ ਹੀ ਸਮਝਿਆ ਜਾ ਸਕਦਾ ਹੈ ਕਿ ਭਾਰਤ ਸਰਕਾਰ ਕਿਨ੍ਹਾਂ ਲੋਕਾਂ ਨੂੰ ਦਹਿਸ਼ਤਗਰਦ ਮੰਨਦੀ ਹੈ।



*ਹਿਊਸਟਨ ਵਿਚ ਕਰਵਾਏ 'ਹਾਊਡੀ ਮੋਦੀ' ਪ੍ਰੋਗਰਾਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ।*

ਜ਼ਰਾ ਕਲਪਨਾ ਕਰੋ ਕਿ ਪੂਰੇ ਨਿਊ ਯਾਰਕ ਸ਼ਹਿਰ ਵਿਚ ਖਬਰਾਂ ਉਪਰ ਪਾਬੰਦੀ ਲਗਾ ਦਿੱਤੀ ਜਾਵੇ ਅਤੇ ਐਸਾ ਕਰਫਿਊ ਥੋਪ ਦਿੱਤਾ ਜਾਵੇ ਜਿਸ ਵਿਚ ਲੱਖਾਂ ਫੌਜੀ ਗਸ਼ਤ ਕਰ ਰਹੇ ਹੋਣ। ਕਲਪਨਾ ਕਰੋ ਕਿ ਕੰਡਿਆਲੀਆਂ ਤਾਰਾਂ ਵਿਛਾ ਕੇ ਤੁਹਾਡੇ ਸ਼ਹਿਰ ਦਾ ਨਕਸ਼ਾ ਹੀ ਬਦਲ ਦਿੱਤਾ ਜਾਵੇ ਅਤੇ ਉਸ ਵਿਚ ਤਸੀਹਾ ਕੇਂਦਰ ਖੋਲ੍ਹ ਦਿੱਤੇ ਜਾਣ। ਕਲਪਨਾ ਕਰੋ ਕਿ ਤੁਹਾਡੇ ਆਂਢ-ਗੁਆਂਢ ਵਿਚ ਨਿੱਕੇ-ਨਿੱਕੇ ਅਬੂ ਗਰੇਬ (ਗੁਆਂਟਾਨਾਮੋ ਖਾੜੀ ਵਾਲੀ ਜੇਲ੍ਹ) ਬਣ ਜਾਣ। ਕਲਪਨਾ ਕਰੋ ਕਿ ਤੁਹਾਡੇ ਵਰਗੇ ਹਜ਼ਾਰਾਂ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇ ਤੇ ਤੁਹਾਡੇ ਪਰਿਵਾਰ ਵਾਲਿਆਂ ਨੂੰ ਪਤਾ ਹੀ ਨਾ ਲੱਗੇ ਕਿ ਤੁਹਾਨੂੰ ਕਿੱਥੇ ਰੱਖਿਆ ਗਿਆ ਹੈ।

ਕਲਪਨਾ ਕਰੋ ਕਿ ਤੁਹਾਡਾ ਕਿਸੇ ਨਾਲ ਵੀ ਸੰਪਰਕ ਨਾ ਰਹੇ, ਆਪਣੇ ਗੁਆਂਢੀ ਨਾਲ ਵੀ ਨਹੀਂ; ਸ਼ਹਿਰ ਤੋਂ ਬਾਹਰ ਰਹਿਣ ਵਾਲੇ ਤੁਹਾਡੇ ਪਿਆਰਿਆਂ ਨਾਲ, ਬਾਹਰਲੀ ਦੁਨੀਆ ਦੇ ਕਿਸੇ ਵੀ ਵਿਅਕਤੀ ਨਾਲ ਤੁਹਾਡਾ ਸੰਪਰਕ ਹੀ ਟੁੱਟ ਜਾਵੇ ਅਤੇ ਹਫਤਿਆਂ ਤਕ ਇੰਵ ਹੀ ਚੱਲਦਾ ਰਹੇ। ਕਲਪਨਾ ਕਰੋ ਕਿ ਬੈਂਕ ਅਤੇ ਸਕੂਲ ਬੰਦ ਹਨ, ਬੱਚੇ ਆਪਣੇ ਘਰਾਂ ਵਿਚ ਕੈਦ ਹਨ। ਕਲਪਨਾ ਕਰੋ ਕਿ ਤੁਹਾਡੇ ਮਾਂ-ਬਾਪ, ਭਾਈ-ਭੈਣ, ਜੀਵਨ ਸਾਥੀ, ਜਾਂ ਬੱਚੇ ਮਰ ਰਹੇ ਹਨ ਅਤੇ ਤੁਹਾਨੂੰ ਹਫਤਿਆਂ ਤੱਕ ਇਸ ਦੀ ਖਬਰ ਹੀ ਨਾ ਮਿਲੇ। ਜ਼ਰਾ ਕਲਪਨਾ ਕਰੋ- ਮੈਡੀਕਲ ਐਮਰਜੈਂਸੀ, ਮਾਨਸਿਕ ਸਿਹਤ ਐਮਰਜੈਂਸੀ, ਖਾਣੇ, ਪੈਸੇ ਅਤੇ ਗੈਸ ਦੀ ਅਣਹੋਂਦ ਦੀ। ਕਲਪਨਾ ਕਰੋ ਕਿ ਤੁਸੀਂ ਇਕ ਦਿਹਾੜੀਦਾਰ ਮਜ਼ਦੂਰ ਜਾਂ ਠੇਕਾ ਮਜ਼ਦੂਰ ਹੋ ਅਤੇ ਤੁਸੀਂ ਹਫਤਿਆਂ ਤੋਂ ਕੰਮ 'ਤੇ ਨਹੀਂ ਜਾ ਰਹੇ ਹੋ। ਅਤੇ ਜ਼ਰਾ ਸੋਚੋ ਕਿ ਤੁਹਾਨੂੰ ਕਿਹਾ ਜਾਵੇ ਕਿ ਇਹ ਸਭ ਤੁਹਾਡੇ ਭਲੇ ਲਈ ਕੀਤਾ ਜਾ ਰਿਹਾ ਹੈ।

**(ਚਲਦਾ)**

ਪੰਜਾਬ ਟਾਈਮਜ਼

*ਸਨਿਚਰਵਾਰ, 14 ਦਸੰਬਰ 2019*

## ਨਾਗਰਿਕਤਾ ਬਿਲ ਦੇ ਬਹਾਨੇ

ਨਾਗਰਿਕਤਾ ਸੋਧ ਬਿਲ ਦੇ ਬਹਾਨੇ ਭਾਰਤ ਦੀਆਂ ਹਿੰਦੂਤਵ ਤਾਕਤਾਂ ਨੇ ਇਕ ਲਿਹਾਜ ਨਾਲ ਹਿੰਦੂ ਰਾਸ਼ਟਰ ਵੱਲ ਇਕ ਕਦਮ ਹੋਰ ਵਧਾ ਲਿਆ ਹੈ। ਇਸ ਵਿਚ ਕਿਹਾ ਭਾਵੇਂ ਇਹ ਗਿਆ ਹੈ ਕਿ ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਵਿਚ ਪੀੜਤ ਹਿੰਦੂਆਂ, ਸਿੱਖਾਂ, ਬੋਧੀਆਂ, ਜੈਨੀਆਂ, ਇਸਾਈਆਂ ਆਦਿ ਘੱਟਗਿਣਤੀਆਂ ਦੀ ਬਾਂਹ ਫੜੀ ਜਾਵੇਗੀ, ਪਰ ਹਕੀਕਤ ਵਿਚ ਨਿਸ਼ਾਨਾ ਮੁਸਲਮਾਨਾਂ ਵਲ ਸੇਧਿਆ ਗਿਆ ਹੈ। ਇਸ ਤੋਂ ਪਹਿਲਾਂ ਕੌਮੀ ਨਾਗਰਿਕ ਰਜਿਸਟਰ (ਐਨ. ਆਰ. ਸੀ.) ਰਾਹੀਂ ਵੀ ਮੁਸਲਮਾਨਾਂ ਨੂੰ ਖਾਸ ਸੁਨੇਹਾ ਘੱਲਿਆ ਗਿਆ ਹੈ। ਜੰਮੂ ਕਸ਼ਮੀਰ ਵਿਚ ਧਾਰਾ 370 ਅਤੇ 35 ਏ ਨੂੰ ਖਤਮ ਕਰਨਾ ਇਸੇ ਸਿਲਸਿਲੇ ਦੀ ਕੜੀ ਹੈ। ਆਉਣ ਵਾਲੇ ਸਮੇਂ ਵਿਚ ਕੌਮੀ ਨਾਗਰਿਕ ਰਜਿਸਟਰ, ਜੋ ਫਿਲਹਾਲ ਅਸਾਮ ਲਈ ਹੈ, ਪੂਰੇ ਭਾਰਤ ਵਿਚ ਲਾਗੂ ਕਰਨ ਬਾਰੇ ਲਗਾਤਾਰ ਬਿਆਨ ਆ ਰਹੇ ਹਨ। ਜਾਹਰ ਹੈ ਕਿ ਸਿਆਸੀ ਫਰੰਟ ਉਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਸਰਕਾਰ ਦੀਆਂ ਜਿੰਨੀਆਂ ਵੀ ਸਰਗਰਮੀਆਂ ਚੱਲ ਰਹੀਆਂ ਹਨ, ਉਨ੍ਹਾਂ ਦਾ ਨਿਸ਼ਾਨਾ ਇਕ ਹੀ ਜਾਪਦਾ ਹੈ- ਮੁਲਕ ਦੀ ਹਿੰਦੂ ਰਾਸ਼ਟਰ ਵਜੋਂ ਸਥਾਪਨਾ। ਵਿਰੋਧੀ ਧਿਰ ਦੀ ਅਣਹੋਂਦ ਅਤੇ ਸੰਸਦ ਵਿਚ ਪੂਰਨ ਬਹੁਮਤ ਹੋਣ ਕਾਰਨ ਭਾਜਪਾ ਇਸ ਮਾਮਲੇ ਵਿਚ ਚੰਮ ਦੀਆਂ ਚਲਾ ਰਹੀ ਹੈ ਅਤੇ ਜੋ ਧਿਰਾਂ ਪਹਿਲਾਂ ਅਜਿਹੇ ਮਾਮਲਿਆਂ 'ਤੇ ਆਵਾਜ਼ ਬੁਲੰਦ ਕਰਦੀਆਂ ਸਨ, ਉਹ ਇਕ ਤਰ੍ਹਾਂ ਨਾਲ ਖਾਮੋਸ਼ ਹੀ ਹੋ ਗਈਆਂ ਹਨ। ਅਸਲ ਵਿਚ ਆਰ. ਐਸ. ਐਸ. ਨੇ ਸਮੁੱਚੇ ਮੁਲਕ ਦਾ ਤਾਣਾ-ਬਾਣਾ ਕੁਝ ਅਜਿਹੇ ਢੰਗ ਨਾਲ ਸੈੱਟ ਕਰ ਦਿੱਤਾ ਹੈ ਕਿ ਅਸਹਿਮਤੀ ਦੀ ਹਰ ਆਵਾਜ਼ ਦਾ ਗਲਾ ਘੁੱਟ ਦਿੱਤਾ ਗਿਆ ਹੈ ਅਤੇ ਇਨ੍ਹਾਂ ਆਵਾਜ਼ਾਂ ਨੂੰ ਹਰ ਹੀਲਾ-ਵਸੀਲਾ ਵਰਤ ਕੇ ਖਾਮੋਸ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਫਿਰ ਵੀ ਕੁਝ ਆਵਾਜ਼ਾਂ ਅਜੇ ਵੀ ਜੁਰਅਤ ਕਰ ਰਹੀਆਂ ਹਨ ਅਤੇ ਆਉਣ ਵਾਲੇ ਦਿਨਾਂ ਵਿਚ ਇਹ ਮਾਮਲੇ ਭਖਣ ਦੇ ਆਸਾਰ ਬਣ ਰਹੇ ਹਨ।

ਫਿਲਹਾਲ ਆਰ. ਐਸ. ਐਸ. ਨੇ ਮੁਲਕ ਦੀ ਸੋਚ ਦਾ ਸਮੁੱਚਾ ਮੁਹਾਣ ਅਤੇ ਮਾਹੌਲ ਆਪਣੇ ਹਿੰਦੂ ਰਾਸ਼ਟਰ ਦੇ ਮੁੱਦੇ ਵਲ ਮੋੜ ਦਿੱਤਾ ਹੈ। ਇਸ ਨਾਲ ਲੋਕਾਂ ਦੇ ਅਸਲ ਮੁੱਦੇ ਬਹੁਤ ਪਿਛਾਂਹ ਛੁਟ ਗਏ ਹਨ। ਇਸ ਵਕਤ ਮੁਲਕ ਦੀ ਆਰਥਕਤਾ ਬਹੁਤ ਡਾਵਾਂਡੋਲ ਹੈ, ਸਗੋਂ ਇਹ ਹੁਣ ਬੁਰੀ ਤਰ੍ਹਾਂ ਮੰਦੀ ਦੀ ਸ਼ਿਕਾਰ ਹੈ। ਇਹ ਵੱਖਰੀ ਗੱਲ ਹੈ ਕਿ ਸਰਕਾਰ ਅਜੇ ਵੀ ਇਹ ਤੱਥ ਮੰਨਣ ਲਈ ਤਿਆਰ ਨਹੀਂ ਹੈ, ਹਾਲਾਂਕਿ ਹੁਣ ਤਕ ਜਿੰਨੇ ਵੀ ਅੰਕੜੇ ਸਾਹਮਣੇ ਆਏ ਹਨ, ਉਸ ਤੋਂ ਸਪਸ਼ਟ ਹੈ ਕਿ ਮੁਲਕ ਦੀ ਵਿਕਾਸ ਦਰ ਸਿਫਰ ਵਲ ਸਫਰ ਕਰ ਰਹੀ ਹੈ। ਸਰਕਾਰ ਨੇ ਇਸ ਨਿਘਾਰ ਨੂੰ ਡੱਕਣ ਲਈ ਕੁਝ ਪੇਸ਼ਬੰਦੀਆਂ ਕੀਤੀਆਂ ਹਨ, ਪਰ ਇਹ ਸਾਰੀਆਂ ਪੇਸ਼ਬੰਦੀਆਂ ਨਾਕਾਫੀ ਸਾਬਤ ਹੋ ਰਹੀਆਂ ਹਨ। ਹੋਰ ਤਾਂ ਹੋਰ ਸਰਕਾਰ ਅਜੇ ਤਕ ਨੋਟਬੰਦੀ ਅਤੇ ਕਾਹਲੀ ਵਿਚ ਲਾਗੂ ਕੀਤੇ ਜੀ. ਐਸ. ਟੀ. ਦੇ ਮਾੜੇ ਅਸਰਾਂ ਤੋਂ ਹੀ ਨਹੀਂ ਉਭਰ ਸਕੀ ਹੈ। ਇਸੇ ਕਰਕੇ ਬੇਰੁਜ਼ਗਾਰੀ ਵਿਚ ਨਿਤ ਦਿਨ ਵਾਧਾ ਹੋ ਰਿਹਾ ਹੈ। ਕਾਨੂੰਨ ਵਿਵਸਥਾ ਦੇ ਪੱਧਰ 'ਤੇ ਵੀ ਵੱਡੀ ਮਾਰ ਪੈ ਰਹੀ ਹੈ। ਔਰਤਾਂ ਖਿਲਾਫ ਜੁਰਮ ਹੱਦਾਂ-ਬੰਨੇ ਟੱਪ ਗਿਆ ਹੈ। ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ ਅਤੇ ਹੋਰ ਵਰਗਾਂ ਦੇ ਮਸਲੇ ਜਿਉਂ ਦੇ ਤਿਉਂ ਬਰਕਰਾਰ ਹਨ, ਸਗੋਂ ਹਾਲਾਤ ਆਏ ਦਿਨ ਹੋਰ ਬਦਤਰ ਹੋ ਰਹੇ ਹਨ। ਉਂਜ, ਇਹ ਕੇਂਦਰ ਸਰਕਾਰ ਦੀ ਕਾਮਯਾਬੀ ਹੀ ਗਿਣੀ ਜਾਵੇਗੀ ਕਿ ਇਸ ਨੇ ਇਨ੍ਹਾਂ ਵਿਕਰਾਲ ਸਮੱਸਿਆਵਾਂ ਵਲ ਆਮ ਲੋਕਾਂ ਦਾ ਧਿਆਨ ਜਾਣ ਹੀ ਨਹੀਂ ਦਿੱਤਾ ਹੈ। ਹਰ ਪਾਸੇ ਨਾਗਰਿਕਤਾ ਸੋਧ ਬਿਲ ਅਤੇ ਕੌਮੀ ਨਾਗਰਿਕ ਰਜਿਸਟਰ ਜਿਹੇ ਮਸਲਿਆਂ ਬਾਰੇ ਹੀ ਚਰਚਾ ਚਲ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ, ਜਿਸ ਦਾ ਆਪਣਾ ਜੁਝਾਰੂ ਇਤਿਹਾਸ ਰਿਹਾ ਹੈ, ਨੇ ਵੀ ਨਾਗਰਿਕਤਾ ਸੋਧ ਬਿਲ ਦੇ ਮਾਮਲੇ 'ਤੇ ਅੰਨ੍ਹੇ ਭਗਤਾਂ ਵਾਂਗ ਕੇਂਦਰ ਸਰਕਾਰ ਦੀ ਹਮਾਇਤ ਕੀਤੀ ਹੈ। ਇਸ ਜੁਝਾਰੂ ਇਤਿਹਾਸ ਕਰਕੇ ਹੀ ਅਕਾਲੀ ਦਲ ਤੋਂ ਸਦਾ ਹੀ ਇਹ ਤਵੱਕੋ ਕੀਤੀ ਜਾਂਦੀ ਰਹੀ ਹੈ ਕਿ ਇਹ ਘੱਟੋ-ਘੱਟ ਘੱਟਗਿਣਤੀਆਂ ਦੇ ਹੱਕ ਵਿਚ ਜ਼ਰੂਰ ਆਵਾਜ਼ ਬੁਲੰਦ ਕਰੇਗਾ। ਸਿਆਸੀ ਵਿਸ਼ਲੇਸ਼ਕ ਤਾਂ ਕੌਮੀ ਸਿਆਸਤ ਵਿਚ ਵੀ ਅਕਾਲੀ ਦਲ ਤੋਂ ਇਹੀ ਝਾਕ ਰੱਖ ਰਹੇ ਹਨ, ਕਿਉਂਕਿ ਕੁਝ ਵਿਸ਼ਲੇਸ਼ਕ ਅਜੇ ਵੀ ਇਹ ਕਹਿ ਰਹੇ ਹਨ ਕਿ ਖੇਤਰੀ ਪਾਰਟੀਆਂ ਭਾਜਪਾ ਨੂੰ ਵੱਡੀ ਚੁਣੌਤੀ ਦੇ ਸਕਦੀਆਂ ਹਨ। ਹੁਣ ਤ੍ਰਿਣਮੂਲ ਕਾਂਗਰਸ ਜਿਹੀਆਂ ਪਾਰਟੀਆਂ ਨੇ ਨਾਗਰਿਕਤਾ ਸੋਧ ਬਿਲ ਦਾ ਤਿੱਖਾ ਵਿਰੋਧ ਕਰਕੇ ਅਜਿਹਾ ਸੁਨੇਹਾ ਵੀ ਦਿੱਤਾ ਹੈ, ਪਰ ਅਜੇ ਆਪਸੀ ਤਾਲਮੇਲ ਦੀ ਘਾਟ, ਕੌਮੀ ਪੱਧਰ 'ਤੇ ਕੋਈ ਸਿਰ-ਕੱਢ ਆਗੂ ਦੀ ਅਣਹੋਂਦ ਅਤੇ ਕੇਂਦਰ ਸਰਕਾਰ ਵਲੋਂ ਅਸਹਿਮਤੀ ਨੂੰ ਸਖਤੀ ਨਾਲ ਦਬਾਉਣ ਦੇ ਖੌਫ ਕਾਰਨ ਅਜਿਹੇ ਕਿਸੇ ਮੰਚ ਦਾ ਮੂੰਹ-ਮੱਥਾ ਨਹੀਂ ਬਣ ਰਿਹਾ, ਜੋ ਭਾਜਪਾ ਦੀਆਂ ਮਨਮਰਜ਼ੀਆਂ ਨੂੰ ਵੰਗਾਰ ਸਕੇ। ਦਰਅਸਲ, ਬਾਦਲਾਂ ਦੀ ਅਗਵਾਈ ਹੇਠ ਅਕਾਲੀ ਦਲ ਘੱਟਗਿਣਤੀਆਂ ਦੀ ਥਾਂ ਪਰਿਵਾਰਕ ਹਿਤਾਂ ਨੂੰ ਪਹਿਲ ਦੇ ਰਿਹਾ ਹੈ। ਇਨ੍ਹਾਂ ਹਿਤਾਂ ਕਾਰਨ ਹੀ ਹੁਣ ਇਸ ਦਲ ਨੂੰ ਅੰਦਰੂਨੀ ਸੰਕਟ ਨਾਲ ਵੀ ਜੂਝਣਾ ਪੈ ਰਿਹਾ ਹੈ। ਬੇਅਦਬੀ ਅਤੇ ਬਰਗਾੜੀ ਕੇਸਾਂ ਕਾਰਨ ਅਕਾਲੀ ਦਲ ਦੇ ਪੈਰ ਅਜੇ ਵੀ ਸਿਆਸੀ ਪਿੜ ਵਿਚੋਂ ਉਖੜੇ ਹੋਏ ਹਨ। ਕੌਮੀ ਪੱਧਰ ਉਤੇ ਕਰੀਬ ਸਭ ਵਿਰੋਧੀ ਧਿਰਾਂ ਦੇ ਹਾਲਾਤ ਮਾੜੇ ਹੋਣ ਦੇ ਬਾਵਜੂਦ ਬਹੁਤ ਥਾਂਈਂ ਭਾਜਪਾ ਦੀਆਂ ਨੀਤੀਆਂ ਦਾ ਤਿੱਖੇ ਰੂਪ ਵਿਚ ਵਿਰੋਧ ਹੋ ਰਿਹਾ ਹੈ। ਵੱਖ-ਵੱਖ ਮਸਲਿਆਂ ਕਾਰਨ ਲੋਕਾਂ 'ਚ ਅੰਤਾਂ ਦਾ ਰੋਹ ਅਤੇ ਰੋਸ ਵੀ ਹੈ। ਆਉਣ ਵਾਲੇ ਸਮੇਂ ਵਿਚ ਇਹ ਸੰਭਾਵ ਹੈ ਕਿ ਲੋਕਾਂ ਦੇ ਇਸ ਰੋਹ ਅਤੇ ਰੋਸ ਨੂੰ ਕੋਈ ਆਵਾਜ਼ ਮਿਲ ਜਾਵੇ। ਉਸ ਸੂਰਤ ਵਿਚ ਭਾਜਪਾ ਅਤੇ ਨਰਿੰਦਰ ਮੋਦੀ-ਅਮਿਤ ਸ਼ਾਹ ਦੀ ਬੇਰਹਿਮ ਜੋੜੀ ਨੂੰ ਸਵਾਲ ਕੀਤੇ ਜਾ ਸਕਣਗੇ। ਮੁਲਕ ਵਿਚ ਭਾਜਪ ਅਤੇ ਆਰ. ਐਸ. ਐਸ. ਦੀ ਚੜ੍ਹਤ ਦੇ ਬਾਵਜੂਦ ਇਹ ਵਿਚਾਰ ਵੀ ਲਗਾਤਾਰ ਪ੍ਰਗਟ ਹੋ ਰਹੇ ਹਨ ਕਿ ਬਹੁਤੀ ਦੇਰ ਤਕ ਚੰਮ ਦੀਆਂ ਨਹੀਂ ਚਲਾਈਆਂ ਜਾ ਸਕਦੀਆਂ, ਲੋਕ ਉਠਣਗੇ। ਪਿਛੇ ਜਿਹੇ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਚੰਗਾ ਝਟਕਾ ਲੱਗਾ ਸੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹੁਣ ਛੱਡੋ ਜੀ-ਹਜ਼ੂਰੀਆਂ*

ਦਿੱਲੀ ਦਾ ਨਿਸ਼ਾਨਾ ਹੁਣ ਹੋਰ ਸਾਫ ਹੋ ਗਿਆ, ਸੋਧ ਬਿਲ ਵਾਲੀ ਦਿੱਤੀ ਆਰੀ ਏ ਚਲਾ ਬਈ।
ਕਿਹਨੂੰ-ਕਿਹਨੂੰ ਦੇਣੀ ਨਾਗਰਿਕਤਾ ਦੀ ਆਗਿਆ, ਹਿੰਦੁਤਵ ਦੀ ਪੋਟਲੀ 'ਚੋਂ ਕੱਢੀ ਏ ਬਲਾ ਬਈ।
ਬਾਦਲਾਂ ਨੇ ਬੱਧੇ-ਰੁੱਧੇ ਦਿੱਤੀ ਏ ਹਮਾਇਤ ਦੇਖੋ, ਨਾਲੇ ਕਹਿੰਦੇ 'ਛੱਡਿਆਂ' ਨੂੰ ਨਾਲ ਹੀ ਰਲਾ ਬਈ।
ਦਿਲ ਵਾਲੇ ਲੋਕੀਂ ਚੁੱਕ ਲਿਆ ਝੰਡਾ ਜੂਝਣੇ ਦਾ, ਕੁਝ ਕੁ ਨੇ ਕਿਹਾ, 'ਹੁਣ ਚੁੱਪ 'ਚ ਭਲਾ ਬਈ।'
ਚੜ੍ਹੀ ਆਉਂਦੀ ਕਾਂਗ ਤਾਈਂ ਕਿੰਦਾਂ ਕੋਈ ਡੱਕੇ ਯਾਰੋ, ਏਕੇ ਬਾਝੋਂ ਪਿੜ ਵਿਚ ਪੈਂਦੀਆਂ ਨਾ ਪੂਰੀਆਂ।
ਕੱਲ੍ਹ ਨੂੰ ਨਾ ਕਹਿਣਾ ਸਾਨੂੰ ਪਤਾ ਵੀ ਨੀਂ ਲੱਗਿਆ, ਹੋਕਾ ਏ ਵੇ ਲੋਕਾ ਹੁਣ ਛੱਡੋ ਜੀ-ਹਜ਼ੂਰੀਆਂ।

# ਭਾਰਤ ਲਈ ਲੋਕ ਨਾਗਰਿਕਤਾ ਸੋਧ ਬਿਲ ਦੇ ਅਸਲ ਅਰਥ

ਬਹੁਤ ਸਾਰੇ ਲੋਕ ਨਾਗਰਿਕਤਾ ਸੋਧ ਬਿਲ ਦਾ ਵਿਰੋਧ ਕਰਨ ਵਾਲਿਆਂ ਨੂੰ ਇਹ ਸਵਾਲ ਪੁੱਛਦੇ ਹਨ, "ਇਸ ਬਿਲ ਦਾ ਵਿਰੋਧ ਕਿਉਂ ਕਰ ਰਹੇ ਹੋ? ਇਹ ਬਿਲ ਤਾਂ ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਵਿਚ ਵਸਦੇ ਹਿੰਦੂਆਂ, ਸਿੱਖਾਂ, ਬੋਧੀਆਂ, ਜੈਨੀਆਂ, ਇਸਾਈਆਂ ਅਤੇ ਪਾਰਸੀਆਂ ਦਾ ਭਲਾ ਚਾਹੁੰਦਾ ਹੈ। ਤੁਸੀਂ ਜਾਣਦੇ ਹੀ ਹੋ, ਇਨ੍ਹਾਂ ਦੇਸ਼ਾਂ ਵਿਚ ਇਨ੍ਹਾਂ ਫਿਰਕਿਆਂ ਦੇ ਲੋਕਾਂ 'ਤੇ ਕਿੰਨੇ ਜ਼ੁਲਮ ਹੋਏ ਹਨ। ਜੇ ਭਾਰਤ ਸਰਕਾਰ ਨਾਗਰਿਕਤਾ ਸੋਧ ਕਰਕੇ ਇਨ੍ਹਾਂ ਫਿਰਕਿਆਂ ਦੇ ਲੋਕਾਂ ਨੂੰ ਭਾਰਤ ਵਿਚ ਪਨਾਹ ਦੇ ਕੇ ਭਾਰਤੀ ਨਾਗਰਿਕ ਬਣਾਉਣਾ ਚਾਹੁੰਦੀ ਹੈ ਤਾਂ ਇਸ ਵਿਚ ਗਲਤ ਕੀ ਹੈ? ਤੁਸੀਂ ਕਹਿੰਦੇ ਹੋ ਜਿਨ੍ਹਾਂ ਨੂੰ ਨਾਗਰਿਕ ਬਣਾਇਆ ਜਾ ਰਿਹਾ ਹੈ,

ਸਵਰਾਜਬੀਰ

ਉਨ੍ਹਾਂ ਵਿਚ ਮੁਸਲਮਾਨ ਸ਼ਾਮਲ ਨਹੀਂ। ਇਹ ਦੱਸੋ, ਮੁਸਲਮਾਨਾਂ ਨੂੰ ਸ਼ਾਮਲ ਕਿਉਂ ਕੀਤਾ ਜਾਵੇ? 1947 ਵਿਚ ਦੇਸ਼ ਨੂੰ ਧਰਮ ਦੇ ਆਧਾਰ 'ਤੇ ਵੰਡਿਆ ਗਿਆ। ਮੁਸਲਮਾਨਾਂ ਲਈ ਪਾਕਿਸਤਾਨ ਬਣਾ ਦਿੱਤਾ ਗਿਆ। ਬਾਅਦ ਵਿਚ ਉਹਦੇ ਵਿਚੋਂ ਬੰਗਲਾਦੇਸ਼ ਬਣ ਗਿਆ। ਇਸ ਤਰ੍ਹਾਂ ਮੁਸਲਮਾਨਾਂ ਲਈ ਮੁਸਲਮਾਨ ਦੇਸ਼ ਮੌਜੂਦ ਹਨ। ਇਸ ਲਈ ਮੁਸਲਮਾਨਾਂ ਨੂੰ ਇਸ ਬਿਲ ਵਿਚ ਸ਼ਾਮਲ ਕਿਉਂ ਕੀਤਾ ਜਾਵੇ?"

ਇਨ੍ਹਾਂ ਸਵਾਲਾਂ ਦੀ ਵਾਛੜ ਵਿਚ ਇਕ ਵੇਲੇ ਤਾਂ ਏਦਾਂ ਲੱਗਦਾ ਹੈ ਕਿ ਜੋ ਸਰਕਾਰ ਕਰ ਰਹੀ ਹੈ, ਬਿਲਕੁਲ ਠੀਕ ਹੈ; ਪਹਿਲੀ ਵਾਰ ਸਰਕਾਰ ਦਾ ਧਿਆਨ ਇਨ੍ਹਾਂ ਦੇਸ਼ਾਂ ਦੇ ਹਿੰਦੂਆਂ ਤੇ ਹੋਰ ਪੀੜਤ ਫਿਰਕਿਆਂ ਦੇ ਲੋਕਾਂ ਵੱਲ ਗਿਆ ਹੈ ਅਤੇ ਕਿਸੇ ਨੂੰ ਵੀ ਇਸ ਬਿਲ 'ਤੇ ਉਜ਼ਰ ਨਹੀਂ ਹੋਣਾ ਚਾਹੀਦਾ। ਇਹ ਬਿਲ ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਵਿਚੋਂ ਆਏ ਇਨ੍ਹਾਂ ਫਿਰਕਿਆਂ ਦੇ ਉਨ੍ਹਾਂ ਪਨਾਹਗੀਰਾਂ ਨੂੰ ਭਾਰਤੀ ਨਾਗਰਿਕਤਾ ਦੇ ਦੇਵੇਗਾ ਜਿਹੜੇ ਛੇ ਸਾਲਾਂ ਤੋਂ ਭਾਰਤ ਵਿਚ ਰਹਿ ਰਹੇ ਹਨ।

ਧਿਆਨ ਨਾਲ ਵੇਖਿਆਂ ਪਤਾ ਲੱਗਦਾ ਹੈ ਕਿ ਇਸ ਬਿਲ ਦੇ ਓਹਲੇ ਵਿਚ ਕੀ ਛੁਪਿਆ ਹੈ। ਇਹ ਬਿਲ ਤਿੰਨ ਬਾਹਰਲੇ ਦੇਸ਼ਾਂ 'ਤੇ ਲਾਗੂ ਹੁੰਦਾ ਹੈ- ਪਾਕਿਸਤਾਨ, ਬੰਗਲਾਦੇਸ਼ ਤੇ ਅਫਗਾਨਿਸਤਾਨ ਅਤੇ ਉਨ੍ਹਾਂ ਦੇਸ਼ਾਂ ਵਿਚ ਹਿੰਦੂਆਂ ਅਤੇ ਹੋਰ ਫਿਰਕਿਆਂ 'ਤੇ ਕੀਤੇ ਗਏ ਜ਼ੁਲਮਾਂ ਦੀ ਗੱਲ ਕੀਤੀ ਗਈ ਹੈ ਪਰ ਜ਼ੁਲਮ ਤਾਂ ਲਾਗਲੇ ਹੋਰ ਦੇਸ਼ਾਂ ਸ੍ਰੀਲੰਕਾ, ਮਿਆਂਮਾਰ ਅਤੇ ਚੀਨ ਵਿਚ ਵੀ ਹੋਏ। ਸ੍ਰੀਲੰਕਾ ਵਿਚ ਤਾਮਿਲ ਲੋਕਾਂ 'ਤੇ, ਮਿਆਂਮਾਰ ਵਿਚ ਰੋਹਿੰਗੀਆ ਮੁਸਲਮਾਨਾਂ 'ਤੇ ਅਤੇ ਚੀਨ ਵਿਚ ਤਿੱਬਤੀ ਤੇ ਉਈਗੁਰ ਮੁਸਲਮਾਨ ਵਿਤਕਰੇ ਤੇ ਜ਼ੁਲਮਾਂ ਦਾ ਸ਼ਿਕਾਰ ਹੋਏ। ਸਵਾਲ ਇਹ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਨੂੰ ਸ਼ਰਨ ਦੇਣ ਅਤੇ ਨਾਗਰਿਕ ਬਣਾਉਣ ਦੀ ਗੱਲ ਕਿਉਂ ਨਹੀਂ ਕੀਤੀ ਗਈ? ਕਿਉਂ ਸਿਰਫ ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਦੀ ਗੱਲ ਕੀਤੀ ਗਈ ਹੈ?

ਸਪਸ਼ਟ ਹੈ ਕਿ ਸਰਕਾਰ ਇਨ੍ਹਾਂ ਦੇਸ਼ਾਂ ਨੂੰ ਇਸ ਲਈ ਚੁਣ ਰਹੀ ਹੈ ਕਿ ਇਹ ਮੁਸਲਮਾਨ ਦੇਸ਼ ਹਨ ਅਤੇ ਵੱਡੀ ਬਹੁਗਿਣਤੀ ਫਿਰਕੇ ਦੇ ਲੋਕਾਂ, ਭਾਵ ਹਿੰਦੂਆਂ ਨੂੰ ਇਹ ਦੱਸਣਾ ਚਾਹੁੰਦੀ ਹੈ ਕਿ ਉਹ ਹਿੰਦੂਆਂ ਨੂੰ ਇਨ੍ਹਾਂ ਦੇਸ਼ਾਂ ਵਿਚ ਮੁਸਲਮਾਨਾਂ ਦੁਆਰਾ ਕੀਤੇ ਜਾਂਦੇ ਜ਼ੁਲਮਾਂ ਤੋਂ ਬਚਾਉਣਾ ਚਾਹੁੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਿੰਦੂਆਂ ਅਤੇ ਹੋਰਨਾਂ ਫਿਰਕਿਆਂ ਦੇ ਲੋਕਾਂ 'ਤੇ ਜ਼ੁਲਮ ਹੋਏ ਅਤੇ ਉਨ੍ਹਾਂ ਦੀ ਸਹਾਇਤਾ ਹੋਣੀ ਚਾਹੀਦੀ ਹੈ; ਸਵਾਲ ਇਹ ਹੈ ਕਿ ਸ੍ਰੀਲੰਕਾ, ਮਿਆਂਮਾਰ ਅਤੇ ਚੀਨ ਵਿਚ ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਨੂੰ ਇਸ ਬਿਲ ਵਿਚ ਜਗ੍ਹਾ ਕਿਉਂ ਨਹੀਂ ਮਿਲੀ। ਇਸ ਦਾ ਜਵਾਬ ਇਹ ਹੈ ਕਿ ਸਰਕਾਰ ਇਹ ਬਿਲ ਮਾਨਵਵਾਦੀ ਸਰੋਕਾਰਾਂ ਕਾਰਨ ਨਹੀਂ ਸਗੋਂ ਫਿਰਕੂ ਕਾਰਨਾਂ ਕਰਕੇ ਪਾਸ ਕਰਾਉਣਾ ਚਾਹੁੰਦੀ ਹੈ।

ਪਾਕਿਸਤਾਨ ਵਿਚ ਸਭ ਤੋਂ ਪਹਿਲਾਂ ਅਹਿਮਦੀਆ ਫਿਰਕੇ ਦੇ ਲੋਕਾਂ ਨੂੰ ਸ਼ਿਕਾਰ ਬਣਾ ਕੇ ਉਨ੍ਹਾਂ ਨੂੰ ਗੈਰ-ਮੁਸਲਿਮ ਕਰਾਰ ਦਿੱਤਾ ਗਿਆ। ਹਿੰਦੂਆਂ ਤੇ ਸਿੱਖਾਂ ਦੇ ਨਾਲ ਕੱਟੜਪੰਥੀਆਂ ਨੇ ਸ਼ੀਆ ਮੁਸਲਮਾਨਾਂ ਨੂੰ ਵੀ ਨਿਸ਼ਾਨਾ ਬਣਾਇਆ। ਸ਼ੀਆ ਫਿਰਕੇ ਦੀਆਂ ਮਸਜਿਦਾਂ ਵਿਚ ਗੋਲੀ ਚਲਾਈ ਗਈ ਤੇ ਬੰਬ ਧਮਾਕੇ ਕੀਤੇ ਗਏ। ਪਾਕਿਸਤਾਨ ਵਿਚ ਸਿੰਧੀਆਂ ਤੇ ਬਲੋਚੀਆਂ ਨਾਲ ਵੀ ਵਿਤਕਰਾ ਹੋਇਆ ਹੈ। ਜੇ ਸਰਕਾਰ ਦੇ ਸਰੋਕਾਰ ਧਰਮ-ਨਿਰਪੱਖ ਅਤੇ ਮਾਨਵਵਾਦੀ ਹੁੰਦੇ ਤਾਂ ਸਰਕਾਰ ਅਹਿਮਦੀਆ, ਸ਼ੀਆ ਲੋਕਾਂ ਤੇ ਮੁਸਲਮਾਨ ਬਲੋਚੀਆਂ ਤੇ ਸਿੰਧੀਆਂ ਨੂੰ ਵੀ ਇਸ ਬਿਲ ਵਿਚ ਸ਼ਾਮਲ ਕਰਦੀ। ਅਸਲ ਵਿਚ ਸਰਕਾਰ ਦਾ ਇਹ ਬਿਲ ਪਾਸ ਕਰਾਉਣ ਦਾ ਉਦੇਸ਼ ਹਿੰਦੂ-ਮੁਸਲਮਾਨ ਦੁਫਾੜ ਨੂੰ ਜਿਉਂਦੇ ਰੱਖਣਾ ਹੈ। 1947 ਨੂੰ ਜਿਉਂਦੇ ਰੱਖਣਾ ਹੈ। 1947 ਨੂੰ 2020 ਵਿਚ ਲਿਆਉਣਾ ਤੇ ਅਗਾਂਹ ਖੜ੍ਹਨਾ ਹੈ।

1947 ਦੀ ਵੰਡ ਉਨ੍ਹਾਂ ਜ਼ਹਿਰੀਲੀਆਂ ਵਿਚਾਰਧਾਰਾਵਾਂ ਕਾਰਨ ਹੋਈ ਜਿਨ੍ਹਾਂ ਦਾ ਪ੍ਰਚਾਰ ਹਿੰਦੂ ਤੇ ਮੁਸਲਮਾਨ ਕੱਟੜਵਾਦੀ ਜਥੇਬੰਦੀਆਂ ਨੇ ਕੀਤਾ। ਅੰਗਰੇਜ਼ ਹਕੂਮਤ ਨੇ ਹਿੰਦੋਸਤਾਨੀਆਂ 'ਚ ਫਿਰਕੂ ਚੇਤਨਾ ਨੂੰ ਵਧਾਇਆ ਅਤੇ 'ਪਾੜੋ ਤੇ ਰਾਜ ਕਰੋ' ਦੀ ਰਣਨੀਤੀ ਅਨੁਸਾਰ ਰਾਜ ਕੀਤਾ। ਮੁਸਲਿਮ ਲੀਗ ਅਤੇ ਹਿੰਦੂ ਕੱਟੜਵਾਦੀਆਂ 'ਚ ਸਾਂਝ ਇਹ ਸੀ/ਹੈ ਕਿ ਦੋਵੇਂ ਤਰ੍ਹਾਂ ਦੀਆਂ ਜਥੇਬੰਦੀਆਂ ਇਹ ਮੰਨਦੀਆਂ ਹਨ/ਸਨ ਕਿ ਦੇਸ਼ ਧਰਮ ਦੇ ਆਧਾਰ 'ਤੇ ਬਣਾਏ ਜਾਂਦੇ ਹਨ। ਪਾਕਿਸਤਾਨ ਧਰਮ ਦੇ ਆਧਾਰ 'ਤੇ ਬਣਿਆ ਤੇ ਇਸ ਨੂੰ 'ਇਸਲਾਮਿਕ ਰਿਪਬਲਿਕ ਆਫ ਪਾਕਿਸਤਾਨ' ਕਿਹਾ ਜਾਂਦਾ ਹੈ।

ਸੰਵਿਧਾਨਿਕ ਅਤੇ 1947 ਤੋਂ ਬਾਅਦ ਦੇ ਰਾਜਨੀਤਕ ਅਮਲ ਦੇ ਪੱਖ ਤੋਂ ਭਾਰਤ ਧਰਮ-ਨਿਰਪੱਖ ਦੇਸ਼ ਹੈ ਪਰ ਰਾਸ਼ਟਰੀ ਸਵੈਮਸੇਵਕ ਸੰਘ, ਉਹਦੇ ਨਾਲ ਸਬੰਧਿਤ ਸੰਗਠਨ ਤੇ ਭਾਰਤੀ ਜਨਤਾ ਪਾਰਟੀ ਹਮੇਸ਼ਾ ਕਹਿੰਦੇ ਹਨ ਕਿ ਭਾਰਤ ਹਿੰਦੂ ਰਾਸ਼ਟਰ ਹੈ। ਇਸ ਲਈ ਜਿਵੇਂ ਮੁਸਲਮਾਨ ਕੱਟੜਪੰਥੀ ਅਤੇ ਪਾਕਿਸਤਾਨੀ ਫੌਜ ਪਾਕਿਸਤਾਨ ਨੂੰ ਮੁਸਲਮਾਨ ਦੇਸ਼ ਬਣਾਈ ਰੱਖਣ ਤੇ ਧਾਰਮਿਕ ਘੱਟਗਿਣਤੀਆਂ ਨੂੰ ਤੰਗ ਕਰਨ 'ਤੇ ਬਜ਼ਿੱਦ ਹਨ, ਉਵੇਂ ਭਾਜਪਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਅਤੇ ਧਾਰਮਿਕ ਘੱਟਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਸਿੱਧ ਕਰਨ 'ਤੇ ਤੁਲੀ ਹੋਈ ਹੈ। ਇਹ ਵਰਤਾਰਾ ਸਿੱਧ ਕਰਦਾ ਹੈ ਕਿ ਕੱਟੜਪੰਥੀਆਂ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਿਤ ਕਿਉਂ ਨਾ ਹੋਣ, ਦੇ ਉਦੇਸ਼ ਸਾਂਝੇ ਹੁੰਦੇ ਹਨ; ਲੋਕਾਂ ਨੂੰ ਫਿਰਕੂ ਆਧਾਰ 'ਤੇ ਵੰਡਣਾ ਅਤੇ ਫਿਰਕੂ ਨਫਰਤ ਪੈਦਾ ਕਰਕੇ ਤਾਕਤ ਹਥਿਆਉਣਾ ਤੇ ਬਣਾਈ ਰੱਖਣਾ; ਹਿੰਦੋਸਤਾਨ ਉਪ-ਮਹਾਂਦੀਪ ਦੇ ਪ੍ਰਸੰਗ 'ਚ 1947 ਨੂੰ ਜਿਉਂਦੇ ਰੱਖਣਾ।

1947 ਨੂੰ ਜਿਉਂਦੇ ਰੱਖਣ ਲਈ ਨਾਗਰਿਕਤਾ ਸੋਧ ਬਿਲ ਹੀ ਨਹੀਂ ਪੇਸ਼ ਕੀਤਾ ਜਾ ਰਿਹਾ ਸਗੋਂ ਇਸ ਦੇ ਨਾਲ ਨਾਲ ਸਾਰੇ ਦੇਸ਼ ਵਿਚ ਨਾਗਰਿਕਾਂ ਦੇ ਕੌਮੀ ਰਜਿਸਟਰ (ਐਨ. ਆਰ. ਸੀ.) ਦੀ ਕਾਰਵਾਈ ਵੀ ਕੀਤੀ ਜਾਵੇਗੀ। ਦੇਸ਼ ਦਾ ਗ੍ਰਹਿ ਮੰਤਰੀ ਥਾਂ ਥਾਂ 'ਤੇ ਪ੍ਰਚਾਰ ਕਰਦਾ ਫਿਰ ਰਿਹਾ ਹੈ ਕਿ 2024 ਤਕ ਦੇਸ਼ ਵਿਚ ਆਏ ਹੋਏ ਸਾਰੇ ਘੁਸਪੈਠੀਏ ਬਾਹਰ ਕੱਢ ਦਿੱਤੇ ਜਾਣਗੇ। ਇਹ ਘੁਸਪੈਠੀਏ ਕੌਣ ਹਨ? ਉਹ ਕਿੱਥੋਂ ਆਏ ਹਨ? ਦਲੀਲ ਦਿੱਤੀ ਜਾਂਦੀ ਹੈ ਕਿ ਇਹ ਘੁਸਪੈਠੀਏ ਮੁੱਖ ਤੌਰ 'ਤੇ ਬੰਗਲਾਦੇਸ਼ ਤੋਂ ਆਏ ਹਨ। ਦੂਸਰੇ ਪਾਸੇ ਨਾਗਰਿਕਤਾ ਸੋਧ ਬਿਲ ਰਾਹੀਂ ਬੰਗਲਾਦੇਸ਼ ਤੋਂ ਆਏ ਹਿੰਦੂਆਂ ਤੇ ਹੋਰ ਫਿਰਕਿਆਂ (ਸਿਵਾਏ ਮੁਸਲਮਾਨਾਂ) ਦੇ ਲੋਕਾਂ ਨੂੰ ਨਾਗਰਿਕਤਾ ਦਿੱਤੀ ਜਾ ਰਹੀ ਹੈ; ਤਾਂ ਬਾਕੀ ਕੌਣ ਬਚਦਾ ਹੈ। ਸਪਸ਼ਟ ਹੈ ਮੁਸਲਮਾਨ। ਇਸ ਤਰ੍ਹਾਂ ਐਨ.ਆਰ.ਸੀ. ਅਤੇ ਨਾਗਰਿਕਤਾ ਸੋਧ ਬਿਲ ਦੋਵੇਂ ਮੁਸਲਮਾਨਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਨਜ਼ਰ ਆਉਂਦੇ ਹਨ।

ਪਿਛਲੇ ਪੰਜ ਸਾਲਾਂ ਵਿਚ ਹਜੂਮੀ ਹਿੰਸਾ ਦੀਆਂ ਕਾਰਵਾਈਆਂ, ਜਿਨ੍ਹਾਂ ਵਿਚ ਬਹੁਤ ਸਾਰੀਆਂ ਗਊ-ਮਾਸ ਦੇ ਮਸਲੇ ਨਾਲ ਸਬੰਧਿਤ ਸਨ, ਵਿਚ ਵੀ ਘੱਟਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਸੱਤਾਧਾਰੀ ਪਾਰਟੀ ਦੇ ਕਈ ਆਗੂਆਂ ਨੇ ਹਜੂਮੀ ਹਿੰਸਾ ਵਿਚ ਹਿੱਸਾ ਲੈਣ ਵਾਲਿਆਂ ਦਾ ਜਨਤਕ ਤੌਰ 'ਤੇ ਮਾਨ-ਸਨਮਾਨ ਕੀਤਾ। ਰਾਸ਼ਟਰੀ ਸਵੈਮਸੇਵਕ ਸੰਘ ਦੇ ਸਰਸੰਘਚਾਲਕ ਮੋਹਨ ਭਾਗਵਤ ਤੇ ਹੋਰ ਆਗੂਆਂ ਨੇ ਵਾਰ-ਵਾਰ ਦੁਹਰਾਇਆ ਕਿ ਭਾਰਤ ਹਿੰਦੂ ਰਾਸ਼ਟਰ ਹੈ। ਉਨ੍ਹਾਂ ਲਈ ਇਸ ਤੱਥ ਦਾ ਕੋਈ ਮਹੱਤਵ ਨਹੀਂ ਕਿ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਭਾਰਤ ਧਰਮ-ਨਿਰਪੱਖ ਰਾਜ ਹੈ ਅਤੇ ਸੁਪਰੀਮ ਕੋਰਟ ਨੇ ਵੱਖ-ਵੱਖ ਫੈਸਲਿਆਂ (ਸੇਂਟ ਜ਼ੇਵੀਅਰ ਕਾਲਜ ਵਰਸਿਜ਼ ਯੂਨੀਅਨ ਆਫ ਇੰਡੀਆ, ਐਸ.ਆਰ. ਬੋਮਈ ਵਰਸਿਜ਼ ਯੂਨੀਅਨ ਆਫ ਇੰਡੀਆ, ਬਾਲ ਪਟੇਲ ਕੇਸ ਆਦਿ) ਵਿਚ ਸਪਸ਼ਟ ਕੀਤਾ ਹੈ ਕਿ ਧਰਮ-ਨਿਰਪੱਖਤਾ ਭਾਰਤੀ ਸੰਵਿਧਾਨ ਵਿਚ ਬੁਨਿਆਦੀ ਹੈ। ਇਨ੍ਹਾਂ ਆਗੂਆਂ ਲਈ ਬੁਨਿਆਦੀ ਹੈ ਲੋਕਾਂ ਦੇ ਮੁੱਢਲੇ ਮਸਲਿਆਂ ਦੀ ਥਾਂ 'ਤੇ ਬਹੁਗਿਣਤੀ ਫਿਰਕੇ ਨਾਲ ਸਬੰਧਿਤ ਲੋਕਾਂ ਨੂੰ ਜਜ਼ਬਾਤੀ ਬਣਾ ਕੇ ਇਹ ਦੱਸਣਾ ਕਿ ਮੌਜੂਦਾ ਸੱਤਾਧਾਰੀ ਪਾਰਟੀ ਦੇ ਰੂਪ ਵਿਚ ਉਨ੍ਹਾਂ ਦਾ ਰਾਜ ਪਹਿਲੀ ਵਾਰ ਆਇਆ ਹੈ ਤੇ ਦੇਸ਼ ਦੀ ਵੱਡੀ ਘੱਟਗਿਣਤੀ ਫਿਰਕੇ ਦੇ ਲੋਕਾਂ ਨੂੰ ਗੁੱਠੇ ਲਾ ਦਿੱਤਾ ਗਿਆ ਹੈ। ਇਸ ਤਰ੍ਹਾਂ ਨਾਗਰਿਕਤਾ ਸੋਧ ਬਿਲ, ਨਾਗਰਿਕਾਂ ਦਾ ਕੌਮੀ ਰਜਿਸਟਰ, ਹਜੂਮੀ ਹਿੰਸਾ ਦੀਆਂ ਕਾਰਵਾਈਆਂ, ਬਹੁਗਿਣਤੀ ਫਿਰਕੇ ਨਾਲ ਸਬੰਧਿਤ ਭਾਵਨਾਵਾਂ ਨੂੰ ਭੜਕਾਉਣਾ, ਮੁਸਲਮਾਨ ਤੇ ਪਾਕਿਸਤਾਨ-ਵਿਰੋਧ ਨੂੰ ਆਪਣੇ ਏਜੰਡੇ ਵਿਚ ਪ੍ਰਮੁੱਖਤਾ ਦੇਣੀ ਸਭ ਉਸ ਜਨੂਨ ਨੂੰ ਜਿਉਂਦੇ ਰੱਖਣ ਵਾਲੀਆਂ ਪ੍ਰਕਿਰਿਆਵਾਂ ਹਨ ਜਿਸ ਕਾਰਨ 1947 ਵਿਚ ਦੇਸ਼ ਦੀ ਵੰਡ ਹੋਈ।

ਕਾਨੂੰਨੀ ਮਾਹਿਰਾਂ ਅਨੁਸਾਰ ਨਾਗਰਿਕਤਾ ਸੋਧ ਬਿਲ ਇਕ ਹੋਰ ਪੱਖ ਤੋਂ ਅਸੰਵਿਧਾਨਿਕ ਹੈ। ਸੰਵਿਧਾਨ ਦੀ ਧਾਰਾ 14 ਬਹੁਤ ਸਪੱਸ਼ਟ ਸ਼ਬਦਾਂ ਵਿਚ ਕਹਿੰਦੀ ਹੈ ਕਿ ਰਿਆਸਤ/ਸਟੇਟ ਵਿਅਕਤੀ ਦੀ ਕਾਨੂੰਨ ਸਾਹਮਣੇ ਬਰਾਬਰੀ ਅਤੇ ਕਾਨੂੰਨ ਦੀ ਸੁਰੱਖਿਆ ਯਕੀਨੀ ਬਣਾਏਗੀ। ਗੌਤਮ ਭਾਟੀਆ ਅਤੇ ਕਈ ਹੋਰ ਕਾਨੂੰਨਦਾਨਾਂ ਨੇ ਦਲੀਲ ਦਿੱਤੀ ਹੈ ਕਿ ਇਹ ਧਾਰਾ ਸਿਰਫ ਭਾਰਤੀ ਨਾਗਰਿਕਾਂ 'ਤੇ ਹੀ ਨਹੀਂ ਸਗੋਂ ਸਭ ਮਨੁੱਖਾਂ/ਵਿਅਕਤੀਆਂ 'ਤੇ ਲਾਗੂ ਹੁੰਦੀ ਹੈ; ਇਹ ਧਾਰਾ ਦੀ ਭਾਸ਼ਾ ਵਿਚ ਨਿਹਿਤ ਹੈ ਜਦੋਂਕਿ ਨਾਗਰਿਕਤਾ ਸੋਧ ਬਿਲ ਲੋਕਾਂ ਨੂੰ ਧਰਮ 'ਤੇ ਆਧਾਰਿਤ ਨਾਗਰਿਕਤਾ ਦੇਣ ਦੀ ਗੱਲ ਕਰਦਾ ਹੈ ਅਤੇ ਇਸ ਲਈ ਅਸੰਵਿਧਾਨਿਕ ਹੈ।

ਮਸ਼ਹੂਰ ਪੱਤਰਕਾਰ ਤਵਲੀਨ ਸਿੰਘ ਸਵਾਲ ਪੁੱਛਦੀ ਹੈ, "ਕੀ ਇਸ ਦਾ (ਬਿਲ ਲਿਆਉਣ ਦਾ) ਮਕਸਦ ਉਸ ਸਹਿਮ ਭਰੇ ਮਾਹੌਲ, ਜਿਸ ਵਿਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਮੁਸਲਮਾਨ ਜੀ ਰਹੇ ਹਨ, ਨੂੰ ਹੋਰ ਜ਼ਹਿਰੀਲਾ ਕਰਨਾ ਨਹੀਂ ਹੈ?" ਤੇ ਜਵਾਬ ਦਿੰਦੀ ਹੈ ਕਿ ਮੋਦੀ 'ਸਬਕਾ ਸਾਥ, ਸਬਕਾ ਵਿਕਾਸ' ਕਰਨ ਵਿਚ ਵਿਸ਼ਵਾਸ ਰੱਖਣ ਦੀ ਗੱਲ ਤਾਂ ਕਰਦਾ ਹੈ ਪਰ ਉਸ ਨੇ ਹਜੂਮੀ ਹਿੰਸਾ ਦੀਆਂ ਘਟਨਾਵਾਂ, ਜਿਨ੍ਹਾਂ ਕਾਰਨ ਮੁਸਲਮਾਨ ਆਤੰਕ ਵਿਚ ਰਹਿੰਦੇ ਹਨ ਅਤੇ ਜਿਨ੍ਹਾਂ ਕਾਰਨ ਭਾਰਤ ਦੇ ਧਰਮ-ਨਿਰਪੱਖ ਅਕਸ ਨੂੰ ਨੁਕਸਾਨ ਪਹੁੰਚਿਆ ਹੈ, ਵਿਰੁੱਧ ਕੁਝ ਨਹੀਂ ਕਿਹਾ।

ਇਤਿਹਾਸਕਾਰ ਆਇਸ਼ਾ ਜਲਾਲ ਨੇ ਆਪਣੇ ਵਡੇਰੇ, ਉਰਦੂ ਦੇ ਮਸ਼ਹੂਰ ਅਫਸਾਨਾਨਿਗਾਰ ਸਾਅਦਤ ਹਸਨ ਮੰਟੋ ਦੇ ਹਵਾਲੇ ਨਾਲ ਲਿਖਿਆ ਹੈ, "ਵੰਡ ਦਾ ਦੁਖਾਂਤ ਸਿਰਫ ਇਸ ਗੱਲ ਵਿਚ ਨਹੀਂ ਕਿ ਇਕ ਦੇਸ਼ ਦੀ ਥਾਂ 'ਤੇ ਦੋ ਆਜ਼ਾਦ ਦੇਸ਼ ਬਣ ਗਏ ਸਗੋਂ ਇਸ ਗੱਲ ਵਿਚ ਹੈ (ਜਿਵੇਂ ਮੰਟੋ ਨੇ ਲਿਖਿਆ ਸੀ) ਕਿ ਦੋਵੇਂ ਦੇਸ਼ ਗੁਲਾਮ ਹੋ ਗਏ; ਤੁਅੱਸਬ/ਕੱਟੜਪੁਣੇ ਦੇ ਗੁਲਾਮ, ਧਾਰਮਿਕ ਜਨੂਨ ਦੇ ਗੁਲਾਮ, ਕਰੂਰਤਾ, ਵਹਿਸ਼ੀਪੁਣੇ ਅਤੇ ਪਸ਼ੂਆਂ ਵਰਗੀਆਂ ਰੁਚੀਆਂ ਦੇ ਗੁਲਾਮ।" ਅੱਜ ਵੀ ਪਾਕਿਸਤਾਨ, ਭਾਰਤ ਅਤੇ ਹੋਰ ਦੇਸ਼ਾਂ ਦੇ ਕੱਟੜਪੰਥੀ ਚਾਹੁੰਦੇ ਹਨ ਕਿ ਅਸੀਂ ਕੱਟੜਪੁਣੇ, ਤੁਅੱਸਬ ਤੇ ਧਾਰਮਿਕ ਜਨੂਨ ਦੇ ਗੁਲਾਮ ਰਹੀਏ; 1947 ਦਾ ਜਨੂਨ ਜਿਉਂਦਾ ਰਹੇ ਅਤੇ ਉਹ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡ ਕੇ ਰਾਜ ਕਰਦੇ ਰਹਿਣ। ਉਹ ਇਹ ਵੀ ਚਾਹੁੰਦੇ ਹਨ ਕਿ ਅਸੀਂ ਧਾਰਮਿਕ ਕੱਟੜਪੁਣੇ ਵਿਚ ਪੈ ਕੇ ਉਸ ਤਰ੍ਹਾਂ ਦੇ ਹਿੰਦੂ ਤੇ ਮੁਸਲਮਾਨ ਬਣੀਏ ਜਿਵੇਂ ਦੇ ਉਹ ਸਾਨੂੰ ਬਣਾਉਣਾ ਚਾਹੁੰਦੇ ਹਨ, ਮਨੁੱਖ ਕਦੇ ਨਾ ਬਣੀਏ। ਮਨੁੱਖ ਬਣਨਾ ਇਸ ਯੁੱਗ ਦੀ ਸਭ ਤੋਂ ਵੱਡੀ ਚੁਣੌਤੀ ਹੈ।

# ਜਬਰ-ਜਨਾਹ ਬਨਾਮ ਗੈਰ-ਅਦਾਲਤੀ ਕਤਲ

ਹੈਦਰਾਬਾਦ ਜਬਰ-ਜਨਾਹ ਕਾਂਡ ਦੇ ਚਾਰ ਕਥਿਤ ਦੋਸ਼ੀਆਂ ਦੇ ਪੁਲਿਸ ਮੁਕਾਬਲੇ ਵਿਚ ਕਤਲ ਦਾ ਸਮੂਹਿਕ ਅਤੇ ਰਾਜਸੀ ਸਵਾਗਤ ਖਤਰਨਾਕ ਰੁਝਾਨ ਹੈ। ਹਜੂਮੀ ਕਤਲਾਂ ਰਾਹੀਂ ਤੁਰੰਤ ਨਿਆਂ ਦੀਆਂ ਸਲਾਹਾਂ ਦੇਣ ਅਤੇ ਤਿਲੰਗਾਨਾ ਪੁਲਿਸ ਨੂੰ ਵਧਾਈਆਂ ਦੇਣ ਵਾਲਿਆਂ ਵਿਚ ਖੁਦ ਐਮ.ਪੀ. ਸ਼ਾਮਲ ਹਨ ਜਿਨ੍ਹਾਂ ਤੋਂ ਸਮਾਜ, ਕਾਨੂੰਨ ਦਾ ਰਾਜ ਲਾਗੂ ਕਰਨ ਦੀ ਉਮੀਦ ਰੱਖਦਾ ਹੈ। ਜਦੋਂ ਜਬਰ-ਜਨਾਹ ਦੇ ਮਾਮਲਿਆਂ ਵਿਚ ਕਸੂਰਵਾਰ ਕਰਾਰ ਦਿੱਤੇ ਜਾਣ ਦੀ ਦਰ ਹੀ 32.2 ਫੀਸਦੀ ਹੈ ਤਾਂ ਅਵਾਮ ਵਲੋਂ ਨਿਆਂ ਪ੍ਰਣਾਲੀ 'ਚ ਬੇਭਰੋਸਗੀ ਦਾ ਇਜ਼ਹਾਰ ਗੈਰ-ਅਦਾਲਤੀ ਕਤਲਾਂ ਦੀ ਜੈ-ਜੈਕਾਰ ਰਾਹੀਂ ਹੋਣਾ ਹੈਰਾਨੀਜਨਕ ਨਹੀਂ। ਇਸ ਉਪਰ

**ਬੂਟਾ ਸਿੰਘ**
ਫੋਨ: +91-94634-74342

ਆਧੁਨਿਕਤਾ ਦੇ ਢੌਂਗ ਵਾਲੀ ਜਗੀਰੂ ਜ਼ਿਹਨੀਅਤ ਅਤੇ ਨਿਆਂਕਾਰੀ ਵਿਵਸਥਾ ਦੀ ਬਜਾਏ ਲੋਹਪੁਰਸ਼ੀ ਆਪਾਸ਼ਾਹ ਰਾਜ ਨੂੰ ਆਦਰਸ਼ ਸਵੀਕਾਰ ਕਰਨ ਵਾਲੇ ਰਾਸ਼ਟਰਵਾਦ ਦੀ ਛਾਪ ਸਾਫ ਨਜ਼ਰ ਆਉਂਦੀ ਹੈ।

ਅਸਲ ਵਿਚ, ਭਾਰਤੀ ਸਮਾਜ ਦਾ ਅਵਚੇਤਨ ਜਗੀਰੂ ਜ਼ਿਹਨੀਅਤ ਨਾਲ ਗੜੁੱਚ ਹੈ। ਕੋਈ ਬੰਦਾ ਰਾਜ ਦਾ ਅਹਿਲਕਾਰ ਜਾਂ ਰਾਜਸੀ ਆਗੂ ਬਣ ਜਾਣ ਨਾਲ ਇਸ ਤੋਂ ਮੁਕਤ ਨਹੀਂ ਹੋ ਜਾਂਦਾ। ਹਾਕਮ ਜਮਾਤੀ ਸਿਆਸਤਦਾਨ ਤਾਂ ਆਪਣੇ ਸੌੜੇ ਹਿਤਾਂ ਲਈ ਜਾਣ-ਬੁੱਝ ਕੇ ਨਿਆਂਇਕ ਅਮਲ ਨੂੰ ਬਾਈਪਾਸ ਕਰਕੇ ਤਾਨਾਸ਼ਾਹੀ ਦਾ ਰਾਹ ਪੱਧਰਾ ਕਰਨਾ ਚਾਹੁੰਦੇ ਹਨ ਲੇਕਿਨ ਜੋ ਆਮ ਲੋਕ ਗੈਰ-ਅਦਾਲਤੀ ਸਜ਼ਾਵਾਂ 'ਚ ਨਿਆਂ ਤਲਾਸ਼ ਰਹੇ ਹਨ, ਉਹ ਗੈਰ-ਅਦਾਲਤੀ ਸਜ਼ਾਵਾਂ ਅਤੇ ਨਿਆਂ ਦੇ ਅਮਲ ਨੂੰ ਤਿਲਾਂਜਲੀ ਦੇਣ ਦੇ ਵਰਤਾਰੇ ਨੂੰ ਸਮਾਜੀ ਅਤੇ ਰਾਜਸੀ ਪ੍ਰਵਾਨਗੀ ਦਿੱਤੇ ਜਾਣ ਦੇ ਖੌਫਨਾਕ ਖਤਰਿਆਂ ਤੋਂ ਬੇਖਬਰ ਹਨ। ਉਹ ਨਹੀਂ ਜਾਣਦੇ ਕਿ ਇਸ ਵਿਵਸਥਾ ਵਿਚ 'ਤੁਰੰਤ ਨਿਆਂ' ਵੀ ਸਿਰਫ ਕਮਜ਼ੋਰ ਸਮਾਜੀ ਪਿਛੋਕੜ ਵਾਲੇ ਮੁਜਰਿਮਾਂ ਲਈ ਹੀ ਰਾਖਵਾਂ ਹੈ। ਕੁਲਦੀਪ ਸੈਂਗਰਾਂ, ਚਿਨਮਿਯਾਨੰਦਾਂ ਦੀ ਰਸੂਖਵਾਨ ਜਮਾਤ ਇਸ ਕਿਸਮ ਦੇ 'ਨਿਆਂ' ਤੋਂ ਉਪਰ ਹੈ। ਸਟੇਟ ਦਾ ਪ੍ਰਤੀਕਰਮ ਮੁਜਰਿਮ ਦੀ ਜਾਤ, ਧਰਮ ਅਤੇ ਉਸ ਦੀ ਸਮਾਜੀ-ਆਰਥਿਕ-ਰਾਜਨੀਤਕ ਹੈਸੀਅਤ ਤੋਂ ਤੈਅ ਹੁੰਦਾ ਹੈ।

ਫਰਜ਼ੀ ਪੁਲਿਸ ਮੁਕਾਬਲੇ ਨੂੰ ਨਿਆਂ ਸਮਝਣ ਵਾਲੇ ਇਹ ਸਮਝਣ ਤੋਂ ਅਸਮਰੱਥ ਹਨ ਕਿ ਇਹ ਦਰਅਸਲ ਜਬਰ-ਜਨਾਹਾਂ ਦੀ ਵਹਿਸ਼ਿਆਨਾ ਜ਼ਹਿਨੀਅਤ ਨੂੰ ਖਤਮ ਕਰਨ ਵਿਚ ਰਾਜ ਢਾਂਚੇ ਦੀ ਨਾਲਾਇਕੀ ਉਪਰ ਪਰਦਾ ਪਾਉਣ ਅਤੇ ਸਰਕਾਰਾਂ ਦੀ ਜਵਾਬਦੇਹੀ ਤੋਂ ਧਿਆਨ ਹਟਾਉਣ ਲਈ ਰਚਿਆ ਨਾਟਕ ਸੀ। ਤਿਲੰਗਾਨਾ ਦੇ ਪਸ਼ੂ ਪਾਲਣ ਮੰਤਰੀ ਤਲਸਾਨੀ ਸ੍ਰੀਨਿਵਾਸ ਰੈਡੀ ਨੇ ਸਪਸ਼ਟ ਕਿਹਾ ਹੈ ਕਿ 'ਇਹ ਪੂਰੇ ਮੁਲਕ ਲਈ ਸੰਦੇਸ਼ ਸੀ' ਅਤੇ ਮੁਜਰਿਮਾਂ ਨੂੰ ਜੁਰਮ ਦੇ ਸਥਾਨ ਉਪਰ ਉਪਰਲੀਆਂ ਹਦਾਇਤਾਂ 'ਤੇ ਲਿਜਾਇਆ ਗਿਆ। ਲੋਕ ਭੁੱਲ ਗਏ ਕਿ ਤਿਲੰਗਾਨਾ ਦੇ ਇਸੇ 'ਐਨਕਾਊਂਟਰ ਸਪੈਸ਼ਲਿਸਟ' ਵੀ.ਸੀ. ਸਜਨਾਰ ਦੀ ਅਗਵਾਈ ਹੇਠ 2008 ਵਿਚ ਵਾਰੰਗਲ ਵਿਚ ਤਿੰਨ ਮੁਲਜ਼ਮ ਇਸੇ ਤਰ੍ਹਾਂ ਸ਼ੱਕੀ ਹਾਲਾਤ ਵਾਲੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਸਨ ਜਿਨ੍ਹਾਂ ਨੂੰ ਦੋ ਲੜਕੀਆਂ ਉਪਰ ਤੇਜ਼ਾਬ ਸੁੱਟਣ ਦੇ ਮਾਮਲੇ ਵਿਚ ਹਿਰਾਸਤ ਵਿਚ ਲਿਆ ਗਿਆ ਸੀ। ਕੀ ਉਸ 'ਤੁਰੰਤ ਨਿਆਂ' ਨਾਲ ਆਂਧਰਾ-ਤਿਲੰਗਾਨਾ ਵਿਚ ਔਰਤਾਂ ਵਿਰੁਧ ਜੁਰਮ ਖਤਮ ਹੋ ਗਏ? ਇਸ 'ਹੱਲ' ਨਾਲ ਕੀ ਉਹ ਹਾਲਾਤ ਖਤਮ ਹੋ ਜਾਣਗੇ ਜੋ ਔਰਤਾਂ ਉਪਰ ਜਿਨਸੀ ਹਿੰਸਾ ਦੀ ਜੰਮਣ-ਭੋਇੰ ਹਨ ਅਤੇ ਕੀ ਹੁਣ ਔਰਤਾਂ ਦੀ ਸੁਰੱਖਿਆ ਯਕੀਨੀ ਹੋ ਜਾਵੇਗੀ?

ਮਰਦ-ਪ੍ਰਧਾਨ ਸੱਤਾ ਦੀ ਸਦੀਵੀ ਜਕੜ ਨੇ ਸਮਾਜ ਦੇ ਜ਼ਿਆਦਾਤਰ ਹਿੱਸੇ ਨੂੰ ਇਸ ਕਦਰ ਸੰਵੇਦਨਾਹੀਣ ਬਣਾ ਦਿੱਤਾ ਹੈ ਕਿ 'ਰਾਸ਼ਟਰ ਦੀ ਆਤਮਾ' ਕਿਸੇ ਦਿਲ-ਕੰਬਾਊ ਕਾਂਡ ਨਾਲ ਹੀ ਜਾਗਦੀ ਹੈ ਅਤੇ 'ਮੌਤ ਦੀ ਸਜ਼ਾ' ਨਾਲ ਹੀ ਸੰਤੁਸ਼ਟ ਹੁੰਦੀ ਹੈ। ਕਿਸੇ ਵੀ ਤਰ੍ਹਾਂ ਦੀ ਘੱਟ ਚੁਭਵੀਂ ਹਿੰਸਾ ਨੂੰ ਗੌਲਿਆ ਹੀ ਨਹੀਂ ਜਾਂਦਾ। ਫਰੀਦਕੋਟ ਜਿਨਸੀ ਸ਼ੋਸ਼ਣ, ਉਨਾਓ ਜਬਰ-ਜਨਾਹ ਕਾਂਡ ਆਦਿ ਮਾਮਲਿਆਂ 'ਚ ਜਮਹੂਰੀ ਲੋਕਪੱਖੀ ਜਥੇਬੰਦੀਆਂ ਨੂੰ ਛੱਡ ਕੇ ਹੋਰ ਕਿੰਨੇ ਕੁ ਲੋਕ ਇਨਸਾਫ ਦਿਵਾਉਣ ਲਈ ਅੱਗੇ ਆਏ ਹਨ? ਸਿਰਫ 'ਨਿਰਭਯਾ', ਕਠੂਆ ਜਾਂ ਹੈਦਰਾਬਾਦ ਵਰਗੇ ਅਤਿਅੰਤ ਹੌਲਨਾਕ ਕਾਂਡ ਹੀ ਸਮਾਜ ਨੂੰ ਝੰਜੋੜਦੇ ਹਨ ਅਤੇ ਸੜਕਾਂ ਉਪਰ ਰੋਸ ਮੁਜ਼ਾਹਰੇ ਹੁੰਦੇ ਹਨ। ਐਸੇ ਰੋਹ ਭਰੇ ਪ੍ਰਦਰਸ਼ਨਾਂ ਤੋਂ ਲੈ ਕੇ ਸੰਸਦ ਮੈਂਬਰਾਂ ਦੇ ਭਾਸ਼ਣਾਂ ਵਿਚ ਮੁਜਰਿਮਾਂ ਨੂੰ ਮੌਤ ਦੀ ਸਜ਼ਾ ਦੇਣ ਦਾ ਸ਼ੋਰ ਤਾਂ ਸੁਣਾਈ ਦਿੰਦਾ ਹੈ ਲੇਕਿਨ ਮਸਲੇ ਦੇ ਮੂਲ ਕਾਰਨਾਂ ਬਾਰੇ ਚਰਚਾ ਗੈਰ-ਹਾਜ਼ਰ ਹੈ।

ਪੁਲਿਸ ਦੇ 'ਫਾਸਟ ਟਰੈਕ ਨਿਆਂ' ਨਾਲ ਸੰਤੁਸ਼ਟ ਹੋ ਕੇ ਰੋਹ ਦਾ ਹਾਲੀਆ ਉਬਾਲ ਵੀ 2012 ਦੇ ਰੋਸ ਮੁਜ਼ਾਹਰਿਆਂ ਵਾਂਗ ਠੰਢਾ ਪੈਣਾ ਸ਼ੁਰੂ ਹੋ ਗਿਆ ਹੈ। ਇਹ ਸਵਾਲ ਤਾਂ ਕਿਸੇ ਨੇ ਗੌਲਿਆ ਹੀ ਨਹੀਂ ਕਿ ਜੇ ਮੌਤ ਦੀ ਸਜ਼ਾ ਮਸਲੇ ਦਾ ਹੱਲ ਹੁੰਦੀ ਤਾਂ 70ਵਿਆਂ 'ਚ ਦਿੱਲੀ ਦੇ ਗੀਤਾ ਕਾਂਡ ਦੇ ਮੁਜਰਿਮਾਂ ਬਿੱਲਾ-ਰੰਗਾ ਨੂੰ ਫਾਂਸੀ ਦਿੱਤੇ ਜਾਣ ਜਾਂ ਫੂਲਨ ਦੇਵੀ ਵਲੋਂ 22 ਜਣਿਆਂ ਨੂੰ ਗੋਲੀ ਨਾਲ ਉਡਾਉਣ ਤੋਂ ਬਾਅਦ ਜਬਰ-ਜਨਾਹ ਕਰਨ ਵਾਲਿਆਂ ਨੂੰ ਖੌਫਜ਼ਦਾ ਹੋ ਜਾਣਾ ਚਾਹੀਦਾ ਸੀ। ਇਸ ਵਰਤਾਰੇ ਵਿਚ ਤਾਂ ਸਗੋਂ ਬੇਤਹਾਸ਼ਾ ਇਜ਼ਾਫਾ ਹੋਇਆ ਹੈ। ਸਰਕਾਰੀ ਅੰਕੜਿਆਂ ਅਨੁਸਾਰ 2017 'ਚ ਪੁਲਿਸ ਕੋਲ ਜਬਰ-ਜਨਾਹ ਦੇ 32500 ਮਾਮਲੇ ਦਰਜ ਹੋਏ, ਭਾਵ ਇਕ ਦਿਨ ਵਿਚ ਲਗਭਗ 90 ਮਾਮਲੇ ਹਾਲਾਂਕਿ ਦਰਜ ਸ਼ਿਕਾਇਤਾਂ ਉਪਰ ਆਧਾਰਤ



ਨੈਸ਼ਨਲ ਕ੍ਰਾਈਮ ਰਿਕਾਰਡ ਬਿਓਰੋ ਦੇ ਅੰਕੜੇ ਜਿਨਸੀ ਹਿੰਸਾ ਦੀ ਸਹੀ ਤਸਵੀਰ ਪੇਸ਼ ਨਹੀਂ ਕਰਦੇ। 2012-13 'ਚ ਮੌਤ ਦੀ ਸਜ਼ਾ ਦੀ ਮੰਗ ਦੇ ਸ਼ੋਰ ਦੇ ਆਲਮ ਵਿਚ ਜਸਟਿਸ ਜੇ.ਐਸ.ਵਰਮਾ ਕਮਿਸ਼ਨ ਨੇ ਜਿਨਸੀ ਹਿੰਸਾ ਨੂੰ ਰੋਕਣ ਲਈ ਬਹੁਤ ਸਾਰੇ ਉਪਾਅ ਸੁਝਾਏ ਸਨ। ਕੁਝ ਸੁਝਾਵਾਂ ਅਨੁਸਾਰ ਕਾਨੂੰਨ ਵੀ ਸਖਤ ਬਣਾਇਆ ਗਿਆ। ਉਨ੍ਹਾਂ ਪੇਸ਼ਬੰਦੀਆਂ ਦੇ ਬਾਵਜੂਦ ਜਬਰ-ਜਨਾਹ ਦੀ ਭਿਆਨਕਤਾ ਵਧਦੀ ਜਾਂਦੀ ਹੈ। ਆਖਿਰਕਾਰ ਵਿਆਪਕ ਜਿਨਸੀ ਹਿੰਸਾ ਦੀ ਜੰਮਣ-ਭੋਇੰ ਵਿਰੁਧ ਲੋਕ ਰਾਇ ਕਿਉਂ ਨਹੀਂ ਬਣ ਰਹੀ?

ਯਾਦ ਰਹੇ ਕਿ ਜਬਰ-ਜਨਾਹ ਔਰਤਾਂ ਉਪਰ ਜ਼ੁਲਮਾਂ ਦਾ ਇਕੋ-ਇਕ ਰੂਪ ਨਹੀਂ ਹੈ ਅਤੇ ਰੋਸ ਪ੍ਰਦਰਸ਼ਨਾਂ ਦੌਰਾਨ ਵੀ ਔਰਤਾਂ ਨਾਲ ਸਿਰਫ ਕਿਸੇ ਓਪਰੇ ਬੰਦੇ ਵਲੋਂ ਕੀਤੇ ਜਬਰ-ਜਨਾਹ ਵਿਰੁਧ ਹੀ ਆਵਾਜ਼ ਉਠਦੀ ਹੈ; ਜਦਕਿ ਮੁਲਕ ਵਿਚ 94 ਫੀਸਦੀ ਤੋਂ ਵੀ ਵਧੇਰੇ ਜਬਰ-ਜਨਾਹ ਔਰਤਾਂ ਦੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਜਾਂ ਜਾਣਕਾਰਾਂ ਵਲੋਂ ਕੀਤੇ ਜਾਂਦੇ ਹਨ। ਇਨ੍ਹਾਂ ਉਪਰ ਸਮਾਜੀ ਨਮੋਸ਼ੀ ਅਤੇ ਔਰਤ ਦੀ ਬਦਨਾਮੀ ਦੀ ਦਲੀਲ ਦੇ ਕੇ ਉਨ੍ਹਾਂ ਦਾ ਆਪਣਾ ਟੱਬਰ ਤੇ ਭਾਈਚਾਰਾ ਹੀ ਮਿੱਟੀ ਪਾ ਦਿੰਦਾ ਹੈ। ਜ਼ਿਆਦਾਤਰ ਔਰਤਾਂ ਇਸ ਸਮਾਜੀ ਦਬਾਓ ਅਤੇ ਨਿਆਂ ਦੀ ਨਾਉਮੀਦੀ ਕਾਰਨ ਚੁੱਪ ਰਹਿੰਦੀਆਂ ਹਨ। ਇਨ੍ਹਾਂ ਜਬਰ-ਜਨਾਹਾਂ ਨੂੰ ਕੋਈ ਮਸਲਾ ਹੀ ਨਹੀਂ ਮੰਨਿਆ ਜਾਂਦਾ।

ਇਸ ਤੋਂ ਬਿਨਾ, ਖਾਪ ਪੰਚਾਇਤਾਂ ਤੇ ਰੂੜ੍ਹੀਵਾਦੀ ਸਮਾਜੀ ਸੰਸਥਾਵਾਂ ਜਗੀਰੂ ਮਰਿਯਾਦਾ ਦੀ ਉਲੰਘਣਾ ਕਰਨ 'ਤੇ ਔਰਤਾਂ ਨੂੰ ਸਮੂਹਕ ਜਬਰ-ਜਨਾਹ ਤੇ ਨਿਰਵਸਤਰ ਕਰਕੇ ਪੂਰੇ ਪਿੰਡ 'ਚ ਘੁੰਮਾਉਣ ਦੀਆਂ ਸਜ਼ਾਵਾਂ ਦਿੰਦੀਆਂ ਹਨ, ਅਖੌਤੀ ਉਚੀ ਜਾਤੀ ਅਨਸਰ ਆਪਣੀ ਜਗੀਰੂ ਧੌਂਸ ਦਿਖਾਉਣ ਤੇ ਦੱਬੇ-ਕੁਚਲੇ ਲੋਕਾਂ ਦੀ ਹੱਕ-ਜਤਾਈ ਦਾ ਲੱਕ ਤੋੜਨ ਲਈ ਖੈਰਲਾਂਜੀ ਵਰਗੇ ਕਾਂਡ ਰਚਦੇ ਹਨ। ਭਾਰਤੀ ਰਾਜ ਵਲੋਂ 'ਗੜਬੜਗ੍ਰਸਤ ਇਲਾਕਿਆਂ' ਅੰਦਰ ਕਾਨੂੰਨ ਦਾ ਰਾਜ ਮੁੜ ਸਥਾਪਤ ਕਰਨ ਦੌਰਾਨ ਜਬਰ-ਜਨਾਹ ਨੂੰ ਹਥਿਆਰ ਬਣਾ ਕੇ ਵਰਤਣ ਦੀਆਂ ਬੇਸ਼ੁਮਾਰ ਮਿਸਾਲਾਂ ਹਨ ਜਿਸ ਦਾ ਮਨੋਰਥ ਸੰਘਰਸ਼ਸ਼ੀਲ ਦੱਬੇ-ਕੁਚਲੇ ਲੋਕਾਂ, ਧਾਰਮਿਕ ਘੱਟਗਿਣਤੀਆਂ ਤੇ ਕੌਮੀਅਤਾਂ ਦੇ ਮਨੋਬਲ ਨੂੰ ਤੋੜਨਾ ਹੈ।

ਭਗਵੇਂ ਰਾਜ ਵਿਚ ਨਾ ਸਿਰਫ ਜਿਨਸੀ ਹਿੰਸਾ ਦੀ ਵਿਆਪਕਤਾ ਅਤੇ ਦਰਿੰਦਗੀ ਵਧੀ ਹੈ ਸਗੋਂ ਬਲਾਤਕਾਰੀਆਂ ਦੀ ਹਮਾਇਤ ਵਿਚ ਜਥੇਬੰਦ ਸਮੂਹ ਅਤੇ ਸੱਤਾ ਸ਼ਰੇਆਮ ਖੜ੍ਹੇ ਨਜ਼ਰ ਆਉਂਦੇ ਹਨ। ਕਠੂਆ, ਉਨਾਓ ਰਾਜਕੀ ਅਤੇ ਰਾਜਸੀ ਪੁਸ਼ਤਪਨਾਹੀ ਦੀਆਂ ਚਰਚਿਤ ਮਿਸਾਲਾਂ ਹਨ। ਘਟਨਾਵਾਂ ਅਤੇ ਥਾਵਾਂ ਦੇ ਨਾਂ ਹੀ ਵੱਖਰੇ ਹਨ, ਔਰਤਾਂ ਦਾ ਸੰਤਾਪ ਤੇ ਦਰਦ ਵੱਖਰਾ ਨਹੀਂ ਹੈ।

'ਨਿਰਭਯਾ' ਜਿਹੇ ਮਾਮਲਿਆਂ ਬਾਰੇ ਸਰੋਕਾਰ ਦਿਖਾਉਣਾ ਗਲਤ ਨਹੀਂ ਪਰ ਇਹ ਸਰੋਕਾਰ ਇਕਤਰਫਾ ਤੇ ਅਧੂਰਾ ਹੈ। ਵਹਿਸ਼ਿਆਨਾ ਵਾਰਦਾਤ ਨੂੰ ਆਧਾਰ ਬਣਾ ਕੇ ਅਤੇ ਇਸ ਲਈ ਸਿਰਫ ਚੰਦ ਦਰਿੰਦਿਆਂ ਨੂੰ ਇਕੋ-ਇਕ ਜ਼ਿੰਮੇਵਾਰ ਮਿੱਥਣ ਦਾ ਨਜ਼ਰੀਆ ਸਾਡੇ ਸਮਾਜ ਦੀ ਘਿਨਾਉਣੀ ਹਕੀਕਤ ਨੂੰ ਨਜ਼ਰ-ਅੰਦਾਜ਼ ਕਰਦਾ ਹੈ। ਅਜਿਹਾ ਸੀਮਤ ਵਿਰੋਧ ਸਥਾਪਤੀ ਨੂੰ ਪੂਰੀ ਤਰ੍ਹਾਂ ਰਾਸ ਆਉਂਦਾ ਹੈ ਕਿਉਂਕਿ ਵਹਿਸ਼ਿਆਨਾ ਜਿਨਸੀ ਹਿੰਸਾ ਵਿਚ ਸਮਾਜ, ਸਭਿਆਚਾਰ ਅਤੇ ਰਾਜ ਦੀ ਭੂਮਿਕਾ ਵਲ ਕਿਸੇ ਦੀ ਨਜ਼ਰ ਹੀ ਨਹੀਂ ਜਾਂਦੀ। ਵਿਰੋਧ ਦੀ ਇਸ ਆਵਾਜ਼ 'ਚ ਅਮਨ-ਕਾਨੂੰਨ ਦੇ ਰਖਵਾਲਿਆਂ, ਸੱਤਾ ਵਲੋਂ ਖੜ੍ਹੀਆਂ ਕੀਤੀਆਂ ਗੈਰ-ਕਾਨੂੰਨੀ ਤਾਕਤਾਂ, ਉਚ ਜਾਤੀ ਅਨਸਰਾਂ ਅਤੇ ਫਿਰਕੂ ਗ੍ਰੋਹਾਂ ਵਲੋਂ ਔਰਤਾਂ ਉਪਰ ਘੋਰ ਜ਼ੁਲਮਾਂ ਦਾ ਮੁੱਖ ਪਹਿਲੂ ਅਕਸਰ ਹੀ ਗੈਰ-ਹਾਜ਼ਰ ਰਹਿੰਦਾ ਹੈ।

ਮਹਾਂਨਗਰੀ ਸੰਵੇਦਨਸ਼ੀਲਤਾ ਪੂਰੇ ਮੁਲਕ ਵਿਚ ਆਦਿਵਾਸੀਆਂ, ਦਲਿਤਾਂ, ਕੌਮੀਅਤਾਂ, ਧਾਰਮਿਕ ਘੱਟਗਿਣਤੀਆਂ ਤੇ ਹੋਰ ਸੰਘਰਸ਼ਸ਼ੀਲ ਹਿੱਸਿਆਂ ਦੀਆਂ ਔਰਤਾਂ ਦੇ ਜਬਰ-ਜਨਾਹ ਬਾਰੇ ਐਸੀ ਫਿਕਰਮੰਦੀ ਕਦੇ ਨਹੀਂ ਦਿਖਾਉਂਦੀ। ਜਦੋਂ ਮਨੀਪੁਰੀ ਔਰਤਾਂ ਨੇ ਫੌਜ ਦੇ ਸਦਰ-ਮੁਕਾਮ ਅੱਗੇ ਨਿਰਵਸਤਰ ਹੋ ਕੇ ਮੁਜ਼ਾਹਰਾ ਕੀਤਾ ਅਤੇ ਜਦੋਂ ਆਦਿਵਾਸੀ ਕਾਰਕੁਨ ਸੋਨੀ ਸੋਰੀ ਉਪਰ ਪੁਲਿਸ ਹਿਰਾਸਤ ਵਿਚ ਜਿਨਸੀ ਜ਼ੁਲਮਾਂ ਖਿਲਾਫ ਹਾਹਾਕਾਰ ਮੱਚੀ, ਉਦੋਂ ਦਿੱਲੀ ਸਮੇਤ ਪੂਰੇ ਮੁਲਕ ਦੇ ਜ਼ਿਆਦਾਤਰ ਲੋਕ ਖਾਮੋਸ਼ ਰਹੇ। ਹੁਣ ਵੀ ਕਸ਼ਮੀਰ ਜਾਂ ਦੂਰ-ਦਰਾਜ ਆਦਿਵਾਸੀਆਂ ਇਲਾਕਿਆਂ ਵਿਚ ਸਟੇਟ ਦੀ ਪੁਸ਼ਤਪਨਾਹੀ ਵਾਲੀ ਹੌਲਨਾਕ ਜਿਨਸੀ ਹਿੰਸਾ ਉਨ੍ਹਾਂ ਲਈ ਕੋਈ ਮੁੱਦਾ ਨਹੀਂ ਹੈ।

ਸਵਾਲ ਇਹ ਹੈ ਕਿ ਕਿਸੇ ਆਮ ਮਰਦ ਜਾਂ ਸਟੇਟ ਦੇ ਮਰਦ ਅਧਿਕਾਰੀਆਂ-ਕਰਿੰਦਿਆਂ ਵਿਚ ਔਰਤ ਦੇ ਸਵੈਮਾਣ ਉਪਰ ਬੇਖੌਫ ਹੋ ਕੇ ਝਪਟਣ ਦੀ ਦਲੇਰੀ ਕਿਥੋਂ ਆਉਂਦੀ ਹੈ? ਇਸ ਦਾ ਸੋਮਾ ਔਰਤ ਉਪਰ ਥੋਪਿਆ ਨਾਬਰਾਬਰੀ ਵਾਲਾ ਸਦੀਵੀ ਸਮਾਜੀ ਦਰਜਾ ਤੇ ਇਸ ਤਹਿਤ ਨਿਤਾਣੀ ਬਣਾ ਦਿੱਤੀ ਗਈ ਉਸ ਦੀ ਸਮਾਜੀ ਹੋਂਦ ਹੈ। ਵਕਤ ਦੇ ਨਾਲ ਰੂੜ੍ਹੀਵਾਦੀ ਬੰਦਸ਼ਾਂ ਦੀ ਕੁੰਦਰ ਜਕੜ ਢਿੱਲੀ ਪੈਣ ਦੇ ਬਾਵਜੂਦ ਮਰਦ ਪ੍ਰਧਾਨ ਸੋਚ ਅਜੇ ਵੀ ਔਰਤ ਨੂੰ ਜਾਇਦਾਦ ਸਮਝਣ ਤੇ ਇਸਤੇਮਾਲ ਕਰਨ ਦੀ ਹੀ ਹੈ। ਮੂਲ ਰੂਪ ਵਿਚ ਔਰਤ ਦਾ ਅਧੀਨ ਦਰਜਾ ਨਾ ਸਿਰਫ ਬਰਕਰਾਰ ਹੈ ਸਗੋਂ ਜਗੀਰੂ ਜ਼ਹਿਨੀਅਤ ਅਤੇ ਆਧੁਨਿਕਤਾ ਦੇ ਮਿਸ਼ਰਨ ਰਾਹੀਂ ਇਹ ਹੋਰ ਵੀ ਪੇਚੀਦਾ ਤੇ ਬਹੁਪਰਤੀ ਹੋ ਗਿਆ ਹੈ। ਇਹ ਮਾਹੌਲ ਵਹਿਸ਼ਿਆਨਾ ਬਿਰਤੀ ਨੂੰ ਜਬਰ-ਜਨਾਹ ਕਰਨ ਦੀ ਹਿੰਮਤ ਦਿੰਦਾ ਹੈ।

ਇਸ ਵਹਿਸ਼ਿਆਨਾ ਵਰਤਾਰੇ ਦੇ ਖਾਤਮੇ ਲਈ ਔਰਤ ਵਿਰੋਧੀ ਸੋਚ ਦੇ ਹਰ ਇਜ਼ਹਾਰ ਨੂੰ ਚੁਣੌਤੀ ਦੇਣੀ ਹੋਵੇਗੀ। ਸਮਾਜ ਨੂੰ ਪੀੜਤ ਔਰਤ ਨੂੰ ਕਸੂਰਵਾਰ ਠਹਿਰਾਉਣ ਦੀ ਜ਼ਹਿਨੀਅਤ ਬਦਲਣੀ ਹੋਵੇਗੀ ਅਤੇ ਬਲਾਤਕਾਰੀਆਂ ਨੂੰ ਨਮੋਸ਼ੀ ਦੇਣ ਤੇ ਨਾਲ ਹੀ ਢੁਕਵੀਂ ਸਜ਼ਾ ਯਕੀਨੀ ਬਣਾਉਣ ਦੇ ਹਾਲਾਤ ਪੈਦਾ ਕਰਨੇ ਹੋਣਗੇ। ਜਬਰ-ਜਨਾਹ ਵਿਚ ਚਾਹੇ ਰਾਜ ਦੇ ਪੁਰਜ਼ੇ ਸ਼ਾਮਲ ਹੋਣ ਜਾਂ ਪਰਿਵਾਰਕ ਰਿਸ਼ਤਿਆਂ ਵਾਲਾ ਮਰਦ ਜਾਂ ਕੋਈ ਹੋਰ, ਹਰ ਦਰਿੰਦਗੀ ਵਿਰੁਧ ਆਵਾਜ਼ ਉਠਾਉਣੀ ਪਵੇਗੀ ਤਾਂ ਜੁ ਵਿਰੋਧ ਵਕਤੀ ਉਬਾਲ ਬਣ ਕੇ ਨੁੱਸ ਹੋਣ ਲਈ ਨਾ ਸਰਾਪਿਆ ਜਾਵੇ ਸਗੋਂ ਇਹ ਮਰਦ-ਪ੍ਰਧਾਨ ਸੱਤਾ ਨੂੰ ਅਸਰਦਾਰ ਸੱਟ ਮਾਰਨ ਦੀ ਦਿਸ਼ਾ ਅਖਤਿਆਰ ਕਰੇ।

# ਜਬਰ-ਜਨਾਹ ਅਤੇ ਸਮਾਜ ਦੀ ਚੁੱਪ

ਪਿਛਲੇ ਸਾਲ ਜਦੋਂ ਸੰਸਾਰ ਦੀ ਮੁੱਖ ਮੀਡੀਆ ਸੰਸਥਾ 'ਥਾਮਸਨ ਰਾਇਟਰਜ਼' ਨੇ 'ਭਾਰਤ ਵਿਚ ਔਰਤਾਂ ਖਿਲਾਫ ਹਿੰਸਾ' ਨਾਮੀ ਰਿਪੋਰਟ ਜਾਰੀ ਕਰਦਿਆਂ ਭਾਰਤ ਨੂੰ ਔਰਤਾਂ ਲਈ ਦੁਨੀਆ ਦਾ ਸਭ ਤੋਂ ਅਸੁਰੱਖਿਅਤ ਮੁਲਕ ਕਰਾਰ ਦਿੱਤਾ ਤਾਂ ਸਿਆਸੀ ਜਮਾਤ ਅਤੇ ਸਟੇਟ ਪੱਖੀ ਸੂਚਨਾ ਤੰਤਰ ਵਿਚ ਇਸ ਨੂੰ 'ਮੁਲਕ ਦੀ ਬੇਇੱਜ਼ਤੀ' ਕਰਾਰ ਦਿੰਦਿਆਂ ਰਿਪੋਰਟ ਰੱਦ ਕਰਨ ਦੀ ਦੌੜ ਲੱਗ ਗਈ। ਦਸੰਬਰ 2014 ਵਿਚ ਦਿੱਲੀ ਵਿਚ ਨਿਰਭਯਾ ਦੇ

**ਡਾ. ਕੁਲਦੀਪ ਕੌਰ**
ਫੋਨ: +91-98554-04330

ਕਤਲ ਤੋਂ ਬਾਅਦ ਉਸ ਦੇ ਬਲਾਤਕਾਰੀਆਂ ਨਾਲ ਮੁਲਾਕਾਤਾਂ 'ਤੇ ਆਧਾਰਿਤ ਅਤੇ ਨਿਆਂ ਪ੍ਰਬੰਧ ਦੀ ਗੈਰ-ਸੰਵੇਦਨਸ਼ੀਲ ਪ੍ਰਕਿਰਿਆ 'ਤੇ ਸਵਾਲ ਖੜ੍ਹੀ ਕਰਦੀ ਦਸਤਾਵੇਜ਼ੀ ਫਿਲਮ 'ਭਾਰਤ ਦੀਆਂ ਬੇਟੀਆਂ' ਉਤੇ ਇਸ ਆਧਾਰ 'ਤੇ ਪਾਬੰਦੀ ਲਾ ਦਿੱਤੀ ਗਈ ਕਿ ਇਹ ਫਿਲਮ ਬਲਾਤਕਾਰ ਦੀ ਮਾਨਸਿਕਤਾ ਨੂੰ ਬਣਾਉਣ ਅਤੇ ਬਚਾਉਣ ਨਾਲ ਜੁੜੀਆਂ ਰਵਾਇਤਾਂ ਦੀ ਇਖਲਾਕੀ ਗਿਰਾਵਟ, ਸਭਿਆਚਾਰ ਨੂੰ ਬੇਪਰਦ ਕਰਦਿਆਂ ਬਲਾਤਕਾਰੀ ਦੇ ਕਾਨੂੰਨੀ ਤੰਤਰ, ਪ੍ਰਸ਼ਾਸਕੀ ਢਾਂਚੇ, ਸਿਆਸਤੀ ਦਾਇਰਿਆਂ ਦੀ ਰਣਨੀਤੀ ਅਤੇ ਨਿਆਂ ਪ੍ਰਬੰਧ ਨਾਲ ਸਬੰਧਾਂ ਦੀ ਛਾਣ-ਬੀਣ ਕਰਦੀ ਹੈ।

ਬਸਤੀਵਾਦੀ ਪ੍ਰਬੰਧਾਂ ਤੋਂ ਆਜ਼ਾਦ ਹੋ ਚੁੱਕੇ ਅਤੇ ਵਿਕਸਤ ਮੁਲਕਾਂ ਵਿਚ ਜੇ ਵੋਟਾਂ ਦੀ ਸਿਆਸਤ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਇਹ ਤੱਥ ਅਜੀਬ ਲੱਗ ਸਕਦਾ ਹੈ ਕਿ ਜਦੋਂ 'ਦੁਜਿਆਂ ਦੇ ਸਰੀਰਾਂ' ਅਤੇ 'ਉਨ੍ਹਾਂ ਦੇ ਕਿਆਸਾਂ' ਨਾਲ ਨਜਿੱਠਣ ਦੇ ਮਸਲੇ ਦੀ ਗੱਲ ਆਉਂਦੀ ਹੈ ਤਾਂ ਸਰੀਰਾਂ ਨੂੰ ਜਲਾ ਦੇਣ, ਮਾਰ ਦੇਣ, ਨਸ਼ਟ ਕਰ ਦੇਣ, ਅਪੰਗ ਕਰ ਦੇਣ ਜਾਂ ਤਬਾਹ ਕਰ ਦੇਣ ਦੀ ਸੱਤਾ ਹਮੇਸ਼ਾਂ ਜਮਹੂਰੀਅਤ ਦੇ ਫਲਸਫੇ ਅਤੇ ਸਮਾਜਿਕ ਬਰਾਬਰੀ ਦੇ ਪੈਮਾਨਿਆਂ 'ਤੇ ਭਾਰੂ ਪੈਂਦੀ ਹੈ।

ਔਰਤਾਂ ਨਾਲ ਬਲਾਤਕਾਰ ਦਾ ਮੁੱਦਾ ਉਪਰੀ ਸਤਹਿ 'ਤੇ ਦੇਖਿਆਂ ਅਚਾਨਕ ਵਾਪਰੀ ਘਟਨਾ ਅਤੇ ਬਹੁਤ ਹਾਲਤਾਂ ਵਿਚ 'ਮੰਦਭਾਗੀ' ਅਣਹੋਈ ਵਜੋਂ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਬਹੁਤੀਆਂ ਹਾਲਤਾਂ ਵਿਚ ਕਾਨੂੰਨੀ ਪ੍ਰਕਿਰਿਆ ਦੀ ਖਾਨਾਪੂਰਤੀ ਰਾਹੀਂ ਇਨਸਾਫ ਹੋ ਗਿਆ ਮਨ ਲਿਆ ਜਾਂਦਾ ਹੈ। ਇਥੇ ਧਿਆਨਯੋਗ ਨੁਕਤਾ ਇਹ ਹੈ ਕਿ ਬਲਾਤਕਾਰ ਦਾ ਜੁਰਮ ਕਤਲ ਕਰ ਦੇਣ, ਲੁੱਟਣ, ਤਸੀਹੇ ਦੇਣ ਜਾਂ ਅਪੰਗ ਕਰ ਦੇਣ ਦੇ ਜੁਰਮ ਨਾਲੋਂ ਬਹੁਤ ਵੱਖਰਾ ਹੈ। ਇਸ ਵਿਚ ਬਲਾਤਕਾਰੀ ਦੇ ਸਮਾਜੀਕਰਨ ਦੀ ਪ੍ਰਕਿਰਿਆ ਰਾਹੀਂ ਔਰਤਾਂ/ਬੱਚੀਆਂ ਜਾਂ ਮਰਦਾਂ ਪ੍ਰਤੀ 'ਦੁਜੈਲੇਪਣ ਦੀ ਸਥਿਤੀ' ਦੀ ਸੰਰਚਨਾ ਕੀਤੀ ਜਾਂਦੀ ਹੈ। ਇਥੇ ਬਲਾਤਕਾਰ ਨਾਲ ਮਿਲਦੀ ਜੁਲਦੀ ਹਿੰਸਾ 'ਨਸਲਘਾਤ' ਦਾ ਉਦਾਹਰਨ ਦੇਣਾ ਕੁਥਾਂ ਨਹੀਂ ਹੋਵੇਗਾ। ਟੋਨੀ ਮੋਰੀਸਨ ਚਿੱਟੇ ਰੰਗ ਦੇ ਆਧਾਰ 'ਤੇ ਕਾਲਿਆਂ ਦੇ ਨਸਲਘਾਤ ਕਰਨ ਦੀ ਮਾਨਸਿਕਤਾ ਵਾਲੀ ਧਿਰ ਨੂੰ ਸਵਾਲ ਪੁੱਛਦਿਆਂ ਲਿਖਦੀ ਹੈ- 'ਜੇ ਤੁਹਾਡੇ ਵਿਚੋਂ ਤੁਹਾਡੀ ਨਸਲ ਮਨਫੀ ਕੀਤੀ ਜਾਵੇ ਤਾਂ ਤੁਸੀਂ ਕੀ ਰਹਿ ਜਾਵੋਗੇ?' ਇਸ ਤੋਂ ਅਗਲੀ ਦਲੀਲ ਦਿੰਦਿਆਂ ਉਹ ਆਖਦੀ ਹੈ ਕਿ ਨਸਲਵਾਦ ਖਤਮ ਹੋ ਜਾਵੇਗਾ, ਜਦੋਂ ਇਸ ਦਾ ਕੋਈ 'ਉਪਜਾਊ' ਮੁੱਲ ਨਹੀਂ ਰਹਿ ਜਾਵੇਗਾ, ਜਦੋਂ ਇਹ ਜਾਬਰ ਨੂੰ ਮਾਨਸਿਕ ਮਜ਼ਬੂਤੀ ਦੇਣੀ ਬੰਦ ਕਰ ਦੇਵੇਗਾ।

ਇਸ ਦਾ ਦੂਜਾ ਅਰਥ ਇਹ ਵੀ ਹੈ ਕਿ ਜੇ ਹੁਣ ਤਕ ਨਾਰੀਵਾਦੀ ਬਿਰਤਾਂਤ ਇਸ ਬਿੰਦੂ 'ਤੇ ਕੇਂਦਰਿਤ ਰਿਹਾ ਹੈ (ਔਰਤ ਹੁੰਦੀ ਨਹੀਂ, ਸਮਾਜਿਕ ਪ੍ਰਕਿਰਿਆ ਰਾਹੀਂ ਬਣਾਈ ਜਾਂਦੀ ਹੈ- ਸੀਮੋਨ ਦ ਬੋਆਵਰ) ਤਾਂ ਇਸ ਨੁਕਤੇ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ ਕਿ ਮਰਦਾਨਗੀ ਅਤੇ ਉਸ ਨੂੰ ਔਰਤ ਸਰੀਰ ਉਪਰ ਪਰਖਣ ਦੀ ਬੇਲਗਾਮ ਹਿੰਸਾ ਵੀ ਤਾਂ ਪੀੜ੍ਹੀ ਦਰ ਪੀੜ੍ਹੀ ਸਭਿਆਚਾਰ, ਧਾਰਮਿਕ, ਸਮਾਜਿਕ, ਆਰਥਿਕ ਅਤੇ ਸਿਆਸਤ ਰਾਹੀਂ ਘੜੀ ਜਾਂਦੀ ਹੈ।

ਮਰਦ ਦੇ ਤੌਰ 'ਤੇ ਕੁਦਰਤੀ ਅਤੇ ਸਮਾਜਿਕ ਵਸੀਲਿਆਂ 'ਤੇ ਬਿਨਾ ਕੋਈ ਤਰੱਦਦ ਕੀਤਿਆਂ ਕਬਜ਼ਾ ਹੋਣ ਦੀ ਸਹੂਲਤ ਅਤੇ ਮੁਲਕ ਦੀ ਜ਼ਮੀਨ, ਘਰਾਂ, ਖੇਤਾਂ, ਕਾਰਖਾਨਿਆਂ, ਫੈਕਟਰੀਆਂ, ਸੜਕਾਂ, ਥਾਣਿਆਂ, ਦਫਤਰਾਂ, ਸਮਾਜਿਕ ਇਕੱਠ ਦੀਆਂ ਥਾਵਾਂ 'ਤੇ ਬਿਨਾ ਪਰਖੇ, ਬਿਨਾ ਰੋਕ-ਟੋਕ, ਬਿਨਾ ਕਿਸੇ ਖਾਸ ਤਰੱਦਦ ਦੇ ਮਨਮਰਜ਼ੀ ਨਾਲ ਉਠਣ, ਬੈਠਣ, ਖਾਣ, ਨਹਾਉਣ, ਘੁੰਮਣ ਅਤੇ ਜੁਰਮਾਂ ਨੂੰ ਅੰਜਾਮ ਦੇਣ ਦੇ ਹਾਲਾਤ ਘੜਨ ਵਾਲੀਆਂ ਸਥਿਤੀਆਂ ਦਾ ਮੁਲੰਕਣ ਕਰੋ? ਜੇ ਫਿਰ ਵੀ ਸਥਿਤੀ ਨੂੰ ਸਮਝਣ ਵਿਚ ਦਿੱਕਤ ਆਵੇ ਤਾਂ ਕਿਸੇ ਵੀ ਸ਼ਹਿਰ ਦੀ ਕਿਸੇ ਵੀ ਸੜਕ 'ਤੇ 10-12 ਦੁਕਾਨਾਂ ਵਿਚਕਾਰ ਤੁਰੀ ਜਾ ਰਹੀ ਕਿਸੇ ਵੀ ਉਮਰ, ਨਸਲ, ਧਰਮ, ਜਾਤ, ਤਬਕੇ ਤੇ ਜਮਾਤ ਦੀ ਔਰਤ ਨੂੰ ਪੰਜ ਮਿੰਟ ਰੋਕ ਕੇ ਉਸ 'ਤੇ ਹੁਣੇ-ਹੁਣੇ ਕੱਸੀਆਂ ਫੱਬਤੀਆਂ ਬਾਰੇ ਚਰਚਾ ਕਰੋ। ਗਾਲ੍ਹਾਂ ਤੋਂ ਲੈ ਕੇ ਉਸ ਦੇ ਸਰੀਰ ਦੇ ਅੰਗਾਂ ਬਾਰੇ ਕੀਤੇ ਮਜ਼ਾਕ, ਕੱਸੇ ਫਿਕਰੇ ਅਤੇ ਹਾਸੇ ਨੂੰ ਕਾਨੂੰਨ ਦੀ ਕਿਸ ਧਾਰਾ ਦੇ ਅੰਤਰਗਤ ਸਜ਼ਾ ਦੇ ਦਾਇਰੇ ਵਿਚ ਲਿਆਇਆ ਜਾਵੇ?

ਇਨ੍ਹਾਂ ਮਰਦਾਂ ਦੇ ਪਿੱਛੇ ਕਿਹੜੀ ਦੈਵਿਕ, ਵੈਦਿਕ ਜਾਂ ਰੂਹਾਨੀ ਸ਼ਕਤੀ ਕੰਮ ਕਰ ਰਹੀ ਹੈ? ਮਰਦਾਨਗੀ ਦੀ ਇਹ ਸੱਤਾ ਦੁਨੀਆ ਦੀਆਂ ਸਾਰੀਆਂ ਸਭਾਵਾਂ ਤੋਂ ਇੰਨੀ ਤਾਕਤਵਰ ਹੈ ਕਿ ਔਰਤਾਂ ਦਾ ਆਪਣਾ ਵੱਡਾ ਹਿੱਸਾ ਖੁਦ ਨੂੰ ਇਨ੍ਹਾਂ ਦੇ ਨਜ਼ਰੀਏ ਤੋਂ ਪਰਖਣ ਲਈ ਮਜਬੂਰ ਹੈ। ਭਾਰਤੀ ਔਰਤਾਂ ਵਿਚ ਕੁਪੋਸ਼ਣ ਅਤੇ ਅਨੀਮੀਆ (ਖੂਨ ਦੀ ਘਾਟ) ਮੁੱਖ ਮੁੱਦੇ ਹਨ, ਇਸ ਦੇ ਬਾਵਜੂਦ ਸੰਸਾਰ ਦੀ ਸਭ ਤੋਂ ਵੱਧ ਵਿਕਣ ਵਾਲੀ ਗੋਰੇਪਣ ਦੀ ਕਰੀਮ ਅਤੇ ਸੁਰਖੀ-ਬਿੰਦੀ ਦਾ ਇਸ ਸਮੇਂ ਭਾਰਤ ਸਭ ਤੋਂ ਵੱਡਾ ਬਾਜ਼ਾਰ ਹੈ। ਭਾਰਤੀ ਔਰਤ ਦੀ ਪਰਿਭਾਸ਼ਾ ਦੇਣੀ ਹੋਵੇ ਤਾਂ ਕੀ ਦੇਵੋਗੇ? ਜੇ ਉਹ 'ਦੇਵੀ', 'ਸੀਤਾ' ਅਤੇ 'ਪਵਿੱਤਰ' ਹੈ ਤਾਂ ਫਿਰ ਉਸ ਨਾਲ ਹੁੰਦਾ ਜ਼ੁਲਮ ਧਾਰਮਿਕ ਕਿਤਾਬਾਂ ਅਤੇ ਧਾਰਮਿਕ ਮੱਠਾਂ 'ਤੇ ਸਵਾਲ ਕਿਉਂ ਨਹੀਂ ਖੜ੍ਹੇ ਕਰਦਾ? ਜੇ ਉਹ 'ਜੱਗ-ਜਨਨੀ' ਅਤੇ 'ਇੱਜ਼ਤ' ਹੈ ਤਾਂ ਕਵਿਤਾਵਾਂ, ਫਿਲਮਾਂ, ਕਲਾਵਾਂ, ਨਾਚ-ਗਾਣਿਆਂ ਅਤੇ ਸਭਿਆਚਾਰਕ ਰਹੁ-ਰੀਤਾਂ ਵਿਚ ਉਸ ਦਾ ਸਿਰਫ 'ਸਰੀਰ' ਹੀ ਕਿਉਂ ਚਿਤਰਿਆ, ਸਿਰਜਿਆ ਅਤੇ ਪ੍ਰਚਾਰਿਆ ਜਾਂਦਾ ਹੈ? ਉਸ ਦੀ ਬੌਧਿਕਤਾ, ਸੰਵੇਦਨਸ਼ੀਲਤਾ, ਇਨਸਾਨੀ ਜਜ਼ਬੇ ਅਤੇ ਸੁਤੰਤਰ ਮਨੁੱਖ ਵਜੋਂ ਪੈਦਾ ਹੋ ਕੇ ਜ਼ਿੰਦਗੀ ਦੇ ਮਰਹਲੇ ਸਰ ਕਰਨ ਦੀ 'ਆਜ਼ਾਦੀ' ਕਿਥੇ ਹੈ? ਬਹੁਤੇ ਭਾਰਤੀ ਘਰਾਂ ਵਿਚ ਤਾਂ ਅਜੇ ਤਕ ਉਸ ਦੀ ਥਾਲੀ ਵਿਚ ਪਈ ਰੋਟੀ ਤਕ ਮਰਦਾਂ ਨਾਲੋਂ ਅੱਧੀ ਹੈ।

ਸਮਾਜਿਕ ਤੌਰ 'ਤੇ ਉਸ ਦਾ 'ਮਾਂ' ਵਾਲਾ ਰੂਪ ਹੀ ਕਿਉਂ ਸਵੀਕਾਰਿਆ ਗਿਆ? ਉਸ ਦੇ ਮਨੁੱਖ ਰੂਪੀ ਵਜੂਦ ਨਾਲ ਸਮਾਜ ਨੂੰ ਕੀ ਔਖ ਹੈ? ਇਨ੍ਹਾਂ ਸਾਰੇ ਸਵਾਲਾਂ ਨੂੰ ਸਮਝਣ ਜਾਂ ਲਾਗੂ ਕਰਨ ਵਾਲਾ ਪ੍ਰਬੰਧ ਕਿਥੇ ਨਦਾਰਦ ਹੈ? ਦੂਜੇ ਪਾਸੇ ਕੀ ਮਰਦਾਂ ਨੇ ਸਭਿਅਤਾ ਅਤੇ ਸਭਿਆਚਾਰਕ ਮਰਿਆਦਾ ਦੇ ਰੂਪ ਵਿਚ ਆਪਣੇ ਬਣਾਏ ਮੱਠਾਂ, ਢਾਂਚਿਆਂ ਅਤੇ ਤ੍ਰਾਸਦੀਆਂ ਨੂੰ ਗਹੁ ਨਾਲ ਤੱਕਿਆ ਹੈ? ਜੇ ਮਰਦਾਨਗੀ ਸਾਬਤ ਕਰਨ ਲਈ ਨਿਹੱਥੀ ਅਤੇ ਬੇਵਸ ਔਰਤ ਦਾ 'ਸ਼ਿਕਾਰ' ਕਰਨ ਵਰਗੇ 'ਨਰਕ' ਤੁਹਾਨੂੰ ਸੰਤੁਸ਼ਟ ਕਰ ਰਹੇ ਹਨ ਤਾਂ ਤੁਸੀਂ ਤਾਂ ਖੁਦ ਹੀ ਤਰਸਯੋਗ ਅਤੇ ਮਾੜੀ ਨੈਤਿਕ ਸਥਿਤੀ ਵਿਚ ਹੋ?

ਜੇ ਪੂੰਜੀ ਦੀ ਸੱਤਾ ਵਿਚ ਪਲਣ ਦੇ ਸਭਿਆਚਾਰ ਨੇ ਤੁਹਾਡੀ ਮਨੁੱਖਤਾ ਅਤੇ ਸੰਵੇਦਨਸ਼ੀਲਤਾ ਨੂੰ ਹੀ ਸਾਣ 'ਤੇ ਲਾ ਛੱਡਿਆ ਹੈ ਤਾਂ ਇਸ ਦਾ ਅਰਥ ਤੁਸੀਂ ਸੱਤਾ ਅਤੇ ਇਸ ਨਾਲ ਜੁੜੇ ਢਾਂਚਿਆਂ ਨੂੰ ਸਿਰਜਣ ਅਤੇ ਚਲਾਉਣ ਦੀ ਨੈਤਿਕ ਅਤੇ ਬੌਧਿਕ ਸਮਰੱਥਾ ਖੋ ਚੁੱਕੇ ਹੋ? ਇਸ ਤੋਂ ਬਿਨਾ ਫਿਰ ਇਨ੍ਹਾਂ ਧਾਰਮਿਕ, ਸਿਆਸੀ ਅਤੇ ਸਮਾਜਿਕ ਜੁਗਾੜਾਂ, ਪੇਸ਼ਬੰਦੀਆਂ ਅਤੇ ਸਿਸਟਮਾਂ ਦਾ ਅਰਥ ਹੀ ਕੀ ਰਹਿ ਜਾਂਦਾ ਹੈ ਜੇ ਤੁਹਾਡੀ ਅੱਧੀ ਆਬਾਦੀ ਨਿਆਂ ਅਤੇ ਅਣਖ ਨਾਲ ਜੀਣ ਦੀ ਮੁੱਢਲੀ ਮਨੁੱਖੀ ਸ਼ਰਤ ਨੂੰ ਹੀ ਗਵਾ ਬੈਠੀ ਹੋਵੇ? ਔਰਤਾਂ ਨਾਲ ਹੁੰਦੇ ਬਲਾਤਕਾਰਾਂ ਤੋਂ ਵੱਡੇ ਤਸੀਹਾ-ਘਰ ਦੇਖਣੇ ਹੋਣ ਤਾਂ ਸਕੂਟਰ, ਫਰਿਜ ਜਾਂ ਟੀ.ਵੀ. ਪਿੱਛੇ ਜਲਾਈਆਂ ਕੁੜੀਆਂ ਦੀਆਂ ਮਾਵਾਂ ਨੂੰ ਪੁੱਛੋ? ਉਨ੍ਹਾਂ ਘਰਾਂ ਵਿਚ ਝਾਤੀ ਮਾਰੋ ਜਿਥੇ ਤੁਹਾਡੀਆਂ ਧੀਆਂ, ਪਤਨੀਆਂ ਅਤੇ ਨੂੰਹਾਂ ਦਿਨ-ਰਾਤ ਛੇੜਖਾਨੀ, ਬਲਾਤਕਾਰ ਅਤੇ ਜ਼ਲਾਲਤ ਦੀ ਕਰੂਰਤਾ ਦੀ ਦਹਿਸ਼ਤ ਵਿਚ ਦਿਨ ਕਟੀ ਕਰ ਰਹੀਆਂ ਹਨ?

ਜੇ ਤੁਸੀਂ ਡਾਕਟਰ ਹੋ ਤਾਂ ਆਪਣੀਆਂ ਔਰਤ ਮਰੀਜ਼ਾਂ ਦੇ ਸਰੀਰਾਂ ਦੇ ਵੱਢ-ਟੁੱਕ ਦੇ ਨਿਸ਼ਾਨਾਂ ਨੂੰ ਪੜ੍ਹੋ। ਅਧਿਆਪਕ ਹੋ ਤਾਂ ਕਲਾਸਾਂ ਵਿਚ ਲਿੰਗ ਸਮਾਨਤਾ ਦੇ ਚੈਪਟਰ ਪੜ੍ਹ ਰਹੀਆਂ ਕੁੜੀਆਂ ਦੀਆਂ ਅੱਖਾਂ ਨੂੰ ਧਿਆਨ ਨਾਲ ਦੇਖੋ। ਨੇਤਾ ਹੋ ਤਾਂ ਸਟੇਜ ਤੋਂ ਹੇਠਾਂ ਆ ਕੇ ਦੇਖੋ ਕਿ ਧਰਨਿਆਂ, ਰੈਲੀਆਂ ਅਤੇ ਨਾਅਰਿਆਂ ਤੋਂ ਪਰੇ ਔਰਤਾਂ ਨਾਲ ਕੀ ਹੋ ਰਿਹਾ ਹੈ? ਲੇਖਕ ਹੋ ਤਾਂ ਔਰਤਾਂ ਬਾਰੇ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਸੁਣਨਾ ਨਾ ਭੁੱਲੋ। ਮਹਿਸੂਸ ਕਰਨ ਦੀ ਸਮਰੱਥਾ ਬਚੀ ਹੋਈ ਹੋਵੇ ਤਾਂ ਉਨ੍ਹਾਂ ਦੀ 'ਚੁੱਪ' ਨੂੰ ਸੁਣੋ। ਇਸ ਗੱਲ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬਹੁਤ ਜਲਦੀ ਔਰਤਾਂ ਖਿਲਾਫ ਹੁੰਦੀ ਹਿੰਸਾ ਮਨੁੱਖੀ ਨਸਲ ਦੀ 'ਜ਼ਰੂਰਤ' ਉਤੇ ਹੀ ਸਵਾਲੀਆ ਨਿਸ਼ਾਨ ਖੜ੍ਹੇ ਕਰ ਦੇਵੇ।

# ਵੱਡੇ ਘਰਾਣਿਆਂ ਦੀਆਂ ਬੱਸਾਂ ਨੇ ਸਰਕਾਰੀ ਬੱਸਾਂ ਖੂੰਜੇ ਲਾਈਆਂ

**ਚੰਡੀਗੜ੍ਹ:** ਪੰਜਾਬ ਦੀਆਂ ਸੜਕਾਂ ਉਤੇ ਰੋਜ਼ਾਨਾ ਦੋ ਹਜ਼ਾਰ ਦੇ ਕਰੀਬ ਬੱਸਾਂ ਗੈਰਕਾਨੂੰਨੀ ਤਰੀਕੇ ਨਾਲ ਚੱਲਦੀਆਂ ਹਨ। ਇਹ ਤੱਥ ਹਾਲ ਹੀ 'ਚ ਸੂਬੇ ਦੀ ਟਰਾਂਸਪੋਰਟ ਮੰਤਰੀ ਬੇਗਮ ਰਜ਼ੀਆ ਸੁਲਤਾਨਾ ਨਾਲ ਟਰਾਂਸਪੋਰਟ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੌਰਾਨ ਵਿਚਾਰੇ ਗਏ ਤੇ ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਦੇ ਘਾਟੇ ਦਾ ਇਕ ਕਾਰਨ ਗੈਰਕਾਨੂੰਨੀ ਤਰੀਕੇ ਨਾਲ ਚੱਲਦੀਆਂ ਬੱਸਾਂ ਹੀ ਹਨ।

ਸੂਤਰਾਂ ਅਨੁਸਾਰ ਟਰਾਂਸਪੋਰਟ ਵਿਭਾਗ ਵੱਲੋਂ ਪੰਜਾਬ ਰੋਡਵੇਜ਼ ਦੇ ਡਿਪੂ ਮੈਨੇਜਰਾਂ ਰਾਹੀਂ ਇਕ ਗੁਪਤ ਸਰਵੇਖਣ ਕਰਵਾਇਆ ਗਿਆ ਜਿਸ ਦੌਰਾਨ ਇਹ ਹੈਰਾਨੀਜਨਕ ਤੱਥ ਇਹ ਸਾਹਮਣੇ ਆਏ ਹਨ ਕਿ ਗੈਰਕਾਨੂੰਨੀ ਬੱਸਾਂ ਅਕਾਲੀ-ਭਾਜਪਾ ਸਰਕਾਰ ਦੇ ਰਾਜ ਵਾਂਗ ਹੁਣ ਵੀ ਚੱਲ ਰਹੀਆਂ ਰਹੀਆਂ ਹਨ।




ਸਰਵੇਖਣ ਦੌਰਾਨ ਇਕੋ ਪਰਮਿਟ ਉਤੇ ਇਕ ਤੋਂ ਵੱਧ ਬੱਸਾਂ ਚੱਲਣ ਦੇ ਤੱਥ ਵੀ ਸਾਹਮਣੇ ਆਏ ਹਨ। ਗੈਰਕਾਨੂੰਨੀ ਤੇ ਇਕ ਪਰਮਿਟ ਉਤੇ ਇਕ ਤੋਂ ਵੱਧ ਜਿਹੜੀਆਂ ਟਰਾਂਸਪੋਰਟ ਕੰਪਨੀਆਂ ਦੀਆਂ ਬੱਸਾਂ ਚੱਲਦੀਆਂ ਹਨ, ਉਨ੍ਹਾਂ ਦਾ ਸਬੰਧ ਹਾਕਮ ਧਿਰ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨਾਲ ਹੈ। ਪ੍ਰਭਾਵਸ਼ਾਲੀ ਟਰਾਂਸਪੋਰਟਰਾਂ ਦੇ ਸਾਹਮਣੇ ਵਿਭਾਗ ਦੇ ਅਧਿਕਾਰੀ ਕਾਰਵਾਈ ਕਰਨ 'ਚ ਵੀ ਬੇਵੱਸ ਦਿਖਾਈ ਦੇ ਰਹੇ ਹਨ। ਅਦਾਲਤੀ ਹੁਕਮਾਂ ਕਾਰਨ ਸਰਕਾਰ ਵੱਲੋਂ ਨਵੀਂ ਟਰਾਂਸਪੋਰਟ ਨੀਤੀ ਵੀ ਲਾਗੂ ਨਹੀਂ ਕੀਤੀ ਜਾ ਸਕੀ।

ਮੀਟਿੰਗ ਦੌਰਾਨ ਅਧਿਕਾਰੀਆਂ ਨੇ ਮੰਤਰੀ ਨੂੰ ਇਹ ਵੀ ਕਿਹਾ ਸੀ ਕਿ ਗੈਰਕਾਨੂੰਨੀ ਬੱਸਾਂ ਬੰਦ ਕਰਨ ਨਾਲ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੋਹਾਂ ਅਦਾਰਿਆਂ ਦੀ ਰੋਜ਼ਾਨਾ ਆਮਦਨ ਵਿਚ 25 ਲੱਖ ਰੁਪਏ ਤੱਕ ਦਾ ਵਾਧਾ ਹੋ ਸਕਦਾ ਹੈ। ਕਿਉਂਕਿ ਗੈਰਕਾਨੂੰਨੀ ਬੱਸਾਂ ਵੱਲੋਂ ਸਰਕਾਰ ਨੂੰ ਟੈਕਸ ਚੋਰੀ ਕਰ ਕੇ ਵੀ ਚੂਨਾ ਲਾਇਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨੇ ਲੁਧਿਆਣਾ, ਅੰਮ੍ਰਿਤਸਰ, ਜਲੰਧਰ ਅਤੇ ਪਠਾਨਕੋਟ ਤੋਂ ਚੱਲਦੀਆਂ ਬੱਸਾਂ ਦਾ ਇਕ ਸਰਵੇਖਣ ਕੀਤਾ ਹੈ। ਇਨ੍ਹਾਂ ਸ਼ਹਿਰਾਂ ਦੇ ਬੱਸ ਅੱਡਿਆਂ, ਪ੍ਰਮੁੱਖ ਚੌਕਾਂ ਅਤੇ ਸੜਕਾਂ ਉਤੇ 24 ਘੰਟਿਆਂ ਤੱਕ ਮੁਲਾਜ਼ਮਾਂ ਨੂੰ ਤਾਇਨਾਤ ਕਰ ਕੇ ਸਰਵੇਖਣ ਕੀਤਾ ਅਤੇ ਬੱਸਾਂ ਦੀ ਹਰ ਤਰ੍ਹਾਂ ਦੀ ਗਤੀਵਿਧੀ ਨੂੰ ਰਿਕਾਰਡ 'ਤੇ ਲਿਆਂਦਾ। ਸਰਵੇਖਣ ਮੁਤਾਬਕ ਅੰਮ੍ਰਿਤਸਰ ਤੋਂ ਜੰਮੂ-ਕਟੜਾ, ਅੰਮ੍ਰਿਤਸਰ-ਦਿੱਲੀ, ਅੰਮ੍ਰਿਤਸਰ-ਚੰਡੀਗੜ੍ਹ, ਲੁਧਿਆਣਾ ਤੋਂ ਦਿੱਲੀ, ਲੁਧਿਆਣਾ ਤੋਂ ਜੰਮੂ-ਕਟੜਾ, ਲੁਧਿਆਣਾ ਤੋਂ ਬੀਕਾਨੇਰ ਅਤੇ ਰਾਜਸਥਾਨ ਦੇ ਹੋਰਨਾਂ ਸ਼ਹਿਰਾਂ ਨੂੰ ਜਿਹੜੀਆਂ ਬੱਸਾਂ ਚਲਦੀਆਂ ਹਨ, ਉਹ ਗੈਰਕਾਨੂੰਨੀ ਗਤੀਵਿਧੀਆਂ ਦੇ ਦਾਇਰੇ 'ਚ ਆਉਂਦੀਆਂ ਹਨ।

ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਆਦਿ ਵੱਡੇ ਸ਼ਹਿਰਾਂ ਦੇ ਬੱਸ ਅੱਡਿਆਂ ਤੋਂ ਬਾਹਰ ਵੱਡੇ ਚੌਕਾਂ 'ਚੋਂ ਨਾਮੀ ਟਰਾਂਸਪੋਰਟ ਕੰਪਨੀਆਂ ਦੀਆਂ ਬੱਸਾਂ ਜਿਨ੍ਹਾਂ ਕੋਲ ਕੋਈ ਪਰਮਿਟ ਨਹੀਂ ਹੁੰਦਾ, ਸਵਾਰੀਆਂ ਖੁੱਲ੍ਹੇ ਤੌਰ 'ਤੇ ਬਿਠਾਉਂਦੀਆਂ ਹਨ। ਰੋਡਵੇਜ਼ ਦੇ ਅਧਿਕਾਰੀਆਂ ਨੇ ਤਾਂ ਇਹ ਵੀ ਕਿਹਾ ਕਿ ਕਈ ਥਾਈਂ ਟਰਾਂਸਪੋਰਟ ਵਿਭਾਗ ਦੇ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਦੇ ਧਿਆਨ 'ਚ ਇਹ ਮਾਮਲਾ ਲਿਆਂਦਾ ਗਿਆ ਪਰ ਕੋਈ ਕਾਰਵਾਈ ਨਹੀਂ ਹੋਈ। ਅਧਿਕਾਰੀਆਂ ਨੇ ਦੱਸਿਆ ਕਿ ਕੰਟਰੈਕਟ ਕੈਰਿਜ ਪਰਮਿਟ ਵਾਲੀਆਂ ਬੱਸਾਂ ਨੂੰ ਸਟੇਜ ਕੈਰਿਜ ਪਰਮਿਟ ਵਾਲੀਆਂ ਬੱਸਾਂ ਵਾਂਗ ਵਰਤਿਆ ਜਾ ਰਿਹਾ ਹੈ। ਕੰਪਨੀਆਂ ਨੇ ਬਾਕਾਇਦਾ ਦਫਤਰ ਖੋਲ੍ਹੇ ਹੋਏ ਹਨ ਤੇ ਆਨਲਾਈਨ ਟਿਕਟਾਂ ਦੀ ਬੁਕਿੰਗ ਹੁੰਦੀ ਹੈ। ਪੰਜਾਬ ਰੋਡਵੇਜ਼ ਜੇਕਰ 1 ਹਜ਼ਾਰ ਰੁਪਏ ਕਿਰਾਇਆ ਵਸੂਲਦੀ ਹੈ ਤਾਂ ਗੈਰਕਾਨੂੰਨੀ ਚਲਦੀਆਂ ਬੱਸਾਂ ਪ੍ਰਤੀ ਸਵਾਰੀ 600 ਤੱਕ ਵੀ ਵਸੂਲ ਕਰ ਲੈਂਦੀਆਂ ਹਨ ਕਿਉਂਕਿ ਇਨ੍ਹਾਂ ਬੱਸਾਂ ਨੇ ਕੋਈ ਟੈਕਸ ਨਹੀਂ ਦੇਣਾ ਹੁੰਦਾ।

# ਅਧਿਆਪਕਾਂ ਬਾਰੇ ਬਿਆਨ ਤੋਂ ਘਿਰਿਆ ਸਿਖਿਆ ਮੰਤਰੀ

**ਬਰਨਾਲਾ:** ਅਧਿਆਪਕਾਂ ਖਿਲਾਫ ਮਾੜੀ ਸ਼ਬਦਾਵਲੀ ਵਰਤਣ ਦੀ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਦੀ ਇਕ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਰਹੀ ਹੈ, ਜਿਸ 'ਚ ਉਹ ਡੀ.ਐਸ.ਪੀ. ਰਾਜੇਸ਼ ਛਿੱਬਰ ਨੂੰ ਆਖ ਰਹੇ ਹਨ, "ਤੁਸੀਂ ਅਧਿਆਪਕਾਂ ਨੂੰ ਡੰਡੇ ਮਾਰ ਕੇ ਕਿਉਂ ਨਹੀਂ ਭਜਾਇਆ।" ਮੰਤਰੀ ਨੇ ਡੀ.ਐਸ.ਪੀ. ਨੂੰ ਤਾੜਦਿਆਂ ਕਿਹਾ, 'ਤੁਸੀਂ ਮੈਨੂੰ ਅਧਿਆਪਕਾਂ ਦੇ ਧਰਨੇ ਦੀ ਅਗਾਊਂ ਜਾਣਕਾਰੀ ਕਿਉਂ ਨਹੀਂ ਦਿੱਤੀ।' ਸਿੱਖਿਆ ਮੰਤਰੀ ਦੇ ਇਸ ਵਤੀਰੇ ਖਿਲਾਫ ਬੇਰੁਜ਼ਗਾਰ ਅਧਿਆਪਕਾਂ 'ਚ ਰੋਸ ਹੋਰ ਵਧ ਗਿਆ ਤੇ ਅਧਿਆਪਕਾਂ ਸਮੇਤ ਹੋਰ ਜਥੇਬੰਦੀਆਂ ਨੇ ਸੰਘਰਸ਼ ਹੋ ਤਿੱਖਾ ਕਰਨ ਦਾ ਐਲਾਨ ਕਰ ਦਿੱਤਾ ਹੈ।

ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਢਿੱਲਵਾਂ ਨੇ ਆਖਿਆ ਕਿ ਸਿੱਖਿਆ ਮੰਤਰੀ ਆਪਣੀ ਮਾੜੇ ਵਤੀਰੇ ਲਈ ਮੁਆਫੀ ਮੰਗੇ। ਦੱਸ ਦਈਏ ਕਿ ਇਥੇ ਗਰਚਾ ਰੋਡ ਸਥਿਤ ਇਕ ਨਿੱਜੀ ਸੰਸਥਾ ਦੇ ਪ੍ਰੋਗਰਾਮ ਵਿਚ ਸ਼ਮੂਲੀਅਤ ਕਰਨ ਲਈ ਪਹੁੰਚੇ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਨੂੰ ਬੇਰੁਜ਼ਗਾਰ ਅਧਿਆਪਕਾਂ ਦੇ ਰੋਹ ਦਾ ਸਾਹਮਣਾ



ਕਰਨਾ ਪਿਆ, ਜਿਸ ਕਾਰਨ ਉਨ੍ਹਾਂ ਦਾ ਕਾਫਲਾ ਦਸ ਮਿੰਟ ਤੱਕ ਸੜਕ 'ਤੇ ਰੁਕਿਆ ਰਿਹਾ। ਯੂਨੀਅਨ ਆਗੂਆਂ ਨੇ ਆਪਣੀਆਂ ਮੰਗਾਂ ਲਈ ਸੰਗਰੂਰ ਵਿਚ ਚੱਲਦੇ ਪੱਕੇ ਮੋਰਚੇ ਤਹਿਤ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਤੇ ਸਿੱਖਿਆ ਮੰਤਰੀ ਦੇ ਬਾਈਕਾਟ ਦਾ ਐਲਾਨ ਕੀਤਾ ਹੋਇਆ ਹੈ। ਬੇਰੁਜ਼ਗਾਰਾਂ ਅਧਿਆਪਕਾਂ ਨੂੰ ਉਨ੍ਹਾਂ ਦੇ ਦੌਰੇ ਦੀ ਭਿਣਕ ਪੈ ਗਈ ਸੀ ਅਤੇ ਉਨ੍ਹਾਂ ਤੁਰਤ ਮੋਰਚਾ ਸੰਭਾਲ ਲਿਆ। ਇਸ ਦੌਰਾਨ ਸਿੱਖਿਆ ਸਕੱਤਰ ਨੇ ਅਚਾਨਕ ਦੌਰਾ ਰੱਦ ਕਰ ਦਿੱਤਾ ਪਰ ਸਮਾਗਮ ਵਿਚ ਸ਼ਾਮਲ ਹੋਣ ਪੁੱਜੇ ਸਿੱਖਿਆ ਮੰਤਰੀ ਨੂੰ ਬੇਰੁਜ਼ਗਾਰ ਅਧਿਆਪਕਾਂ ਨੇ ਘੇਰ ਲਿਆ।

ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਢਿੱਲਵਾਂ ਦੀ ਅਗਵਾਈ ਵਿਚ ਅਧਿਆਪਕਾਂ ਨੇ ਸਿੱਖਿਆ ਮੰਤਰੀ ਖਿਲਾਫ ਨਾਅਰੇਬਾਜ਼ੀ ਕੀਤੀ। ਆਗੂਆਂ ਨੇ ਆਖਿਆ ਕਿ ਉਨ੍ਹਾਂ ਦੇ ਵਿਰੋਧ ਕਾਰਨ ਸਿੱਖਿਆ ਸਕੱਤਰ ਬਠਿੰਡਾ, ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ ਦੇ ਦੌਰੇ ਰੱਦ ਕਰ ਚੁੱਕੇ ਹਨ। ਇਸ ਮੌਕੇ ਪੁਲਿਸ ਨੇ ਬੇਰੁਜ਼ਗਾਰਾਂ ਨੂੰ ਰਸਤੇ ਵਿਚ ਰੋਕੀ ਰੱਖਿਆ। ਸ੍ਰੀ ਢਿੱਲਵਾਂ ਨੇ ਕਿਹਾ ਕਿ ਬੇਰੁਜ਼ਗਾਰ ਆਪਣੇ ਹੱਕਾਂ ਲਈ ਕਰੀਬ 90 ਦਿਨਾਂ ਤੋਂ ਸੰਗਰੂਰ ਵਿਚ ਮੋਰਚਾ ਲਾ ਕੇ ਬੈਠੇ ਹਨ ਪਰ ਸਰਕਾਰ ਰੁਜ਼ਗਾਰ ਦੇਣ ਦੀ ਬਜਾਏ ਉਨ੍ਹਾਂ ਉਤੇ ਡਾਂਗਾਂ ਵਰ੍ਹਾ ਰਹੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਵਿਧਾਨ ਸਭਾ ਵਿਚ ਜੂਨ 2018 ਦੇ ਸਿੱਖਿਆ ਨਿਯਮਾਂ ਵਿਚ ਤਰਮੀਮ ਕਰਨ ਦਾ ਭਰੋਸਾ ਦਿੱਤਾ ਗਿਆ ਸੀ ਪਰ ਪਿਛਲੇ ਦਿਨੀਂ ਹੋਈ ਕੈਬਨਿਟ ਮੀਟਿੰਗ ਵਿਚ ਏਜੰਡਾ ਲਿਆ ਕੇ ਸੋਧ ਨਹੀਂ ਕੀਤੀ ਗਈ। ਬੇਰੁਜ਼ਗਾਰ ਅਧਿਆਪਕਾਂ ਨੇ ਸਮਾਰਟ ਸਕੂਲ ਪ੍ਰਣਾਲੀ ਨੂੰ ਰੱਦ ਕਰਦਿਆਂ ਕਿਹਾ ਕਿ ਕਾਮਨ-ਸਕੂਲ ਪ੍ਰਣਾਲੀ ਲਾਗੂ ਹੋਵੇ, ਹਰ ਅਮੀਰ-ਗਰੀਬ ਦਾ ਬੱਚਾ ਬਰਾਬਰ ਦੀ ਸਿੱਖਿਆ ਹਾਸਲ ਕਰੇ।

# ਬਰਿੰਦਰ ਸਿੰਘ ਢਿੱਲੋਂ ਬਣੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ

**ਚੰਡੀਗੜ੍ਹ:** ਪੰਜਾਬ ਯੂਥ ਕਾਂਗਰਸ ਦੀ ਹੋਈ ਚੋਣ ਤੋਂ ਬਾਅਦ ਬਰਿੰਦਰ ਸਿੰਘ ਢਿੱਲੋਂ ਨੂੰ ਪੰਜਾਬ ਯੂਥ ਕਾਂਗਰਸ ਦਾ ਪ੍ਰਧਾਨ ਚੁਣ ਲਿਆ ਗਿਆ ਹੈ। ਢਿੱਲੋਂ ਦੇ ਪ੍ਰਧਾਨ ਬਣਨ ਦੀ ਸੂਚਨਾ ਮਿਲਦੇ ਹੀ ਵੱਡੀ ਗਿਣਤੀ 'ਚ ਯੂਥ ਵਰਕਰ ਉਥੇ ਪੁੱਜੇ ਅਤੇ ਢਿੱਲੋਂ ਨੂੰ ਵਧਾਈ ਦਿੱਤੀ।

ਢਿੱਲੋਂ ਨੇ ਇਸ ਮੌਕੇ ਕਿਹਾ ਕਿ ਯੂਥ ਕਾਂਗਰਸ ਪੰਜਾਬ ਸਰਕਾਰ ਦੀ ਨੀਤੀਆਂ ਦਾ ਪ੍ਰਚਾਰ ਕਰੇਗੀ ਅਤੇ ਜੋ ਯੂਥ ਕਾਂਗਰਸ ਦੇ ਸਾਬਕਾ ਆਗੂ ਹਨ, ਉਨ੍ਹਾਂ ਨਾਲ ਮਿਲ ਕੇ ਪੰਜਾਬ 'ਚ ਕਾਂਗਰਸ ਦਾ ਆਧਾਰ ਮਜ਼ਬੂਤ ਕੀਤਾ ਜਾਵੇਗਾ। ਨਵੇਂ ਯੂਥ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪੰਜਾਬ ਵਿਚ ਨੌਜਵਾਨਾਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ ਉਤੇ ਹੱਲ ਕਰਵਾਈਆਂ ਜਾਣਗੀਆਂ ਅਤੇ ਪੰਜਾਬ ਕਾਂਗਰਸ ਲਈ ਨੌਜਵਾਨ ਪੂਰੀ ਸਰਗਰਮੀ ਨਾਲ ਕੰਮ ਕਰਨਗੇ। ਜਾਣਕਾਰੀ ਅਨੁਸਾਰ ਕੁੱਲ ਵੋਟਾਂ ਵਿਚੋਂ ਢਿੱਲੋਂ ਨੂੰ 29600 ਵੋਟ ਪਈ, ਜਦ ਕਿ ਪ੍ਰਧਾਨਗੀ ਦੀ ਦੌੜ ਵਿਚ ਸ਼ਾਮਲ ਜਸਵਿੰਦਰ ਜੱਸੀ ਨੂੰ 8 ਹਜ਼ਾਰ ਅਤੇ ਗੁਰਜੋਤ ਢੀਂਡਸਾ ਨੂੰ 6 ਹਜ਼ਾਰ ਵੋਟ ਪਈ। ਇਸ ਮੌਕੇ ਸੂਬਾ ਜਨਰਲ ਸਕੱਤਰਾਂ ਦੀ ਹੋਈ ਚੋਣ 'ਚ 5 ਜਨਰਲ ਸਕੱਤਰ ਚੁਣੇ ਗਏ। ਪਹਿਲੇ ਨੰਬਰ ਉਤੇ ਰਹੇ ਮੋਹਿਤ



ਮੋਹਿੰਦਰਾ ਨੂੰ 6038 ਵੋਟਾਂ ਪਈਆਂ, ਜਦ ਕਿ ਕਿਰਨਪ੍ਰੀਤ ਪਾਹੜਾ ਨੂੰ 5358, ਅਕਾਸ਼ਦੀਪ ਗਿੱਲ ਨੂੰ 4290, ਉਦੈਵੀਰ ਢਿੱਲੋਂ ਨੂੰ 3626 ਅਤੇ ਦਿਲਰਾਜ ਸਰਕਾਰੀਆ ਨੂੰ 2524 ਵੋਟਾਂ ਪਈਆਂ। ਜਾਣਕਾਰੀ ਅਨੁਸਾਰ ਮਹਿਲਾ ਉਪ ਪ੍ਰਧਾਨ ਦੇ ਅਹੁਦੇ ਲਈ ਦਮਨ ਬਾਜਵਾ ਨੂੰ 3000 ਵੋਟਾਂ ਪਈਆਂ। ਦੱਸਿਆ ਜਾ ਰਿਹਾ ਹੈ ਕਿ ਦਮਨ ਬਾਜਵਾ ਖਿਲਾਫ ਕੋਈ ਉਮੀਦਵਾਰ ਨਹੀਂ ਸੀ। ਇਸ ਦੇ ਇਲਾਵਾ 3 ਹੋਰ ਉਪ ਪ੍ਰਧਾਨ ਚੁਣੇ ਗਏ ਹਨ, ਜਿਨ੍ਹਾਂ ਵਿਚ 2 ਜਨਰਲ ਵਰਗ ਤੋਂ ਅਤੇ ਇਕ ਰਾਖਵੇਂ ਕੋਟੇ 'ਚੋਂ ਚੁਣਿਆ ਗਿਆ ਹੈ। ਇਸ ਚੋਣ ਮਗਰੋਂ ਹੁਣ ਸੂਬਾ ਜਥੇਬੰਦੀ ਵਿਚ ਸਕੱਤਰਾਂ ਦੀ ਚੋਣ ਵੀ ਕੀਤੀ ਜਾਵੇਗੀ।

# ਗਿੰਨੀ ਸਾਗੂ ਦੀ ਪੁਸਤਕ 'ਅਣਡਿੱਠੀ ਦੁਨੀਆਂ' ਰਿਲੀਜ਼



**ਫਰਿਜ਼ਨੋ (ਬਿਊਰੋ):** ਪੰਜਾਬੀ ਪੱਤਰਕਾਰੀ ਅਤੇ ਲਿਖਤਾਂ ਵਿਚ ਆਪਣੀ ਪਛਾਣ ਬਣਾ ਚੁਕੇ ਆਸਟ੍ਰੇਲੀਆ ਰਹਿੰਦੇ ਗਿੰਨੀ ਸਾਗੂ ਦੇ ਵਿਦੇਸ਼ੀ ਸਫਰਨਾਮਿਆਂ ਦੀ ਇਕ ਪੁਸਤਕ 'ਅਣਡਿੱਠੀ ਦੁਨੀਆਂ' ਇਥੇ 'ਫਰਿਜ਼ਨੋ ਡਰੀਮਜ਼' ਦੇ ਸਟੂਡੀਓ ਵਿਚ ਰਿਲੀਜ਼ ਕੀਤੀ ਗਈ।

ਇਸ ਮੌਕੇ ਪੱਤਰਕਾਰ ਨੀਟਾ ਮਾਛੀਕੇ, ਪੰਜਾਬੀ ਮੀਡੀਆ ਯੂ.ਐਸ.ਏ. ਦੇ ਮੁੱਖ ਪ੍ਰਬੰਧਕ ਜਗਦੇਵ ਸਿੰਘ ਭੰਡਾਲ, ਜਸਵੰਤ ਸਿੰਘ ਮਹਿਮੀ, ਗਾਇਕ ਅਤੇ ਅਦਾਕਾਰ ਬਾਈ ਸੁਰਜੀਤ ਮਾਛੀਵਾੜਾ, ਟਰੱਕਿੰਗ ਇੰਡਸਟਰੀ ਤੋਂ ਰਮਨ ਢਿੱਲੋਂ ਅਤੇ ਹੋਰ ਸਾਹਿਤਕ ਸ਼ਖਸੀਅਤਾਂ ਹਾਜ਼ਰ ਸਨ।

ਪੁਸਤਕ ਵਿਚ ਲੇਖਕ ਗਿੰਨੀ ਸਾਗੂ ਜਿੱਥੇ ਆਪਣੇ ਵਿਦੇਸ਼ੀ ਸਫਰਨਾਮੇ ਦੀ ਸਾਂਝ ਪਾਉਂਦਾ ਹੈ, ਉਥੇ ਆਪਣੇ ਨਿੱਜੀਤਵ ਦਾ ਖੁੱਲ੍ਹ ਕੇ ਪ੍ਰਗਟਾਵਾ ਕਰਦਾ ਹੈ। ਇਸ ਸਮੇਂ ਪੱਤਰਕਾਰ ਨੀਟਾ ਮਾਛੀਕੇ ਨੇ ਲੇਖਕ ਨੂੰ ਵਧਾਈ ਦਿੱਤੀ। ਗਾਇਕ ਤੇ ਲੇਖਕ ਧਰਮਵੀਰ ਥਾਂਦੀ ਨੇ ਗਿੰਨੀ ਸਾਗੂ ਨੂੰ ਵਧਾਈ ਦਿੰਦਿਆਂ ਸਭ ਨੂੰ ਅਜਿਹੀਆਂ ਚੰਗੀਆਂ ਪੁਸਤਕਾਂ ਪੜ੍ਹਨ ਦੀ ਅਪੀਲ ਕੀਤੀ। ਜਗਦੇਵ ਸਿੰਘ ਭੰਡਾਲ ਨੇ 'ਫਰਿਜ਼ਨੋ ਡਰੀਮਜ਼ ਸਟੂਡੀਓ' ਦੇ ਸਮੂਹ ਮੈਂਬਰਾਂ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ।

# ਭਨਿਆਰਾਂ ਵਾਲੇ ਦੀ ਪਟੀਸ਼ਨ ਖਾਰਜ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪਿਆਰਾ ਸਿੰਘ ਭਨਿਆਰਾਂ ਵਾਲੇ ਦੀ ਉਹ ਪਟੀਸ਼ਨ ਖਾਰਜ ਕਰ ਦਿੱਤੀ ਹੈ, ਜਿਸ ਵਿਚ ਉਸ ਨੇ ਆਪਣੀ ਪੁਸਤਕ ਭਵ ਸਾਗਰ ਸਮੁੰਦ ਉਤੇ ਪੰਜਾਬ ਸਰਕਾਰ ਵੱਲੋਂ ਲਗਾਈ ਪਾਬੰਦੀ ਹਟਾਉਣ ਦੀ ਮੰਗ ਕੀਤੀ ਸੀ।

ਜਸਟਿਸ ਰਾਜੀਵ ਸ਼ਰਮਾ ਦੀ ਡਵੀਜ਼ਨ ਬੈਂਚ ਨੇ ਕਿਹਾ ਹੈ ਕਿ ਪਟੀਸ਼ਨ ਦਾਖਲ ਕਰਨ ਵਿਚ ਦੇਰੀ ਹੋਈ ਹੈ, ਲਿਹਾਜ਼ਾ ਪਟੀਸ਼ਨ ਉਤੇ ਸੁਣਵਾਈ ਨਹੀਂ ਕੀਤੀ ਜਾ ਸਕਦੀ। ਅਜੇ ਮੁਕੰਮਲ ਫੈਸਲਾ ਆਉਣਾ ਬਾਕੀ ਹੈ ਪਰ ਫਿਲਹਾਲ ਹਾਈਕੋਰਟ ਨੇ ਭਨਿਆਰਾਂ ਵਾਲੇ ਦੀ ਪਟੀਸ਼ਨ ਖਾਰਜ ਕਰਨ ਦਾ ਹੁਕਮ ਸੁਣਾ ਦਿੱਤਾ ਹੈ। ਵਿਸ਼ੇਸ਼ ਬੈਂਚ ਨੇ ਸੁਣਵਾਈ ਦੌਰਾਨ ਸ਼੍ਰੋਮਣੀ ਕਮੇਟੀ ਦੀ ਦਲੀਲ ਮੰਨੀ ਕਿ ਪੁਸਤਕ 'ਤੇ ਮੁੜ ਪਾਬੰਦੀ 15 ਦਸੰਬਰ 2008 ਨੂੰ ਲਗਾਈ ਗਈ ਸੀ ਤੇ ਇਸ ਪਾਬੰਦੀ ਦੀ ਨੋਟੀਫਿਕੇਸ਼ਨ ਜਾਰੀ ਹੋਣ ਦੇ ਦੋ ਮਹੀਨਿਆਂ ਦਰਮਿਆਨ ਚੁਣੌਤੀ ਦੇਣੀ ਹੁੰਦੀ ਹੈ ਪਰ ਭਨਿਆਰਾਂ ਵਾਲੇ ਨੇ ਸਤੰਬਰ 2009 ਵਿਚ ਚੁਣੌਤੀ ਦਿੱਤੀ ਸੀ, ਲਿਹਾਜ਼ਾ ਪਟੀਸ਼ਨ ਦਾਖਲ ਕਰਨ ਵਿਚ ਦੇਰੀ ਹੋਣ ਕਾਰਨ ਇਸ ਦੀ ਸੁਣਵਾਈ ਹੋ ਹੀ ਨਹੀਂ ਸਕਦੀ। ਇਸ ਦਲੀਲ ਨੂੰ ਮਨਜ਼ੂਰ ਕਰਦਿਆਂ ਹਾਈਕੋਰਟ ਨੇ ਭਨਿਆਰਾਂ ਵਾਲੇ ਦੀ ਪਟੀਸ਼ਨ ਖਾਰਜ ਕਰ ਦਿੱਤੀ ਹੈ।

# 'ਆਪ' ਵਿਧਾਇਕਾ ਮਾਣੂੰਕੇ ਦੀ ਗੱਡੀ ਉਤੇ ਹਮਲਾ

**ਲੁਧਿਆਣਾ:** ਜਗਰਾਉਂ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕਾ ਤੇ ਵਿਰੋਧੀ ਧਿਰ ਦੀ ਉਪ ਆਗੂ ਬੀਬੀ ਸਰਬਜੀਤ ਕੌਰ ਮਾਣੂੰਕੇ ਦੀ ਗੱਡੀ ਉਤੇ ਦੇਰ ਰਾਤ ਕੁਝ ਅਣਪਛਾਤਿਆਂ ਨੇ ਹਮਲਾ ਕਰ ਦਿੱਤਾ। ਬੀਬੀ ਮਾਣੂੰਕੇ ਆਪਣੇ ਪਤੀ ਪ੍ਰੋ. ਸੁਖਵਿੰਦਰ ਸਿੰਘ ਨਾਲ ਗੱਡੀ ਵਿਚ ਘਰ ਪਰਤ ਰਹੇ ਸਨ।

ਮੁਲਜ਼ਮ ਹਮਲੇ ਤੋਂ ਬਾਅਦ ਫਰਾਰ ਹੋ ਗਏ। ਵਿਧਾਇਕ ਮਾਣੂੰਕੇ ਨੇ ਰਾਤ ਹੀ ਪੁਲਿਸ ਨੂੰ ਸੂਚਨਾ ਦੇ ਦਿੱਤੀ ਸੀ ਪਰ ਹਾਲੇ ਤੱਕ ਪੁਲਿਸ ਹਮਲਾਵਰਾਂ ਦਾ ਸੁਰਾਗ ਨਹੀਂ ਲਗਾ ਸਕੀ ਹੈ। ਜਾਣਕਾਰੀ ਮੁਤਾਬਕ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਉਪ ਆਗੂ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਰਾਤ ਲੁਧਿਆਣਾ ਵਿਚ ਕਿਸੇ ਪ੍ਰੋਗਰਾਮ ਵਿਚ ਹਿੱਸਾ ਲੈਣ ਤੋਂ ਬਾਅਦ ਜਗਰਾਉਂ ਸਥਿਤ ਆਪਣੀ ਰਿਹਾਇਸ਼ੀ ਉਤੇ ਪਰਤ ਰਹੇ



ਸਨ।

ਇਸ ਦੌਰਾਨ ਪਿੰਡ ਸ਼ੇਖੂਪੁਰਾ ਨੇੜੇ ਅਣਪਛਾਤੇ ਗੱਡੀ ਚਾਲਕਾਂ ਨੇ ਉਨ੍ਹਾਂ ਦੀ ਗੱਡੀ ਨੂੰ ਸਾਈਡ ਨਹੀਂ ਦਿੱਤੀ। ਇਸ ਦੌਰਾਨ ਉਨ੍ਹਾਂ ਦੀ ਮੁਲਜ਼ਮਾਂ ਨਾਲ ਬਹਿਸ ਹੋ ਗਈ ਤੇ ਉਨ੍ਹਾਂ ਨੇ ਮਾਣੂੰਕੇ ਦੀ ਗੱਡੀ ਉਤੇ ਹਮਲਾ ਕਰ ਦਿੱਤਾ, ਜਿਸ ਤੋਂ ਬਾਅਦ ਹਮਲਾਵਰ ਫਰਾਰ ਹੋ ਗਏ। ਦੇਰ ਰਾਤ ਹੀ ਵਿਧਾਇਕ ਮਾਣੂੰਕੇ ਨੇ ਹਮਲੇ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ। ਪੁਲਿਸ ਚੌਕੀਮਾਨ ਦੇ ਅਧਿਕਾਰੀਆਂ ਨੇ ਮੌਕੇ ਉਤੇ ਟੀਮ ਭੇਜੀ ਤੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ। ਹਾਲਾਂਕਿ, ਇਹ ਇਲਾਕਾ ਦਾਖਾ ਥਾਣੇ ਦੇ ਅਧੀਨ ਆਉਂਦਾ ਸੀ। ਵਿਧਾਇਕਾ ਨਾਲ ਉਨ੍ਹਾਂ ਦੇ ਸਹਾਇਕ ਨੇ ਹਮਲਾਵਰਾਂ ਦੀ ਗੱਡੀ ਦਾ ਨੰਬਰ ਨੋਟ ਕਰਕੇ ਪੁਲਿਸ ਕੋਲ ਦਰਜ ਕਰਵਾ ਦਿੱਤਾ ਹੈ।

ਫਿਲਹਾਲ ਪੁਲਿਸ ਨੇ ਇਸ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਉਧਰ, ਵਿਧਾਇਕਾ ਬੀਬੀ ਸਰਬਜੀਤ ਕੌਰ ਦਾ ਕਹਿਣਾ ਹੈ ਕਿ ਰਾਤ ਗੱਡੀ ਚਾਲਕਾਂ ਨਾਲ ਰਸਤਾ ਮੰਗਣ ਉਤੇ ਬਹਿਸ ਹੋ ਗਈ ਸੀ। ਇਸ ਦੌਰਾਨ ਹਮਲਾਵਰਾਂ ਨੇ ਉਨ੍ਹਾਂ ਦੇ ਗੰਨਮੈਨ ਨੂੰ ਧੱਕੇ ਵੀ ਮਾਰੇ, ਜਿਸ ਦੀ ਸ਼ਿਕਾਇਤ ਪੁਲਿਸ ਅਧਿਕਾਰੀ ਨੂੰ ਰਾਤ ਸਮੇਂ ਹੀ ਕਰ ਦਿੱਤੀ ਸੀ, ਪਰ ਹਾਲੇ ਤੱਕ ਪੁਲਿਸ ਹਮਲਾਵਰਾਂ ਦਾ ਸੁਰਾਗ ਨਹੀਂ ਲਗਾ ਸਕੀ ਹੈ। ਬੀਬੀ ਮਾਣੂੰਕੇ ਨੇ ਦੱਸਿਆ ਕਿ ਉਨ੍ਹਾਂ ਉਤੇ ਇਸ ਤੋਂ ਪਹਿਲਾਂ ਵੀ ਹਮਲਾ ਹੋ ਚੁੱਕਿਆ ਹੈ। ਇਸ ਮਾਮਲੇ ਦੀ ਪੜਤਾਲ ਐਸ.ਐਸ.ਪੀ. ਸੰਦੀਪ ਗੋਇਲ ਖੁਦ ਕਰ ਰਹੇ ਹਨ। ਐਸ.ਐਸ.ਪੀ. ਗੋਇਲ ਦਾ ਕਹਿਣਾ ਹੈ ਕਿ ਇਸ ਹਮਲੇ ਬਾਰੇ ਉਨ੍ਹਾਂ ਨੂੰ ਸੂਚਨਾ ਮਿਲੀ ਸੀ, ਜਿਸ ਦੀ ਪੜਤਾਲ ਕੀਤੀ ਜਾ ਰਹੀ ਹੈ।

ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਦੋਸ਼ੀ ਤੁਰਤ ਗ੍ਰਿਫਤਾਰ ਕੀਤੇ ਜਾਣ ਅਤੇ ਇਸ ਮਾਮਲੇ ਦੀ ਜੁਡੀਸ਼ੀਅਲ ਜਾਂਚ ਹੋਵੇ। ਸ੍ਰੀ ਚੀਮਾ ਨੇ ਪੁਲਿਸ ਦੇ ਰਵੱਈਏ ਉਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਇੰਨਾ ਸਮਾਂ ਬੀਤਣ ਦੇ ਬਾਵਜੂਦ ਪੁਲਿਸ ਅਜੇ ਤੱਕ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਬੀਬੀ ਮਾਣੂੰਕੇ ਨੇ ਸਬੰਧਤ ਜ਼ਿਲ੍ਹਾ ਪੁਲਿਸ ਨੂੰ ਦੋਸ਼ੀਆਂ ਦੀ ਕਾਰ ਦੀਆਂ ਫੋਟੋਆਂ ਤੱਕ ਮੁਹੱਈਆ ਕਰਵਾ ਦਿੱਤੀਆਂ ਸਨ।

# ਡਾ. ਦਲਵੀਰ ਪੰਨੂ ਦੀ 'ਸਰਹੱਦ ਪਾਰਲੀ ਸਿੱਖ ਵਿਰਾਸਤ' ਪੁਸਤਕ ਪ੍ਰਮਾਣਿਕ ਦਸਤਾਵੇਜ਼: ਡਾ. ਐਸ. ਪੀ. ਸਿੰਘ



ਡਾ. ਪੰਨੂ ਦੀ ਪੁਸਤਕ 'ਸਰਹੱਦ ਪਾਰਲੀ ਸਿੱਖ ਵਿਰਾਸਤ' ਬਾਰੇ ਲੁਧਿਆਣਾ 'ਚ ਹੋਏ ਸਮਾਗਮ ਵੇਲੇ ਦਾ ਇਕ ਦ੍ਰਿਸ਼

**ਲੁਧਿਆਣਾ (ਬਿਊਰੋ):** ਕੈਲੀਫੋਰਨੀਆ ਵੱਸਦੇ ਸਿੱਖ ਵਿਦਵਾਨ ਡਾ. ਦਲਵੀਰ ਸਿੰਘ ਪੰਨੂ ਦੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੰਗਰੇਜ਼ੀ 'ਚ ਲਿਖੀ ਪੁਸਤਕ 'The Sikh heritage beyond borders' (ਸਰਹੱਦ ਪਾਰਲੀ ਸਿੱਖ ਵਿਰਾਸਤ) ਬਾਰੇ ਇਥੇ ਜੀ. ਜੀ. ਐਨ. ਖਾਲਸਾ ਕਾਲਜ ਸਿਵਲ ਲਾਈਨਜ਼ ਵਿਖੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਲੋਕ ਵਿਰਾਸਤ ਅਕੈਡਮੀ ਦੇ ਸਹਿਯੋਗ ਨਾਲ 9 ਦਸੰਬਰ ਨੂੰ ਜਾਣ-ਪਛਾਣ ਤੇ ਵਿਚਾਰ-ਚਰਚਾ ਸਮਾਗਮ ਕਰਵਾਇਆ ਗਿਆ।

ਸਮਾਗਮ ਦੀ ਪ੍ਰਧਾਨਗੀ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਐਸ. ਪੀ. ਸਿੰਘ ਨੇ ਕਿਹਾ ਕਿ ਲੰਮੀ ਖੋਜ ਤੇ ਵਿਸ਼ਵ ਧਰਮ ਤੁਲਨਾਤਮਿਕ ਅਧਿਐਨ ਪਿਛੋਂ ਪੰਜਾਬੀ ਪੁੱਤਰ ਡਾ. ਦਲਵੀਰ ਸਿੰਘ ਪੰਨੂ ਨੇ ਪ੍ਰਮਾਣਿਕ ਇਤਿਹਾਸਕ ਕਾਰਜ ਕੀਤਾ ਹੈ, ਜਿਸ ਨੂੰ ਦਸਤਾਵੇਜ਼ ਵਾਂਗ ਘਰ ਘਰ ਪਹੁੰਚਾਉਣ ਦੀ ਲੋੜ ਹੈ।

ਡਾ. ਐਸ. ਪੀ. ਸਿੰਘ ਨੇ ਕਿਹਾ ਕਿ ਇਹ ਪੁਸਤਕ ਪੰਜਾਬੀ, ਹਿੰਦੀ ਤੇ ਉਰਦੂ ਵਿਚ ਵੀ ਸਸਤੀ ਕੀਮਤ 'ਤੇ ਵਿਦਿਆਰਥੀ ਐਡੀਸ਼ਨ ਵਜੋਂ ਛਾਪਣੀ ਚਾਹੀਦੀ ਹੈ ਤਾਂ ਜੋ ਗਿਆਨ ਦਾ ਇਹ ਅਤੁਟ ਭੰਡਾਰ ਸਿਰਫ ਲਾਇਬਰੇਰੀਆਂ ਵਿਚ ਹੀ ਨਾ ਰਹਿ ਜਾਵੇ।

ਦਲਵੀਰ ਪੰਨੂ ਕੈਲੀਫੋਰਨੀਆ ਵਿਚ ਦੰਦਾਂ ਦਾ ਡਾਕਟਰ ਹੈ। ਉਸ ਨੂੰ ਆਪਣੇ ਪੇਸ਼ੇ ਦੀ ਪ੍ਰੈਕਟਿਸ ਉਪਰੰਤ ਸਿੱਖ ਵਿਰਸੇ ਤੇ ਇਤਿਹਾਸ ਨੂੰ ਨੇੜਿਉਂ ਜਾਣਨ-ਘੋਖਣ ਦਾ ਵੀ ਸ਼ੌਕ ਹੈ। ਇਸ ਸਚਿਤਰ ਗਿਆਨ ਪੁਸਤਕ ਦੀ ਸਿਰਜਣ ਪ੍ਰਕ੍ਰਿਆ ਅਤੇ ਪ੍ਰਕਾਸ਼ਨ ਤੀਕ ਸਫਰ ਬਾਰੇ ਲੇਖਕ ਡਾ. ਪੰਨੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਸਤਕ ਨੂੰ ਭਾਰਤ, ਪਾਕਿਸਤਾਨ ਤੇ ਅਮਰੀਕਾ ਆਧਾਰਤ ਇਤਿਹਾਸਕਾਰਾਂ, ਖੋਜੀ ਬਿਰਤੀ ਵਾਲੇ ਵਿਦਵਾਨਾਂ, ਵਧੀਆ ਫੋਟੋ ਕਲਾਕਾਰਾਂ ਤੇ ਮੇਰੇ ਪਰਿਵਾਰ ਤੋਂ ਇਲਾਵਾ ਸਮਾਜਕ ਚੌਗਿਰਦੇ ਦਾ ਯੋਗਦਾਨ ਹੈ, ਜਿਨ੍ਹਾਂ ਨੇ ਮੈਨੂੰ ਉਂਗਲ ਫੜ ਕੇ ਲਗਾਤਾਰ ਤੋਰੀ ਰੱਖਿਆ। ਉਨ੍ਹਾਂ ਕਿਹਾ ਕਿ ਪੁਸਤਕ ਪਿਛਲੇ ਦਸ ਸਾਲਾਂ ਦੀ ਨਿਰੰਤਰ ਮਿਹਨਤ ਤੇ ਵਿਸ਼ਵ ਦੀਆਂ ਪੁਰਾਤਨ ਪੁਸਤਕਾਂ ਲੱਭ ਲੱਭ ਕੇ ਪੜ੍ਹਨ ਗੁੜ੍ਹਨ ਤੇ ਆਪਸੀ ਵਿਚਾਰ ਵਟਾਂਦਰੇ ਦਾ ਹੀ ਪ੍ਰਤੀਫਲ ਹੈ। ਥਾਮਸਨ ਪ੍ਰੈਸ ਵਿਚ ਛਪੀ ਇਹ ਪੁਸਤਕ ਐਮਾਜ਼ਾਨ 'ਤੇ ਉਪਲਬਧ ਹੈ। ਪੁਸਤਕ ਦਾ ਵਿਦਿਆਰਥੀ ਐਡੀਸ਼ਨ ਵੀ ਜਲਦੀ ਪ੍ਰਕਾਸ਼ਿਤ ਕੀਤਾ ਜਾਵੇਗਾ। ਡਾ. ਪੰਨੂ ਨੇ ਦੱਸਿਆ ਕਿ ਡਾ. ਸੁਭਾਸ਼ ਪਰਿਹਾਰ, ਤਰਲੋਚਨ ਸਿੰਘ ਦੁਪਾਲਪੁਰ ਤੇ ਡਾ. ਹਰਦੇਵ ਸਿੰਘ ਵਿਰਕ ਦੀ ਲਗਾਤਾਰ ਸਲਾਹਕਾਰੀ ਪਹੁੰਚ ਕਾਰਨ ਹੀ ਇਹ ਵਡੇਰਾ ਕਾਰਜ ਸਫਲ ਹੋ ਸਕਿਆ।

ਵਿਚਾਰ-ਚਰਚਾ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪਰੋ ਵਾਈਸ ਚਾਂਸਲਰ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਸੀਨੀਅਰ ਪ੍ਰੋਫੈਸਰ ਡਾ. ਹਰਦੇਵ ਸਿੰਘ ਵਿਰਕ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਪ੍ਰਧਾਨ ਪ੍ਰੋ. ਰਵਿੰਦਰ ਭੱਠਲ, ਜੀ. ਜੀ. ਐਨ ਖਾਲਸਾ ਕਾਲਜ ਲੁਧਿਆਣਾ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਤੇ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਹਿੱਸਾ ਲਿਆ। ਪਰਵਾਸੀ ਸਾਹਿਤ ਅਧਿਐਨ ਕੇਂਦਰ ਤੇ ਲੋਕ ਵਿਰਾਸਤ ਅਕੈਡਮੀ ਵੱਲੋਂ ਇਸ ਨੇਕ ਕਾਰਜ ਵਾਸਤੇ ਡਾ. ਦਲਵੀਰ ਸਿੰਘ ਪੰਨੂ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਉਘੇ ਵਿਦਵਾਨ ਇਤਿਹਾਸਕਾਰ ਸੁਭਾਸ਼ ਪਰਿਹਾਰ, ਡਾ. ਗੁਰਇਕਬਾਲ ਸਿੰਘ, ਸੂਰਜ ਸਿੰਘ ਨੱਤ, ਅਮਰੀਕਾ ਤੋਂ ਪੱਤਰਕਾਰ ਤਰਲੋਚਨ ਸਿੰਘ ਦੁਪਾਲਪੁਰ ਅਤੇ ਪੱਤਰਕਾਰ ਗੁਰਜਤਿੰਦਰ ਸਿੰਘ ਰੰਧਾਵਾ ਹਾਜ਼ਰ ਸਨ। ਮੰਚ ਸੰਚਾਲਨ ਡਾ. ਗੁਰਪ੍ਰੀਤ ਸਿੰਘ ਨੇ ਕੀਤਾ।

# ਭਾਈ ਵੀਰ ਸਿੰਘ ਦਾ ਨਾਂ 'ਭਾਰਤ ਰਤਨ' ਲਈ ਭੇਜੇਗੀ ਸਰਕਾਰ



**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਵੱਲੋਂ ਆਧੁਨਿਕ ਕਵਿਤਾ ਦੇ ਪਿਤਾਮਾ ਅਤੇ ਚਿੰਤਕ ਭਾਈ ਵੀਰ ਸਿੰਘ ਦੇ ਜਨਮ ਦਿਨ ਮੌਕੇ ਕਰਵਾਏ ਗਏ ਸਮਾਗਮ ਮੌਕੇ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਭਾਈ ਵੀਰ ਸਿੰਘ ਦਾ ਨਾਂ 'ਭਾਰਤ ਰਤਨ' ਲਈ ਕੇਂਦਰ ਸਰਕਾਰ ਨੂੰ ਭੇਜੇ।

ਇਸ ਮੌਕੇ ਮੌਜੂਦ ਸਹਿਕਾਰਤਾ ਅਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਭਾਈ ਵੀਰ ਸਿੰਘ ਦਾ ਨਾਂ ਵੱਕਾਰੀ ਐਵਾਰਡ ਲਈ ਭੇਜੇਗੀ। ਉਨ੍ਹਾਂ ਕਿਹਾ ਕਿ ਉਹ ਖੁਦ ਇਹ ਮਾਮਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵਿਚਾਰਨਗੇ। ਸ੍ਰੀ ਰੰਧਾਵਾ ਨੇ ਕਿਹਾ ਕਿ ਅਫਸੋਸ ਵਾਲੀ ਗੱਲ ਹੈ ਕਿ ਭਾਈ ਵੀਰ ਸਿੰਘ ਨੂੰ ਉਹ ਮਾਣ-ਸਤਿਕਾਰ ਕੌਮ ਅਤੇ ਸਰਕਾਰਾਂ ਵੱਲੋਂ ਨਹੀਂ ਦਿੱਤਾ ਗਿਆ, ਜਿਸ ਦੇ ਉਹ ਹੱਕਦਾਰ ਸਨ। ਉਨ੍ਹਾਂ ਕਿਹਾ ਕਿ ਭਾਈ ਵੀਰ ਸਿੰਘ ਦਾ ਅਸਲ ਸਨਮਾਨ ਇਹੀ ਹੈ ਕਿ ਅਸੀਂ ਉਨ੍ਹਾਂ ਵੱਲੋਂ ਰਚਿਆ ਸਾਹਿਤ ਪੜ੍ਹੀਏ। ਉਨ੍ਹਾਂ ਚੀਫ ਖਾਲਸਾ ਦੀਵਾਨ ਵੱਲੋਂ ਕੀਤੇ ਇਸ ਉਪਰਾਲੇ ਦੀ ਸਰਾਹਨਾ ਕਰਦਿਆਂ ਆਪਣੇ ਅਖਤਿਆਰੀ ਕੋਟੇ ਵਿਚੋਂ ਦੀਵਾਨ ਨੂੰ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

# ਸਨਦੀਪ ਦੇ ਨਾਂ 'ਤੇ ਹੋਵੇਗਾ ਡਾਕ ਘਰ ਦਾ ਨਾਂ



**ਹਿਊਸਟਨ:** ਮਰੀਕੀ ਸਦਨ (ਕਾਂਗਰਸ) ਵਿਚ ਹਿਊਸਟਨ ਦੇ ਇਕ ਡਾਕ ਘਰ ਦਾ ਨਾਂ ਭਾਰਤੀ-ਅਮਰੀਕੀ ਪੁਲਿਸ ਅਧਿਕਾਰੀ ਸਨਦੀਪ ਸਿੰਘ ਧਾਲੀਵਾਲ ਨੂੰ ਸਮਰਪਿਤ ਕਰਨ ਸਬੰਧੀ ਬਿੱਲ ਪੇਸ਼ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਧਾਲੀਵਾਲ ਦੀ ਟੈਕਸਸ ਵਿਚ ਡਿਊਟੀ ਦੌਰਾਨ ਇਕ ਟਰੈਫਿਕ ਸਟੌਪ ਉਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਨ੍ਹਾਂ ਦੇ ਬਲਿਦਾਨ ਨੂੰ ਸਿਜਦਾ ਕਰਨ ਲਈ ਸਦਨ ਵਿਚ ਇਹ ਬਿੱਲ ਖਾਸ ਤੌਰ ਉਤੇ ਲਿਆਂਦਾ ਗਿਆ ਹੈ।

ਧਾਲੀਵਾਲ (42) ਹੈਰਿਸ ਕਾਊਂਟੀ ਵਿਚ ਪਹਿਲੇ ਸਿੱਖ ਡਿਪਟੀ ਸ਼ੈਰਿਫ ਸਨ। ਇਥੇ ਕਰੀਬ 10,000 ਸਿੱਖ ਰਹਿੰਦੇ ਹਨ। ਸਨਦੀਪ ਉਸ ਵੇਲੇ ਕੌਮੀ ਸੁਰਖੀ ਬਣ ਗਏ ਸਨ ਜਦ ਉਨ੍ਹਾਂ ਨੂੰ ਡਿਊਟੀ ਕਰਦਿਆਂ ਦਾੜ੍ਹੀ ਰੱਖਣ ਤੇ ਪੱਗ ਬੰਨ੍ਹਣ ਦੀ ਇਜਾਜ਼ਤ ਦਿੱਤੀ ਗਈ ਸੀ। ਕਾਂਗਰਸ ਮੈਂਬਰ ਲਿਜ਼ੀ ਫਲੈਚਰ ਨੇ ਬਿੱਲ ਪੇਸ਼ ਕਰਦਿਆਂ ਕਿਹਾ 'ਡਿਪਟੀ ਧਾਲੀਵਾਲ ਨੇ ਸਾਡੇ ਸਮਾਜ ਦੀ ਬੇਹੱਦ ਸੁਚੱਜੇ ਢੰਗ ਨਾਲ ਨੁਮਾਇੰਦਗੀ ਕੀਤੀ, ਉਨ੍ਹਾਂ ਆਪਣੀਆਂ ਸੇਵਾਵਾਂ ਰਾਹੀਂ ਸਮਾਨਤਾ, ਤਾਲਮੇਲ ਤੇ ਭਾਈਚਾਰਕ ਸਾਂਝ ਲਈ ਸੰਘਰਸ਼ ਕੀਤਾ।' ਪੇਸ਼ ਕੀਤੇ ਗਏ ਬਿੱਲ 'ਚ 315 ਐਡਿਕਸ ਹੋਵੈੱਲ ਰੋਡ ਦੇ ਡਾਕ ਘਰ ਦਾ ਨਾਂ 'ਡਿਪਟੀ ਸਨਦੀਪ ਸਿੰਘ ਧਾਲੀਵਾਲ ਡਾਕ ਘਰ' ਰੱਖਣ ਦਾ ਸੱਦਾ ਦਿੱਤਾ ਗਿਆ ਹੈ।

ਫਲੈਚਰ ਨੇ ਕਿਹਾ ਕਿ ਇਸ ਤਰ੍ਹਾਂ ਧਾਲੀਵਾਲ ਦੀਆਂ ਸੇਵਾਵਾਂ, ਸੰਘਰਸ਼ ਤੇ ਉਦਾਹਰਨ ਨੂੰ ਹਮੇਸ਼ਾ ਲਈ ਸੰਜੋ ਕੇ ਰੱਖਿਆ ਜਾ ਸਕੇਗਾ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਬਿੱਲ ਨੂੰ ਟੈਕਸਸ ਦੇ ਉਨ੍ਹਾਂ ਦੇ ਸਹਿਯੋਗੀ ਮੈਂਬਰ ਜਲਦੀ ਪਾਸ ਕਰ ਦੇਣਗੇ। ਹੈਰਿਸ ਕਾਊਂਟੀ ਦੇ ਸ਼ੈਰਿਫ ਨੇ ਫਲੈਚਰ ਦਾ ਧੰਨਵਾਦ ਕੀਤਾ ਹੈ। ਪਿਛਲੇ ਮਹੀਨੇ ਹਿਊਸਟਨ ਪੁਲਿਸ ਵਿਭਾਗ ਨੇ ਆਪਣੇ ਅਧਿਕਾਰੀਆਂ ਨੂੰ ਡਿਊਟੀ ਵੇਲੇ ਧਾਰਮਿਕ ਚਿੰਨ੍ਹ ਪਹਿਨਣ ਦੀ ਇਜਾਜ਼ਤ ਦੇ ਦਿੱਤੀ ਸੀ।

# ਸਹਾਇਤਾ ਸੰਸਥਾ ਦੇ ਫੰਡਰੇਜ਼ਰ ਸਮਾਗਮ ਨੂੰ ਮਾਡੈਸਟੋ 'ਚ ਬੇਮਿਸਾਲ ਹੁੰਗਾਰਾ




**ਮਾਡੈਸਟੋ (ਬਿਊਰੋ):** ਸਥਾਨਕ ਸਨਲਾਈਟ ਇੰਡੀਅਨ ਕੁਜ਼ੀਨ ਰੈਸਟੋਰੈਂਟ ਵਿਚ ਸਹਾਇਤਾ ਸੰਸਥਾ ਲਈ 'ਆਪਣਾ ਵਿਰਸਾ ਐਸੋਸੀਏਸ਼ਨ ਮਾਡੈਸਟੋ' ਦੇ ਉਦਮ ਨਾਲ ਇੱਕ ਫੰਡਰੇਜ਼ਰ ਸਮਾਗਮ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਪਹੁੰਚ ਕੇ ਆਪਣਾ ਦਸਵੰਧ ਕੱਢਿਆ ਅਤੇ ਹਜ਼ਾਰਾਂ ਡਾਲਰ ਇੱਕਤਰ ਕਰਕੇ ਸਹਾਇਤਾ ਸੰਸਥਾ ਦੀ ਝੋਲੀ ਪਾਏ।

ਜ਼ਿਕਰਯੋਗ ਹੈ ਕਿ ਸਹਾਇਤਾ ਸੰਸਥਾ 2004 ਵਿਚ ਹੋਂਦ ਵਿਚ ਆਈ ਸੀ ਅਤੇ ਉਦੋਂ ਤੋਂ ਹੀ ਦੇਸ਼-ਵਿਦੇਸ਼ ਵਿਚ ਲੋੜਵੰਦ ਲੋਕਾਂ ਅਤੇ ਬੇਸਹਾਰਾ ਬੱਚਿਆਂ ਦੀ ਦੇਖਭਾਲ ਲਈ ਉਪਰਾਲੇ ਕਰ ਰਹੀ ਹੈ।

ਸਮਾਗਮ ਦੀ ਸ਼ੁਰੂਆਤ ਹਰਸਿਮਰਨ ਸਿੰਘ ਸੰਗਰਾਮ ਨੇ ਸਭ ਨੂੰ ਜੀ ਆਇਆਂ ਆਖ ਕੇ ਕੀਤੀ ਅਤੇ ਸਹਾਇਤਾ ਸੰਸਥਾ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਸੰਸਥਾ ਦੀ ਹਰ ਤਰ੍ਹਾਂ ਦੀ ਮਦਦ ਲਈ ਵਚਨਬੱਧਤਾ ਪ੍ਰਗਟਾਈ। ਡਾ. ਹਰਕੇਸ਼ ਸੰਧੂ ਨੇ ਸੰਸਥਾ ਬਾਰੇ ਦੱਸਿਆ। ਵਿੰਦਰ ਢਿੱਲੋਂ ਨੇ ਅਨਾਥ ਬੱਚਿਆਂ ਦੀ ਦਰਦਨਾਕ ਹੋਣੀ ਬਾਰੇ ਦੱਸਿਆ। ਸਰੂਪ ਸਿੰਘ ਝੱਜ ਨੇ ਪੰਜਾਬ 'ਚ ਹੜ੍ਹ ਪੀੜਤਾਂ ਦੀ ਸਹਾਇਤਾ ਸੰਸਥਾ ਵੱਲੋਂ ਕੀਤੀ ਗਈ ਮਦਦ ਸਬੰਧੀ ਰਿਪੋਰਟ ਦਾਨੀ ਸੱਜਣਾਂ ਨਾਲ ਸਾਂਝੀ ਕਰਦਿਆਂ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਪਰਵਾਸੀ ਪੰਜਾਬੀਆਂ ਨੂੰ ਗੁਹਾਰ ਲਾਈ।

ਗਾਇਕ ਤੇਜ ਹੁੰਦਲ ਨੇ ਖੂਬਸੂਰਤ ਗੀਤ 'ਮੁੜ ਵੇਖਣ ਨੂੰ ਮਿਲ ਗਿਆ ਤੇਰਾ ਨਨਕਾਣਾ' ਨਾਲ ਹਾਜ਼ਰੀ ਲਵਾਈ। ਇਸ ਮੌਕੇ ਭਾਈ ਗੁਰਦੇਵ ਸਿੰਘ ਤੇ ਭਾਈ ਹਰਦੀਪ ਸਿੰਘ ਨੇ ਕਵਿਸ਼ਰੀ ਨਾਲ ਖੂਬ ਰੰਗ ਬੰਨਿਆ। 'ਵਸਦਾ ਪੰਜਾਬ' ਭੰਗੜਾ ਅਕਾਦਮੀ ਦੇ ਬੱਚਿਆਂ ਨੇ ਗਿੱਧੇ ਤੇ ਭੰਗੜੇ ਦੇ ਜੌਹਰ ਵਿਖਾਏ।

# 'ਪ੍ਰਭ ਆਸਰਾ' ਲਈ ਸੈਲਮਾ 'ਚ ਫੰਡ ਇਕੱਤਰ



**ਸੈਲਮਾ, ਕੈਲੀਫੋਰਨੀਆ (ਬਿਊਰੋ):** ਦੀਨ ਦੁਖੀ, ਮੰਦਬੁੱਧੀ ਬੱਚਿਆਂ ਅਤੇ ਬੇਸਹਾਰਾ ਬਜੁਰਗਾਂ ਦੀ ਸੇਵਾ ਸੰਭਾਲ ਲਈ ਇਨਸਾਨੀਅਤ ਨੂੰ ਸਮਰਪਿਤ ਸੰਸਥਾ 'ਪ੍ਰਭ ਆਸਰਾ' ਲਈ ਲੰਘੇ ਸਨਿਚਰਵਾਰ ਇਥੇ ਉਘੇ ਸਮਾਜ ਸੇਵੀ ਸ. ਰਣਜੀਤ ਸਿੰਘ ਨਾਗਰਾ ਦੇ ਸੱਦੇ 'ਤੇ ਸਥਾਨਕ ਗੁਰਘਰ ਵਿਖੇ ਇੱਕ ਫੰਡਰੇਜ਼ਰ ਪ੍ਰੋਗਰਾਮ ਰੱਖਿਆ ਗਿਆ, ਜਿਸ ਵਿਚ ਫਰਿਜ਼ਨੋ ਇਲਾਕੇ ਦੀਆਂ ਉਘੀਆਂ ਸ਼ਖਸੀਅਤਾਂ ਨੇ ਸ਼ਿਰਕਤ ਕਰਕੇ ਦਸਵੰਧ ਕੱਢਿਆ ਤੇ ਫੰਡਰੇਜ਼ਰ ਪ੍ਰੋਗਰਾਮ ਨੂੰ ਕਾਮਯਾਬ ਬਣਾਇਆ।

ਪ੍ਰਭ ਆਸਰਾ ਸੰਸਥਾ ਦੇ ਮੋਢੀ ਸ. ਸ਼ਮਸ਼ੇਰ ਸਿੰਘ ਨੇ ਸੰਸਥਾ ਦੇ ਕੰਮ ਕਾਜ 'ਤੇ ਝਲਕ ਪਾਉਂਦਿਆਂ ਦੱਸਿਆ ਕਿ ਕਿਵੇਂ ਲੋਕ ਅਣਚਾਹੇ ਨਵੇਂ ਬੱਚਿਆਂ ਨੂੰ ਪ੍ਰਭ ਆਸਰਾ ਆਸ਼ਰਮਾਂ ਵਿਚ ਛੱਡ ਜਾਂਦੇ ਹਨ ਤੇ ਕਈ ਰੱਜਦੇ ਪੁੱਜਦੇ ਪਰਿਵਾਰ ਵੀ ਆਪਣੇ ਬਜੁਰਗਾਂ ਨੂੰ ਸੜਕਾਂ 'ਤੇ ਰੁਲਣ ਲਈ ਛੱਡ ਕੇ ਕਿਨਾਰਾ ਕਰ ਜਾਂਦੇ ਹਨ। 'ਪ੍ਰਭ ਆਸਰਾ' ਹੀ ਉਨ੍ਹਾਂ ਲਈ ਸਹਾਰਾ ਬਣਦਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਸਾਨੂੰ ਨਾ ਹੀ ਕੋਈ ਡਾਕਟਰ ਮੁਹੱਈਆ ਕੀਤਾ ਗਿਆ ਹੈ ਅਤੇ ਨਾ ਹੀ ਕੋਈ ਹੋਰ ਖਾਸ ਸਹੂਲਤ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਸੰਸਥਾ ਦਾ ਰੋਜ ਦਾ ਲੱਖਾਂ ਰੁਪਿਆ ਖਰਚ ਹੈ, ਜੋ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਚੱਲ ਰਿਹਾ ਹੈ। ਅਖੀਰ ਵਿਚ ਉਨ੍ਹਾਂ ਗੁਰੂ ਘਰ ਦੀ ਕਮੇਟੀ ਦਾ ਫੰਡਰੇਜ਼ਰ ਰੱਖਣ ਲਈ ਧੰਨਵਾਦ ਕੀਤਾ ਅਤੇ ਧਾਰਮਿਕ ਜਥੇਬੰਦੀਆਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਗੁਰੂ ਸਾਹਿਬਾਨ ਦੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਇਨਸਾਨੀਅਤ ਦੀ ਸੇਵਾ ਲਈ ਮਦਦ ਦੀ ਅਪੀਲ ਕੀਤੀ। ਸਟੇਜ ਸੰਚਾਲਨ ਕਬੱਡੀ ਪ੍ਰੋਮੋਟਰ ਸੁਰਿੰਦਰ ਸਿੰਘ ਨਿੱਝਰ ਨੇ ਕੀਤਾ।

# ਚੀਨੀਆਂ ਨੂੰ ਵੇਚੀਆਂ ਗਈਆਂ ਪਾਕਿਸਤਾਨੀ ਲੜਕੀਆਂ

**ਲਾਹੌਰ:** ਪਾਕਿਸਤਾਨ 'ਚ ਹੁਣ ਤੱਕ 629 ਕੁੜੀਆਂ ਤੇ ਔਰਤਾਂ ਚੀਨੀ ਮਰਦਾਂ ਨੂੰ ਵੇਚੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਨੂੰ ਚੀਨੀ ਵਿਆਹ ਕੇ ਆਪਣੇ ਨਾਲ ਲੈ ਗਏ। ਇਸ ਸਬੰਧੀ ਸੂਚੀ ਦਿ ਐਸੋਸੀਏਟ ਪ੍ਰੈਸ ਨੇ ਹਾਸਲ ਕੀਤੀ ਹੈ ਜਿਸ ਨੂੰ ਪਾਕਿਸਤਾਨ ਦੇ ਖੁਫੀਆ ਵਿਭਾਗ ਨੇ ਮਨੁੱਖੀ ਤਸਕਰੀ ਦਾ ਕਾਰੋਬਾਰ ਬੇਨਕਾਬ ਕਰਨ ਦੌਰਾਨ ਤਿਆਰ ਕੀਤਾ ਸੀ। ਇਹ ਸੂਚੀ 2018 ਤੋਂ ਹੁਣ ਤੱਕ ਦੇ ਸਭ ਤੋਂ ਦਰੁਸਤ ਅੰਕੜੇ ਪੇਸ਼ ਕਰਦੀ ਹੈ, ਪਰ ਜੂਨ ਵਿਚ ਇਸ ਤਸਕਰੀ ਖਿਲਾਫ ਚਲਾਈ ਗਈ ਮੁਹਿੰਮ ਨੂੰ ਰੋਕ ਦਿੱਤਾ ਗਿਆ ਸੀ। ਇਹ ਮੁਹਿੰਮ ਸਰਕਾਰ ਦੇ ਦਬਾਅ ਹੇਠ ਰੋਕਣੀ ਪਈ ਸੀ ਕਿਉਂਕਿ ਅਧਿਕਾਰੀ ਨੂੰ ਡਰ ਸੀ ਕਿ ਇਸ ਨਾਲ ਪਾਕਿਸਤਾਨ ਤੇ ਚੀਨ ਵਿਚਾਲੇ ਰਿਸ਼ਤੇ ਖਰਾਬ ਹੋ ਸਕਦੇ ਹਨ। ਅਕਤੂਬਰ 'ਚ ਫੈਸਲਾਬਾਦ ਦੀ ਅਦਾਲਤ ਨੇ 31 ਚੀਨੀ ਨਾਗਰਿਕਾਂ ਨੂੰ ਮਨੁੱਖੀ ਤਸਕਰੀ ਲਈ ਦੋਸ਼ੀ ਠਹਿਰਾਇਆ ਸੀ। ਔਰਤਾਂ ਨੇ ਆਪਣੇ ਵੇਚੇ ਜਾਣ ਬਾਰੇ ਕੁਝ ਵੀ ਕਹਿਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਨ੍ਹਾਂ ਨੂੰ ਧਮਕਾਇਆ ਗਿਆ ਸੀ। ਚੀਨ ਤੋਂ ਬਹੁਤੀਆਂ ਮੁਟਿਆਰਾਂ ਨੂੰ ਛੁਡਾਉਣ ਵਾਲੇ ਸਮਾਜ ਸੇਵੀ ਸਲੀਮ ਇਕਬਾਲ ਨੇ ਕਿਹਾ ਕਿ ਸਰਕਾਰ ਵੱਲੋਂ ਦਬਾਅ ਪਾਏ ਜਾਣ ਕਾਰਨ ਸੰਘੀ ਜਾਂਚ ਏਜੰਸੀ ਨੂੰ ਮਨੁੱਖੀ ਤਸਕਰੀ ਖਿਲਾਫ ਆਪਣੀ ਮੁਹਿੰਮ ਠੱਪ ਕਰਨੀ ਪਈ।

# ਜੋਗੀ ਜੋਗੜੇ ਤੋਂ ਸਿੱਧੀ ਮਾਰਗ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਹਥਲਾ ਲੇਖ 1947 ਦੇ ਸਮਿਆਂ ਬਾਰੇ ਹੈ। ਉਸ ਵੇਲੇ ਦੇ ਵਰਤ ਵਰਤਾਰੇ, ਔਕੜਾਂ, ਉਮੰਗਾਂ ਤੇ ਦੇਸ਼ ਵੰਡ ਦੀ ਮਾਰ ਥੱਲੇ ਆਏ ਲੋਕਾਂ ਬਾਰੇ। ਇਨ੍ਹਾਂ ਗੱਲਾਂ ਦਾ ਚੇਤਾ ਕਰਵਾਉਣ ਵਾਲੀ ਮਨਮੋਹਨ ਸਿੰਘ ਢਿੱਲੋਂ ਦੀ ਪੁਸਤਕ 'ਜ਼ਿੰਦਗੀ ਦੇ ਆਰ ਪਾਰ' ਹੈ। ਲੇਖਕ ਮੇਰੀ ਮਾਸੀ ਦਾ ਭਤੀਜਾ ਹੈ। ਉਹ ਪੰਜਾਬੀ ਟ੍ਰਿਬਿਊਨ ਲਈ ਅੰਮ੍ਰਿਤਸਰ ਤੋਂ ਖਬਰਾਂ ਭੇਜਦਾ ਹੈ, ਕੋਈ ਚਾਰ ਦਹਾਕਿਆਂ ਤੋਂ। ਪੁਸਤਕ ਵਿਚ ਸ਼ਾਮਲ ਕੀਤੇ ਉਸ ਦੇ ਨਿੱਕੇ-ਵੱਡੇ ਲੇਖ ਉਸ ਦੀ ਬਾਰੀਕਬੀਨੀ ਦਾ ਸ਼ੀਸ਼ਾ ਹਨ। ਮੇਰੀ ਮਾਸੀ ਦਾ ਭਤੀਜਾ ਹੋਣ ਕਰਕੇ ਮੈਂ ਕੱਲ ਤੱਕ ਉਸ ਨੂੰ ਘਰ ਦਾ ਜੋਗੀ ਜੋਗੜਾ ਹੀ ਸਮਝਦਾ ਰਿਹਾ ਹਾਂ। ਹੁਣ ਪਤਾ ਲੱਗਾ ਕਿ ਉਹ ਵੀ ਸਿੱਧ ਹੈ। ਉਸ ਦੀ ਲੇਖਣੀ ਵਿਚ ਦਮ ਹੈ, ਤਾਂ ਹੈਰਾਨ ਹੋਣਾ ਕੁਦਰਤੀ ਸੀ।


ਸਭ ਤੋਂ ਪਹਿਲਾਂ 'ਮਾਂ ਦੇ ਸੰਸਕਾਰ' ਪੜ੍ਹੀ। ਲੇਖਕ ਦੀ ਮਾਂ ਤੇ ਆਪਣੀ ਮਾਸੀ ਬਾਰੇ ਮੈਂ ਆਪਣੀ ਮਾਸੀ ਦੇ ਦਿਆਲੂ ਸੁਭਾਅ ਤੋਂ ਜਾਣੂ ਸਾਂ, ਪਰ ਲੇਖ ਵਿਚ ਉਸ ਬਿਜਲੀ ਦਾ ਨਕਸ਼ਾ ਹੈ, ਜੋ ਮਨਮੋਹਨ ਦੇ ਬਚਪਨ ਵਿਚ ਉਨ੍ਹਾਂ ਦੇ ਘਰ ਡਿੱਗੀ ਸੀ। ਧਮਾਕੇ ਪਿਛੋਂ ਪਿੰਡ ਵਾਲੇ ਉਨ੍ਹਾਂ ਦੇ ਘਰ ਪਹੁੰਚੇ ਤਾਂ ਕੀ ਵੇਖਦੇ ਹਨ ਕਿ ਉਹਦੀ ਮਾਂ (ਮੇਰੀ ਮਾਸੀ) ਦਰਵਾਜੇ ਵਿਚ ਬੇਹੋਸ਼ ਪਈ ਸੀ। ਤੱਕ ਕੇ ਲੋਕਾਂ ਸਮਝਿਆ ਚਿੜੀ ਮਰੀ ਹੈ। ਉਸ ਦੇ ਨੇੜੇ ਇੱਕ ਚਿੜੀ ਮਰੀ ਪਈ, ਫੇਰ ਸੋਚਣ ਲੱਗੇ ਕਿ ਇਸ ਦਾ ਧਮਾਕਾ ਏਨਾ ਵੱਡਾ ਨਹੀਂ ਸੀ ਹੋ ਸਕਦਾ। ਮਾਂ ਨੂੰ ਹੋਸ਼ ਵਿਚ ਲਿਆਂਦਾ ਤਾਂ ਅੰਦਰ ਜਾ ਕੇ ਵੇਖਿਆ ਕਿ ਜੋ ਦੁਨਾਲੀ ਬੰਦੂਕ ਦਲਾਨ ਦੇ ਕਿੱਲੇ ਉਤੇ ਟੰਗੀ ਹੋਈ ਸੀ, ਭੁੰਜੇ ਡਿੱਗੀ ਪਈ ਹੈ ਤੇ ਬੰਦੂਕ ਦਾ ਬੱਟ ਦੁਫਾੜ ਹੈ। ਕਹਿਣ ਲੱਗੇ, ''ਰੱਖੇ ਰੱਬ ਤਾਂ ਮਾਰੇ ਕੌਣ।'' ਪਰ ਜੋ ਔਰਤ ਸਵੇਰੇ ਸਵੇਰੇ ਮਾਸੀ ਦੇ ਘਰੋਂ ਆਟਾ ਲੈ ਕੇ ਗਈ ਸੀ, ਪੁਆਧੀ ਭਾਸ਼ਾ ਵਿਚ ਬੋਲੀ, ''ਯੋਹ ਤੋ ਸਦਾ ਗਰੀਬਾਂ ਕੀ ਮਦਦ ਕਰਾ, ਇਸਕੋ ਕੋਈ ਨਾ ਮਾਰਾ; ਉਪਰ ਵਾਲਾ ਵੀ ਨਾ।''

'ਅਨੂਠਾ ਮੰਗਤਾ-ਕੇਵਲ ਧਾਲੀਵਾਲ' ਨਾਂ ਦੇ ਲੇਖ ਵਿਚ ਕੇਵਲ ਦੀਆਂ ਉਨ੍ਹਾਂ ਨਾਟਕੀ ਗਤੀਵਿਧੀਆਂ ਦਾ ਚਿੱਤਰ ਹੈ, ਜੋ ਉਹ ਆਪਣੇ ਸਥਾਪਤ ਕੀਤੇ ਵਿਰਸਾ ਵਿਹਾਰ ਕੇਂਦਰ ਦੇ ਵਿਕਾਸ ਲਈ ਵਰਤਦਾ ਹੈ। 'ਗੁਆਚੇ ਸ਼ਬਦ', 'ਇੰਜ ਮੋੜੇ ਤਾਂਤ੍ਰਿਕ ਨੇ ਪੈਸੇ', 'ਆਪਣਿਆਂ ਤੋਂ ਬਚੋ', 'ਰੱਬਾ ਮੇਰੀਆਂ ਜੇਬਾਂ ਭਰਦਾ ਰਵੀਂ', 'ਘੁੱਗੀ ਤੇ ਕਬੂਤਰ ਹੁਣ ਅਮਨ ਦੇ ਪ੍ਰਤੀਕ ਨਹੀਂ' ਆਦਿ ਲੇਖਾਂ/ਮਿਡਲਾਂ ਦੇ ਸਿਰਲੇਖ ਹੀ ਦੱਸਦੇ ਹਨ ਕਿ ਇਨ੍ਹਾਂ ਵਿਚ ਰਸਮ ਰਿਵਾਜਾਂ ਤੇ ਮਾਨਵੀ ਬਿਰਤੀਆਂ ਉਤੇ ਮਿੱਠੀਆਂ ਟਕੋਰਾਂ ਹਨ।

ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਦੇਸ਼ ਵੰਡ ਤੋਂ ਬਹੁਤ ਪਿੱਛੋਂ ਪੈਦਾ ਹੋਇਆ ਮਨਮੋਹਨ ਢਿੱਲੋਂ ਆਪਣੀ ਪਾਕਿਸਤਾਨ ਫੇਰੀ ਸਮੇਂ ਅਜਿਹੀਆਂ ਦਿਲਚਸਪ ਘਟਨਾਵਾਂ ਨੋਟ ਕਰਕੇ ਲਿਆਉਂਦਾ ਹੈ, ਜੋ ਏਧਰੋਂ ਓਧਰ ਜਾ ਕੇ ਵਸੇ ਮੁਸਲਮਾਨ ਭਰਾਵਾਂ ਦੇ ਮਨ ਵਿਚ ਭਰੇ ਏਧਰਲੀ ਮਿੱਟੀ ਦੇ ਮੋਹ ਦੀ ਬਾਤ ਪਾਉਂਦੀਆਂ ਹਨ 'ਸਾਡਾ ਕੀ ਹੈ ਦੋਸ਼ ਵੇ ਲੋਕੋ', 'ਬਿੰਦੀ ਦੇ ਜਾਓ ਨਿਸ਼ਾਨੀ', 'ਮਿੱਟੀ ਦਾ ਮੋਹ', 'ਸੰਤਾਪ ਅਜੇ ਮੁੱਕਿਆ ਨਹੀਂ' ਅਤੇ 'ਆਪਣਾ ਅੰਮ੍ਰਿਤਸਰ' ਆਦਿ ਲੇਖਾਂ ਵਿਚ। ਭੱਠਿਆਂ ਵਿਚ ਤੇਜੋ ਦੇ ਪਤੀ ਸਮੇਤ ਕਈ ਬੰਦਿਆਂ ਦੀ ਨੌਕਰੀ ਲੱਗ ਗਈ ਸੀ। ਜਦੋਂ ਉਹ ਤਨਖਾਹ ਦੇ ਪੈਸੇ ਦੇਣ ਆਪਣੇ ਪਿੰਡ ਨਹੀਂ ਸਨ ਆ ਸਕਦੇ ਤਾਂ ਤੇਜੋ ਤੇ ਹੋਰ ਔਰਤਾਂ ਘੱਗਰੇ ਪਾ ਕੇ ਲਾਹੌਰ ਦੇ ਕਾਰਖਾਨੇ ਤੋਂ ਪੈਸੇ ਲੈ ਕੇ ਆਉਂਦੀਆਂ ਸਨ।

ਤੇਜੋ ਨੇ ਦੱਸਿਆ ਕਿ ਦੇਸ਼ ਵੰਡ ਦੇ ਐਲਾਨ ਪਿੱਛੋਂ ਜਿਸ ਦਿਨ ਲਾਹੌਰ ਦੇ ਮੁਸਲਮਾਨ ਉਥੋਂ ਦੇ ਹਿੰਦੂਆਂ-ਸਿੱਖਾਂ ਨੂੰ ਕਤਲ ਕਰਨ ਲੱਗੇ, ਉਹ ਲਾਹੌਰ ਫਸ ਗਈਆਂ ਸਨ ਤੇ ਮੁਹੰਮਦ ਸ਼ਰੀਫ ਦੇ ਬੰਦੇ ਉਨ੍ਹਾਂ ਨੂੰ ਜੰਡਿਆਲਾ ਗੁਰੂ ਦੀ ਗੱਡੀ ਚੜ੍ਹਾ ਕੇ ਗਏ ਸਨ। ਸ਼ਰੀਫ ਖਾਨਦਾਨ ਦਾ ਸ਼ੁਕਰਾਨਾ ਅੰਤ ਨਹੀਂ ਸੀ।

ਮੈਂ ਅੰਤ ਵਿਚ 'ਰੱਬ ਤੈਨੂੰ ਪਟਵਾਰੀ ਬਣਾਵੇ' ਅਸੀਸ ਵਾਲੇ ਲੇਖ ਦੀ ਗੱਲ ਕਰਨਾ ਚਾਹਾਂਗਾ। ਉਨ੍ਹਾਂ ਸਮਿਆਂ ਵਿਚ ਪਿੰਡਾਂ ਦੇ ਜੱਟਾਂ ਲਈ ਪਟਵਾਰੀ ਹੀ ਰੱਬ ਸੀ, ਜੋ ਉਨ੍ਹਾਂ ਦੇ ਹੱਦ ਬੰਨਿਆਂ ਦੀ ਪੈਰਵੀ ਕਰਦਾ ਸੀ। ਇਥੇ ਇਹ ਦੱਸਣਾ ਵੀ ਕੁਥਾਂ ਨਹੀਂ ਕਿ ਮੇਰਾ ਬਾਪ ਖੇਤੀ ਨਹੀਂ ਸੀ ਕਰਦਾ, ਉਹ ਵਾਹੁੰਦਾ ਸੀ। ਇਸ ਡਰ ਤੋਂ ਕਿ ਉਸ ਦੇ ਹੱਦ ਬੰਨਿਆਂ ਨਾਲ ਕੋਈ ਛੇੜਖਾਨੀ ਨਾ ਹੋਵੇ, ਉਸ ਨੇ ਆਪਣੀ ਹਵੇਲੀ ਵਾਲੀ ਬੈਠਕ ਪਟਵਾਰੀ ਨੂੰ ਦੇ ਰੱਖੀ ਸੀ। ਫਿਰ ਜਦੋਂ ਉਸ ਪਟਵਾਰੀ ਦਾ ਪੁੱਤਰ



*ਮਨਮੋਹਨ ਸਿੰਘ ਢਿੱਲੋਂ ਦੀ ਪੁਸਤਕ 'ਜ਼ਿੰਦਗੀ ਦੇ ਆਰ-ਪਾਰ' ਲੋਕ ਅਰਪਣ ਕੀਤੇ ਜਾਣ ਦਾ ਦ੍ਰਿਸ਼।*

ਓਧਰ ਜਾ ਕੇ ਵਸੇ ਲੋਕ ਅੱਜ ਵੀ ਏਧਰਲੇ ਪੰਜਾਬ ਨੂੰ ਆਪਣਾ ਕਹਿੰਦੇ ਹਨ। ਅੰਮ੍ਰਿਤਸਰ ਤੋਂ ਗਿਆ ਸ਼ਹਿਬਾਜ਼ ਆਪਣੇ ਜੱਦੀ ਪੁਸ਼ਤੀ ਸ਼ਹਿਰ ਨੂੰ 'ਆਪਣਾ ਅੰਮ੍ਰਿਤਸਰ' ਕਹਿੰਦਾ ਹੈ। ਇਹ ਪੁੱਛੇ ਜਾਣ 'ਤੇ ਕਿ ਉਹ ਆਪਣਾ ਦੀ ਥਾਂ, ਮੇਰਾ ਕਿਉਂ ਨਹੀਂ ਕਹਿੰਦਾ ਤਾਂ ਉਸ ਦਾ ਉਤਰ ਸੀ, ''ਅੰਮ੍ਰਿਤਸਰ ਇਕੱਲੇ ਉਸ ਦਾ ਨਹੀਂ, ਸਾਰੇ ਪਰਿਵਾਰ ਦਾ ਹੈ ਤੇ ਉਨ੍ਹਾਂ ਸਭਨਾ ਦਾ, ਜੋ ਉਥੋਂ ਉਜੜ ਕੇ ਆਏ ਹਨ।''

ਅਜਿਹੇ ਲੋਕਾਂ ਵਿਚ ਪਾਕਿਸਤਾਨ ਦਾ ਤਿੰਨ ਵਾਰ ਪ੍ਰਧਾਨ ਮੰਤਰੀ ਰਹਿ ਚੁਕਾ ਨਵਾਜ਼ ਸ਼ਰੀਫ ਵੀ ਹੈ, ਜਿਸ ਦੇ ਪੁਰਖੇ ਜੰਡਿਆਲਾ ਗੁਰੂ ਤੋਂ ਦਸ ਕਿਲੋਮੀਟਰ ਦੂਰ ਪਿੰਡ ਜਾਤੀ ਉਮਰਾ ਤੋਂ ਸਨ। ਲੇਖਕ ਉਸ ਪਿੰਡ ਦੀ ਇੱਕ ਬਿਰਧ ਔਰਤ ਭੇਜੋ ਨੂੰ ਮਿਲਿਆ ਤਾਂ ਉਸ ਨੇ ਦੱਸਿਆ ਕਿ ਨਵਾਜ਼ ਦੇ ਪਿਤਾ ਮੀਆਂ ਮੁਹੰਮਦ ਸ਼ਰੀਫ ਨੇ ਲਾਹੌਰ ਜਾ ਕੇ ਲੋਹੇ ਦਾ ਕਾਰਖਾਨਾ ਲਾਇਆ ਸੀ, ਜਿਸ ਦੇ ਕਰਨ ਵਾਲੇ ਇਸ ਪਿੰਡ ਦਾ ਕਰਨੈਲ ਸਿੰਘ ਵੀ ਸੀ, ਜਿਸ ਨੇ ਦੱਸਿਆ ਕਿ ਪਹਿਲੀ ਵਾਰ ਪ੍ਰਧਾਨ ਮੰਤਰੀ ਬਣਨ ਸਮੇਂ ਪਿੰਡ ਦੀ ਮੰਗ 'ਤੇ ਨਵਾਜ਼ ਸ਼ਰੀਫ ਨੇ ਪਿੰਡ ਵਿਚ ਗੁਰਦੁਆਰਾ ਸਾਹਿਬ ਦੇ ਨਿਰਮਾਣ ਲਈ ਚੋਖੀ ਰਕਮ ਭੇਜੀ ਸੀ। ਲੇਖਕ ਨੇ ਉਸ ਪਿੰਡ ਦੀ ਬਿਰਧ ਔਰਤ ਮਹਿੰਦਰ ਕੌਰ ਤੇ ਇਕ ਬਜੁਰਗ ਸੁਖਦੇਵ ਸਿੰਘ ਨੂੰ ਮਿਲ ਕੇ ਉਨ੍ਹਾਂ ਦੇ ਬਿਆਨ ਵੀ ਕਲਮਬੰਦ ਕੀਤੇ ਹਨ। ਇੰਜ ਮਨਮੋਹਨ ਸਿੰਘ ਦੀ ਇਹ ਰਚਨਾ ਇਕ ਤਰ੍ਹਾਂ ਨਾਲ ਸੰਤਾਲੀ ਦੀ ਵੰਡ ਦਾ ਦਸਤਾਵੇਜ਼ ਵੀ ਹੈ।

ਉਸ ਦੀ ਪਾਕਿਸਤਾਨ ਫੇਰੀ ਸਮੇਂ ਨਨਕਾਣਾ ਸਾਹਿਬ, ਲਾਹੌਰ ਤੇ ਹੋਰ ਥਾਂਵਾਂ ਉਤੇ ਉਸ ਨੂੰ ਅਜਿਹੇ ਲੋਕ ਵੀ ਮਿਲੇ, ਜੋ ਹੋਕੇ ਦੇ ਦੇ ਕੇ ਪੁੱਛ ਰਹੇ ਸਨ ਕਿ ਏਧਰੋਂ ਜਾਣ ਵਾਲਿਆਂ ਵਿਚ ਕੋਈ ਅਜਿਹਾ ਵੀ ਹੈ, ਜੋ ਏਧਰੋਂ ਉਨ੍ਹਾਂ ਦੇ ਜੱਦੀ ਇਲਾਕੇ ਤੋਂ ਗਿਆ ਹੋਵੇ। ਬਿੰਦੀ ਦੀ ਮੰਗ ਪਾਉਣ ਵਾਲੀਆਂ ਔਰਤਾਂ ਅਤੇ ਕੜੇ ਮੰਗਣ ਵਾਲੇ ਮਰਦਾਂ ਦਾ ਵੀ ਕਾਨੂੰਨਗੋ ਦੀ ਪਦਵੀ 'ਤੇ ਪਹੁੰਚਿਆ ਤਾਂ ਮੇਰੇ ਬਾਪੂ ਨੂੰ ਇਹ ਵੀ ਲਾਲਚ ਹੋ ਗਿਆ ਸੀ ਕਿ ਉਹ ਮੈਨੂੰ ਪਟਵਾਰੀ ਲਵਾ ਸਕਦਾ ਹੈ। ਦੂਜੀ ਵਿਸ਼ਵ ਜੰਗ ਦੇ ਦਿਨਾਂ ਵਿਚ ਪਿੰਡ ਵਾਸੀਆਂ ਦੀਆਂ ਇਹੀਓ ਲੋੜਾਂ ਸਨ।

ਪੁਸਤਕ ਵਿਚ ਕੇਵਲ ਧਾਲੀਵਾਲ ਤੋਂ ਬਿਨਾ ਮੇਰਾ ਦਾਗਿਸਤਾਨ ਦੇ ਅਨੁਵਾਦਕ ਡਾ. ਫਰੈਂਕ, ਪੱਛਮੀ ਬੰਗਾਲ ਦੀ ਕੋਲਾ ਖਾਣ ਵਿਚੋਂ ਕੀਮਤੀ ਜਾਨਾਂ ਬਚਾਉਣ ਵਾਲੇ ਮਾਈਨਿੰਗ ਇੰਜੀਨੀਅਰ ਗਿੱਲ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪ੍ਰਥਮ ਵਾਈਸ ਚਾਂਸਲਰ ਬਿਸ਼ਨ ਸਿੰਘ ਸਮੁੰਦਰੀ ਦੀ ਦਰਿਆ ਦਿਲੀ ਦੇ ਕਿੱਸੇ ਹੀ ਨਹੀਂ, ਹੋਰ ਵੀ ਬੜਾ ਕੁਝ ਪੜ੍ਹਨ ਤੇ ਮਾਣਨ ਵਾਲਾ ਹੈ। ਖੂਬੀ ਇਹ ਕਿ ਮਨਮੋਹਨ ਸਿੰਘ ਦੀ ਲਿਖਣ ਸ਼ੈਲੀ ਪੱਤਰਕਾਰਾਂ ਵਾਲੀ ਹੀ ਨਹੀਂ, ਇਸ ਵਿਚ ਸਾਹਿਤਕ ਰਸ ਵੀ ਹੈ। ਐਵੇਂ ਤਾਂ ਨਹੀਂ ਇਸ ਪੁਸਤਕ ਦੇ ਮੁਖ ਬੰਦ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਬਕਾ ਉਪ ਕੁਲਪਤੀ ਡਾ. ਐਸ. ਪੀ. ਸਿੰਘ ਨੇ ਇਸ ਰਚਨਾ ਨੂੰ ਸੁਰਿਦਰ ਪਾਤਰ ਦੀ ਸੰਵੇਦਨਸ਼ੀਲ ਲੇਖਣੀ ਕਿਹਾ। ਹੁਣ ਉਹ ਮੇਰੇ ਲਈ ਜੋਗੜਾ ਨਹੀਂ, ਸਿੱਧ ਹੈ।

ਜਾਂਦੇ ਜਾਂਦੇ ਮੈਂ ਮਨਮੋਹਨ ਦੇ ਤਾਏ ਤੇ ਆਪਣੇ ਮਾਸੜ ਨਿਹਾਲ ਸਿੰਘ ਦੀ ਵੀ ਇੱਕ ਗੱਲ ਦੱਸ ਦਿਆਂ, ਜੋ ਸੁੰਦਰਾਂ ਖੇੜੀ ਦਾ ਲੰਬੜਦਾਰ ਸੀ। ਇਹ ਪਿੰਡ ਡੇਰਾ ਬਸੀ ਤਹਿਸੀਲ ਵਿਚ ਪੈਂਦਾ ਹੈ। ਇੱਕ ਵਾਰੀ ਮਾਸੜ ਨੇ ਮੇਰੇ ਵਿਆਹ ਲਈ ਇੱਕ ਕੁੜੀ ਦੀ ਦੱਸ ਪਾਈ ਤੇ ਮੈਨੂੰ ਭਰਮਾਉਣ ਲਈ ਇਹ ਵੀ ਕਿਹਾ ਕਿ ਉਸ ਦੇ ਮਾਪੇ ਦਾਜ ਵਿਚ ਮੈਨੂੰ ਸਾਈਕਲ ਦੇਣਗੇ। ਉਨ੍ਹਾਂ ਸਮਿਆਂ ਵਿਚ ਜੇ ਕੋਈ ਸਾਈਕਲ ਖਰੀਦਦਾ ਸੀ ਤਾਂ ਪਿੰਡ ਵਾਲੇ ਨਵੇਂ ਸਾਈਕਲ ਨੂੰ ਦੇਖਣ ਆਉਂਦੇ ਸਨ। ਮੈਂ ਕਿਹਾ, ''ਮਾਸੜ ਜੀ! ਦਾਜ ਦੀ ਛੱਡੋ, ਕੁਝ ਕੁੜੀ ਬਾਰੇ ਵੀ ਦੱਸੋ।''

ਮਾਸੜ ਦਾ ਉਤਰ ਸੀ, ''ਛੋਕਰੀ? ਛੋਕਰੀ ਕੀ ਕਿਆ ਬਾਤਾਂ ਕਰਾ ਬਾਈ; ਛੋਕਰੀ ਤੋ ਕਾਗਤਾਂ ਮਾਂ ਲਪੇਟੀ ਪੜੀ।'' ਨਿਸਚੇ ਹੀ ਮਨਮੋਹਨ ਸਿੰਘ ਢਿੱਲੋਂ ਨੂੰ ਸ਼ੈਲੀ ਦੀ ਗੁੜ੍ਹਤੀ ਆਪਣੇ ਤਾਏ ਤੋਂ ਮਿਲੀ ਹੋਵੇਗੀ ਯਾਨਿ ਮੇਰੇ ਮਾਸੜ ਨਿਹਾਲ ਸਿੰਘ ਨੰਬਰਦਾਰ ਤੋਂ।

**ਅੰਤਿਕਾ:** 'ਅਣੂ' ਦੇ ਦਸੰਬਰ ਵਿਚ ਕੁਲਦੀਪ ਸਿੰਘ ਚੱਠਾ

ਇਹ ਕੀ ਪਰਜਾਤੰਤਰ ਹੈ?
ਹੱਕ ਮੰਗੋ ਸਬਰ ਹੈ।
ਬੋਲਣ-ਲਿਖਣ 'ਤੇ ਪਾਬੰਦੀ
ਭਾਵੇਂ ਦੇਸ਼ ਸੁਤੰਤਰ ਹੈ।
ਹਰ ਬਾਬੇ ਦੇ ਡੇਰੇ ਵਿਚ
ਭਗਤੀ ਨਹੀਂ, ਅਡੰਬਰ ਹੈ।
ਅੱਜ ਵੀ ਦਾਸੀ ਹੈ ਔਰਤ
ਅੱਜ ਵੀ ਮਰਦ ਪੈਗੰਬਰ ਹੈ।

# ਰਾਮ ਮੰਦਿਰ ਟਰਸਟ ਨੂੰ ਲੈ ਕੇ ਵੱਖ ਵੱਖ ਧੜੇ ਆਹਮੋ ਸਾਹਮਣੇ

ਜਦੋਂ 9 ਨਵੰਬਰ ਨੂੰ ਸੁਪਰੀਮ ਕੋਰਟ ਦੀ ਪੰਜ ਜੱਜਾਂ 'ਤੇ ਆਧਾਰਤ ਬੈਂਚ ਨੇ ਸਰਬ ਸੰਮਤੀ ਨਾਲ ਦੇਸ਼ ਦੇ ਸਭ ਤੋਂ ਲੰਮੇ ਜਮੀਨੀ ਝਗੜੇ ਦਾ ਫੈਸਲਾ ਸੁਣਾਇਆ ਤਾਂ ਲੋਕਾਂ ਦੀ ਆਸ ਤੋਂ ਉਲਟ ਪੂਰੇ ਦੇਸ਼ ਵਿਚ ਅਮਨ ਅਮਾਨ ਰਿਹਾ। ਫੈਸਲੇ 'ਚ 2.77 ਏਕੜ ਜਮੀਨ ਦੀ ਮਾਲਕੀ ਰਾਮ ਲੱਲਾ ਬਿਰਾਜਮਾਨ ਨੂੰ ਦੇ ਦਿੱਤੀ ਗਈ। ਬੈਂਚ ਨੇ ਇਸ ਜਮੀਨ 'ਤੇ ਰਾਮ ਮੰਦਿਰ ਬਣਾਉਣ ਲਈ ਇੱਕ ਸਰਕਾਰੀ 'ਬੋਰਡ ਆਫ ਟਰਸਟ' ਦੇ ਗਠਨ ਦਾ

ਹਰਜਿੰਦਰ ਸਿੰਘ ਗੁਲਪੁਰ
ਮੈਲਬੌਰਨ (ਆਸਟਰੇਲੀਆ)
ਫੋਨ: 0061411218801

ਫੈਸਲਾ ਕਰਦਿਆਂ ਕਿਹਾ ਕਿ 5 ਏਕੜ ਜਮੀਨ ਦੂਜੀ ਧਿਰ ਨੂੰ ਮਸਜਿਦ ਬਣਾਉਣ ਲਈ ਦਿੱਤੀ ਜਾਵੇਗੀ।

ਦੋ ਫਿਰਕਿਆਂ ਵਿਚ ਵੰਡ ਪਾਉਣ ਵਾਲੇ ਇਸ ਝਗੜੇ ਦੌਰਾਨ ਜਿੱਥੇ ਕਈ ਰਾਜਸੀ ਪਾਰਟੀਆਂ ਨੂੰ ਸਿਆਸੀ ਲਾਭ ਹੋਇਆ, ਉਥੇ ਹਜਾਰਾਂ ਪਰਿਵਾਰਾਂ ਨੂੰ ਜਾਨੀ ਤੇ ਮਾਲੀ ਨੁਕਸਾਨ ਝੱਲਣਾ ਪਿਆ। ਝਗੜੇ ਵਿਚ ਸ਼ਾਮਲ ਦੋਹਾਂ ਧਿਰਾਂ ਨੇ ਯਕੀਨ ਦਿਵਾਇਆ ਸੀ ਕਿ ਉਨ੍ਹਾਂ ਨੂੰ ਕੋਰਟ ਦਾ ਫੈਸਲਾ ਮਨਜੂਰ ਹੋਵੇਗਾ। ਫੈਸਲੇ ਪਿੱਛੋਂ ਹੋਇਆ ਵੀ ਇਸੇ ਤਰ੍ਹਾਂ। ਸਭ ਪਾਸੇ ਅਮਨ ਅਮਾਨ ਰਿਹਾ। ਇਸ ਵਿਚ ਜਿੱਥੇ ਸਰਕਾਰ ਵਲੋਂ ਕੀਤੇ ਸੁਰੱਖਿਆ ਪ੍ਰਬੰਧਾਂ ਦਾ ਯੋਗਦਾਨ ਸੀ, ਉਥੇ ਦੋਹਾਂ ਫਿਰਕਿਆਂ ਵਲੋਂ ਵਰਤਿਆ ਗਿਆ ਸੰਜਮ ਵੀ ਸ਼ਾਮਲ ਸੀ। ਇਸ ਤਰ੍ਹਾਂ ਲੱਗਾ ਕਿ ਦੇਸ਼ ਵਾਸੀ ਇਸ ਵਿਵਾਦ ਤੋਂ ਅੱਕ ਤੇ ਥੱਕ ਚੁਕੇ ਹਨ। ਦੇਸ਼ ਵਿਆਪੀ ਮਾਹੌਲ ਦੇਖ ਕੇ ਸਾਫ ਹੁੰਦਾ ਹੈ ਕਿ ਫਿਰਕੂ ਸ਼ਕਤੀਆਂ ਲਈ ਇਸ ਮੁੱਦੇ ਨੂੰ ਗਰਮਾਉਣ ਲਈ ਬਹੁਤੀ ਥਾਂ ਨਹੀਂ ਬਚੀ।

ਦੇਸ਼ 1991-92 ਅਤੇ 2002 ਦੌਰਾਨ ਹੋਏ ਭਿਆਨਕ ਦੰਗਿਆਂ ਤੋਂ ਬਹੁਤ ਅੱਗੇ ਨਿਕਲ ਆਇਆ ਹੈ। ਕੁਝ ਦਿਨਾਂ ਬਾਅਦ ਫੇਰ ਇਸ ਮੁੱਦੇ 'ਤੇ ਤਰ੍ਹਾਂ ਤਰ੍ਹਾਂ ਦੀ ਬਿਆਨਬਾਜੀ ਹੋਣ ਲੱਗ ਪਈ। ਮੁਸਲਿਮ ਲਾਅ ਬੋਰਡ ਨੇ ਸੁਪਰੀਮ ਕੋਰਟ ਦੇ ਫੈਸਲੇ 'ਤੇ ਨਜ਼ਰਸਾਨੀ ਅਪੀਲ ਕਰਨ ਦਾ ਐਲਾਨ ਕਰਦਿਆਂ 5 ਏਕੜ ਜਮੀਨ ਲੈਣ ਤੋਂ ਨਾਂਹ ਕਰ ਦਿੱਤੀ। ਹੁਣੇ ਹੁਣੇ ਸੁੰਨੀ ਕੇਂਦਰੀ ਵਕਫ ਬੋਰਡ ਨੇ ਆਪਣੇ ਪ੍ਰਧਾਨ ਜਫਰ ਫਾਰੂਕੀ ਦੀ ਅਗਵਾਈ ਹੇਠ ਫੈਸਲਾ ਲਿਆ ਹੈ ਕਿ ਉਹ ਕੋਰਟ ਦੇ ਫੈਸਲੇ ਖਿਲਾਫ ਨਜ਼ਰਸਾਨੀ ਅਪੀਲ ਨਹੀਂ ਕਰਨਗੇ। ਹਾਲਾਂਕਿ 5 ਏਕੜ ਜਮੀਨ ਲੈਣ ਜਾਂ ਨਾ ਲੈਣ ਬਾਰੇ ਕੋਈ ਫੈਸਲਾ ਨਹੀਂ ਲਿਆ ਗਿਆ। ਇਸ ਨਾਲ ਦੋਹਾਂ ਧਿਰਾਂ ਵਿਚ ਭਾਈਚਾਰਕ ਸਾਂਝ ਦੇ ਰਸਤੇ ਹੋਰ ਮੋਕਲੇ ਹੋ ਸਕਦੇ ਹਨ। ਦੂਜੇ ਪਾਸੇ ਰਾਮ ਮੰਦਿਰ ਬਣਾਉਣ ਲਈ ਗਠਿਤ ਕੀਤੇ ਜਾਣ ਵਾਲੇ 'ਬੋਰਡ ਆਫ ਟਰਸਟ' ਵਿਚ ਸ਼ਾਮਲ ਹੋਣ ਦੀ ਦੌੜ ਨੂੰ ਲੈ ਕੇ ਅਣ ਸੁਖਾਵੀਆਂ ਖਬਰਾਂ ਆਉਣ ਲੱਗੀਆਂ ਹਨ।

ਆਸ ਕੀਤੀ ਜਾਂਦੀ ਹੈ ਕਿ ਇਸ ਅੰਦਰੂਨੀ ਵਿਵਾਦ ਨੂੰ ਵੀ ਸੁਲਝਾ ਲਿਆ ਜਾਵੇਗਾ। ਜਮੀਨੀ ਵਿਵਾਦ ਬਾਰੇ ਫੈਸਲਾ ਸੁਣਾਉਣ ਸਮੇਂ ਸੁਪਰੀਮ ਕੋਰਟ ਨੇ ਮੰਦਿਰ ਬਣਾਉਣ ਲਈ ਇੱਕ ਟਰਸਟ ਬਣਾਉਣ ਦਾ ਐਲਾਨ ਕੀਤਾ ਸੀ। ਇਸ ਐਲਾਨ ਨੂੰ ਅਜੇ ਹਫਤਾ ਵੀ ਨਹੀਂ ਹੋਇਆ ਸੀ ਕਿ ਬੋਰਡ ਆਫ ਟਰਸਟ ਵਿਚ ਸ਼ਾਮਲ ਹੋਣ ਨੂੰ ਲੈ ਕੇ ਸੁਰਖੀਆਂ ਛਪਣ ਲੱਗ ਪਈਆਂ। ਅਯੁੱਧਿਆ ਦੇ ਸਾਧੂ ਸੰਤ ਹੀ ਨਹੀਂ, ਸੰਘ ਪਰਿਵਾਰ ਨਾਲ ਸਬੰਧਤ ਵੱਖ ਵੱਖ ਸੰਸਥਾਵਾਂ ਵੀ ਰਾਮ ਮੰਦਿਰ ਬਣਾਉਣ ਵਾਲੇ ਸਰਕਾਰੀ 'ਬੋਰਡ ਆਫ ਟਰਸਟ' ਵਿਚ ਆਪੋ ਆਪਣਾ ਪ੍ਰਭਾਵ ਬਣਾਈ ਰੱਖਣ ਦੀ ਦੌੜ ਵਿਚ ਸ਼ਾਮਲ ਹੋ ਗਈਆਂ ਹਨ। ਇਨ੍ਹਾਂ ਵਿਚ ਮੁਖ ਤੌਰ 'ਤੇ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਰਾਮ ਜਨਮ ਭੂਮੀ ਨਿਆਸ ਸ਼ਾਮਲ ਹਨ। ਇਸ ਤੋਂ ਇਲਾਵਾ 'ਬੋਰਡ ਆਫ ਟਰਸਟ' ਵਿਚ ਸ਼ਾਮਲ ਹੋਣ ਲਈ ਸਾਧੂ ਸੰਤਾਂ ਦੇ ਕਈ ਗਰੁਪ ਬਣ ਗਏ ਹਨ। ਸਾਧੂ ਸੰਤਾਂ ਦੇ ਇੱਕ ਗਰੁਪ ਦਾ ਕਹਿਣਾ ਹੈ ਕਿ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੂੰ 'ਬੋਰਡ ਆਫ ਟਰਸਟ' ਦਾ ਚੇਅਰਮੈਨ ਬਣਾਇਆ ਜਾਵੇਗਾ। ਉਹ ਬਤੌਰ ਮੁੱਖ ਮੰਤਰੀ ਨਹੀਂ, ਬਤੌਰ ਮਹੰਤ ਗਊ ਰਖਸ਼ਾ ਪੀਠ ਚੇਅਰਮੈਨ ਬਣਨਗੇ। ਯੋਗੀ ਅਦਿੱਤਿਆ ਨਾਥ ਦਾ ਪੱਖ ਪੂਰਨ ਵਾਲੇ ਰਾਮ ਮੰਦਿਰ ਦੇ ਸੰਘਰਸ਼ ਵਿਚ ਗਊ ਰਖਸ਼ਾ ਪੀਠ ਦੇ ਮਹੱਤਵ ਦਾ ਜ਼ਿਕਰ ਕਰਦੇ ਹਨ।

ਜ਼ਿਕਰਯੋਗ ਹੈ ਕਿ ਗੋਰਖਪੁਰ ਦੀ ਗਊ ਰਖਸ਼ਾ ਪੀਠ ਰਾਮ ਮੰਦਿਰ ਬਣਾਉਣ ਦੇ ਸੰਘਰਸ਼ ਵਿਚ ਸੰਨ 1949 ਤੋਂ ਕ੍ਰਿਆਸ਼ੀਲ ਹੈ। ਇਸ ਪੀਠ ਦੇ ਮਹੰਤ ਦਿੰਗ ਵਿਜੈ ਨਾਥ ਅਤੇ ਮਹੰਤ ਅਵੈਦਿਆ ਨਾਥ ਵੀ ਰਾਮ ਮੰਦਿਰ ਦੇ ਨਿਰਮਾਣ ਲਈ ਸੰਘਰਸ਼ਸ਼ੀਲ ਰਹੇ ਹਨ। ਅਯੁੱਧਿਆ ਵਿਚ ਰਾਮ ਮੰਦਿਰ ਬਣਾਉਣ ਲਈ ਅੰਦੋਲਨ ਸ਼ੁਰੂ ਕਰਨ ਤੋਂ ਪਹਿਲਾਂ ਹੀ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਰਾਮ ਜਨਮ ਭੂਮੀ ਨਿਆਸ ਦੀ ਸਥਾਪਨਾ ਕੀਤੀ ਸੀ। ਰਾਮ ਮੰਦਿਰ ਨਿਰਮਾਣ ਦੀ ਜਿੰਮੇਵਾਰੀ ਰਾਮ ਜਨਮ ਭੂਮੀ ਨਿਆਸ ਦੀ ਸੀ। ਇਸ ਲਈ ਰਾਮ ਜਨਮ ਭੂਮੀ ਨਿਆਸ ਚਾਹੁੰਦਾ ਹੈ ਕਿ ਟਰਸਟ ਵਿਚ ਉਸ ਦੀ ਹਿੱਸੇਦਾਰੀ ਸਭ ਤੋਂ ਵੱਧ ਹੋਵੇ।

ਰਾਮ ਜਨਮ ਭੂਮੀ ਨਿਆਸ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਰਾਸ਼ਟਰ ਸਵੈਮਸੇਵਕ ਸੰਘ (ਆਰ. ਐਸ. ਐਸ.) ਦੇ ਨਜ਼ਦੀਕ ਸੰਗਠਨ ਹਨ। ਸੰਘ ਦੇ ਕੇਂਦਰ ਸਰਕਾਰ ਉਤੇ ਪ੍ਰਭਾਵ ਨੂੰ ਦੇਖ ਕੇ ਲਗਦਾ ਹੈ ਕਿ ਰਾਮ ਮੰਦਿਰ ਦੇ ਨਿਰਮਾਣ ਲਈ ਬਣਾਏ ਜਾਣ ਵਾਲੇ ਬੋਰਡ ਆਫ ਟਰਸਟ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਰਾਮ ਜਨਮ ਭੂਮੀ ਨਿਆਸ ਦੀ ਹਿੱਸੇਦਾਰੀ ਸਭ ਤੋਂ ਵੱਧ ਹੋਵੇਗੀ। ਇਸ ਖਿੱਚੋਤਾਣ ਨੂੰ ਲੈ ਕੇ ਸਾਧੂ ਸੰਤਾਂ ਦੇ ਗੁੱਟਾਂ ਵਿਚ ਹਲਕੀਆਂ ਫੁਲਕੀਆਂ ਹਿੰਸਕ ਝੜਪਾਂ ਵੀ ਹੋ ਚੁਕੀਆਂ ਹਨ।

ਅਯੁੱਧਿਆ ਵਿਚ ਸਾਧੂ ਸੰਤਾਂ ਦੀ ਇੱਕ ਅਜਿਹੀ ਲਾਬੀ ਵੀ ਹੈ, ਜੋ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਰਾਮ ਜਨਮ ਭੂਮੀ ਨਿਆਸ ਦੀ ਵਿਰੋਧੀ ਹੈ। ਸਾਧੂ ਸੰਤਾਂ ਦੀ ਇਹ ਲਾਬੀ ਚਾਹੁੰਦੀ ਹੈ ਕਿ 'ਬੋਰਡ ਆਫ ਟਰਸਟ' ਵਿਚ ਇਨ੍ਹਾਂ ਦੋਹਾਂ ਸੰਸਥਾਵਾਂ ਦਾ ਪ੍ਰਭਾਵ ਸੀਮਤ ਰਹੇ। ਇਸ ਲਾਬੀ ਦੀ ਪ੍ਰੇਸ਼ਾਨੀ ਇਹ ਹੈ ਕਿ ਉਹ ਖੁੱਲ੍ਹ ਕੇ ਇਨ੍ਹਾਂ ਸੰਸਥਾਵਾਂ ਦਾ ਵਿਰੋਧ ਨਹੀਂ ਕਰ ਸਕਦੀ। ਸੰਤਾਂ ਸਾਧੂਆਂ ਨੂੰ ਲਗਦਾ ਹੈ ਕਿ ਜੇ ਉਹ ਸਰਕਾਰ 'ਤੇ ਦਬਾਅ ਪਾਉਣਗੇ ਤਾਂ ਸਰਕਾਰ ਚਿੜ੍ਹ ਕੇ ਉਨ੍ਹਾਂ ਨੂੰ 'ਬੋਰਡ ਆਫ ਟਰਸਟ' ਵਿਚ ਸ਼ਾਮਲ ਨਹੀਂ ਕਰੇਗੀ।

ਅਸਲ ਵਿਚ 'ਬੋਰਡ ਆਫ ਟਰਸਟ' ਵਿਚ ਸ਼ਾਮਲ ਹੋਣ ਲਈ ਕੀਤੀ ਜਾ ਰਹੀ ਜੋਰ ਅਜ਼ਮਾਈ ਦਾ ਕਾਰਨ ਰਾਮ ਮੰਦਿਰ ਤੋਂ ਹੋਣ ਵਾਲੀ ਕਮਾਈ ਹੈ। ਜੋ ਸੰਤ ਇਸ ਬੋਰਡ ਵਿਚ ਸ਼ਾਮਲ ਨਾ ਹੋਇਆ, ਉਸ ਨੂੰ ਅਯੁੱਧਿਆ ਦਾ ਪ੍ਰਭਾਵਸ਼ਾਲੀ ਸੰਤ ਨਹੀਂ ਮੰਨਿਆ ਜਾਵੇਗਾ। ਬੋਰਡ ਆਫ ਟਰਸਟ ਇੱਕ ਤਰ੍ਹਾਂ ਨਾਲ ਸੰਤਗਿਰੀ ਦੇ ਕੱਦ ਨੂੰ ਨਾਪਣ ਵਾਲਾ ਪੈਮਾਨਾ ਬਣ ਗਿਆ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਚਾਹੁੰਦੀ ਹੈ ਕਿ ਰਾਮ ਜਨਮ ਭੂਮੀ ਨਿਆਸ ਵਿਚ ਹੀ ਥੋੜ੍ਹਾ-ਬਹੁਤ ਫੇਰਬਦਲ ਕਰਕੇ ਸਰਕਾਰੀ 'ਬੋਰਡ ਆਫ ਟਰਸਟ' ਬਣਾ ਦਿੱਤਾ ਜਾਵੇ।

ਸਰਕਾਰ 'ਤੇ ਦਬਾਅ ਬਣਾਉਣ ਦੀ ਨੀਤੀ 'ਤੇ ਚੱਲਦਿਆਂ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਪ੍ਰੀਸ਼ਦ ਦੇ ਸਾਬਕਾ ਪ੍ਰਧਾਨ ਅਸ਼ੋਕ ਸਿੰਘਲ ਨਹੀਂ ਚਾਹੁੰਦੇ ਸਨ ਕਿ ਰਾਮ ਮੰਦਿਰ ਨਾਲ ਸਬੰਧਿਤ ਐਸੇ ਕਿਸੇ ਬੋਰਡ ਵਿਚ ਸਰਕਾਰ ਦਾ ਦਖਲ ਹੋਵੇ। ਵਿਸ਼ਵ ਹਿੰਦੂ ਪ੍ਰੀਸ਼ਦ ਦਾ ਵਿਰੋਧ ਕਰਨ ਵਾਲੇ ਦੂਜੇ ਸੰਤ ਚਾਹੁੰਦੇ ਹਨ ਕਿ 'ਬੋਰਡ ਆਫ ਟਰਸਟ' ਬਣਾਉਣ ਵਿਚ ਸਰਕਾਰ ਦਾ ਪੂਰਾ ਹੱਥ ਹੋਵੇ। ਸਿੱਧਾ ਜਿਹਾ ਨੁਕਤਾ ਇਹ ਹੈ ਕਿ ਸਭਾਂ ਧਿਰਾਂ ਟਰਸਟ ਵਿਚ ਆਪੋ ਆਪਣਾ ਪ੍ਰਭਾਵ ਇਸ ਲਈ ਸਥਾਪਤ ਕਰਨਾ ਚਾਹੁੰਦੀਆਂ ਹਨ ਕਿ ਕੱਲ੍ਹ ਕਲੋਤਰ ਨੂੰ ਜੇ ਉਤਰ ਪ੍ਰਦੇਸ਼ ਅਤੇ ਕੇਂਦਰ ਵਿਚ ਭਾਜਪਾ ਵਿਰੋਧੀ ਸਰਕਾਰਾਂ ਵੀ ਬਣ ਜਾਣ ਤਾਂ ਰਾਮ ਮੰਦਿਰ ਦੇ ਪ੍ਰਬੰਧ ਵਿਚ ਉਨ੍ਹਾਂ ਦਾ ਦਬਦਬਾ ਕਾਇਮ ਰਹੇ। ਰਾਮ ਮੰਦਿਰ ਬਣਾਉਣ ਵਾਲਾ ਟਰਸਟ ਰਾਮ ਮੰਦਿਰ ਸਬੰਧੀ ਸਭ ਤੋਂ ਵੱਡੀ ਸੰਸਥਾ ਹੋਵੇਗੀ, ਜਿਸ ਵਿਚ ਕਰੋੜਾਂ ਰੁਪਏ ਆਉਣਗੇ। ਅਯੁੱਧਿਆ ਦੇ ਸਾਧੂ ਸੰਤ ਚਾਹੁੰਦੇ ਹਨ ਕਿ ਇਸ ਵਿਚ ਉਨ੍ਹਾਂ ਦੀ ਹਿੱਸੇਦਾਰੀ ਬਣੀ ਰਹੇ। ਮਹੰਤ ਧਰਮ ਦਾਸ ਚਾਹੁੰਦੇ ਹਨ ਕਿ ਰਾਮ ਦੀ ਪੂਜਾ ਦਾ ਹੱਕ ਉਸ ਨੂੰ ਮਿਲੇ। ਤਪੱਸਵੀ ਛਾਉਣੀ ਦੇ ਵਾਰਸ ਮਹੰਤ ਪਰਮਹੰਸ ਦਾਸ ਦਾ ਵਿਵਾਦ ਚਰਚਾ ਵਿਚ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਉਨ੍ਹਾਂ ਨੂੰ ਸੁਰੱਖਿਆ ਨਹੀਂ ਮਿਲਦੀ, ਉਹ ਵਾਪਸ ਅਯੁੱਧਿਆ ਨਹੀਂ ਜਾਣਗੇ। ਸਾਧੂ ਸੰਤਾਂ ਦੇ ਵੱਖ ਵੱਖ ਅਖਾੜੇ ਵੀ ਆਪੋ ਆਪਣਾ ਪ੍ਰਭਾਵ ਵਰਤਣ ਵਿਚ ਰੁੱਝੇ ਹੋਏ ਹਨ। ਵੱਖ ਵੱਖ ਧਿਰਾਂ 'ਚ ਬਣੇ ਤਣਾਅ ਪੂਰਨ ਮਾਹੌਲ ਦੇ ਕਾਰਨ ਰਾਮ ਮੰਦਿਰ ਦੇ ਨਿਰਮਾਣ ਲਈ ਟਰਸਟ ਬਣਾਉਣਾ ਸਰਕਾਰ ਲਈ ਏਨਾ ਸੁਖਾਲਾ ਨਹੀਂ।

ਦੂਜੇ ਪਾਸੇ ਸੰਘ ਵੀ ਨਹੀਂ ਚਾਹੁੰਦਾ ਕਿ ਟਰਸਟ ਦੇ ਗਠਨ ਵਿਚ ਸਰਕਾਰ ਦਾ ਸਿੱਧਾ ਦਖਲ ਹੋਵੇ। ਸੰਘ ਨੂੰ ਖਦਸ਼ਾ ਹੈ ਕਿ ਸਰਕਾਰ ਦੇ ਬਦਲਣ ਨਾਲ ਉਸ ਦਾ ਪ੍ਰਭਾਵ ਖਤਮ ਹੋ ਸਕਦਾ ਹੈ। ਜੇ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਰਾਮ ਜਨਮ ਭੂਮੀ ਨਿਆਸ ਦਾ ਪ੍ਰਭਾਵ ਟਰਸਟ 'ਤੇ ਰਹੇਗਾ ਤਾਂ ਸਰਕਾਰ ਬਦਲ ਜਾਣ ਪਿਛੋਂ ਵੀ ਰਾਮ ਮੰਦਿਰ ਦੇ ਪ੍ਰਬੰਧ ਵਿਚ ਸੰਘ ਦਾ ਬੋਲ ਬਾਲਾ ਬਣਿਆ ਰਹੇਗਾ।

# ਭਾਰਤੀ ਔਰਤਾਂ ਸੁਰੱਖਿਅਤ ਕਿਵੇਂ ਹੋਣ?

5 ਦਸੰਬਰ ਨੂੰ ਉਤਰ ਪ੍ਰਦੇਸ਼ ਦੇ ਉਨਾਓ ਜਿਲੇ ਵਿਚ ਵੀ ਹੈਦਰਾਬਾਦ ਜਿਹੀ ਹੈਵਾਨੀਅਤ ਭਰੀ ਇਕ ਹੋਰ ਦੁਖਦਾਈ ਅਤੇ ਦਿਲ-ਕੰਬਾਊ ਘਟਨਾ ਵਾਪਰੀ। ਇਕ ਲੜਕੀ ਆਪਣੇ ਪਿੰਡ ਤੋਂ ਬਲਾਤਕਾਰ ਦੇ ਕੇਸ ਵਿਚ ਰਾਏ ਬਰੇਲੀ ਇਕ ਅਦਾਲਤ ਨੂੰ ਜਾ ਰਹੀ ਸੀ ਤਾਂ ਦੋ ਦੋਸ਼ੀਆਂ ਸਣੇ ਪੰਜ ਵਿਅਕਤੀਆਂ ਨੇ ਉਸ ਨੂੰ ਘੇਰ ਕੇ ਉਸ ਦੇ ਸਿਰ ਉਤੇ ਡੰਡੇ ਨਾਲ ਅਤੇ ਗਲੇ ਉਤੇ ਚਾਕੂ ਨਾਲ ਵਾਰ ਕੀਤੇ, ਜਿਸ ਨਾਲ ਉਹ ਚੱਕਰ ਖਾ ਕੇ ਡਿਗ ਪਈ। ਫਿਰ ਉਨ੍ਹਾਂ ਨੇ ਉਸ ਉਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ।



ਡਾ. ਗੁਰਿੰਦਰ ਕੌਰ*
ਫੋਨ: 408-493-9776

ਲੜਕੀ ਦੀ ਹਾਲਤ ਗੰਭੀਰ ਬਣੀ ਹੋਈ ਸੀ, ਡਾਕਟਰਾਂ ਅਨੁਸਾਰ ਉਹ 90 ਫੀਸਦੀ ਸੜ ਚੁਕੀ ਹੈ। ਪੀੜਤ ਦੀ ਨਾਜ਼ੁਕ ਹਾਲਤ ਨੂੰ ਦੇਖਦਿਆਂ ਏਅਰ ਐਂਬੂਲੈਂਸ ਰਾਹੀਂ ਉਸ ਨੂੰ ਲਖਨਊ ਤੋਂ ਵਿਸ਼ੇਸ਼ ਲਾਂਘੇ ਰਾਹੀਂ ਦਿੱਲੀ ਸਫਦਰਜੰਗ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਬਲਾਤਕਾਰ ਅਤੇ ਅੱਗ ਲਾਉਣ ਦੀ ਘਟਨਾ ਵਿਚ ਸ਼ਾਮਲ ਦੋ ਮੁਲਜ਼ਮਾਂ ਵਿਚੋਂ ਇਕ ਕੁਝ ਦਿਨ ਪਹਿਲਾਂ ਹੀ ਜ਼ਮਾਨਤ ਉਤੇ ਜੇਲ੍ਹ ਤੋਂ ਬਾਹਰ ਆਇਆ ਸੀ।

2017 ਵਿਚ ਉਨਾਓ ਦੀ ਹੀ ਇਕ ਹੋਰ ਨਾਬਾਲਗ ਲੜਕੀ ਦਾ ਭਾਜਪਾ ਦੇ ਵਿਧਾਇਕ ਕੁਲਦੀਪ ਸਿੰਘ ਸੇਂਗਰ ਅਤੇ ਉਸ ਦੇ ਸਾਥੀਆਂ ਨੇ ਗੈਂਗਰੇਪ ਕੀਤਾ ਸੀ, ਪਰ ਵਿਧਾਇਕ ਨੇ ਆਪਣੇ ਸਿਆਸੀ ਦਬਾਓ ਦੇ ਸਿਰ 'ਤੇ ਕੇਸ ਦਰਜ ਨਹੀਂ ਸੀ ਹੋਣ ਦਿੱਤਾ ਅਤੇ ਨੇਤਾ ਦੇ ਦਬਾਓ ਪਾਉਣ 'ਤੇ ਪੀੜਿਤ ਲੜਕੀ ਦੇ ਪਿਤਾ ਨੂੰ ਪੁਲਿਸ ਨੇ ਝੂਠੇ ਕੇਸ ਵਿਚ ਫਸਾ ਦਿੱਤਾ ਅਤੇ ਉਸ ਦੀ ਪੁਲਿਸ ਹਿਰਾਸਤ ਵਿਚ ਇੰਨੀ ਜ਼ਿਆਦਾ ਕੁੱਟਮਾਰ ਕੀਤੀ ਗਈ ਕਿ ਉਸ ਦੀ ਮੌਤ ਹੋ ਗਈ।

ਦੇਸ਼ ਭਰ ਵਿਚ ਇਸ ਭਿਆਨਕ ਵਾਰਦਾਤ ਦਾ ਰੌਲਾ ਪੈਣ ਕਾਰਨ ਅਦਾਲਤ ਦੀ ਦਖਲਅੰਦਾਜ਼ੀ ਨਾਲ ਦੋਸ਼ੀ ਨੇਤਾ ਵਿਰੁੱਧ ਬਲਾਤਕਾਰ ਦਾ ਕੇਸ ਦਰਜ ਹੋਇਆ ਸੀ। ਇਹ ਦੋਸ਼ੀ ਨੇਤਾ ਭਾਵੇਂ ਜੇਲ੍ਹ ਵਿਚ ਹੈ, ਪਰ ਉਸ ਨੇ ਪੀੜਿਤ ਲੜਕੀ ਨੂੰ ਮਾਰਨ ਲਈ ਜੁਲਾਈ 2018 ਨੂੰ, ਜਦੋਂ ਉਹ ਆਪਣੀ ਭੂਆ, ਮਾਸੀ ਅਤੇ ਵਕੀਲ ਨਾਲ ਅਦਾਲਤ ਨੂੰ ਜਾ ਰਹੀ ਸੀ ਤਾਂ ਇਕ ਟਰੱਕ ਰਾਹੀਂ ਭੇਦ-ਭਰੇ ਢੰਗ ਨਾਲ ਟੱਕਰ ਮਰਵਾ ਦਿੱਤੀ। ਇਸ ਹਾਦਸੇ ਵਿਚ ਲੜਕੀ ਦੀ ਭੂਆ ਅਤੇ ਮਾਸੀ ਮਰ ਗਈਆਂ। ਲੜਕੀ ਅਤੇ ਉਸ ਦਾ ਵਕੀਲ ਗੰਭੀਰ ਰੂਪ ਵਿਚ ਜਖਮੀ ਹੋ ਗਏ ਸਨ, ਜਿਨ੍ਹਾਂ ਨੂੰ ਅਦਾਲਤ ਦੇ ਹੁਕਮਾਂ 'ਤੇ ਦਿੱਲੀ ਦੇ ਏਮਜ਼ ਹਸਪਤਾਲ ਲਿਜਾਇਆ ਗਿਆ ਸੀ। ਸੁਪਰੀਮ ਕੋਰਟ ਨੇ ਇਸ ਹਾਦਸੇ ਪਿਛੋਂ ਕੇਸ ਨੂੰ ਦਿੱਲੀ ਤਬਦੀਲ ਕਰ ਦਿੱਤਾ ਸੀ ਅਤੇ ਪੀੜਿਤ ਲੜਕੀ ਅਤੇ ਉਸ ਦੇ ਪਰਿਵਾਰ ਨੂੰ ਵੀ ਸੁਰੱਖਿਆ ਮੁਹੱਈਆ ਕਰਵਾਉਣ ਦਾ ਹੁਕਮ ਦਿੱਤਾ ਸੀ।

ਬਲਾਤਕਾਰ ਦੀਆਂ ਘਟਨਾਵਾਂ ਦੀ ਗਿਣਤੀ ਅਤੇ ਉਨ੍ਹਾਂ ਦੇ ਵਾਪਰਨ ਦੀ ਭਿਆਨਕਤਾ ਵਿਚ ਦਿਨੋ ਦਿਨ ਵਾਧਾ ਹੋ ਰਿਹਾ ਹੈ। 27 ਨਵੰਬਰ 2019 ਨੂੰ ਹੈਦਰਾਬਾਦ ਵਿਚ ਇਕ ਵੈਟਰਨਰੀ ਡਾਕਟਰ ਲੜਕੀ ਨੂੰ ਚਾਰ ਵਿਅਕਤੀਆਂ ਨੇ ਅਗਵਾ ਕਰਕੇ ਉਸ ਨਾਲ ਸਮੂਹਿਕ ਬਲਾਤਕਾਰ ਕਰਨ ਪਿਛੋਂ ਉਸ ਨੂੰ ਮਾਰ ਕੇ ਉਸ ਦੀ ਲਾਸ਼ ਨੂੰ ਸਾੜ ਦਿੱਤਾ। ਉਨਾਓ ਵਿਚ ਬਲਾਤਕਾਰ ਪੀੜਿਤ ਲੜਕੀ ਨੂੰ ਅੱਗ ਲਾਉਣ ਅਤੇ ਹੈਦਰਾਬਾਦ ਵਿਚ ਵੈਟਰਨਰੀ ਡਾਕਟਰ ਨੂੰ ਬਲਾਤਕਾਰ ਪਿਛੋਂ ਮਾਰਨ ਤੇ ਅੱਗ ਲਾਉਣ ਦੀਆਂ ਦੋਹਾਂ ਘਟਨਾਵਾਂ ਵਿਰੁਧ ਦੇਸ਼ ਭਰ ਵਿਚ ਵੱਡੀ ਪੱਧਰ 'ਤੇ ਰੋਸ ਮੁਜਾਹਰੇ ਹੋ ਰਹੇ ਹਨ ਅਤੇ ਇਨ੍ਹਾਂ ਘਟਨਾਵਾਂ ਦੀ ਚਰਚਾ ਸੰਸਦ ਵਿਚ ਵੀ ਹੋਈ ਹੈ, ਜਿੱਥੇ ਮੈਂਬਰਾਂ ਨੇ ਇਸ ਦੁੱਖ ਭਰੀ ਘਟਨਾ ਦੀ ਨਿੰਦਾ ਕਰਦਿਆਂ ਦੋਸ਼ੀਆਂ ਨੂੰ ਇਕ ਨਿਸ਼ਚਿਤ ਸਮੇਂ ਵਿਚ ਸਜ਼ਾ ਦੇਣ ਦੀ ਮੰਗ ਵੀ ਕੀਤੀ ਹੈ।

7 ਸਾਲ ਪਹਿਲਾਂ 2012 ਵਿਚ 16 ਦਸੰਬਰ ਨੂੰ ਚੱਲਦੀ ਬੱਸ ਵਿਚ 6 ਵਿਅਕਤੀਆਂ ਨੇ ਫਿਜ਼ੀਓਥੈਰਪੀ ਦੀ ਇਕ ਵਿਦਿਆਰਥਣ ਨਾਲ ਸਮੂਹਕ ਬਲਾਤਕਾਰ ਕਰਕੇ ਉਸ ਨੂੰ ਚਲਦੀ ਬੱਸ ਵਿਚੋਂ ਧੱਕਾ ਦੇ ਦਿੱਤਾ ਸੀ। ਵਾਰਦਾਤ ਇੰਨੀ ਘਿਨੌਣੀ ਸੀ ਕਿ ਇਕ ਵਾਰ ਸਾਰਾ ਦੇਸ਼ ਹੀ ਗੁੱਸੇ ਨਾਲ ਕੰਬ ਉਠਿਆ ਸੀ। ਜਨਤਾ ਦੇ ਰੋਹ ਨੂੰ ਦੇਖਦਿਆਂ ਸਰਕਾਰ ਨੇ ਔਰਤਾਂ ਦੀ ਸੁਰੱਖਿਆ ਲਈ ਸਖਤ ਕਾਨੂੰਨ ਬਣਾਏ, ਪਰ ਸਖਤ ਕਾਨੂੰਨ ਬਣਾਉਣ ਪਿਛੋਂ ਸਰਕਾਰ ਉਨ੍ਹਾਂ ਨੂੰ ਸਖਤੀ ਨਾਲ ਲਾਗੂ ਹੁਣ ਤੱਕ ਵੀ ਨਹੀਂ ਕਰ ਸਕੀ, ਜਦਕਿ ਦੋਸ਼ੀਆਂ ਦੇ ਦੋਸ਼ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ।

ਭਾਰਤ ਵਿਚ ਕਾਨੂੰਨ ਤਾਂ ਬਹੁਤ ਹਨ, ਪਰ ਨਿਆਂ ਪ੍ਰਣਾਲੀ ਦੀ ਮੱਠੀ ਚਾਲ ਕਾਰਨ ਅਜਿਹੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਅਤੇ ਅਜਿਹਾ ਖੌਫਨਾਕ ਜੁਰਮ ਕਰਨ ਵਾਲੇ ਦੋਸ਼ੀਆਂ ਨੂੰ ਕਾਨੂੰਨ ਦਾ ਕੋਈ ਡਰ ਨਹੀਂ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ ਬਲਾਤਕਾਰ ਕਰਨ ਵਾਲੇ 44.3 ਫੀਸਦੀ ਵਿਅਕਤੀਆਂ ਨੂੰ ਸਜ਼ਾ ਮਿਲਦੀ ਸੀ, ਪਰ 2015 ਵਿਚ ਇਹ ਘੱਟ ਕੇ ਸਿਰਫ 25.5 ਫੀਸਦੀ ਰਹਿ ਗਈ ਹੈ, ਭਾਵ 4 ਦੋਸ਼ੀਆਂ ਵਿਚੋਂ ਸਿਰਫ ਇਕ ਨੂੰ ਹੀ ਸਜ਼ਾ ਹੁੰਦੀ ਹੈ।

ਦਿੱਲੀ ਪੁਲਿਸ ਦੀ ਰਿਪੋਰਟ ਅਨੁਸਾਰ ਦਿੱਲੀ ਵਿਚ 2018 ਵਿਚ ਹਰ ਰੋਜ਼ ਔਸਤਨ 5 ਔਰਤਾਂ ਬਲਾਤਕਾਰ ਅਤੇ 8 ਔਰਤਾਂ ਛੇੜਛਾੜ ਦਾ ਸ਼ਿਕਾਰ ਹੋਈਆਂ। ਥੌਮਸਨ ਰਿਊਟਰ ਫਾਊਂਡੇਸ਼ਨ ਦੀ 2018 ਦੀ ਇਕ ਰਿਪੋਰਟ ਅਨੁਸਾਰ ਔਰਤਾਂ ਦੇ ਰਹਿਣ ਲਈ ਭਾਰਤ ਇਕ ਬਹੁਤ ਹੀ ਖਤਰਨਾਕ ਦੇਸ਼ ਹੈ। ਭਾਰਤ ਦੇ ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ ਅਨੁਸਾਰ ਦੇਸ਼ ਵਿਚ 2016 ਵਿਚ 38,947 ਬਲਾਤਕਾਰ ਹੋਏ ਸਨ, ਭਾਵ ਹਰ 15 ਮਿੰਟਾਂ ਵਿਚ ਇਕ ਔਰਤ ਬਲਾਤਕਾਰ ਦਾ ਸ਼ਿਕਾਰ ਹੋ ਜਾਂਦੀ ਹੈ। ਇਹ ਸਿਰਫ ਉਹ ਕੇਸ ਹਨ, ਜੋ ਥਾਣੇ ਵਿਚ ਦਰਜ ਹੁੰਦੇ ਹਨ, ਪਰ ਨੈਸ਼ਨਲ ਫੈਮਿਲੀ ਹੈਲਥ ਸਰਵੇ ਦੇ ਇਕ ਸਰਵੇਖਣ ਅਨੁਸਾਰ ਬਲਾਤਕਾਰ ਦੇ ਸਿਰਫ ਇਕ ਫੀਸਦੀ ਕੇਸ ਹੀ ਰਜਿਸਟਰ ਹੁੰਦੇ ਹਨ, 99 ਫੀਸਦੀ ਕੇਸ ਬਲਾਤਕਾਰ ਪੀੜਿਤ ਲੜਕੀਆਂ ਅਤੇ ਉਨ੍ਹਾਂ ਦੇ ਘਰ ਵਾਲੇ ਪੁਲਿਸ ਤੇ ਅਦਾਲਤਾਂ ਦੀ ਖੱਜਲਖੁਆਰੀ ਅਤੇ ਸਮਾਜ ਵਿਚ ਬਦਨਾਮੀ ਦੇ ਡਰ ਤੋਂ ਰਜਿਸਟਰ ਹੀ ਨਹੀਂ ਕਰਵਾਉਂਦੇ।

ਨਿਰਭੈਯ ਬਲਾਤਕਾਰ ਕੇਸ ਤੋਂ ਬਾਅਦ ਭਾਵੇਂ ਸਖਤ ਕਾਨੂੰਨ ਬਣਾ ਦਿੱਤੇ ਗਏ, ਪਰ ਉਨ੍ਹਾਂ ਨੂੰ ਸਖਤੀ ਨਾਲ ਅਮਲ ਵਿਚ ਨਾ ਲਿਆਉਣ ਕਾਰਨ ਬਲਾਤਕਾਰ ਦੀਆਂ ਘਟਨਾਵਾਂ ਵਿਚ ਬਹੁਤ ਵਾਧਾ ਹੋਇਆ ਹੈ, ਕਿਉਂਕਿ ਭੈੜੀ ਸੋਚ ਵਾਲੇ ਵਿਅਕਤੀ ਸੋਚਦੇ ਹਨ ਕਿ ਜੇ ਇੰਨੇ ਚਰਚਿਤ ਅਤੇ ਘਿਨੌਣੇ ਕੇਸ ਪਿਛੋਂ ਵੀ ਦੋਸ਼ੀ ਜ਼ਿੰਦਾ ਬੈਠੇ ਹਨ ਤਾਂ ਸਾਨੂੰ ਕੀ ਖਤਰਾ ਹੋ ਸਕਦਾ ਹੈ?

ਕਠੂਏ ਵਿਚ 2018 ਵਿਚ 8 ਸਾਲਾ ਅਸੀਫਾ ਦੇ ਸਮੂਹਕ ਬਲਾਤਕਾਰ ਅਤੇ ਕਤਲ ਪਿਛੋਂ ਭਾਵੇਂ ਸਰਕਾਰ ਨੇ 12 ਸਾਲ ਤੋਂ ਛੋਟੀਆਂ ਬੱਚੀਆਂ ਦੇ ਬਲਾਤਕਾਰ ਦੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੇਣ ਦਾ ਕਾਨੂੰਨ ਪਾਸ ਕਰ ਦਿੱਤਾ ਸੀ, ਪਰ ਹੋਰ ਕੇਸਾਂ ਵਿਚ ਤਾਂ ਕੀ, ਅਸੀਫਾ ਦੇ ਕੇਸ ਵਿਚ ਇਕ ਵੀ ਦੋਸ਼ੀ ਨੂੰ ਮੌਤ ਦੀ ਸਜ਼ਾ ਨਹੀਂ ਹੋਈ। ਸਖਤ ਕਾਨੂੰਨ ਬਣਾਉਣ ਦਾ ਤਦ ਤੱਕ ਕੋਈ ਫਾਇਦਾ ਨਹੀਂ ਹੋਣਾ, ਜਦੋਂ ਤੱਕ ਉਨ੍ਹਾਂ ਨੂੰ ਸਖਤੀ ਨਾਲ ਲਾਗੂ ਨਹੀਂ ਕੀਤਾ ਜਾਂਦਾ।

ਚੀਨ, ਉਤਰੀ ਕੋਰੀਆ, ਇਰਾਨ, ਮਿਸਰ, ਸਾਊਦੀ ਅਰਬ ਆਦਿ ਦੇਸ਼ਾਂ ਵਿਚ ਵੱਖ ਵੱਖ ਤਰ੍ਹਾਂ ਨਾਲ ਬਲਾਤਕਾਰੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ, ਪਰ ਭਾਰਤ ਵਿਚ ਬਲਾਤਕਾਰੀਆਂ ਲਈ ਹਾਈ ਕੋਰਟ, ਸੁਪਰੀਮ ਕੋਰਟ, ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਆਦਿ ਜਿਹੀਆਂ ਲੰਬੀਆਂ ਚੌੜੀਆਂ ਸੁਵਿਧਾਵਾਂ ਹਨ, ਜਿਸ ਨਾਲ ਬਲਾਤਕਾਰ ਜਿਹਾ ਘਿਨੌਣੇ ਜੁਰਮ ਕਰਨ ਪਿਛੋਂ ਵੀ ਦੋਸ਼ੀ ਸਜ਼ਾ ਤੋਂ ਬਚ ਜਾਂਦੇ ਹਨ।

ਅਸਲ ਵਿਚ ਬਲਾਤਕਾਰ ਇਕ ਅਜਿਹਾ ਘਿਨੌਣਾ ਜੁਰਮ ਹੈ, ਜਿਸ ਲਈ ਕੋਈ ਵੀ ਸਜ਼ਾ ਘੱਟ ਹੈ ਕਿਉਂਕਿ ਬਲਾਤਕਾਰ ਨਾਲ ਪੀੜਿਤ ਲੜਕੀ ਦਾ ਸਿਰਫ ਸਰੀਰਕ ਸ਼ੋਸ਼ਣ ਹੀ ਨਹੀਂ ਹੋਇਆ ਹੁੰਦਾ, ਸਗੋਂ ਇਸ ਦੇ ਨਾਲ ਨਾਲ ਉਸ ਦਾ ਮਾਨਸਿਕ, ਸਮਾਜਕ ਅਤੇ ਆਰਥਕ ਸ਼ੋਸ਼ਣ ਵੀ ਹੁੰਦਾ ਹੈ। ਉਹ ਬਾਕੀ ਜ਼ਿੰਦਗੀ ਹਰ ਪਲ ਉਸ ਖੌਫਨਾਕ ਵਾਰਦਾਤ ਨੂੰ ਯਾਦ ਕਰਕੇ ਮਰਦੀ ਰਹਿੰਦੀ ਹੈ। ਕਈ ਲੜਕੀਆਂ ਤਾਂ ਵਾਰਦਾਤ ਪਿਛੋਂ ਆਪਣਾ ਮਾਨਸਿਕ ਸੰਤੁਲਨ ਹੀ ਗਵਾ ਬਹਿੰਦੀਆਂ ਹਨ, ਜਿਵੇਂ ਮੁੰਬਈ ਦੀ ਇਕ ਨਰਸ ਅਰੁਣਾ ਸ਼ਾਨਬਾਗ ਨਾਲ ਹੋਇਆ ਸੀ, ਜੋ ਬਿਨਾ ਕਿਸੇ ਕਸੂਰ ਤੋਂ 40 ਤੋਂ ਵਧ ਸਾਲ ਅਪਾਹਜਾਂ ਵਾਲੀ ਜ਼ਿੰਦਗੀ ਜੀ ਕੇ ਮਰੀ ਸੀ। ਸਮਾਜ ਵਿਚ ਕਦੇ ਵੀ ਲੜਕੀਆਂ ਨੂੰ ਪਹਿਲਾਂ ਵਾਲੀ ਥਾਂ ਨਹੀਂ ਮਿਲਦੀ। ਇਸ ਤੋਂ ਇਲਾਵਾ ਬਲਾਤਕਾਰ ਨਾਲ ਕੇਵਲ ਪੀੜਿਤ ਲੜਕੀ ਹੀ ਦੁੱਖ ਅਤੇ ਤ੍ਰਾਸਦੀ ਵਿਚੋਂ ਨਹੀਂ ਗੁਜ਼ਰਦੀ, ਸਗੋਂ ਉਸ ਦਾ ਸਾਰਾ ਪਰਿਵਾਰ ਇਸ ਭਿਆਨਕ ਸੰਤਾਪ ਨੂੰ ਹੰਢਾਉਂਦਾ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਲੜਕੀਆਂ ਨੂੰ ਸੁਰੱਖਿਅਤ ਵਾਤਾਵਰਣ ਦੇਣ ਲਈ ਪ੍ਰਸ਼ਾਸਨ, ਪੁਲਿਸ ਅਤੇ ਨਿਆਂ ਪ੍ਰਣਾਲੀ ਨੂੰ ਚੁਸਤ-ਦਰੁਸਤ ਰੱਖੇ। ਸਭ ਤੋਂ ਪਹਿਲਾਂ ਤਾਂ ਕੋਈ ਵੀ ਵਿਅਕਤੀ, ਜਿਸ ਨੇ ਕੋਈ ਵੀ ਬਲਾਤਕਾਰ ਦਾ ਜ਼ੁਰਮ ਕੀਤਾ ਹੈ, ਨੂੰ ਚੋਣ ਲੜਨ ਜਾਂ ਸਿਆਸਤ ਵਿਚ ਆਉਣ ਦਾ ਹੱਕ ਨਾ ਦਿੱਤਾ ਜਾਵੇ। ਦੂਜਾ, ਪੁਲਿਸ ਨੂੰ ਵੀ ਚੁਸਤੀ ਅਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਣੀ ਚਾਹੀਦੀ ਹੈ। ਜੇ ਹੈਦਰਾਬਾਦ ਵਾਲੇ ਕੇਸ ਵਿਚ ਪੁਲਿਸ ਕਰਮਚਾਰੀ ਸਮੇਂ ਸਿਰ ਭਾਵ ਰਾਤ ਨੂੰ ਹੀ ਪੀੜਿਤਾ ਦੀ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਕੇ ਭਾਲ ਕਰ ਲੈਂਦੇ ਤਾਂ ਇਹ ਘਿਨੌਣਾ ਅਪਰਾਧ ਹੋਣ ਤੋਂ ਬਚ ਜਾਂਦਾ ਅਤੇ ਦੂਜੇ ਪਾਸੇ ਪੰਜ ਲੋਕਾਂ ਦੀ ਜ਼ਿੰਦਗੀ ਵੀ ਬਚ ਜਾਂਦੀ।

ਫਾਸਟ ਟਰੈਕ ਅਦਾਲਤਾਂ ਹੋਣ ਦੇ ਬਾਵਜੂਦ ਪੀੜਿਤ ਲੜਕੀਆਂ ਨੂੰ ਸਾਲਾਂ ਬੱਧੀ ਅਦਾਲਤਾਂ ਦੇ ਚੱਕਰ ਲਾਉਣੇ ਪੈਂਦੇ ਹਨ, ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਨਿਆਂ ਪ੍ਰਣਾਲੀ ਨੂੰ ਚੁਸਤ-ਦਰੁਸਤ ਬਣਾਏ। ਜੇ ਜੱਜਾਂ ਦੀ ਗਿਣਤੀ ਘੱਟ ਹੈ ਤਾਂ ਇਸ ਵਿਚ ਵਾਧਾ ਕਰੇ ਅਤੇ ਫਾਸਟ ਟਰੈਕ ਅਦਾਲਤਾਂ ਇਕ ਨਿਸ਼ਚਿਤ ਸਮੇਂ ਵਿਚ ਫੈਸਲਾ ਕਰਕੇ ਦੋਸ਼ੀਆਂ ਨੂੰ ਸਖਤ ਸਜ਼ਾ ਦੇਣ ਤਾਂ ਕਿ ਲੋਕਾਂ ਦਾ ਨਿਆਂ ਪ੍ਰਣਾਲੀ ਵਿਚ ਵਿਸ਼ਵਾਸ ਵਧੇ ਅਤੇ ਜਰਾਇਮ ਪੇਸ਼ਾ ਲੋਕਾਂ ਵਿਚ ਡਰ ਪੈਦਾ ਹੋ ਸਕੇ। ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਆਪਣੇ ਬੱਚਿਆਂ ਤੋਂ ਲੈ ਕੇ ਪਰਿਵਾਰ ਦੇ ਸਾਰੇ ਜੀਆਂ ਅਤੇ ਆਲੇ-ਦੁਆਲੇ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਕਿ ਔਰਤਾਂ/ਲੜਕੀਆਂ ਦੇ ਹੱਕ ਵੀ ਮਰਦਾਂ/ਲੜਕਿਆਂ ਦੇ ਬਰਾਬਰ ਹਨ, ਇਸ ਲਈ ਉਨ੍ਹਾਂ ਨੂੰ ਸਤਿਕਾਰ ਦੇਣ ਅਤੇ ਉਨ੍ਹਾਂ ਨੂੰ ਵੀ ਆਪਣੀ ਜ਼ਿੰਦਗੀ ਸਤਿਕਾਰ ਸਹਿਤ ਜਿਉਣ ਦੇਣ।

---

*ਪ੍ਰੋਫੈਸਰ ਜਿਓਗਰਾਫੀ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਅਮਰੀਕੀ ਗਣਤੰਤਰ ਸਮਾਗਮ ਲਈ ਆਨੰਦ ਕੁਮਾਰ ਨੂੰ ਸੱਦਾ

**ਵਾਸ਼ਿੰਗਟਨ ਡੀ. ਸੀ.:** 'ਸੁਪਰ-30' ਵਜੋਂ ਜਾਣੇ ਗਣਿਤ ਮਾਹਿਰ ਆਨੰਦ ਕੁਮਾਰ ਨੂੰ ਅਗਲੇ ਸਾਲ ਜਨਵਰੀ ਮਹੀਨੇ ਨਿਊ ਯਾਰਕ 'ਚ ਮਨਾਏ ਜਾਣ ਵਾਲੇ ਗਣਤੰਤਰ ਦਿਵਸ ਸਮਾਗਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

ਇਹ ਸਮਾਗਮ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ (ਐਫ.ਆਈ.ਏ.) ਵੱਲੋਂ 2020 ਵਿਚ ਵੱਡੇ ਪੱਧਰ ਉਤੇ ਕਰਵਾਇਆ ਜਾਣਾ ਹੈ। ਐਫ.ਆਈ.ਏ. ਦੇ ਪ੍ਰਧਾਨ ਅਲੋਕ ਕੁਮਾਰ ਨੇ ਜਾਰੀ ਬਿਆਨ 'ਚ ਦੱਸਿਆ, 'ਐਫ.ਆਈ.ਏ. 2020 ਵਿਚ ਆਪਣੇ 50 ਸਾਲ ਪੂਰੇ ਕਰ ਰਹੀ। ਇਸ ਕਰ ਕੇ ਅਸੀਂ ਕਾਫੀ ਵਿਚਾਰ ਵਟਾਂਦਰੇ ਮਗਰੋਂ ਆਨੰਦ ਕੁਮਾਰ, ਜਿਨ੍ਹਾਂ ਨੇ ਸਿੱਖਿਆ ਦੇ ਖੇਤਰ 'ਚ ਬਹੁਤ ਜ਼ਿਆਦਾ ਕੰਮ ਕਰਦਿਆਂ ਹਰ ਭਾਰਤੀ ਮਾਣ ਵਧਾਇਆ, ਨੂੰ ਸਮਾਗਮ 'ਚ ਬੁਲਾਉਣ ਦਾ ਫੈਸਲਾ ਕੀਤਾ।'' ਆਨੰਦ ਕੁਮਾਰ 'ਤੇ ਬਣੀ 'ਸੁਪਰ-30' ਫਿਲਮ ਨੂੰ ਅਮਰੀਕਾ 'ਚ ਲੋਕਾਂ ਵੱਲੋਂ ਬਹੁਤ ਉਤਸ਼ਾਹ ਨਾਲ ਵੇਖਿਆ ਗਿਆ ਅਤੇ ਹੁਣ ਲੋਕ ਆਨੰਦ ਕੁਮਾਰ ਨੂੰ ਮਿਲਣਾ ਚਾਹੁੰਦੇ ਹਨ। ਆਨੰਦ ਕੁਮਾਰ ਸਹੂਲਤਾਂ ਤੋਂ ਵਿਹੂਣੇ ਬੱਚਿਆਂ ਨੂੰ ਬਿਨਾਂ ਫੀਸ ਤੋਂ ਆਈ.ਆਈ.ਈ. ਦੇ ਦਾਖਲਾ ਟੈਸਟ ਦੀ ਤਿਆਰੀ ਕਰਵਾਉਂਦੇ ਹਨ।







# ਜੋਹੈਨਸ ਵਰਮੀਰ ਦੀ ਕਲਾ


ਵਰਮੀਰ ਦਾ ਖੁਦ ਦਾ ਚਿੱਤਰ।


'ਮੋਤੀ ਦੇ ਝੁਮਕੇ ਵਾਲੀ ਕੁੜੀ' ਦਾ ਚਿੱਤਰ।

## ਕਲਾ ਪਰਿਕਰਮਾ

ਰੈਮਬ੍ਰਾਂਟ, ਹੇਲਸ ਦੇ ਨਾਲ ਵਾਲ ਜੋਹੈਨਸ ਵਰਮੀਰ (1632-1675) ਵੀ ਡੱਚ ਕਲਾਕਾਰਾਂ ਵਿਚੋਂ ਸਭ ਤੋਂ ਵੱਧ ਪ੍ਰਵਾਨਿਤ ਕਲਾਕਾਰ ਸੀ। ਉਸ ਨੂੰ ਆਪਣੇ ਸਮਕਾਲ 'ਚ ਬਹੁਤ ਘੱਟ ਲੋਕ ਜਾਣਦੇ ਸਨ। ਉਹ ਤਕਰੀਬਨ 19ਵੀਂ ਸਦੀ ਦੇ ਅੰਤ ਤਕ ਅਦਿਖ ਹੀ ਰਿਹਾ ਕਿਉਂਕਿ ਵਰਮੀਰ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਥੋੜ੍ਹਾ ਕੰਮ ਕੀਤਾ। ਉਸ ਨੇ ਕਰੀਬ 45 ਚਿੱਤਰ ਬਣਾਏ ਜਿਨ੍ਹਾਂ ਵਿਚੋਂ 35 ਕੁ ਬਾਰੇ ਹੀ ਅਸੀਂ ਜਾਣਦੇ ਹਾਂ।

ਜੋਹੈਨਸ ਵਰਮੀਰ ਦਾ ਜਨਮ 31 ਅਕਤੂਬਰ 1632 ਨੂੰ ਨੀਦਰਲੈਂਡਜ਼ ਦੇ ਡੇਲਫਟ ਵਿਚ ਹੋਇਆ ਸੀ। ਵਰਮੀਰ 1652 ਵਿਚ ਡੇਲਫਟ ਚਿੱਤਰਕਾਰ ਸੰਘ ਵਿਚ ਸ਼ਾਮਲ ਹੋਏ ਅਤੇ ਇਸ ਦੇ ਡੀਨ ਵਜੋਂ 1662 ਤੋਂ 1663 ਅਤੇ ਫਿਰ 1669 ਤੋਂ 1670 ਤਕ ਸੇਵਾ ਕੀਤੀ।



**ਰਣਦੀਪ ਮੱਦੋਕੇ**
ਫੋਨ: +91-98146-93368

ਜਿਵੇਂ ਹੀ ਉਸ ਦੀ ਸ਼ੈਲੀ ਪਰਿਪੱਕ ਹੋ ਗਈ, ਉਸ ਨੇ 'ਲਿਟਲ ਸਟਰੀਟ' ਅਤੇ 'ਡੇਲਫਟ ਦਾ ਦ੍ਰਿਸ਼' ਪੇਂਟ ਕੀਤਾ। 1660 ਤੋਂ ਬਾਅਦ ਵਰਮੀਰ ਨੇ ਆਪਣੀਆਂ 'ਮੋਤੀ ਤਸਵੀਰਾਂ' ਪੇਂਟ ਕੀਤੀਆਂ ਜਿਸ ਵਿਚ 'ਸਮਾਗਮ' ਅਤੇ 'ਮੋਤੀ ਦੇ ਝੁਮਕੇ ਵਾਲੀ ਕੁੜੀ', 'ਭੂ-ਵਿਗਿਆਨੀ' ਆਦਿ ਸ਼ਾਮਲ ਹਨ। 16 ਦਸੰਬਰ, 1675 ਵਿਚ ਡੇਲਫਟ ਸਰਕਾ ਵਿਚ ਉਸ ਦੀ ਮੌਤ ਹੋ ਗਈ।

ਜੋਹੈਨਸ ਵਰਮੀਰ ਹੁਣ ਤਕ ਦੇ ਵੱਡੇ ਡੱਚ ਕਲਾਕਾਰਾਂ ਵਿਚੋਂ ਇਕ ਹੈ। ਉਸ ਦੀਆਂ ਰਚਨਾਵਾਂ ਸਦੀਆਂ ਤੋਂ ਪ੍ਰੇਰਨਾ ਅਤੇ ਮੋਹ ਦਾ ਸਰੋਤ ਰਹੀਆਂ ਹਨ, ਪਰ ਉਸਦਾ ਜ਼ਿਆਦਾਤਰ ਜੀਵਨ ਇਕ ਰਹੱਸ ਬਣਿਆ ਹੋਇਆ ਹੈ। ਉਸ ਦੇ ਪਿਤਾ ਰੇਨੇਅਰ ਡੇਲਫਟ ਸ਼ਹਿਰ ਵਿਚ ਇਕ ਕਾਰੀਗਰਾਂ ਦੇ ਪਰਿਵਾਰ ਵਿਚੋਂ ਸਨ ਅਤੇ ਉਸ ਦੀ ਮਾਂ ਡਿਗਨਾ ਇਤਾਲਵੀ ਜਰਮਨ ਮਿਸ਼ਰਤ ਪਿਛੋਕੜ ਵਿਚੋਂ ਸੀ।


ਸਥਾਨਕ ਚਰਚ ਵਿਖੇ ਉਸ ਦੇ ਦੀਕਸ਼ਾ ਲੈਣ ਦਾ ਅਲੇਖ ਹੈ ਜਿਸ ਤੋਂ ਬਾਅਦ ਵਰਮੀਰ ਲਗਪਗ 20 ਸਾਲਾਂ ਤਕ ਜਿਵੇਂ ਲੋਪ ਹੋ ਗਿਆ ਸੀ। ਉਸ ਦਾ ਪਿਤਾ ਜੁਲਾਹਾ ਸੀ ਜੋ ਸਾਟਿਨ ਦੇ ਧਾਗੇ ਦੇ ਉਤਪਾਦਨ ਦੇ ਨਾਲ ਨਾਲ ਇਕ ਕਲਾ ਵਪਾਰੀ ਵਜੋਂ ਵੀ ਕੰਮ ਕਰਦਾ ਸੀ। ਵਰਮੀਰ ਨੂੰ ਇਹ ਦੋਵੇਂ ਕਾਰੋਬਾਰ ਆਪਣੇ ਪਿਤਾ ਦੀ ਮੌਤ ਤੋਂ ਬਾਅਦ 1652 ਵਿਚ ਵਿਰਾਸਤ ਵਿਚ ਮਿਲੇ ਸਨ ਪਰ ਉਸ ਨੇ ਆਪਣਾ ਮੁੱਖ ਪੇਸ਼ਾ ਚਿੱਤਰਕਾਰੀ ਨੂੰ ਹੀ ਬਣਾਇਆ। ਅਗਲੇ ਸਾਲ ਵਰਮੀਰ ਨੇ ਕੈਥਰੀਨਾ ਬੋਲਨਸ ਨਾਲ ਵਿਆਹ ਕਰਵਾ ਲਿਆ। ਬੋਲਨਸ ਕੈਥੋਲਿਕ ਸੀ ਅਤੇ ਵਿਆਹ ਤੋਂ ਬਾਅਦ ਵਰਮੀਰ ਨੇ ਵੀ ਆਪਣੀ ਪਤਨੀ ਦਾ ਧਰਮ ਅਪਣਾ ਲਿਆ ਸੀ।


ਵਰਮੀਰ ਦੇ ਚਿੱਤਰ ਡੇਲਫਟ ਸ਼ਹਿਰ ਦੇ ਆਸ ਪਾਸ ਦੀ ਰੋਜ਼ਾਨਾ ਜ਼ਿੰਦਗੀ ਦੇ ਦ੍ਰਿਸ਼ਾਂ 'ਤੇ ਕੇਂਦਰਿਤ ਹਨ। ਉਸ ਦਾ ਵਿਸ਼ਾ ਵਸਤੂ ਸਾਧਾਰਨ ਲੋਕ ਸਨ ਅਤੇ 17ਵੀਂ ਸਦੀ ਦੀਆਂ ਘਰੇਲੂ ਗਤੀਵਿਧੀਆਂ ਦੇ ਬਿਰਤਾਂਤ ਨੂੰ ਦਰਸਾਉਂਦੇ ਸਨ। ਵਰਮੀਰ ਯਥਾਰਥਵਾਦੀ ਚਿੱਤਰਕਾਰੀ ਲਈ ਪ੍ਰਸਿਧ ਸੀ ਅਤੇ ਉਸ ਨੂੰ ਲੋਕਾਂ ਲਈ ਲੋਕਾਂ ਦਾ ਚਿੱਤਰਕਾਰ ਵਜੋਂ ਜਾਣਿਆ ਜਾਂਦਾ ਹੈ।

ਇਹ ਮੰਨਿਆ ਜਾਂਦਾ ਹੈ ਕਿ ਵਰਮੀਰ ਨੇ ਆਪਣੇ ਚਿੱਤਰਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕੈਮਰਾ ਓਬਸਕਿਊਰਾ (ਲੱਕੜ ਦਾ ਵੱਡਾ ਬਕਸਾ ਜਿਸ ਵਿਚ ਇਕ ਸੁਰਾਖ ਵਿਚ ਲੈਂਸ ਲੱਗਾ ਹੁੰਦਾ ਹੈ) ਦੀ ਵਰਤੋਂ ਕੀਤੀ। ਬਕਸੇ ਦੇ ਅੰਦਰਲੇ ਹਿੱਸੇ ਨੂੰ ਚਿੱਟਾ ਰੰਗ ਦਿੱਤਾ ਜਾਂਦਾ ਹੈ ਅਤੇ ਲੈਂਸ ਰਾਹੀਂ ਆਉਂਦੀ ਰੌਸ਼ਨੀ ਸਤਹਿ 'ਤੇ ਤਸਵੀਰ ਨੂੰ ਦਰਸਾਏਗੀ। ਇਹ ਬਿੰਬ ਦੇ ਪ੍ਰਤੀਬਿੰਬ ਨੂੰ ਰੌਸ਼ਨੀ ਰਾਹੀਂ ਸਿਰਜੇਗੀ ਜਿਸ ਨਾਲ ਕਲਾਕਾਰ ਸਤਹਿ ਅਤੇ ਵਸਤੂਆਂ 'ਤੇ ਰੌਸ਼ਨੀ ਅਤੇ ਪਰਛਾਵੇਂ ਦੀ ਬਾਰੀਕੀ ਨੂੰ ਸਮਝ ਸਕਦਾ ਹੈ। ਇਸ ਤਕਨੀਕ ਨੇ ਵਰਮੀਰ ਨੂੰ ਆਪਣੇ ਵਿਸ਼ਿਆਂ ਨੂੰ ਵਧੇਰੇ ਯਥਾਰਥਕ ਦਿਖ ਦੇਣ ਵਿਚ ਖੂਬ ਮਦਦ ਕੀਤੀ, ਕਿਉਂਕਿ ਇਸ ਨਾਲ ਪ੍ਰਕਾਸ਼ ਦੇ ਮਹੀਨ ਵੇਰਵਿਆਂ ਨੂੰ ਬਹੁਤ ਸਾਫ਼ ਦੇਖਿਆ ਜਾ ਸਕਦਾ ਸੀ ਅਤੇ ਕਲਾਕਾਰ ਨੂੰ ਦ੍ਰਿਸ਼ਾਂ ਵਿਚ ਅੰਤਰਭਾਵਾਂ ਅਤੇ ਵਾਯੂਮੰਡਲ ਬਣਾਉਣ ਵਿਚ ਵਧੇਰੇ ਲਚਕਤਾ ਮਿਲਦੀ ਸੀ। ਇਸ ਤਕਨੀਕ ਨੇ ਵਰਮੀਰ ਨੂੰ ਕਲਾ ਵਿਚ ਇਨਕਲਾਬੀ ਬਣਾ ਦਿੱਤਾ ਕਿਉਂਕਿ ਉਸ ਨੇ ਉਸ ਸਮੇਂ ਦੇ ਕਲਾਕਾਰਾਂ ਨੂੰ ਉਚ ਯਥਾਰਥ ਦੇ ਮਾਮਲੇ ਵਿਚ ਪਛਾੜ ਦਿੱਤਾ ਸੀ।

1670 ਦੇ ਦਹਾਕੇ ਦੌਰਾਨ ਉਸ ਦੀ ਚਿੱਤਰ ਸ਼ੈਲੀ ਬਹੁਤ ਪਰਪੱਕ ਹੋ ਗਈ, ਕਿਉਂਕਿ ਉਸ ਨੇ ਵੱਖ ਵੱਖ ਤਕਨੀਕਾਂ ਵਿਚ ਮੁਹਾਰਤ ਹਾਸਲ ਕਰ ਲਈ ਸੀ ਅਤੇ ਕੈਮਰਾ ਓਬਸਕਿਊਰਾ ਦੀ ਵਰਤੋਂ ਅਤੇ ਹੋਰ ਤਕਨੀਕੀ ਤਰੀਕਿਆਂ ਨੂੰ ਲਾਗੂ ਕੀਤਾ ਸੀ। ਸਮੇਂ ਦੇ ਨਾਲ ਉਸ ਨੇ ਯਥਾਰਥਵਾਦ ਦੀ ਸਹੀ ਭਾਵਨਾ ਨੂੰ ਯਕੀਨੀ ਬਣਾਉਣ ਲਈ ਆਪਣੇ ਚਿੱਤਰਾਂ 'ਚ ਵੱਧ ਵਿਸਥਾਰ ਸ਼ਾਮਲ ਕੀਤਾ।

ਕਲਾ ਇਤਿਹਾਸਕਾਰਾਂ ਅਤੇ ਵਿਦਵਾਨਾਂ ਵਲੋਂ ਇਹ ਦੱਸਿਆ ਗਿਆ ਕਿ ਵਰਮੀਰ ਨੇ ਬੁਰਸ਼ ਦੇ ਹੈਂਡਲ ਦੀ ਨੋਕ ਦੀ ਵਰਤੋਂ ਆਪਣੇ ਚਿੱਤਰ ਦੇ ਕੁਝ ਹਿੱਸਿਆਂ ਨੂੰ ਮਿਟਾਉਣ ਅਤੇ ਮੁੜ ਬਣਾਉਣ ਲਈ ਕੀਤੀ। ਉਹ ਡੂੰਘਾਈ ਦੀ ਭਾਵਨਾ ਪੈਦਾ ਕਰਨ ਲਈ ਅਤੇ ਰੌਸ਼ਨੀ ਦੇ ਪ੍ਰਤੀਬਿੰਬਾਂ ਨੂੰ ਵਧਾਉਣ ਲਈ ਡੂੰਘੀਆਂ ਪਰਤਾਂ ਨੂੰ ਪ੍ਰਗਟ ਕਰਨ ਲਈ ਰੰਗ ਦੀ ਇਕ ਪਰਤ ਨੂੰ ਮਿਟਾ ਦਿੰਦਾ ਸੀ। ਉਹ ਬੁਰਸ਼ ਦੀਆਂ ਬਹੁਤ ਸਾਰੀਆਂ ਤਕਨੀਕਾਂ ਦੀ ਵਰਤੋਂ ਕਰਦਾ ਅਤੇ ਵਖ-ਵਖ ਬੁਣਤਰਾਂ ਹਾਸਲ ਕਰਨ ਲਈ ਵਖ-ਵਖ ਬੁਰਸ਼ਾਂ ਦੇ ਨਮੂਨਿਆਂ ਨੂੰ ਵਰਤੋਂ ਵਿਚ ਲਿਆਉਂਦਾ। ਉਦਾਹਰਨ ਲਈ ਕੱਪੜੇ, ਕਢਾਈ ਅਤੇ ਲੱਕੜ ਦੇ ਚਿੱਤਰਨ ਲਈ ਵੱਖੋ-ਵੱਖਰੇ ਵਾਲਾਂ ਵਾਲੇ ਬੁਰਸ਼ ਵਰਤੇ ਜੋ ਸੰਭਵ ਤੌਰ 'ਤੇ ਉਨ੍ਹਾਂ ਨੂੰ ਹੋਰ ਯਥਾਰਥਵਾਦੀ ਰੂਪ ਵਿਚ ਦਰਸਾਉਣ ਦਾ ਕੰਮ ਕਰਦੇ ਸਨ। ਅਸੀਂ ਵਰਮੀਰ ਬਾਰੇ ਕਹਿ ਸਕਦੇ ਹਾਂ ਕਿ ਉਹ ਕਲਾ ਦੇ ਖੇਤਰ ਵਿਚ ਕਲਾਸਕੀ ਅਤੇ ਆਧੁਨਿਕ ਵਿਧੀਆਂ ਵਿਚ ਪੁਲ ਵਾਂਗ ਸੀ ਜੋ ਪੁਰਾਤਨ ਕਲਾ ਮੁਹਾਰਤ ਅਤੇ ਆਧੁਨਿਕ ਤਕਨੀਕ ਦੇ ਸੁਮੇਲ ਨਾਲ ਭਾਵਨਾਵਾਂ ਦਾ ਪ੍ਰਗਟਾਵਾ ਕਰਨ ਵਾਲਾ ਪਹਿਲਾ ਕਲਾਕਾਰ ਸੀ, ਜਿਸ ਤੋਂ ਇਕ ਸਦੀ ਬਾਅਦ ਅਜੋਕੀ ਤਸਵੀਰਸਾਜ਼ੀ ਅਤੇ ਫ਼ਿਲਮਾਂਕਣ ਦੇ ਵਿਕਾਸ ਦਾ ਮੁੱਢ ਬੱਝਦਾ ਹੈ।


'ਭੂ-ਵਿਗਿਆਨੀ' ਦਾ ਚਿੱਤਰ।


'ਨੀਲੇ ਲਿਬਾਸ ਵਿਚ ਚਿੱਠੀ ਪੜ੍ਹਦੀ ਸੁਆਣੀ' ਦਾ ਚਿੱਤਰ।


'ਲੈਸ ਲਾਉਂਦੀ ਕੁੜੀ' ਦਾ ਚਿੱਤਰ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਦਸੰਬਰ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-408



*ਆ ਗਿਆ ਪਾਲਾ, ਆ ਗਿਆ ਪਾਲਾ,*
*ਬਈ ਆ ਗਿਆ ਪਾਲਾ, ਪਾਲਾ।*
*ਗੱਭਰੂਆਂ ਦਾ ਭਾਈ, ਬਜ਼ੁਰਗਾਂ ਦਾ ਜਵਾਈ*
*ਅਤੇ ਨਿਆਣਿਆਂ ਦਾ ਸਾਲਾ।*

## ਕੈਪਸ਼ਨ ਮੁਕਾਬਲਾ-406



ਦੂਰ ਦੂਰ ਤੱਕ ਰੰਗ ਵਿਖਰ ਗਏ
ਰੰਗ ਬਿਰੰਗੀਆਂ ਦਸਤਾਰਾਂ ਦੇ।
ਵਿਚ ਦੁਨੀਆਂ ਪਛਾਣ ਵੱਖਰੀ
ਗੂੰਜਣ ਨਾਂ ਸਰਦਾਰਾਂ ਦੇ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਅਣਾ)***
***ਫੋਨ: 91-98783-37222***

---

ਰੰਗ ਬਰੰਗੀਆਂ ਪਗੜੀਆਂ ਦਾ
ਹੜ੍ਹ ਜਿਹਾ ਹੈ ਆਇਆ।
'ਦਸਤਾਰ ਦਿਵਸ' ਮਨਾਵਣ ਦਾ
ਸਭ ਨੇ ਮਤਾ ਪਕਾਇਆ।
ਇਕੱਠੇ ਹੋ ਕੇ ਬੰਨ੍ਹ ਦਸਤਾਰਾਂ
ਖਿੜ੍ਹੀ ਗੁਰੂ ਦੀ ਫੁਲਵਾੜੀ।
ਲੱਖਾਂ 'ਚੋਂ ਵੱਖਰਾ ਸਿੰਘ ਦਿਸਦਾ
ਲੱਭ ਲਏ ਭਾਵੇਂ ਅਨਾੜੀ।

***-ਸੇਵਾ ਸਿੰਘ ਨੂਰਪੁਰੀ***

---

ਰੰਗ-ਬਰੰਗੀਆਂ ਦਸਤਾਰਾਂ ਨਾਲ ਸਜੇ
ਸਿੱਖਾਂ ਦੀ ਵੱਖਰੀ ਹੈ ਪਛਾਣ।
ਸਿਧਾਂਤ 'ਤੇ ਅਮਲਾਂ ਨਾਲ ਸੱਚ ਤੱਕ ਰਸਾਈ
ਦਸਮੇਸ਼ ਪਿਤਾ ਗੁਰੂ ਸੀ ਮਹਾਨ।
ਬਾਬੇ ਨਾਨਕ ਤੋਂ ਬੱਝਿਆ ਮੁੱਢ
ਜ਼ੁਲਮ ਖਿਲਾਫ ਜੂਝਣਾ,
ਮਜ਼ਲੂਮਾਂ ਦੀ ਰੱਖਿਆ
ਸਰਬਤ ਦਾ ਭਲਾ ਮੰਗਣਾ,
ਸਿੱਖ ਦੀ ਇਹ ਸ਼ਾਨ।

***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾ, ਪਟਿਆਲਾ।***
***ਫੋਨ: 91-98784-69639***

---

ਸਿੱਖੀ ਦਾ ਬੂਟਾ ਮਹਿਕੇ
ਦੁਨੀਆਂ ਵਿਚ ਹੁਣ ਸਾਰੇ।
ਕਈ ਕੁਝ ਕੁਹਿਣ ਦਸਤਾਰਾਂ
ਸਮਝ ਲੈ ਬੋਲੀਏ ਸਰਕਾਰੇ।

***-ਅਜੀਤ ਸਿੰਘ ਬਾਹੀਆ***
***ਫੋਨ: 510-314-2859***

---

ਪੈਦਾ ਹੋਏ ਯੋਧੇ ਹਰ ਮੰਚ 'ਤੇ
ਦਿੱਤੀਆਂ ਕੁਰਬਾਨੀਆਂ ਹਰ ਪੰਧ 'ਤੇ
ਲੈ ਜੋਖਮ ਖੜੇ ਹਮੇਸ਼ਾ ਸਰਹੱਦਾਂ 'ਤੇ
ਆਈਆਂ ਸਰਕਾਰਾਂ, ਗਈਆਂ ਸਰਕਾਰਾਂ
ਰਹੇ ਫਾਂਸੀ ਦੇ ਫੰਦੇ ਗਲਾਂ 'ਚ ਪਾਉਂਦੇ।
ਤੁਰਲਾ ਫਿਰ ਵੀ ਕਦੇ ਨਾ ਹੋਇਆ ਨੀਂਵਾਂ
ਰੰਗ ਬਰੰਗੀਆਂ ਪੱਗਾਂ ਸੇਧ ਮੱਥੇ ਦੀ
ਤਾਜ ਸਜਿਆ ਅਣਖ ਦਾ, ਦਿਖਾਉਂਦਾ ਰਿਹਾ
ਦਸਤਾਰਾਂ ਰੰਗ-ਬਰੰਗੀਆ ਚਮਕਣ
ਜਿਵੇਂ ਫੁੱਲ ਖਿੜੇ ਬਸੰਤ ਬਹਾਰ ਨੂੰ।

***-ਦਰਸ਼ਨਪਾਲ ਦੋਸਾਂਝ***

---

ਬੱਚੇ, ਬੁੱਢੇ, ਸਭ ਜਵਾਨ ਗੱਭਰੂ, ਸਰਦਾਰ
ਰੰਗ-ਬਰੰਗੀ ਸ਼ੌਕ ਨਾਲ ਬੰਨ੍ਹਦੇ ਦਸਤਾਰ।
ਵਿਰਸੇ ਦੀ ਸੰਭਾਲ, ਚਾਅ ਠਾਠਾਂ ਮਾਰਦਾ
ਵੱਖਰੀ ਹੀ ਪਛਾਣ, ਕੁੱਲ ਜੱਗ ਜਾਣਦਾ।
ਮਾਣ ਇਸ ਦਾ ਹੈ ਭਾਰੀ, ਕੁੱਲ ਜਾਣੇ ਸੰਸਾਰ
ਦਾਗ ਲੱਗ ਨਾ ਜਾਵੇ, ਰੱਖਣ ਉਚਾ ਕਿਰਦਾਰ

***-ਦਵਿੰਦਰ ਕੌਰ***

---

ਸਰਕਾਰ ਸਮੇਂ ਦੀ, ਸਮੇਂ ਸਮੇਂ
ਆਪਣਾ ਰੰਗ ਵਿਖਾਉਂਦੀ।
ਉੱਦਮ ਕਰਕੇ ਨਵੀਂ ਪਨੀਰੀ
ਦੇਸ਼ ਦਾ ਨਾਂ ਚਮਕਾਉਂਦੀ।
ਦ੍ਰਿੜ੍ਹ ਇਰਾਦੇ ਨਾਲ ਤੁਰੇ ਜੋ
ਆਪਣੀ ਮੰਜ਼ਿਲ ਪਾਉਂਦੇ।
ਧਰਤੀ ਮਾਂ ਦੀ ਹਿਕ ਚੀਰ
ਦੇਸ਼ ਦੀ ਭੁੱਖ ਮਿਟਾਉਂਦੇ।
ਦਸਤਾਰਧਾਰੀ ਸਿੰਘ ਹੋਏ ਇਕੱਠੇ
ਹੱਕ ਸੱਚ ਲਈ ਲੜਦੇ।
ਦੇਸ਼ ਕੌਮ ਨੂੰ ਲੋੜ ਪਵੇ
ਤਾਂ ਹਿੱਕਾਂ ਤਾਣ ਕੇ ਖੜ੍ਹਦੇ।

***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***


# ਲਾਹੌਰ ਮਿਊਜ਼ੀਅਮ

**ਲਾਹੌਰ ਮਿਊਜ਼ੀਅਮ ਦੀ ਸ਼ੁਰੂਆਤ ਬ੍ਰਿਟਿਸ਼ ਸਰਕਾਰ ਰਾਹੀਂ 1865-66 ਵਿਚ ਪੰਜਾਬ ਦੀਆਂ ਉਦਯੋਗਿਕ ਕਲਾਵਾਂ ਦੀ ਨੁਮਾਇਸ਼ ਨਾਲ ਹੋਈ। ਇਸ ਨੁਮਾਇਸ਼ ਲਈ ਵਿਸ਼ੇਸ਼ ਤੌਰ 'ਤੇ ਇਕ ਇਮਾਰਤ ਦੀ ਉਸਾਰੀ ਕਰਵਾਈ ਗਈ ਸੀ, ਜਿਸ ਨੂੰ ਹੁਣ 'ਟਾਲਿੰਟਨ ਮਾਰਕੀਟ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਪ੍ਰਦਰਸ਼ਨੀ ਨੂੰ 'ਇੰਡਸਟ੍ਰੀਅਲ ਆਰਟਸ ਮਿਊਜ਼ੀਅਮ ਆਫ ਪੰਜਾਬ' ਦਾ ਨਾਂ ਦੇ ਕੇ ਸਥਾਈ ਰੂਪ ਵਿਚ ਸੰਭਾਲ ਲਿਆ ਗਿਆ। ਫਿਰ ਨਵੀਂ ਇਮਾਰਤ ਉਸਾਰਨ ਦੀ ਯੋਜਨਾ ਬਣੀ, ਜਿਸ ਦੀ ਉਸਾਰੀ 1893 ਵਿਚ ਮੁਕੰਮਲ ਹੋਈ। ਅਗਲੇ ਸਾਲ ਪੰਜਾਬ ਦੀਆਂ ਉਦਯੋਗਿਕ ਕਲਾਵਾਂ ਦੀ ਨੁਮਾਇਸ਼ ਦੇ ਸੰਗ੍ਰਿਹ ਨੂੰ ਇਸ ਵਿਚ ਤਬਦੀਲ ਕਰਕੇ ਇਹ ਆਮ ਜਨਤਾ ਲਈ ਖੋਲ੍ਹ ਦਿੱਤਾ ਗਿਆ।**



ਲਾਹੌਰ ਮਿਊਜ਼ੀਅਮ ਦਾ ਮੁੱਖ ਦੁਆਰ।

ਗੁਰਦਾਸ ਮਾਨ ਦਾ ਗੀਤ 'ਘੱਗਰੇ ਵੀ ਗਏ, ਫੁਲਕਾਰੀਆਂ ਵੀ ਗਈਆਂ, ਕੰਨਾਂ ਵਿਚੋਂ ਕੋਕਰੂ ਤੇ ਵਾਲੀਆਂ ਵੀ ਗਈਆਂ' ਸੁਣ ਕੇ ਬੀਤੇ ਸਮਿਆਂ ਬਾਰੇ ਝੂਰਨਾ ਵਿਅਰਥ ਹੈ, ਕਿਉਂਕਿ ਸਭ ਜੀਵਨ-ਸ਼ੈਲੀਆਂ ਨੇ ਸਮੇਂ ਨਾਲ ਬਦਲਣਾ ਹੀ ਹੁੰਦਾ ਹੈ। ਇਤਿਹਾਸ ਜਾਂ ਕਿਸੇ ਜੀਵਨ-ਸ਼ੈਲੀ ਨੂੰ ਕਿਸੇ ਬਿੰਦੂ 'ਤੇ ਸਦਾ ਲਈ ਖੜ੍ਹਾਇਆ ਨਹੀਂ ਜਾ ਸਕਦਾ। ਅਸੀਂ ਸਿਰਫ ਇਹ ਕਰ ਸਕਦੇ ਹਾਂ ਕਿ ਇਸ ਪਰਿਵਰਤਨ ਦੇ ਵਿਭਿੰਨ ਪੜਾਵਾਂ ਦੇ ਨਮੂਨੇ ਸੰਭਾਲ ਲਈਏ ਜਾਂ ਹੋਰ ਕਿਸੇ ਸਾਧਨ ਰਾਹੀਂ ਇਨ੍ਹਾਂ ਨੂੰ ਸੁਰੱਖਿਅਤ ਕਰ ਲਈਏ। ਅਜਾਇਬਘਰ ਬਣਾਉਣ ਦਾ ਉਦੇਸ਼



**ਸੁਭਾਸ਼ ਪਰਿਹਾਰ**
**ਫੋਨ: +91-98728-22417**

ਇਹੋ ਹੁੰਦਾ ਹੈ ਕਿ ਇਹ ਪੁਰਾਤਨ ਨਮੂਨੇ ਜਾਂ ਹੋਰ ਦਸਤਾਵੇਜ਼ੀ ਸਬੂਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਦਿਖਾਉਣ ਲਈ ਸੰਭਾਲ ਲਏ ਜਾਣ। ਇਸ ਤਰ੍ਹਾਂ ਅਜਾਇਬਘਰ ਇਤਿਹਾਸ ਅਤੇ ਸਭਿਆਚਾਰ ਦੇ ਸ਼ੀਸ਼ੇ ਦਾ ਕੰਮ ਕਰਦੇ ਹਨ, ਜਿਸ ਵਿਚ ਦਰਸ਼ਕ ਪੁਰਾਤਨ ਸਮਿਆਂ ਦੀਆਂ ਝਲਕਾਂ ਵੇਖ ਸਕਦੇ ਹਨ। ਉਹ ਮਨੁੱਖ ਦੇ ਵਰਤਮਾਨ ਜੀਵਨ ਤੀਕ ਪਹੁੰਚਣ ਲਈ ਕੀਤੇ ਸਫਰ ਨੂੰ ਬਿਹਤਰ ਸਮਝ ਸਕਦੇ ਹਨ।

ਸਾਂਝੇ ਪੰਜਾਬ ਵਿਚ ਸਭ ਤੋਂ ਪਹਿਲਾ ਅਜਾਇਬਘਰ ਲਾਹੌਰ ਵਿਖੇ ਉਸਾਰਿਆ ਗਿਆ ਸੀ, ਜੋ ਹੁਣ ਸ਼ਾਹਰਾਹ-ਏ ਕਾਇਦ-ਏ ਆਜ਼ਮ (ਜਿਸ ਨੂੰ ਆਮ ਬੋਲਚਾਲ ਵਿਚ 'ਦਿ ਮਾਲ' ਵੀ ਕਿਹਾ ਜਾਂਦਾ ਹੈ) ਉਤੇ, ਪੰਜਾਬ ਯੂਨੀਵਰਸਿਟੀ ਦੇ ਪੁਰਾਣੇ ਕੈਂਪਸ ਦੇ ਬਿਲਕੁਲ ਸਾਹਮਣੇ ਹੈ। ਇਹ ਸਾਂਝੇ ਪੰਜਾਬ ਦੀ ਹੀ ਨਹੀਂ ਸਗੋਂ ਦੱਖਣੀ ਏਸ਼ੀਆ ਦੀ ਇਤਿਹਾਸਕ ਵਿਰਾਸਤ ਦਾ ਸਭ ਤੋਂ ਪੁਰਾਤਨ ਅਤੇ ਬਹੁਤ ਵੱਡਾ ਸੰਗ੍ਰਿਹ ਹੈ। ਇਸ ਸੰਭਾਲੇ ਹੋਏ ਵਿਰਸੇ ਨੂੰ ਦੇਖਣ ਹਰ ਸਾਲ ਲੱਖਾਂ ਲੋਕ ਆਉਂਦੇ ਹਨ। ਰਿਕਾਰਡ ਮੁਤਾਬਿਕ ਸਾਲ 2015 ਵਿਚ ਇਸ ਨੂੰ ਢਾਈ ਲੱਖ ਲੋਕ ਵੇਖਣ ਆਏ।

ਲਾਹੌਰ ਮਿਊਜ਼ੀਅਮ ਦੀ ਸ਼ੁਰੂਆਤ ਬ੍ਰਿਟਿਸ਼ ਸਰਕਾਰ ਰਾਹੀਂ 1865-66 ਵਿਚ ਪੰਜਾਬ ਦੀਆਂ ਉਦਯੋਗਿਕ ਕਲਾਵਾਂ ਦੀ ਨੁਮਾਇਸ਼ ਨਾਲ ਹੋਈ। ਇਸ ਨੁਮਾਇਸ਼ ਲਈ ਵਿਸ਼ੇਸ਼ ਤੌਰ 'ਤੇ ਇਕ ਇਮਾਰਤ ਦੀ ਉਸਾਰੀ ਕਰਵਾਈ ਗਈ ਸੀ, ਜਿਸ ਨੂੰ ਹੁਣ 'ਟਾਲਿੰਟਨ ਮਾਰਕੀਟ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਪ੍ਰਦਰਸ਼ਨੀ ਨੂੰ 'ਇੰਡਸਟ੍ਰੀਅਲ ਆਰਟਸ ਮਿਊਜ਼ੀਅਮ ਆਫ ਪੰਜਾਬ' ਦਾ ਨਾਂ ਦੇ ਕੇ ਸਥਾਈ ਰੂਪ ਵਿਚ ਸੰਭਾਲ ਲਿਆ ਗਿਆ। ਫਿਰ 1887 ਵਿਚ ਮਹਾਰਾਣੀ ਵਿਕਟੋਰੀਆ ਦੇ ਰਾਜ ਦੀ ਗੋਲਡਨ ਜੁਬਲੀ ਦੇ ਮੌਕੇ ਇਸ ਸੰਗ੍ਰਿਹ ਲਈ ਨਵੀਂ ਇਮਾਰਤ ਉਸਾਰਨ ਦੀ ਯੋਜਨਾ ਬਣੀ, ਜਿਸ ਦਾ ਨੀਂਹ ਪੱਥਰ ਭਵਿਖ ਦੇ ਬਾਦਸ਼ਾਹ ਜਾਰਜ ਪੰਚਮ (ਰਾਜਕਾਲ: 1910-36) ਦੇ ਵੱਡੇ ਭਰਾ ਰਾਜਕੁਮਾਰ ਅਲਬਰਟ ਵਿਕਟਰ (1864-92) ਨੇ ਰੱਖਿਆ। ਇਮਾਰਤ ਦਾ ਡਿਜ਼ਾਈਨ ਲਾਹੌਰ ਦੇ ਹੀ ਇੰਜੀਨੀਅਰ ਸਰ ਗੰਗਾ ਰਾਮ ਨੇ ਮੁਗਲ-ਗੋਥਿਕ ਸ਼ੈਲੀ ਵਿਚ ਤਿਆਰ ਕੀਤਾ। ਅਜਾਇਬਘਰ ਦੀ ਇਹ ਇਮਾਰਤ ਆਪਣੇ ਆਪ ਵਿਚ ਇਮਾਰਤ ਉਸਾਰੀ ਕਲਾ ਦਾ ਵਧੀਆ ਨਮੂਨਾ ਹੈ। ਇਸ ਦੀ ਉਸਾਰੀ 1893 ਵਿਚ ਮੁਕੰਮਲ ਹੋਈ ਅਤੇ ਅਗਲੇ ਸਾਲ ਪੰਜਾਬ ਦੀਆਂ ਉਦਯੋਗਿਕ ਕਲਾਵਾਂ ਦੀ ਨੁਮਾਇਸ਼ ਦੇ ਸੰਗ੍ਰਿਹ ਨੂੰ ਇਸ ਵਿਚ ਬਦਲ ਕੇ ਇਹ ਆਮ ਜਨਤਾ ਲਈ ਖੋਲ੍ਹ ਦਿੱਤਾ ਗਿਆ।

1947 ਵਿਚ ਭਾਰਤ-ਪਾਕਿਸਤਾਨ ਦੀ ਵੰਡ ਹੋ ਜਾਣ 'ਤੇ ਹੋਰ ਵਸਤਾਂ ਵਾਂਗੂੰ ਇਸ ਅਜਾਇਬਘਰ ਦਾ ਸੰਗ੍ਰਿਹ ਵੀ ਵੰਡਿਆ ਗਿਆ ਅਤੇ ਇਸ ਦੀਆਂ ਕੁਝ ਬੇਸ਼ਕੀਮਤੀ ਕਲਾ-ਵਸਤਾਂ ਭਾਰਤ ਦੇ ਹਿੱਸੇ ਆ ਗਈਆਂ, ਪਰ ਇਸ ਵੰਡ ਨਾਲ ਲਾਹੌਰ ਮਿਊਜ਼ੀਅਮ ਦੇ ਸੰਗ੍ਰਿਹ ਵਿਚ ਖੱਪੇ ਪੈ ਗਏ। ਖੈਰ, ਇਸ ਗੈਰ-ਕੁਦਰਤੀ ਸਿਆਸੀ ਵੰਡ ਨਾਲ ਇਹ ਤਾਂ ਹੋਣਾ ਹੀ ਸੀ (ਭਾਰਤ ਦੇ ਹਿੱਸੇ ਆਈਆਂ ਕਲਾਕ੍ਰਿਤਾਂ ਹੁਣ ਚੰਡੀਗੜ੍ਹ ਦੇ ਦਸ ਸੈਕਟਰ ਵਿਚ ਸਥਿਤ ਸਰਕਾਰੀ ਅਜਾਇਬਘਰ ਵਿਚ ਪ੍ਰਦਰਸ਼ਿਤ ਹਨ) ਪਰ ਭਾਰਤ-ਪਾਕਿਸਤਾਨ ਦਾ ਸਭਿਆਚਾਰ ਸਾਂਝਾ ਹੋਣ ਕਾਰਨ ਲਾਹੌਰ ਮਿਊਜ਼ੀਅਮ ਵਿਚ ਹੁਣ ਵੀ ਅਜਿਹਾ ਬਹੁਤ ਕੁਝ ਹੈ, ਜੋ ਖਿੱਤੇ ਦੇ ਇਤਿਹਾਸਕਾਰਾਂ ਅਤੇ ਭਾਰਤੀ ਦਰਸ਼ਕਾਂ ਲਈ ਵੀ ਬਹੁਤ ਅਹਿਮ ਅਤੇ ਰੌਚਕ ਹੈ।

ਅਜਾਇਬਘਰ ਵਿਚ ਪੁੱਜਣ ਵਾਲੇ ਦਰਸ਼ਕਾਂ ਦਾ ਸੁਆਗਤ ਅਫਗਾਨ ਹਮਲਾਵਰ ਅਹਿਮਦ ਸ਼ਾਹ ਦੁੱਰਾਨੀ/ਅਬਦਾਲੀ (1722-72) ਦੀ ਇਤਿਹਾਸਕ 'ਜ਼ਮਜ਼ਮਾ' ਤੋਪ ਕਰਦੀ ਹੈ, ਜੋ ਸਿੱਖ ਇਤਿਹਾਸ ਵਿਚ 'ਭੰਗੀਆਂ ਵਾਲੀ ਤੋਪ' ਦੇ ਨਾਂ ਨਾਲ ਪ੍ਰਸਿਧ ਹੈ। ਬਾਕੀ ਦੁਨੀਆਂ ਵਿਚ ਇਸ ਤੋਪ ਨੂੰ ਪ੍ਰਸਿਧੀ ਅੰਗਰੇਜ਼ੀ ਭਾਸ਼ਾ ਦੇ ਵਿਸ਼ਵ ਪ੍ਰਸਿਧ ਸਾਹਿਤਕਾਰ ਰੁਡਯਾਰਡ ਕਿਪਲਿੰਗ (1865-1936) ਨੇ ਆਪਣੇ ਨਾਵਲ 'ਕਿਮ' (1901) ਵਿਚ ਇਸ ਦਾ ਜ਼ਿਕਰ ਕਰਕੇ ਦਿਵਾਈ। ਹੁਣ ਇਹ ਅਜਾਇਬਘਰ ਦੇ ਸਾਹਮਣੇ ਸ਼ਾਹਰਾਹ ਦੇ ਵਿਚਕਾਰ ਖੜ੍ਹੀ ਹੈ।

ਇਸ ਅਜਾਇਬਘਰ ਵਿਚ ਕੁੱਲ 18 ਗੈਲਰੀਆਂ ਹਨ- 14 ਜ਼ਮੀਨੀ ਮੰਜ਼ਿਲ 'ਤੇ ਅਤੇ ਬਾਕੀ ਉਪਰਲੀ ਮੰਜ਼ਿਲ 'ਤੇ। ਇਨ੍ਹਾਂ ਗੈਲਰੀਆਂ ਵਿਚ ਨਾ ਸਿਰਫ ਭਾਰਤ ਅਤੇ ਪਾਕਿਸਤਾਨ ਦੇ ਇਤਿਹਾਸ ਤੇ ਸਭਿਆਚਾਰ ਨਾਲ ਸਬੰਧਿਤ ਵਸਤਾਂ ਹਨ ਸਗੋਂ ਬਰਮਾ, ਨੇਪਾਲ, ਤਿੱਬਤ ਅਤੇ ਮੱਧ ਏਸ਼ੀਆ ਦੇ ਇਤਿਹਾਸ ਨਾਲ ਸਬੰਧਿਤ ਅਨੇਕਾਂ ਕਲਾਕ੍ਰਿਤਾਂ ਵੀ ਹਨ। ਪ੍ਰਦਰਸ਼ਿਤ ਸੰਗ੍ਰਿਹ ਵਿਚ ਸਭ ਤੋਂ ਪੁਰਾਤਨ ਨਮੂਨੇ ਲੱਖਾਂ ਸਾਲ ਪੁਰਾਣੇ ਪੱਥਰ ਦੇ ਔਜ਼ਾਰ ਹਨ, ਜੋ ਸੋਆਂ ਘਾਟੀ ਤੋਂ ਪੁਰਾਤੱਤਵੀ ਖੁਦਾਈਆਂ ਦੌਰਾਨ ਪ੍ਰਾਪਤ ਹੋਏ ਸਨ ਅਤੇ ਨਵੀਨਤਮ ਪ੍ਰਦਰਸ਼ਿਤ ਵਸਤਾਂ ਪਾਕਿਸਤਾਨ ਬਣਾਉਣ ਲਈ ਕੀਤੇ ਸੰਘਰਸ਼ ਦੀਆਂ ਤਸਵੀਰਾਂ, ਮੁਲਕ ਦੀ ਕਰੰਸੀ ਅਤੇ ਡਾਕ ਟਿਕਟਾਂ ਹਨ।

ਪਹਿਲੀ ਗੈਲਰੀ ਅੱਗੇ ਕਈ ਭਾਗਾਂ ਵਿਚ ਵੰਡੀ ਹੋਈ ਹੈ। ਸਭ ਤੋਂ ਪਹਿਲੇ ਭਾਗ ਵਿਚ ਲਾਹੌਰ ਤੋਂ ਪ੍ਰਾਪਤ ਹੋਏ ਤਰਾਸ਼ੀ ਲੱਕੜ ਦੇ ਮੱਧਕਾਲੀ ਦਰਵਾਜੇ ਅਤੇ ਸ਼ਾਲੀਮਾਰ ਬਾਗ ਤੋਂ ਪ੍ਰਾਪਤ ਸਿੱਖ ਕਾਲ (1799-1849) ਦੇ ਕੁਝ ਦਰਵਾਜੇ ਹਨ। ਗੈਲਰੀ ਦੇ ਦੂਸਰੇ ਭਾਗ ਵਿਚ ਮੁਗਲ, ਰਾਜਸਥਾਨੀ, ਦੱਖਣੀ ਅਤੇ ਪਹਾੜੀ ਸ਼ੈਲੀ ਦੇ ਨਾਯਾਬ ਲਘੂਚਿੱਤਰ ਪ੍ਰਦਰਸ਼ਿਤ ਹਨ। ਇਨ੍ਹਾਂ ਵਿਚੋਂ ਪਹਾੜੀ ਚਿੱਤਰਾਂ ਅਤੇ ਸਿੱਖ ਵਿਅਕਤੀ ਚਿੱਤਰਾਂ ਬਾਰੇ ਪਾਕਿਸਤਾਨੀ ਵਿਦਵਾਨ ਐਫ. ਐਸ. ਐਜ਼ਾਜ਼ੂਦੀਨ ਨੇ ਕਿਤਾਬ 'ਪਹਾੜੀ ਪੇਂਟਿੰਗਜ਼ ਐਂਡ ਸਿੱਖ ਪੋਰਟ੍ਰੇਟਸ ਇਨ ਦਿ ਲਾਹੌਰ ਮਿਊਜ਼ੀਅਮ' ਲਿਖੀ ਸੀ, ਜੋ 1977 ਵਿਚ ਛਪੀ ਸੀ। ਹੁਣ ਇਹ ਦੁਰਲੱਭ ਕਿਤਾਬਾਂ ਦੀ ਸੂਚੀ ਵਿਚ ਆਉਂਦੀ ਹੈ।



ਲਾਹੌਰ ਮਿਊਜ਼ੀਅਮ ਵਿਚ ਪਿਆ ਚਰਖਾ।

ਅਜਾਇਬਘਰ ਦੀ ਦੂਜੀ ਗੈਲਰੀ ਗੰਧਾਰ ਮੂਰਤੀ ਕਲਾ ਨੂੰ ਸਮਰਪਿਤ ਹੈ, ਜੋ ਸਿੰਧ ਅਤੇ ਕਾਬੁਲ ਦਰਿਆਵਾਂ ਦੇ ਸੰਗਮ ਦੇ ਉਤਰ ਦੇ ਇਲਾਕੇ ਵਿਚ ਕੁਸ਼ਾਣ ਹਾਕਮਾਂ ਦੇ ਸ਼ਾਸਨ ਕਾਲ ਵਿਚ ਪਹਿਲੀ ਤੋਂ ਪੰਜਵੀਂ ਸਦੀ ਦੌਰਾਨ ਵਿਕਸਿਤ ਹੋਈ। ਉਸ ਸਮੇਂ ਇਸ ਇਲਾਕੇ ਵਿਚ ਦੀ ਅਨੇਕਾਂ ਵਪਾਰ ਮਾਰਗ ਲੰਘਦੇ ਸਨ, ਜਿਨ੍ਹਾਂ ਰਾਹੀ ਵਿਭਿੰਨ ਇਲਾਕਿਆਂ ਦੀਆਂ ਕਲਾ-ਸ਼ੈਲੀਆਂ ਦਾ ਪ੍ਰਭਾਵ ਵੀ ਇਥੇ ਪਹੁੰਚਿਆ। ਗੰਧਾਰ ਮੂਰਤੀ ਕਲਾ ਰੋਮਨ ਕਲਾ ਦੇ ਪ੍ਰਭਾਵ ਹੇਠ ਪੈਦਾ ਹੋਈ। ਇਹ ਪ੍ਰਭਾਵ ਇੰਨਾ ਜ਼ਿਆਦਾ ਹੈ ਕਿ ਕਲਾ ਇਤਿਹਾਸਕਾਰ ਬੈਂਜੇਮਿਨ ਰੋਲੈਂਡ ਇਸ ਨੂੰ ਰੋਮਨ ਸਾਮਰਾਜ ਦਾ ਹੀ ਸਭ ਤੋਂ ਪੂਰਬੀ ਪ੍ਰਗਟਾਵਾ ਮੰਨਦਾ ਹੈ। ਸਾਰੀਆਂ ਗੰਧਾਰ ਮੂਰਤੀਆਂ ਦਾ ਵਿਸ਼ਾ ਬੁੱਧ ਧਰਮ ਨਾਲ ਸਬੰਧਿਤ ਹੈ, ਜੋ ਉਸ ਸਮੇਂ ਰੇਸ਼ਮ ਮਾਰਗ (ਸਿਲਕ ਰੂਟ) ਦੇ ਨਾਲ ਨਾਲ ਮੱਧ ਏਸ਼ੀਆ ਤੀਕ ਫੈਲ ਚੁਕਾ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਮਹਾਤਮਾ ਬੁੱਧ ਦੀਆਂ ਪ੍ਰਾਚੀਨਤਮ ਮੂਰਤੀਆਂ ਗੰਧਾਰ ਇਲਾਕੇ ਵਿਚ ਤਰਾਸ਼ੀਆਂ ਗਈਆਂ (ਉਂਜ ਲਗਭਗ ਇਸੇ ਸਮੇਂ ਮਥੁਰਾ ਸ਼ੈਲੀ ਵਿਚ ਵੀ ਮਹਾਤਮਾ ਬੁੱਧ ਦੀਆਂ ਮੂਰਤੀਆਂ ਬਣਨੀਆਂ ਸ਼ੁਰੂ ਹੋ ਗਈਆਂ ਸਨ)। ਹੋਰ ਮੂਰਤੀਆਂ ਦੇ ਨਾਲ ਨਾਲ ਇਸ ਗੈਲਰੀ ਵਿਚ ਮਹਾਤਮਾ ਬੁੱਧ ਦੀ ਉਹ ਵਿਸ਼ਵ ਪ੍ਰਸਿਧ ਮੂਰਤੀ ਵੀ ਹੈ, ਜਿਸ ਵਿਚ ਮਹਾਤਮਾ ਬੁੱਧ ਦਾ ਸਰੀਰ ਲੰਮੇ ਵਰਤ ਰੱਖਣ ਕਾਰਨ ਸੁੱਕ ਕੇ ਹੱਡੀਆਂ ਦਾ ਢਾਂਚਾ ਮਾਤਰ ਰਹਿ ਗਿਆ ਹੈ।

ਪਾਕਿਸਤਾਨ, ਭਾਰਤ, ਨੇਪਾਲ, ਤਿੱਬਤ ਅਤੇ ਬਰਮਾ ਤੋਂ ਪ੍ਰਾਪਤ ਹਿੰਦੂ, ਬੋਧੀ, ਜੈਨੀ ਅਤੇ ਤਾਂਤਰਿਕ ਕਲਾ ਦੇ ਨਮੂਨੇ ਤੀਜੀ ਗੈਲਰੀ ਦਾ ਸ਼ਿੰਗਾਰ ਹਨ। ਇਸੇ ਗੈਲਰੀ ਵਿਚ ਹਰਿਆਣੇ ਤੋਂ ਪ੍ਰਾਪਤ ਪੱਥਰ ਦੀਆਂ ਦੋ ਖੂਬਸੂਰਤ ਮੂਰਤੀਆਂ- ਹਾਂਸੀ ਤੋਂ ਮਿਲੀ ਦੇਵੀ ਦੁਰਗਾ ਦੀ ਮੂਰਤੀ ਤੇ ਅਗਰੋਹਾ ਤੋਂ ਮਿਲੀ ਗੁਪਤਕਾਲੀਨ ਔਰਤ ਦੇ ਧੜ ਦੀ ਮੂਰਤੀ ਵੀ ਪ੍ਰਦਰਸ਼ਿਤ ਹਨ। ਇਥੇ ਹੀ ਪ੍ਰਦਰਸ਼ਿਤ ਨੌਵੀਂ ਸਦੀ ਵਿਚ ਕਨੌਜ ਦੇ ਰਾਜਾ ਮਹਿੰਦਰਪਾਲ ਦਾ ਸ਼ਿਲਾਲੇਖ ਪਿਹੋਵੇ ਤੋਂ ਮਿਲਿਆ ਸੀ।

ਭਾਰਤ, ਪਾਕਿਸਤਾਨ ਅਤੇ ਨੇਪਾਲ ਦੇ ਸ਼ਿਵਾਲਿਕ ਦੇ ਨਾਲ ਦੇ ਇਲਾਕੇ ਵਿਚੋਂ ਪੁਰਾ-ਪੱਥਰ ਯੁੱਗ, ਮੱਧਵਰਤੀ ਪੱਥਰ ਯੁੱਗ, ਨਵ-ਪੱਥਰ ਯੁੱਗ ਅਤੇ ਕਾਂਸਾ-ਪੱਥਰ ਯੁੱਗ ਦੀਆਂ ਹਜ਼ਾਰਾਂ-ਲੱਖਾਂ ਸਾਲ ਪੁਰਾਣੀਆਂ ਵਸਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਨੂੰ ਸੋਆਂ ਘਾਟੀ ਦੀ ਸਭਿਅਤਾ ਦਾ ਨਾਂ ਦਿੱਤਾ ਗਿਆ ਹੈ। ਇਸ ਸਭਿਅਤਾ ਦੇ ਪਾਕਿਸਤਾਨ ਵਿਚ ਰੋਹੜੀ, ਅਮਰੀ, ਜਲੀਲਪੁਰ, ਕੋਟ ਦੀਜ਼ੀ ਆਦਿ ਥਾਂਵਾਂ ਤੋਂ ਮਿਲੇ ਅਵਸ਼ੇਸ਼ ਲਾਹੌਰ ਮਿਊਜ਼ੀਅਮ ਦੀ ਚੌਥੀ ਗੈਲਰੀ ਵਿਚ ਪ੍ਰਦਰਸ਼ਿਤ ਹਨ।

ਅਗਲੀ ਗੈਲਰੀ ਇਸਲਾਮੀ ਕਲਾ ਨੂੰ ਸਮਰਪਿਤ ਹੈ। ਇਸ ਗੈਲਰੀ ਵਿਚ ਵੀ ਹੋਰ ਵਸਤਾਂ ਦੇ ਨਾਲ ਨਾਲ ਹਰਿਆਣੇ ਤੋਂ ਪ੍ਰਾਪਤ ਦੋ ਸ਼ਿਲਾਲੇਖ ਹਨ। ਪਹਿਲਾ ਸ਼ਿਲਾਲੇਖ ਥਾਨੇਸਰ ਤੋਂ ਮਿਲਿਆ ਸੀ, ਜਿਸ ਵਿਚ ਸੁਲਤਾਨ ਸਿਕੰਦਰ ਲੋਧੀ ਦੇ ਰਾਜਕਾਲ ਦੌਰਾਨ 1493-94 ਵਿਚ ਅਹਿਲਕਾਰ ਮਲਿਕ ਸ਼ਾਦੀ ਖਾਨ ਵਲੋਂ ਇਕ ਮਸਜਿਦ ਦੀ ਉਸਾਰੀ ਕਰਵਾਏ ਜਾਣ ਦਾ ਜ਼ਿਕਰ ਹੈ। ਫਾਰਸੀ ਅਤੇ ਦੇਵਨਾਗਰੀ ਅੱਖਰਾਂ ਵਾਲਾ ਦੁਭਾਸ਼ੀ ਸ਼ਿਲਾਲੇਖ ਰੋਹਤਕ ਨੇੜਿਓਂ ਖੋਕਰਾਕੋਟ ਤੋਂ ਪ੍ਰਾਪਤ ਹੋਇਆ ਸੀ। ਇਸ ਵਿਚ ਅਕਬਰ ਬਾਦਸ਼ਾਹ ਦੇ ਰਾਜ ਦੌਰਾਨ 1566-67 ਵਿਚ ਰੋਹਤਕ ਪਰਗਣੇ ਦੇ ਸਿਕਦਾਰ ਸ਼ਮਸ਼ੇਰ ਖਾਨ ਵਲੋਂ ਦਰਵਾਜਾ ਬਣਵਾਏ ਜਾਣ ਬਾਰੇ ਲਿਖਿਆ ਹੈ। ਇਸੇ ਗੈਲਰੀ ਵਿਚ ਕਪੂਰਥਲੇ ਦੀ ਜਾਮਾ ਮਸਜਿਦ ਦਾ ਲੱਕੜ ਦਾ ਬਣਿਆ ਮਾਡਲ ਵੀ ਪ੍ਰਦਰਸ਼ਿਤ ਹੈ।

ਛੇਵੀਂ ਗੈਲਰੀ ਵਿਚ ਹਸਤਕਲਾ ਦੇ ਨਮੂਨੇ ਹਨ, ਜਿਨ੍ਹਾਂ ਵਿਚ ਚੀਨੀ ਮਿੱਟੀ, ਹਾਥੀ-ਦੰਦ, ਧਾਤ ਦੀਆਂ ਵਸਤਾਂ ਅਤੇ ਕਢਾਈ ਕੀਤੇ ਹੋਏ ਰੇਸ਼ਮੀ ਕੱਪੜੇ, ਫਰਨੀਚਰ ਅਤੇ ਅਰਧ-ਕੀਮਤੀ ਪੱਥਰਾਂ ਦੇ ਬਣਾਏ ਨਮੂਨੇ ਸ਼ਾਮਿਲ ਹਨ। ਇਥੇ ਹੀ ਕੁਝ ਗੁਰਮੁਖੀ ਹੱਥ ਲਿਖਤਾਂ, ਸਿੱਖ ਰਾਜ ਦੇ ਫੁਰਮਾਨ ਅਤੇ ਹੋਰ ਦਸਤਾਵੇਜ਼ ਵੀ ਹਨ।

ਸੱਤਵੀਂ ਗੈਲਰੀ ਸਮਕਾਲੀ ਕਲਾ ਲਈ ਹੈ, ਜਿਸ ਵਿਚ ਬੰਗਾਲ ਦੀ ਪੁਨਰ-ਜਾਗਰਣ ਕਾਲ ਦੀ ਸ਼ੈਲੀ ਦੇ ਕਲਾਕਾਰਾਂ ਰਾਬਿੰਦਰਨਾਥ ਟੈਗੋਰ, ਗਗਨੇਂਦਰਨਾਥ ਟੈਗੋਰ, ਅਸਿਤ ਕੁਮਾਰ ਹਲਦਰ ਅਤੇ ਪਾਕਿਸਤਾਨ ਦੇ ਕਲਾਸੀਕਲ ਕਲਾਕਾਰਾਂ ਅਬਦੁਰ ਰਹਿਮਾਨ ਚੁਗਤਾਈ, ਅੱਲਾਹ ਬਖਸ਼ ਅਤੇ ਅੰਮ੍ਰਿਤਾ ਸ਼ੇਰਗਿੱਲ ਦੀਆਂ ਪੇਂਟਿੰਗਜ਼ ਹਨ।

ਅਗਲੀ ਗੈਲਰੀ ਪੂਰੀ ਤਰ੍ਹਾਂ ਜੈਨ ਕਲਾ ਨੂੰ ਸਮਰਪਿਤ ਹੈ। ਨੌਵੀਂ ਗੈਲਰੀ ਵਿਚ ਹਿੰਦੂ, ਮੁਸਲਿਮ, ਸਿੱਖ ਅਤੇ ਬ੍ਰਿਟਿਸ਼ ਹਥਿਆਰ ਹਨ।

ਗੈਲਰੀ ਨੰਬਰ ਦਸ, ਸੋਲ੍ਹਾਂ ਅਤੇ ਅਠਾਰਾਂ ਨਸਲ-ਸ਼ਾਸਤਰੀਆਂ ਦੀ ਰੁਚੀ ਦੀਆਂ ਹਨ। ਇੱਥੇ ਪਾਕਿਸਤਾਨ ਦੇ ਵੱਖ ਵੱਖ ਇਲਾਕਿਆਂ ਵਿਚ ਪਾਏ ਜਾਂਦੇ ਪਹਿਰਾਵੇ ਅਤੇ ਉਨ੍ਹਾਂ ਦੀਆਂ ਲੋਕ ਕਲਾਵਾਂ ਦੇ ਨਮੂਨੇ ਹਨ।

ਪਾਕਿਸਤਾਨ ਦਾ ਬਹੁਮੁਖੀ ਕਲਾਕਾਰ ਹੋਇਆ ਹੈ, ਸੱਯਦ ਸਾਦਕੁਐਨ ਅਹਿਮਦ ਨਕਵੀ (1923-87), ਜਿਸ ਨੂੰ 'ਸਾਦਕੁਐਨ ਨੱਕਾਸ਼' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਭਾਵੇਂ ਉਹ ਚਿੱਤਰਕਾਰ ਅਤੇ ਸ਼ਾਇਰ ਵੀ ਸੀ, ਪਰ ਉਸ ਦੀ ਮੁੱਖ ਪ੍ਰਸਿੱਧੀ ਕੈਲੀਗ੍ਰਾਫਰ (ਖੂਬਸੂਰਤ ਕਲਾਤਮਕ ਲਿਖਾਈ ਕਰਨ ਵਾਲਾ) ਦੇ ਤੌਰ 'ਤੇ ਹੈ, ਜਿਸ ਲਈ ਸਰਕਾਰ ਨੇ ਉਸ ਨੂੰ 'ਤਮਗਾ-ਏ ਇਮਤਿਆਜ਼' ਅਤੇ 'ਸਿਤਾਰਾ-ਏ-ਇਮਤਿਆਜ਼' ਜਿਹੇ ਖਿਤਾਬਾਂ ਨਾਲ ਸਨਮਾਨਿਆ ਸੀ। ਉਸ ਦੀ ਕਲਾ ਦੇ ਨਮੂਨੇ ਗੈਲਰੀ ਨੰਬਰ ਗਿਆਰਾਂ ਦਾ ਸ਼ਿੰਗਾਰ ਹਨ।

ਅਗਲੀ ਗੈਲਰੀ ਵਿਚ ਤਸਵੀਰਾਂ ਅਤੇ ਅਖਬਾਰਾਂ ਦੀਆਂ ਕਤਰਨਾਂ ਰਾਹੀਂ ਪਾਕਿਸਤਾਨ ਦੇ ਬਣਨ ਦੀ ਗਾਥਾ ਬਿਆਨ ਕੀਤੀ ਗਈ ਹੈ। ਗੈਲਰੀ ਨੰਬਰ ਤੇਰਾਂ ਵਿਚ ਪਾਕਿਸਤਾਨ ਸਰਕਾਰ ਵਲੋਂ ਜਾਰੀ ਕੀਤੀਆਂ ਡਾਕ ਟਿਕਟਾਂ ਰੱਖੀਆਂ ਗਈਆਂ ਹਨ। ਅਗਲੀ ਗੈਲਰੀ ਵਿਚ ਧਾਤੂ-ਕਲਾ, ਭਾਂਡੇ ਬਣਾਉਣ ਦੀ ਕਲਾ ਅਤੇ ਲਾਖ-ਰੰਗਾਂ ਨਾਲ ਕੀਤੀ ਚਿੱਤਰਕਾਰੀ ਦੇ ਨਮੂਨੇ ਹਨ। ਇਸੇ ਗੈਲਰੀ ਵਿਚ ਵਿਸ਼ੇਸ਼ ਅਕਰਸ਼ਣ ਦੀਆਂ ਵਸਤਾਂ ਅਤਿ-ਖੂਬਸੂਰਤ ਚਾਰ ਫੁੱਲਦਾਨ ਹਨ, ਜੋ ਊਠ ਦੀ ਖੱਲ ਦੇ ਬਣੇ ਹੋਏ ਹਨ।

ਲਾਹੌਰ ਮਿਊਜ਼ੀਅਮ ਦਾ ਸਭ ਤੋਂ ਕੀਮਤੀ ਸੰਗ੍ਰਿਹ ਇਸ ਦੇ 50,000 ਦੇ ਲਗਭਗ ਸਿੱਕੇ ਹਨ। ਇਨ੍ਹਾਂ ਵਿਚ ਪ੍ਰਾਚੀਨਤਮ ਪੰਚ-ਮਾਰਕਡ (ਧਾਤ ਦੀ ਗਰਮ ਛੜ 'ਤੇ ਛੈਣੀ ਆਦਿ ਨਾਲ ਨਿਸ਼ਾਨ ਲਾ ਕੇ ਬਣਾਏ ਗਏ) ਸਿੱਕਿਆਂ ਤੋਂ ਲੈ ਕੇ ਹੁਣ ਤੀਕ ਦੇ ਸੋਨੇ, ਚਾਂਦੀ, ਤਾਂਬੇ ਅਤੇ ਹੋਰ ਧਾਤਾਂ ਦੇ ਬਣੇ ਸਿੱਕੇ ਸ਼ਾਮਲ ਹਨ। ਇਨ੍ਹਾਂ ਵਿਚੋਂ ਚੋਣਵੇਂ ਸਿੱਕੇ ਪੰਦਰਵੀਂ ਗੈਲਰੀ ਵਿਚ ਪ੍ਰਦਰਸ਼ਿਤ ਹਨ। ਇਸੇ ਗੈਲਰੀ ਵਿਚ ਪਟਿਆਲਾ, ਨਾਭਾ, ਮਾਲੇਰਕੋਟਲਾ, ਜੀਂਦ, ਜੈਪੁਰ, ਅਲਵਰ, ਚੰਬਾ ਆਦਿ ਰਜਵਾੜਿਆਂ ਦੇ ਜਾਰੀ ਕੀਤੇ ਸਿੱਕੇ ਵੀ ਹਨ। ਪ੍ਰਦਰਸ਼ਿਤ ਸਿੱਕੇ ਅਸਲੀ ਨਹੀਂ ਹਨ, ਸਗੋਂ ਇਕ ਵਿਸ਼ੇਸ਼ ਤਕਨੀਕ ਨਾਲ ਤਿਆਰ ਕੀਤੀਆਂ ਨਕਲਾਂ ਹਨ।

ਅਠਾਰ੍ਹਵੀਂ ਗੈਲਰੀ ਵਿਚ ਅਰਬੀ, ਫਾਰਸੀ, ਗੁਰਮੁਖੀ, ਉਰਦੂ ਅਤੇ ਹੋਰ ਭਾਸ਼ਾਵਾਂ ਦੀਆਂ ਹੱਥ ਲਿਖਤਾਂ ਅਤੇ ਸੁਲੇਖ ਕਲਾ ਦੇ ਕੁਝ ਨਮੂਨੇ ਹਨ। ਅਰਬੀ ਹੱਥ ਲਿਖਤਾਂ ਜ਼ਿਆਦਾਤਰ ਕੁਰਆਨ ਸ਼ਰੀਫ ਦੀਆਂ ਨਕਲਾਂ ਹਨ। ਇਨ੍ਹਾਂ ਵਿਚ ਸਭ ਤੋਂ ਛੋਟੇ ਆਕਾਰ ਦੀ ਇਕ ਅੱਠ-ਭੁਜੀ 5.5 ਸੈਂਟੀਮੀਟਰ ਬਾਹੀ ਵਾਲੀ ਕੁਰਆਨ ਵੀ ਸ਼ਾਮਲ ਹੈ। ਇਸੇ ਗੈਲਰੀ ਵਿਚ ਪ੍ਰਦਰਸ਼ਿਤ ਮਹਾਂਭਾਰਤ ਦਾ ਫਾਰਸੀ ਅਨੁਵਾਦ ਵੀ ਹੈ, ਜੋ 1841 ਵਿਚ ਆਤਮਾਰਾਮ ਨਾਂ ਦੇ ਕਿਸੇ ਬੰਦੇ ਨੇ ਲਿਖਿਆ ਸੀ। ਬਹੁਤੀਆਂ ਪੰਜਾਬੀ ਹੱਥ ਲਿਖਤਾਂ ਅਰਬੀ-ਫਾਰਸੀ ਅੱਖਰਾਂ ਵਿਚ ਹਨ, ਜਿਨ੍ਹਾਂ ਵਿਚੋਂ ਇਕ ਹੱਥ ਲਿਖਤ ਸਾਰੀ ਸੋਨੇ ਦੀ ਸਿਆਹੀ ਨਾਲ ਲਿਖੀ ਹੋਈ ਹੈ। ਇੱਥੇ ਹੀ ਪਰੰਪਰਾਗਤ ਜਿਲਦਸਾਜ਼ੀ ਦੇ ਕੁਝ ਨਮੂਨੇ ਵੀ ਹਨ। ਇਨ੍ਹਾਂ ਤੋਂ ਇਲਾਵਾ ਕੈਲੀਗ੍ਰਾਫੀ ਦੇ ਦੋ ਨਮੂਨੇ ਹਿਰਨ ਦੀ ਖੱਲ 'ਤੇ ਹਨ।

ਦੁਨੀਆਂ ਦੇ ਸਾਰੇ ਵਧੀਆ ਅਜਾਇਬਘਰਾਂ ਵਿਚ ਇਨ੍ਹਾਂ ਦੇ ਸੰਗ੍ਰਿਹ ਬਾਰੇ ਕਿਤਾਬਾਂ, ਪੋਸਟ ਕਾਰਡਾਂ ਅਤੇ ਯਾਦਗਾਰੀ ਵਸਤਾਂ ਦੇ ਰੂਪ ਵਿਚ ਸਮੱਗਰੀ ਵੀ ਖਰੀਦਣ ਲਈ ਉਪਲੱਬਧ ਹੁੰਦੀ ਹੈ, ਪਰ ਲਾਹੌਰ ਮਿਊਜ਼ੀਅਮ ਦਾ ਇਹ ਪੱਖ ਬਹੁਤ ਕਮਜ਼ੋਰ ਹੈ। ਖੁਸ਼ਕਿਸਮਤੀ ਨਾਲ ਯੂ-ਟਿਊਬ 'ਤੇ ਇਸ ਮਿਊਜ਼ੀਅਮ ਬਾਰੇ ਕੁਝ ਵੀਡਿਓ ਫਿਲਮਾਂ ਵੇਖ ਕੇ ਇਹ ਘਾਟ ਕੁਝ ਹੱਦ ਤੀਕ ਪੂਰੀ ਕੀਤੀ ਜਾ ਸਕਦੀ ਹੈ ਅਤੇ ਪਾਠਕ ਇਸ ਅਜਾਇਬਘਰ ਦੇ ਅਮੀਰ ਸੰਗ੍ਰਿਹ ਦਾ ਮੋਟਾ ਜਿਹਾ ਅੰਦਾਜ਼ਾ ਲਾ ਸਕਦੇ ਹਨ।



ਲਾਹੌਰ ਮਿਊਜ਼ੀਅਮ ਵਿਚ ਰੱਖਿਆ ਕਿਸਾਨਾਂ ਦਾ ਚਿੱਤਰ।

# ਦਰਦ ਨਾ ਜਾਣੇ ਕੋਈ...

## ਭੂਪਾਲ ਗੈਸ ਦੁਖਾਂਤ ਦੇ ਜ਼ਖਮ

**ਦਸੰਬਰ 1984 ਨੂੰ ਭੁਪਾਲ (ਮੱਧ ਪ੍ਰਦੇਸ਼) ਵਿਚ ਵਾਪਰੇ ਜ਼ਹਿਰੀਲੀ ਗੈਸ ਰਿਸਣ ਦੇ ਹਾਦਸੇ ਦੇ ਜ਼ਖਮ ਅਜੇ ਵੀ ਅੱਲੇ ਹਨ। ਇਸ ਗੈਸ ਦੀ ਮਾਰ ਕਾਰਨ ਅੱਜ ਵੀ ਉਥੇ ਅਪੰਗ ਬੱਚੇ ਪੈਦਾ ਹੋ ਰਹੇ ਹਨ ਅਤੇ ਪੀੜਤ ਅੱਜ ਵੀ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ। ਸਿਤਮਜ਼ਰੀਫੀ ਇਹ ਹੈ ਕਿ ਵੱਖ-ਵੱਖ ਸਰਕਾਰਾਂ ਨੇ ਇਸ ਭਿਆਨਕ ਹਾਦਸੇ ਤੋਂ ਕੋਈ ਸਬਕ ਵੀ ਨਹੀਂ ਸਿਖਿਆ ਹੈ।**

ਪਿਛਲੇ ਸਮੇਂ ਵਿਚ ਹੋਏ ਹਾਦਸਿਆਂ ਅਤੇ ਕਹਿਰਾਂ 'ਤੇ ਨਜ਼ਰ ਮਾਰੀ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ ਵਿਸ਼ਵ ਯੁੱਧ ਦੇ ਨਾਲ ਨਾਲ ਹੋਰ ਹਥਿਆਰਾਂ ਦੇ ਸਿਰ 'ਤੇ ਹੋਏ ਯੁੱਧਾਂ ਵਿਚ ਮਨੁੱਖ 'ਤੇ ਬੇਹੱਦ ਵਹਿਸ਼ੀਆਨਾ ਹਮਲੇ ਹੋਏ ਅਤੇ ਮਨੁੱਖ ਦਾ ਬਹੁਤ ਘਾਣ ਹੋਇਆ। ਇਹ ਸਿਲਸਿਲਾ ਸਦੀਆਂ ਤੋਂ ਚੱਲ ਰਿਹਾ ਹੈ। ਇਤਿਹਾਸ ਵਿਚ ਅਜਿਹੇ ਹਾਦਸੇ ਵੀ ਹੋਏ ਜਿਨ੍ਹਾਂ ਨੂੰ ਨਾ ਤਾਂ ਹਥਿਆਰਾਂ ਦਾ ਹਮਲਾ ਕਿਹਾ ਜਾ ਸਕਦਾ ਹੈ ਤੇ ਨਾ ਹੀ ਕੋਈ ਅਤਿਵਾਦੀ ਹਮਲਾ; ਫਿਰ ਵੀ ਅਜਿਹੇ ਹਮਲੇ ਇੰਨੇ ਭਿਆਨਕ ਸਨ ਜੋ

ਬੀ.ਐਸ. ਅਮਰਬੰਸ

ਤ੍ਰਾਸਦੀ ਬਣ ਗਏ।

ਇਤਿਹਾਸ ਵਿਚ ਹੋਏ ਅਜਿਹੇ ਉਦਯੋਗਿਕ ਹਮਲੇ ਦੀ ਵੱਡੀ ਮਿਸਾਲ ਹੈ ਭੁਪਾਲ ਵਿਚ ਹੋਇਆ ਗੈਸ ਰਿਸਣ ਵਾਲਾ ਦੁਖਾਂਤ। ਭਾਵੇਂ ਅੱਜ ਉਸ ਤ੍ਰਾਸਦੀ ਨੂੰ ਵਾਪਰੇ ਤਿੰਨ ਦਹਾਕਿਆਂ ਤੋਂ ਵੀ ਜ਼ਿਆਦਾ ਸਮਾਂ ਬੀਤ ਚੁੱਕਾ ਹੈ, ਫਿਰ ਵੀ ਪੂਰੇ ਭਾਰਤ ਵਿਚ ਤਿੰਨ ਦਸੰਬਰ ਦਾ ਦਿਨ ਉਨ੍ਹਾਂ ਮਾਸੂਮਾਂ ਦੀਆਂ ਜ਼ਿੰਦਗੀਆਂ ਦੀ ਯਾਦ ਨੂੰ ਸਮਰਪਿਤ ਕੀਤਾ ਜਾਂਦਾ ਹੈ।

ਅਜਿਹੀਆਂ ਤ੍ਰਾਸਦੀਆਂ ਵਿਚ ਖਤਮ ਹੋਈਆਂ ਜ਼ਿੰਦਗੀਆਂ ਦਾ ਘਾਟਾ ਤਾਂ ਪੂਰਾ ਨਹੀਂ ਕੀਤਾ ਜਾ ਸਕਦਾ ਪਰ ਅਜਿਹੇ ਹਮਲਿਆਂ ਨੂੰ ਭਵਿਖ ਵਿਚ ਨਾ ਵਾਪਰਨ ਦਿੱਤਾ ਜਾਵੇ, ਇਸ ਲਈ ਸਾਨੂੰ ਅਜਿਹੇ ਪੂਰੇ ਸੁਰੱਖਿਆ ਇੰਤਜ਼ਾਮ ਕਰਨੇ ਚਾਹੀਦੇ ਹਨ, ਨਵੇਂ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਅਤੇ ਪੁਰਾਣਿਆਂ ਵਿਚ ਹੋਰ ਸੋਧਾਂ ਕਰਨੀਆਂ ਚਾਹੀਦੀਆਂ ਹਨ। 2 ਦਸੰਬਰ 1984 ਦੀ ਰਾਤ ਨੂੰ ਵਾਪਰਿਆ ਇਹ ਹਾਦਸਾ ਇੰਨਾ ਭਿਆਨਕ ਸੀ ਕਿ ਜੇ ਅੱਜ ਵੀ ਇਸ ਨੂੰ ਯਾਦ ਕਰਦਿਆਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ।

ਉਸ ਰਾਤ ਜਦੋਂ ਸਭ ਭੁਪਾਲ ਸ਼ਹਿਰ ਵਾਸੀ ਸੁੱਤੇ ਪਏ ਸਨ ਤਾਂ ਉਸ ਸਮੇਂ ਸ਼ਹਿਰ ਵਿਚ ਸਥਿਤ ਯੂਨੀਅਨ ਕਰਬਾਈਡ ਨਾਮਕ ਕਾਰਖਾਨਾ ਜਿਸ ਵਿਚ ਪੈਸਟੀਸਾਈਡਜ਼ ਬਣਦੇ ਸਨ, ਉਸ ਦੇ ਟੈਂਕ ਨੰਬਰ ਈ-610 ਦੇ ਵਾਲਵ ਵਿਚ ਖਰਾਬੀ ਆ ਜਾਣ ਕਾਰਨ, ਉਸ ਰਾਹੀਂ ਟੈਂਕ ਵਿਚੋਂ ਜ਼ਹਿਰੀਲੀ ਮਿਥਾਇਲ ਆਈਸੋਸਾਈਨੇਟ (ਐਮ.ਆਈ.ਸੀ.) ਗੈਸ ਰਾਤ ਲਗਪਗ ਗਿਆਰਾਂ ਵਜੇ ਤੋਂ ਬਾਅਦ ਲੀਕ ਹੋਣੀ ਸ਼ੁਰੂ ਹੋ ਗਈ ਸੀ। ਇਸ ਖਾਮੋਸ਼ੀ ਭਰੇ ਭਿਆਨਕ ਰਸਾਇਣਕ ਹਮਲੇ ਨੇ ਘਰਾਂ ਵਿਚ ਮੌਜੂਦ ਲੋਕਾਂ ਨੂੰ ਜਲਦੀ ਹੀ ਆਪਣਾ ਸ਼ਿਕਾਰ ਬਣਾਉਣ ਸ਼ੁਰੂ ਕਰ ਦਿੱਤਾ। ਕੁਝ ਸਮੇਂ ਵਿਚ ਹੀ ਪੂਰੇ ਸ਼ਹਿਰ ਦੇ ਵਾਤਾਵਰਨ ਵਿਚ ਜ਼ਹਿਰੀਲੀ ਗੈਸ ਘੁਲਣ ਕਾਰਨ ਲੋਕਾਂ ਨੂੰ ਨੀਂਦ ਵਿਚ ਹੋਏ ਇਸ ਹਮਲੇ ਦਾ ਪਤਾ ਹੀ ਨਹੀਂ ਲੱਗ ਰਿਹਾ ਸੀ ਕਿ ਅਚਾਨਕ ਅਜਿਹਾ ਕੀ ਹੋ ਗਿਆ ਹੈ ਕਿ ਘਰਾਂ ਵਿਚ ਮੌਜੂਦ ਸਾਰੇ ਸੁੱਤੇ ਅਤੇ ਜਾਗਦੇ ਲੋਕਾਂ ਦਾ ਇਕੋ ਹਾਲ ਸੀ। ਉਨ੍ਹਾਂ ਦੀਆਂ ਅੱਖਾਂ ਵਿਚ ਜਲਣ, ਖਾਂਸੀ ਅਤੇ ਦਮ ਘੁੱਟਣ ਦੀ ਸਮੱਸਿਆ ਨੇ ਸਭ ਨੂੰ ਘੇਰਿਆ ਹੋਇਆ ਸੀ।

ਹਰ ਬੀਤਦੇ ਪਲ ਨਾਲ ਇਹ ਸਮੱਸਿਆ ਇੰਨੀ ਵਧ ਰਹੀ ਸੀ ਕਿ ਸਭ ਲੋਕ ਸਾਹ ਘੁੱਟਣ ਅਤੇ ਅੱਖਾਂ ਵਿਚ ਜਲਣ ਕਾਰਨ ਸੜਕਾਂ 'ਤੇ ਆ ਨਿਕਲੇ; ਸਭ ਦੇ ਫੇਫੜੇ ਜਲਣ ਲੱਗੇ, ਸਰੀਰ ਆਕੜਨ ਲੱਗਾ, ਪੂਰੇ ਸ਼ਹਿਰ ਵਿਚ ਹਾਹਾਕਾਰ ਮਚ ਗਈ। ਜਦੋਂ ਤਕ ਲੋਕਾਂ ਨੂੰ ਪਤਾ ਲੱਗਾ ਕਿ ਯੂਨੀਅਨ ਕਰਬਾਈਡ ਕਾਰਖਾਨੇ ਵਿਚ ਕੋਈ ਜ਼ਹਿਰੀਲੀ ਗੈਸ ਲੀਕ ਹੋ ਗਈ ਹੈ, ਉਦੋਂ ਤਕ ਕਾਫੀ ਸਮਾਂ ਲੰਘ ਚੁੱਕਾ ਸੀ। ਲੋਕ ਆਪਣੀ ਜਾਨ ਬਚਾਉਣ ਲਈ ਸੜਕਾਂ 'ਤੇ ਇੱਧਰ ਉਧਰ ਤੜਫਦੇ ਫਿਰ ਰਹੇ ਸਨ ਅਤੇ ਬਹੁਤੇ ਸ਼ਹਿਰ ਤੋਂ ਬਾਹਰ ਵੱਲ ਅਤੇ ਹਸਪਤਾਲਾਂ ਵੱਲ ਭੱਜੇ ਜਾ ਰਹੇ ਸਨ ਪਰ ਹਸਪਤਾਲਾਂ ਵਿਚ ਹੱਦੋਂ ਜ਼ਿਆਦਾ ਭੀੜ ਹੋ ਗਈ ਸੀ ਅਤੇ ਡਾਕਟਰਾਂ ਦੀ ਘਾਟ ਤੇ ਸਹੀ ਇਲਾਜ ਦੀ ਘਾਟ ਕਾਰਨ ਲੋਕਾਂ ਦੀ ਮੌਤ ਹੋਣੀ ਸ਼ੁਰੂ ਹੋ ਗਈ ਸੀ। ਹਸਪਤਾਲਾਂ ਵਿਚ ਜ਼ਿਆਦਾ ਭੀੜ ਅਤੇ ਥੋੜ੍ਹੇ ਇਲਾਜ ਕਾਰਨ ਲੋਕਾਂ ਦੀ ਰਾਤ ਨੂੰ ਹਸਪਤਾਲਾਂ ਵਿਚ ਹੀ ਮੌਤ ਹੋਣੀ ਸ਼ੁਰੂ ਹੋ ਗਈ ਸੀ।

ਇਹ ਸਭ ਦੇਖ ਕੇ ਲੋਕ ਬਚਣ ਦੀ ਕੋਸ਼ਿਸ਼ ਵਿਚ ਜ਼ਿਆਦਾ ਭੱਜ ਰਹੇ ਸਨ, ਜਿਸ ਸਦਕਾ ਉਹ ਹੌਲੀ-ਹੌਲੀ ਬੀਤਦੇ ਪਲ ਨਾਲ ਸੜਕਾਂ 'ਤੇ ਹੀ ਮਾਰੇ ਜਾ ਰਹੇ ਸਨ, ਕਿਉਂਕਿ ਭੱਜਣ ਕਾਰਨ ਉਹ ਜ਼ਿਆਦਾ ਗੈਸ ਅੰਦਰ ਖਿੱਚ ਰਹੇ ਸਨ ਜਿਸ ਕਾਰਨ ਫੇਫੜੇ ਸੁੱਜਣੇ ਸ਼ੁਰੂ ਹੋ ਗਏ ਅਤੇ ਸਾਹ ਦੀ ਸਮੱਸਿਆ ਕਾਰਨ ਲੋਕ ਮਰਨੇ ਸ਼ੁਰੂ ਹੋ ਗਏ ਸਨ। ਤਕਰੀਬਨ 03 ਦਸੰਬਰ ਨੂੰ ਸਵੇਰੇ ਤਿੰਨ ਵਜੇ ਤਕ ਪੂਰਾ ਸ਼ਹਿਰ ਕਬਰਸਿਤਾਨ ਬਣ ਚੁੱਕਾ ਸੀ। ਸਵੇਰ ਹੋਣ ਤਕ 3000 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਚੁੱਕੀ ਸੀ ਜਿਨ੍ਹਾਂ ਵਿਚ ਜ਼ਿਆਦਾਤਰ ਬਜ਼ੁਰਗ ਅਤੇ ਬੱਚੇ ਸਨ ਅਤੇ 3 ਲੱਖ ਤੋਂ ਜ਼ਿਆਦਾ ਲੋਕ ਇਸ ਜ਼ਹਿਰੀਲੀ ਗੈਸ ਤੋਂ ਬਚਣ ਲਈ ਆਪਣੀ ਜ਼ਿੰਦਗੀ ਨਾਲ ਸੰਘਰਸ਼ ਕਰ ਰਹੇ ਸਨ।

ਇਸ ਜ਼ਹਿਰੀਲੀ ਗੈਸ ਦਾ ਅਸਰ ਸਿਰਫ



ਮਨੁੱਖ ਜਾਤੀ 'ਤੇ ਹੀ ਨਹੀਂ ਹੋਇਆ ਸਗੋਂ ਇਸ ਦੀ ਲਪੇਟ ਵਿਚ ਆਏ ਲੱਖਾਂ ਦੀ ਗਿਣਤੀ ਵਿਚ ਪਾਲਤੂ ਅਤੇ ਆਵਾਰਾ ਪਸ਼ੂ ਅਤੇ ਜਾਨਵਰ ਵੀ ਸੜਕਾਂ ਅਤੇ ਘਰਾਂ ਵਿਚ ਲਾਸ਼ਾਂ ਬਣ ਕੇ ਪਏ ਸਨ। ਇਸ ਤੋਂ ਬਾਅਦ ਵੀ ਅਗਲੇ ਕਈ ਦਿਨਾਂ ਤਕ ਲੋਕ ਮਰਦੇ ਰਹੇ। ਇਸ ਹਾਦਸੇ ਤੋਂ ਬਾਅਦ ਜਦੋਂ ਪਤਾ ਲੱਗਾ ਕਿ ਕਾਰਖਾਨੇ ਦੇ ਇਕ ਹੋਰ ਟੈਂਕ ਵਿਚ ਵੀ ਅਜਿਹੀ ਗੈਸ ਮੌਜੂਦ ਹੈ, ਜਿਸ ਦੇ ਦੁਬਾਰਾ ਲੀਕ ਅਤੇ ਜਾਂ ਧਮਾਕਾ ਹੋਣ ਦਾ ਪੂਰਾ ਖਤਰਾ ਹੈ। ਇਹ ਸੁਣਨ ਤੋਂ ਬਾਅਦ ਤਕਰੀਬਨ ਸਾਰਾ ਸ਼ਹਿਰ ਖਾਲੀ ਹੋ ਗਿਆ। ਲੋਕ ਸ਼ਹਿਰ ਛੱਡ ਕੇ ਹੋਰ ਟਿਕਾਣਿਆਂ 'ਤੇ ਕੂਚ ਕਰ ਗਏ। ਅਗਲੇ ਦਿਨ ਤਕ ਇਸ ਤ੍ਰਾਸਦੀ ਦੀ ਖਬਰ ਪੂਰੇ ਸੰਸਾਰ ਵਿਚ ਫੈਲ ਚੁੱਕੀ ਸੀ। ਬਾਕੀ ਰਹਿੰਦੀ ਗੈਸ ਜੋ ਹਾਦਸੇ ਦਾ ਦੁਬਾਰਾ ਕਾਰਨ ਬਣ ਸਕਦੀ ਸੀ, ਉਸ ਨੂੰ ਸੁਰੱਖਿਅਤ ਕਰਨ ਦਾ ਦਿਲ ਦਹਿਲਾ ਦੇਣ ਵਾਲਾ ਫੈਸਲਾ ਕੀਤਾ ਗਿਆ। ਇਸ ਦਾ ਇਕੋ-ਇਕ ਹੱਲ ਉਸ ਕਾਰਖਾਨੇ ਨੂੰ ਦੁਬਾਰਾ ਚਲਾ ਕੇ ਇਸ ਵਿਚ ਬਾਕੀ ਰਹਿੰਦੀ ਟਨਾਂ ਦੀ ਮਿਕਦਾਰ ਵਿਚ ਗੈਸ ਨੂੰ ਪੈਸਟੀਸਾਈਡ ਵਿਚ ਬਦਲਣ ਦਾ ਸੀ ਤਾਂ ਜੋ ਸੰਭਾਵੀ ਦੁਰਘਟਨਾ ਨਾ ਵਾਪਰ ਸਕੇ। ਇਸ ਖਤਰਨਾਕ ਫੈਸਲੇ ਤੋਂ ਬਾਅਦ ਅਗਲੇ ਕਈ ਦਿਨ ਇਸ ਗੈਸ ਨੂੰ ਪੈਸਟੀਸਾਈਡ ਵਿਚ ਬਦਲਣ ਵਿਚ ਲੱਗੇ। ਇਸ ਫੈਸਲੇ ਨੇ ਦੁਬਾਰਾ ਕੋਈ ਦੁਰਘਟਨਾ ਹੋਣ ਤੋਂ ਬਚਾ ਲਿਆ। ਇਸ ਹਾਦਸੇ ਦੀਆਂ ਦੁਖਦਾਈ ਯਾਦਾਂ ਇਤਿਹਾਸ ਵਿਚ ਕਾਲੇ ਅੱਖਰਾਂ ਨਾਲ ਦਰਜ ਹੋ ਗਈਆਂ।

ਦੇਖਿਆ ਜਾਵੇ ਤਾਂ ਅਜਿਹੀਆਂ ਘਟਨਾਵਾਂ ਜ਼ਿਆਦਾ ਨਹੀਂ ਹੁੰਦੀਆਂ ਪਰ ਜਦੋਂ ਕਦੇ ਕੋਈ ਅਜਿਹੀ ਅਣਹੋਣੀ ਵਾਪਰ ਜਾਂਦੀ ਹੈ ਤਾਂ ਉਹ ਫਿਰ ਬਹੁਤ ਹੀ ਵੱਡੇ ਪੈਮਾਨੇ 'ਤੇ ਨੁਕਸਾਨਦਾਇਕ ਸਿੱਧ ਹੁੰਦੀ ਹੈ। ਇਸ ਤ੍ਰਾਸਦੀ ਤੋਂ ਬਾਅਦ ਸਭ ਨੂੰ ਇਕ ਗੱਲ ਨੇ ਸੋਚਣ ਲਈ ਮਜਬੂਰ ਕਰ ਦਿੱਤਾ ਸੀ ਕਿ ਅਜਿਹਾ ਕੀ ਵਾਪਰਿਆ ਕਿ ਉਚ ਪੈਮਾਨੇ ਦੇ ਸੁਰੱਖਿਆ ਘੇਰਿਆਂ ਨੂੰ ਤੋੜਨ ਤੋਂ ਬਾਅਦ ਇਹ ਗੈਸ ਕਿਵੇਂ ਲੀਕ ਹੋ ਗਈ ਅਤੇ ਅਜਿਹੀ ਸਥਿਤੀ ਭਾਂਪ ਕੇ ਬਣਾਏ ਹੋਏ ਐਮਰਜੈਂਸੀ ਸੁਰੱਖਿਆ ਯੰਤਰਾਂ ਨੇ ਕਿਉਂ ਉਸ ਰਾਤ ਕੋਈ ਕੰਮ ਨਹੀਂ ਕੀਤਾ? ਇਸ ਤ੍ਰਾਸਦੀ ਤੋਂ ਬਾਅਦ ਇਸ ਦੇ ਕਾਰਨਾਂ ਨੂੰ ਬਹੁਤ ਵਾਰ ਕਈ ਪੱਧਰਾਂ 'ਤੇ ਘੋਖਿਆ ਗਿਆ ਅਤੇ ਸਭ ਨੇ ਆਪੋ ਆਪਣੇ ਤਰੀਕੇ ਨਾਲ ਆਲੋਚਨਾ ਦੇ ਤੱਥ ਉਲੀਕੇ ਅਤੇ ਸਮੇਂ ਨਾਲ ਸਭ ਨੂੰ ਸਬਰ ਦਾ ਘੁੱਟ ਭਰਨਾ ਪਿਆ।

ਅੰਕੜਿਆਂ ਅਨੁਸਾਰ ਉਸ ਰਾਤ ਕਾਰਖਾਨੇ ਦੀ ਕਿਸੇ ਪਾਈਪ ਵਿਚੋਂ ਪਾਣੀ ਲੀਕ ਹੋ ਕੇ ਟੈਂਕ ਨੰਬਰ ਈ-610 ਵਿਚ ਚਲਾ ਗਿਆ ਸੀ ਜਿਸ ਵਿਚ ਐਮ.ਆਈ.ਸੀ. ਗੈਸ ਦ੍ਰਵ ਅਵਸਥਾ ਵਿਚ ਮੌਜੂਦ ਸੀ ਅਤੇ ਪਾਣੀ ਘੁਲਣ ਨਾਲ ਉਸ ਟੈਂਕ ਵਿਚ ਰਿਐਕਸ਼ਨ ਹੋਇਆ ਅਤੇ ਦ੍ਰਵ ਅਵਸਥਾ ਵਿਚ ਮੌਜੂਦ ਗੈਸ ਭਾਫ ਬਣ ਕੇ ਜ਼ਿਆਦਾ ਦਬਾਅ ਬਣਾ ਗਈ ਅਤੇ ਵਾਲਵ ਪਾੜ ਕੇ ਬਾਹਰ ਰਿਸਣ ਲੱਗੀ। ਇਸ ਸਾਰੀ ਘਟਨਾ ਦਾ ਪਤਾ ਕਾਰਖਾਨੇ ਵਿਚਲੇ ਕਰਮਚਾਰੀਆਂ ਨੂੰ ਬਹੁਤ ਦੇਰ ਬਾਅਦ ਵਿਚ ਲੱਗਾ। ਕਈਆਂ ਅਨੁਸਾਰ ਉਸ ਰਾਤ ਕਾਰਖਾਨੇ ਦੇ ਤਕਰੀਬਨ ਸਾਰੇ ਹੀ ਬਿਹਤਰੀਨ ਸੁਰੱਖਿਆ ਇੰਤਜ਼ਾਮ ਵੀ ਅਣਗਹਿਲੀਆਂ ਅਤੇ ਗਲਤੀਆਂ ਕਾਰਨ ਅਸਫਲ ਸਾਬਤ ਹੋਏ ਅਤੇ ਹਾਦਸੇ ਨੂੰ ਹੋਣ ਤੋਂ ਨਾ ਟਾਲ ਸਕੇ।

ਇਸ ਤ੍ਰਾਸਦੀ ਤੋਂ ਕੁਝ ਸਮੇਂ ਬਾਅਦ ਯੂਨੀਅਨ ਕਰਬਾਈਡ ਨੇ ਇਹ ਕਾਰਖਾਨਾ ਬੰਦ ਕਰ ਦਿੱਤਾ ਜੋ ਅੱਜ ਵੀ ਖੰਡਰ ਦੇ ਰੂਪ ਵਿਚ ਭੁਪਾਲ ਸ਼ਹਿਰ ਵਿਚ ਮੌਜੂਦ ਹੈ ਪਰ ਉਸ ਤ੍ਰਾਸਦੀ ਤੋਂ ਬਾਅਦ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਹੋਏ ਹਮਲੇ ਦੀ ਤਰ੍ਹਾਂ ਭੁਪਾਲ ਵਿਚ ਵੀ ਨਵੀਆਂ ਪੀੜ੍ਹੀਆਂ ਅਪੰਗ ਅਤੇ ਕਈ ਹੋਰ ਬਿਮਾਰੀਆਂ ਨਾਲ ਗ੍ਰਸਤ ਹੋ ਕੇ ਜਨਮ ਲੈਂਦੀਆਂ ਰਹੀਆਂ। ਤਿੰਨ ਦਹਾਕੇ ਬਾਅਦ ਅੱਜ ਵੀ ਲੋਕ ਉਸ ਸਾਲ ਹੋਏ ਗੈਸ ਲੀਕ ਕਾਂਡ ਦੇ ਅਸਰਾਂ ਨੂੰ ਆਪਣੀ ਸਿਹਤ 'ਤੇ ਹੰਢਾ ਰਹੇ ਹਨ, ਪਰ ਜੇ ਅੱਜ ਦੀ ਅਗਾਂਹਵਧੂ ਤਕਨਾਲੋਜੀ ਦੀ ਗੱਲ ਕਰੀਏ ਤਾਂ ਅਜਿਹੇ ਹਾਦਸਿਆਂ ਤੋਂ ਸਬਕ ਲੈਣ ਤੋਂ ਬਾਅਦ ਦੁਨੀਆਂ ਵਿਚ ਮਾਨਵ ਜਾਤੀ ਦੀ ਸੁਰੱਖਿਆ ਪ੍ਰਤੀ ਐਨਾ ਪੈਸਾ ਖਰਚ ਨਹੀਂ ਕੀਤਾ ਜਾਂਦਾ ਜਿੰਨਾ ਕਿ ਹਰ ਦੇਸ਼ ਵੱਲੋਂ ਚੌਧਰ ਖਾਤਰ ਹਥਿਆਰਾਂ 'ਤੇ ਕੀਤਾ ਜਾ ਰਿਹਾ ਹੈ।

ਅੱਜ ਪਰਮਾਣੂ ਬੰਬਾਂ ਅਤੇ ਮਾਰੂ ਹਥਿਆਰਾਂ ਤੋਂ ਇਲਾਵਾ ਵਿਕਸਤ ਦੇਸ਼ਾਂ ਕੋਲ ਰਸਾਇਣਕ ਬੰਬ ਵੀ ਮੌਜੂਦ ਹਨ ਜਿਨ੍ਹਾਂ ਦਾ ਇਕੋ ਹਮਲਾ ਮਨੁੱਖ ਜਾਤੀ ਦੀ ਹੋਂਦ ਹੀ ਖਤਮ ਕਰ ਸਕਦਾ ਹੈ। ਭ੍ਰਿਸ਼ਟਾਚਾਰ ਅਤੇ ਪੈਸੇ ਦੀ ਦੌੜ ਨੇ ਅੱਜ ਮਨੁੱਖੀ ਜ਼ਿੰਦਗੀ ਦੀ ਕੀਮਤ ਜ਼ੀਰੋ ਕਰ ਦਿੱਤੀ ਹੈ ਪਰ ਅੱਜ ਅਜਿਹੇ ਹਾਦਸਿਆਂ ਨੂੰ ਭਵਿਖ ਵਿਚ ਰੋਕਣ ਲਈ ਸਾਨੂੰ ਅਜਿਹੇ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕਰਨੇ ਚਾਹੀਦੇ ਹਨ ਜਿਸ ਨਾਲ ਕਦੀ ਕੋਈ ਹਾਦਸਾ ਨਾ ਹੋਵੇ। ਪ੍ਰਸ਼ਾਸਨ ਨੂੰ ਵੀ ਸਮੇਂ ਸਮੇਂ ਸਿਰ ਅਜਿਹੇ ਵੱਡੇ ਕਾਰਖਾਨਿਆਂ ਦੇ ਸੁਰੱਖਿਆ ਘੇਰਿਆਂ ਦੀ ਪੂਰਨ ਚੈਕਿੰਗ ਕਰਨੀ ਚਾਹੀਦੀ ਹੈ ਅਤੇ ਜੇ ਕੋਈ ਕਾਰਖਾਨਾ ਜਾਂ ਪਲਾਂਟ ਆਮ ਜਨਤਾ ਦੀ ਸੁਰੱਖਿਆ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ ਤਾਂ ਉਸ 'ਤੇ ਬਣਦੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਕਦੇ ਵੀ ਅਜਿਹਾ ਦੁਖਾਂਤ ਨਾ ਦੁਹਰਾਇਆ ਜਾ ਸਕੇ।

# ਪੰਜਾਬੀਓ ! ਭਾਜਪਾ ਦੇ ਮਗਰਮੱਛ ਦੇ ਹੰਝੂਆਂ ਤੋਂ ਸਾਵਧਾਨ

ਮੌਜੂਦਾ ਭਾਰਤੀ ਜਨਤਾ ਪਾਰਟੀ (ਭਾਜਪਾ), ਜਿਸ ਦਾ ਪਹਿਲਾ ਨਾਂ ਜਨ ਸੰਘ ਸੀ, ਦੇ ਪਿਛੋਕੜ 'ਤੇ ਝਾਤ ਮਾਰੀਏ ਤਾਂ ਇਸ ਪਾਰਟੀ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀ ਸਭਿਆਚਾਰ ਦਾ ਜਿੰਨਾ ਘਾਣ ਕੀਤਾ ਹੈ, ਉਹ ਕਿਸੇ ਤੋਂ ਗੁੱਝਾ ਨਹੀਂ। ਪੰਜਾਬ ਨੂੰ ਸੋਕ੍ਹਾ ਕਰਾਉਣ ਪਿਛੋਂ ਰਲ ਮਿਲ ਕੇ ਪਿਆਰ ਨਾਲ ਰਹਿੰਦੇ ਪੰਜਾਬੀਆਂ ਵਿਚ ਇਨ੍ਹਾਂ ਨੇ ਐਸੇ ਬੀਜ ਬੋਏ ਕਿ ਹਿੰਦੂਆਂ ਤੇ ਸਿੱਖਾਂ ਦੀ ਆਪਸੀ ਸਾਂਝ ਤਹਿਸ ਨਹਿਸ ਹੋ ਗਈ। ਪੰਜਾਬੀ ਬੋਲੀ



ਜੰਗ ਸਿੰਘ ਅਨੰਦਪੁਰ ਸਾਹਿਬ
ਫੋਨ: 91-94170-95965

ਬੋਲਣ ਵਾਲੇ ਪੰਜਾਬੀ ਹਿੰਦੂਆਂ ਨੂੰ ਧਰਮ ਦਾ ਵਾਸਤਾ ਦੇ ਕੇ ਹਿੰਦੀ ਬੋਲੀ ਲਿਖਵਾਉਣਾ, ਪੰਜਾਬ ਵਿਚੋਂ ਹਿਮਾਚਲ, ਹਰਿਆਣਾ ਵਖਰਾ ਕਰਾ ਕੇ ਇਸ ਨੂੰ ਛੋਟਾ ਕਰਨ ਅਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਕੇਂਦਰ ਸ਼ਾਸ਼ਿਤ ਬਣਾਉਣ ਵਿਚ ਇਸ ਪਾਰਟੀ ਦੇ ਕਾਂਗਰਸ ਪਾਰਟੀ ਵਿਚ ਛਿਪੇ ਹੋਏ ਗੁਲਜ਼ਾਰੀ ਲਾਲ ਨੰਦਾ, ਜੋ ਕੁਝ ਸਮਾਂ ਕਾਰਜਕਾਰੀ ਪ੍ਰਧਾਨ ਮੰਤਰੀ ਰਹੇ ਸਨ, ਦੀ ਪੰਜਾਬ ਤੇ ਪੰਜਾਬੀ ਵਿਰੋਧੀ ਸੋਚ ਦਾ ਨਤੀਜਾ ਸੀ। ਜਿਸ ਪਾਰਟੀ ਦੇ ਆਗੂ 'ਆਂਡੇ ਕਿਤੇ ਤੇ ਕੁੜ ਕੁੜ ਕਿਤੇ' ਦੀ ਨੀਤੀ 'ਤੇ ਚਲਦਿਆਂ ਪੰਜਾਬ ਤੇ ਪੰਜਾਬੀਆਂ ਦਾ ਇੰਨਾ ਘਾਣ ਕਰਾ ਚੁਕੇ ਹਨ, ਉਹ ਅੱਜ ਪੰਜਾਬ ਤੇ ਪੰਜਾਬੀਆਂ ਦੇ ਇੰਨੇ ਹਿਤੈਸ਼ੀ ਕਿਵੇਂ ਬਣ ਗਏ?

ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਮੋਦੀ ਸਰਕਾਰ ਨੂੰ ਪੰਜ ਸਾਲ ਦੇ ਰਾਜ ਦੌਰਾਨ ਉਹ ਸਿੱਖ ਕੈਦੀ ਨਜ਼ਰ ਨਹੀਂ ਆਏ, ਜੋ ਕਾਫੀ ਸਮੇਂ ਤੋਂ ਆਪਣੀ ਸਜ਼ਾ ਪੂਰੀ ਕਰ ਚੁਕੇ ਸਨ, ਉਨ੍ਹਾਂ ਵਿਚੋਂ ਕੁਝ ਨੂੰ ਇਕ ਦਮ ਰਿਹਾ ਕਰ ਦੇਣਾ ਜਦੋਂਕਿ ਲੋਕ ਆਗੂ ਮਨਜੀਤ ਸਿੰਘ ਧਨੇਰ, ਜੋ ਕਿਰਨਜੀਤ ਬਲਾਤਕਾਰ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਵਿਚ ਮੋਹਰੀ ਰੋਲ ਅਦਾ ਕਰ ਰਿਹਾ ਸੀ ਤੇ ਗਲਤ ਸਜ਼ਾ ਕਾਰਨ ਜੇਲ੍ਹ ਵਿਚ ਬੰਦ ਸੀ, ਨੂੰ ਬਰਨਾਲਾ ਜੇਲ੍ਹ ਵਿਚੋਂ ਰਿਹਾ ਕਰਾਉਣ ਲਈ ਇਕ ਲੋਕ ਲਹਿਰ ਬਣ ਗਈ ਸੀ, ਪਰ ਉਸ ਨੂੰ ਰਿਹਾ ਕੀਤੇ ਜਾਣਾ ਵੀ ਇਸੇ ਕੜੀ ਵਿਚ ਦੇਖਿਆ ਜਾਣ ਲੱਗਾ ਹੈ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਮੋਦੀ ਨੇ 9 ਨਵੰਬਰ 2019 ਨੂੰ ਕਰਤਾਰਪੁਰ ਸਾਹਿਬ ਲਾਂਘੇ ਦਾ ਉਦਘਾਟਨ ਕੀਤਾ ਸੀ। ਇਸ ਵੇਲੇ ਲਾਏ ਉਦਘਾਟਨੀ ਪੱਥਰ 'ਤੇ ਪੰਜਾਬੀ ਬੋਲੀ ਨਾ ਲਿਖੇ ਜਾਣਾ ਇਸ ਸਰਕਾਰ ਵਲੋਂ 'ਇਕ ਰਾਸ਼ਟਰ, ਇਕ ਭਾਸ਼ਾ' ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ।

ਇਸ ਸਾਰੇ ਵਰਤਾਰੇ ਨੂੰ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਤੇ ਹੋਰ ਸਿੱਖ ਜਥੇਬੰਦੀਆਂ ਮੂਕ ਦਰਸ਼ਕ ਬਣ ਕੇ ਮਾਂ ਬੋਲੀ ਨਾਲ ਹੋ ਰਹੇ ਧੱਕੇ ਨੂੰ ਵੇਖਦੀਆਂ ਰਹੀਆਂ। ਕਿਸੇ ਨੇ ਵੀ ਇਸ ਮੌਕੇ ਪੰਜਾਬੀ ਨੂੰ ਵਿਸਾਰੇ ਜਾਣ ਦੀ ਗੱਲ ਨਾ ਕੀਤੀ। ਜਦੋਂ ਪੱਥਰ ਲੱਗ ਗਿਆ ਤੇ ਜਦੋਂ ਪੰਜਾਬੀਆਂ ਨੇ ਵੇਖਿਆ ਤਾਂ ਉਨ੍ਹਾਂ ਭਾਜਪਾ ਦੀ ਫਿਰਕੂ ਸੋਚ ਦਾ ਸਖਤ ਵਿਰੋਧ ਸ਼ੁਰੂ ਕਰ ਦਿੱਤਾ। ਇਸ 'ਤੇ ਪੰਜਾਬ ਦੇ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਕਿ ਇਸ ਉਦਘਾਟਨੀ ਪੱਥਰ ਨੂੰ ਸੋਧ ਕੇ ਪਹਿਲੇ ਨੰਬਰ 'ਤੇ ਪੰਜਾਬੀ, ਦੂਜੇ ਨੰਬਰ 'ਤੇ ਹਿੰਦੀ ਅਤੇ ਤੀਜੇ ਨੰਬਰ 'ਤੇ ਅੰਗਰੇਜ਼ੀ ਵਿਚ ਲਿਖੇ ਜਾਣ ਦੀ ਆਗਿਆ ਦਿਤੀ ਜਾਵੇ। ਪੱਤਰ ਮਿਲਦੇ ਹੀ ਪ੍ਰਵਾਨਗੀ ਦੇ ਦੇਣਾ ਆਦਿ ਗੱਲਾਂ ਸਾਬਤ ਕਰਦੀਆਂ ਹਨ ਕਿ ਭਾਜਪਾ ਅਤੇ ਪੰਜਾਬ ਵਿਚ ਉਨ੍ਹਾਂ ਦੀ ਸਹਿਯੋਗੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਵਿਚ ਪੰਜਾਬੀਆਂ ਨੇ ਇਕ ਤਰ੍ਹਾਂ ਹਾਲਤ ਪਤਲੀ ਕਰਕੇ ਨੀਂਦ ਉਡਾ ਦਿਤੀ ਹੈ।

ਭਾਜਪਾ ਸਰਕਾਰ ਹੁਣ ਪੰਜਾਬ ਦੇ ਲੋਕਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਭਰਮਾ ਕੇ ਪੰਜਾਬ ਵਿਚ ਆਪਣੀ ਸਿਆਸੀ ਸਥਿਤੀ ਨੂੰ ਠੀਕ ਕਰਨਾ ਚਾਹੁੰਦੀ ਹੈ। ਉਹੀ ਭਾਜਪਾ ਦੇ ਆਗੂ ਜੋ ਡੀਂਗਾਂ ਮਾਰ ਰਹੇ ਸਨ ਕਿ "ਪੰਜਾਬ ਦੇ ਪਿੰਡਾਂ ਦੇ ਲੋਕ ਭਾਜਪਾ ਦੇ ਮੈਂਬਰ ਬਣਨ ਦੇ ਇੱਛੁਕ ਹਨ, ਅਸੀਂ ਸੌ ਮੈਂਬਰ ਬਣਾਉਣਾ ਵੱਡੀ ਜਿੱਤ ਸਮਝਦੇ ਸਾਂ, ਪਰ ਪਿੰਡਾਂ ਦੇ ਲੋਕਾਂ ਵਲੋਂ ਇੰਨਾ ਸਹਿਯੋਗ ਮਿਲ ਰਿਹਾ ਹੈ ਕਿ ਉਹ ਹਜ਼ਾਰ ਤੋਂ ਵੱਧ ਇਸ ਪਾਰਟੀ ਦੇ ਮੈਂਬਰ ਬਣਦੇ ਹਨ।"

ਪਰ ਪੰਜਾਬ ਵਾਸੀਆਂ ਨੇ ਸਾਬਤ ਕਰ ਦਿਤਾ ਹੈ ਕਿ ਇਥੋਂ ਦੇ ਲੋਕ ਭਾਜਪਾ ਦੇ ਪਿਛਲੇ ਕਿਰਦਾਰ ਨੂੰ ਹਾਲੇ ਭੁੱਲੇ ਨਹੀਂ। ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਪਹਿਲਾਂ ਜੋ ਦੋ ਸੀਟਾਂ ਜਿਤਾਈਆਂ ਸਨ, ਲੋਕ ਸਭਾ ਚੋਣਾਂ ਵਿਚ ਉਨ੍ਹਾਂ ਦੋਹਾਂ ਸੀਟਾਂ 'ਤੇ ਹਰਾ ਕੇ ਭਾਜਪਾ 'ਤੇ ਹੂੰਝਾ ਫੇਰ ਦਿੱਤਾ ਹੈ। ਆਪਣੀ ਹਾਲਤ ਪੰਜਾਬ ਵਿਚ ਬਿਹਤਰ ਬਣਾਉਣ ਲਈ ਇਹ ਸਿੱਖ ਤੇ ਪੰਜਾਬ ਹਿਤੈਸ਼ੀ ਕੰਮ ਕਰਕੇ ਆਪਣੀ ਹਾਲਤ ਸੁਧਾਰਨਾ ਚਾਹੁੰਦੀ ਹੈ। ਇਸ ਗੱਲੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਪਾਰਟੀ ਭਵਿਖ ਵਿਚ ਹੋਰ ਵੀ ਕਈ ਕੰਮ ਕਰਕੇ ਪੰਜਾਬੀਆਂ ਨੂੰ ਭਰਮਾਉਣ ਦਾ ਯਤਨ ਕਰੇਗੀ।

ਪੰਜਾਬ ਦੇ ਲੋਕ ਜਾਣਦੇ ਹਨ ਕਿ ਇਸ ਪਾਰਟੀ ਦਾ ਨਾਂ ਭਾਵੇਂ ਜਨ ਸੰਘ ਹੋਵੇ ਜਾਂ ਫਿਰ ਬਦਲ ਕੇ ਭਾਰਤੀ ਜਨਤਾ ਪਾਰਟੀ ਜਾਂ ਕੋਈ ਹੋਰ, ਪੰਜਾਬ ਦੇ ਲੋਕ ਕਦੀ ਵੀ ਇਨ੍ਹਾਂ ਅਤੇ ਇਨ੍ਹਾਂ ਦੇ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਫਿਰ ਮੂੰਹ ਨਹੀਂ ਲਾਉਣ ਲੱਗੇ। ਆਪਣੇ ਆਪ ਨੂੰ 70 ਸਾਲਾ ਦੀ ਰਾਜਨੀਤੀ ਦਾ ਥਾਗ ਸਮਝਦੇ ਪ੍ਰਕਾਸ਼ ਸਿੰਘ ਬਾਦਲ ਤਾਂ ਇਹ ਕਹਿੰਦੇ ਨਹੀਂ ਸੀ ਥਕਦੇ ਕਿ ਭਾਜਪਾ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਨਹੁੰ ਮਾਸ ਦਾ ਰਿਸ਼ਤਾ ਹੈ, ਅੱਜ ਇਹ ਰਿਸ਼ਤਾ ਭਾਜਪਾ ਨੇ ਤਾਰ ਤਾਰ ਕਰਕੇ ਰੱਖ ਦਿਤਾ ਹੈ। ਬਾਦਲ ਸਾਹਿਬ ਦੀ ਪਾਰਟੀ ਦਾ ਨਹੁੰ ਭਾਜਪਾ ਨੇ ਲਾਹ ਕੇ ਅਹੁ ਮਾਰਿਆ।

ਬਾਦਲ ਸਾਹਿਬ ਨੂੰ ਇਹ ਵੀ ਚੇਤੇ ਰੱਖ ਲੈਣਾ ਚਾਹੀਦਾ ਹੈ ਕਿ ਭਾਜਪਾ ਨੇ ਹੁਸ਼ਿਆਰੀ ਤੇ ਚਲਾਕੀ ਨਾਲ ਉਨ੍ਹਾਂ ਕੋਲੋਂ ਅਜਿਹੇ ਪੰਜਾਬ ਤੇ ਪੰਜਾਬੀ ਵਿਰੋਧੀ ਕੰਮ ਕਰਵਾਏ ਜਿਨ੍ਹਾਂ ਨੂੰ ਪੰਜਾਬੀ ਕਦੀ ਮੁਆਫ ਨਹੀਂ ਕਰ ਸਕਦੇ, ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਫਿਰ ਦੋਸ਼ੀਆਂ ਨੂੰ ਨਾ ਫੜਨਾ, ਸ਼ਾਂਤਮਈ ਰੋਸ ਪ੍ਰਗਟਾ ਰਹੇ ਲੋਕਾਂ 'ਤੇ ਪੁਲਿਸ ਦੀਆਂ ਗੋਲੀਆਂ ਨਾਲ ਦੋ ਨੌਜੁਆਨਾਂ ਨੂੰ ਸ਼ਹੀਦ ਕਰਵਾ ਦੇਣਾ, ਸਿਰਫ ਵੋਟਾਂ ਲਈ ਬਿਨ ਮੁਆਫੀ ਮੰਗੇ ਸਿਰਸੇ ਵਾਲੇ ਬਾਬੇ ਨੂੰ ਸਿੱਖ ਪੰਥ ਦੇ ਪੰਜ ਜਥੇਦਾਰਾਂ ਕੋਲੋਂ ਮਾਫੀ ਦੁਆ ਕੇ ਅਕਾਲ ਤਖਤ ਦੀ ਮਹਾਨਤਾ ਨੂੰ ਢਾਹ ਲਾਉਣ ਦੀ ਕੋਝੀ ਕਾਰਵਾਈ ਕਰਾਉਣੀ। ਅਜਿਹੇ ਹੋਰ ਕਈ ਪੁੱਠੇ ਕੰਮ ਕਰਵਾ ਕੇ ਅੱਜ ਪ੍ਰਕਾਸ਼ ਸਿੰਘ ਬਾਦਲ ਦੀ ਹਾਲਤ ਸਿੱਖਾਂ ਵਿਚ ਹਾਸੋ ਹੀਣੀ ਬਣਾ ਦਿਤੀ ਹੈ। 95 ਵਰ੍ਹਿਆਂ ਦੇ ਬਾਦਲ ਸਾਹਿਬ ਦੀ ਹਾਲਤ ਪੰਜਾਬ ਵਿਚ ਪਾਣੀ ਤੋਂ ਵੀ ਪਤਲੀ ਕਰ ਦਿਤੀ ਹੈ।

ਭਾਜਪਾ ਵਲੋਂ ਇਸ ਸਮੇਂ ਵਹਾਏ ਜਾਂਦੇ ਹੰਝੂ ਸਿਰਫ ਤੇ ਸਿਰਫ ਮਗਰਮੱਛ ਦੇ ਹੰਝੂ ਹਨ! ਇਹ ਅਸਲ ਵਿਚ ਇਕੋ ਇਕ ਨਾਅਰੇ 'ਤੇ ਕੰਮ ਕਰ ਰਹੀ ਹੈ 'ਹਿੰਦੂ, ਹਿੰਦੀ, ਹਿੰਦੋਸਤਾਨ' ਜੋ ਬੜੀ ਘਾਤਕ ਨੀਤੀ ਹੈ। ਦੇਸ਼, ਜਿਸ ਨੂੰ ਵਹਿਮਾਂ ਭਰਮਾਂ ਵਿਚ ਫਸਾ ਕੇ ਪੁੱਠਾ ਗੇੜ ਦਿਤਾ ਜਾ ਰਿਹਾ ਹੈ, ਨੂੰ ਬਚਾਉਣ ਲਈ ਪੰਜਾਬੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਪੰਜਾਬ ਹਮੇਸ਼ਾ ਦੇਸ਼ ਦੀ ਹਰ ਪੱਖੋਂ ਅਗਵਾਈ ਕਰਦਾ ਆਇਆ ਹੈ ਭਾਵੇਂ ਉਹ ਦੇਸ਼ ਨੂੰ ਆਜ਼ਾਦ ਕਰਾਉਣ ਦਾ ਹੋਵੇ, ਚਾਹੇ ਦੇਸ਼ ਨੂੰ ਅੰਨ ਪੱਖੋਂ ਆਤਮ ਨਿਰਭਰ ਕਰਨ ਦਾ।

# ਸਿੱਖ-ਚੇਤਿਆਂ 'ਚੋਂ ਕਿਰ ਗਿਆ ਭਾਈ ਮਰਦਾਨਾ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਤਕਨਾਲੋਜੀ ਦੀਆਂ ਤੰਦਾਂ ਫਰੋਲਦਿਆਂ ਮਨੁੱਖ ਲਈ ਇਸ ਦੀਆਂ ਨਿਆਮਤਾਂ ਗਿਣੀਆਂ ਸਨ, ਪਰ ਨਾਲ ਹੀ ਉਨ੍ਹਾਂ ਸੁਚੇਤ ਕੀਤਾ ਸੀ ਕਿ ਤਕਨਾਲੋਜੀ ਨੇ ਜਿਥੇ ਸੁੱਖ-ਸਹੂਲਤਾਂ ਪੈਦਾ ਕੀਤੀਆਂ, ਵਿਗਿਆਨਕ ਲੱਭਤਾਂ ਨਾਲ ਬਿਜਨਸ, ਖੇਡਾਂ, ਵਿਗਿਆਨ, ਵਿਦਿਆ, ਸਿਹਤ, ਮਨੋਰੰਜਨ ਅਤੇ ਰੋਜ਼ਾਨਾ ਜੀਵਨ ਦੇ ਵਿਭਿੰਨ ਖੇਤਰਾਂ ਵਿਚ ਜ਼ਿਕਰਯੋਗ ਬਿਹਤਰੀਨ ਤਬਦੀਲੀਆਂ ਲਿਆਂਦੀਆਂ ਹਨ, ਉਥੇ ਇਸ ਦੇ ਕੁਝ ਮਾੜੇ ਪ੍ਰਭਾਵ ਵੀ ਹਨ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਗੁਰੂ ਨਾਨਕ ਦੇਵ ਜੀ ਦੇ ਪੱਕੇ ਸੰਗੀ ਸਾਥੀ ਭਾਈ ਮਰਦਾਨੇ ਦੀ ਗੱਲ ਕੀਤੀ ਹੈ ਕਿ ਅੱਜ ਭਾਈ ਮਰਦਾਨਾ ਸਾਡੇ ਚੇਤਿਆਂ ਵਿਚੋਂ ਵਿਸਰਦਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਸ਼ੱਕ ਜਾਹਰ ਕੀਤਾ ਹੈ ਕਿ ਕਿਤੇ ਅਜਿਹਾ ਭਾਈ ਮਰਦਾਨੇ ਦੇ ਕਥਿਤ ਛੋਟੀ ਜਾਤ 'ਮਿਰਾਸੀ' ਵਿਚੋਂ ਹੋਣ ਕਰਕੇ ਤਾਂ ਨਹੀਂ ਹੋ ਰਿਹਾ। ਜੇ ਅਜਿਹਾ ਹੈ ਤਾਂ ਇਹ ਸਾਡੀ ਸੌੜੀ ਸੋਚ ਹੈ। ਉਹ ਸੁਚੇਤ ਕਰਦੇ ਹਨ, "ਭਾਈ ਮਰਦਾਨੇ ਨੂੰ ਭੁੱਲਣ ਵਾਲਿਓ! ਅਜਿਹੇ ਬੇਨਜ਼ੀਰ ਬਜੁਰਗਾਂ ਨੂੰ ਕਦੇ ਨਾ ਭੁਲਾਓ ਜੋ ਸਾਡੀ ਵਿਰਾਸਤ ਨੇ, ਜਿਨ੍ਹਾਂ ਦਾ ਇਤਿਹਾਸ ਵਿਚ ਮਾਣ-ਮੱਤਾ ਸਥਾਨ ਏ, ਜਿਨ੍ਹਾਂ ਦੇ ਭਰਾਤਰੀ-ਭਾਵ, ਭਗਤੀ ਅਤੇ ਬੰਦਗੀ ਵਿਚੋਂ ਹੀ ਰੱਬੀ ਰੂਹ ਨੂੰ ਮਕਸਦ ਪੂਰਤੀ ਲਈ ਅਜ਼ਲੀ ਸਾਥ ਨਸੀਬ ਹੋਇਆ ਸੀ, ਜਿਸ ਦੀਆਂ ਸੁਰਾਂ ਵਿਚ ਬਾਣੀ-ਬੋਧ ਨੂੰ ਸੰਗੀਤਕ ਪ੍ਰਵਾਜ਼ ਮਿਲਦੀ ਸੀ।" -ਸੰਪਾਦਕ*

ਭਾਈ ਮਰਦਾਨਾ, ਬਾਬੇ ਨਾਨਕ ਦਾ ਬਚਪਨ ਦਾ ਸਾਥੀ, ਉਸ ਦਾ ਗਰਾਈਂ, ਮਹਾਂ-ਰਬਾਬੀ ਅਤੇ ਜਾਤ ਦਾ ਮਰਾਸੀ, ਪਰ ਮਹਾਨ ਵਿਅਕਤੀ। ਪਾਕ ਸੋਚ ਵਿਚੋਂ ਬਾਬਾ ਨਾਨਕ ਅਤੇ ਭਾਈ ਮਰਦਾਨਾ ਦੇ ਜੀਵਨ-ਭਰ ਦੇ ਸਾਥ ਦਾ ਆਗਾਜ਼। ਭਾਈ ਮਰਦਾਨਾ, ਸੰਗੀਤ ਦਾ ਭਰ ਵਗਦਾ ਦਰਿਆ ਜਿਸ ਨੇ ਬਾਬਾ ਨਾਨਕ ਦੇ ਬਾਣੀ-ਬੋਲਾਂ ਦੀ ਰੂਹਾਨੀਅਤ ਨੂੰ ਰਬਾਬੀ ਰੰਗਤ ਨਾਲ ਐਸਾ ਰੰਗਿਆ ਕਿ ਅਨੂਠਾ ਰਸ, ਗੁਰ-ਪ੍ਰਵਚਨਾਂ 'ਚ ਰਮ ਗਿਆ। ਭਾਈ ਮਰਦਾਨੇ ਨੇ ਬਾਬੇ ਨਾਨਕ ਦਾ ਸਭ ਤੋਂ ਵੱਧ ਸਾਥ ਮਾਣਿਆ, ਗੁਰਬਾਣੀ ਨੂੰ ਉਗਮਦਿਆਂ, ਉਚਾਰਦਿਆਂ, ਗਾਉਂਦਿਆਂ ਵੀ ਦੇਖਿਆ ਅਤੇ ਸੁਣਿਆ ਵੀ। ਖੁਦ ਵੀ ਇਸ ਦੀ ਰੂਹਾਨੀਅਤ ਵਿਚ ਰੰਗਿਆ ਗਿਆ ਅਤੇ ਨਾਲ ਹੀ ਦੁਨੀਆਂ ਨੂੰ ਇਸ 'ਚ ਰੰਗੇ ਜਾਣ ਦੇ ਅਲੌਕਿੱਕ ਦ੍ਰਿਸ਼ ਨੂੰ ਵੀ ਆਪਣੇ ਦੀਦਿਆਂ ਵਿਚ ਕੈਦ ਕੀਤਾ।

ਭਾਈ ਮਰਦਾਨੇ ਦੀ ਮਹਾਨਤਾ, ਵਿਲੱਖਣਤਾ ਅਤੇ ਮਹਿਮਾ ਬਾਰੇ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿਚ ਵੀ ਉਚਾਰਿਆ ਹੈ, "ਜਾ ਕਉ ਮਿਹਰ ਮਿਹਰ ਮਿਹਰਵਾਨਾ। ਸੋਈ ਮਰਦੁ ਮਰਦੁ ਮਰਦਾਨਾ।" ਭਾਈ ਗੁਰਦਾਸ ਨੇ ਆਪਣੀ ਵਾਰ ਵਿਚ ਉਚਾਰਿਆ ਹੈ, "ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।" ਅਜਿਹਾ ਭਾਈ ਮਰਦਾਨਾ ਅੱਜ ਕੱਲ ਸਿੱਖ-ਚੇਤਿਆਂ ਵਿਚੋਂ ਗੁੰਮ ਹੈ ਕਿਉਂਕਿ ਕੋਈ ਵੀ ਭਾਈ ਮਰਦਾਨੇ ਵਰਗਾ ਬਣਨਾ ਹੀ ਨਹੀਂ ਚਾਹੁੰਦਾ।

ਭਾਈ ਮਰਦਾਨਾ ਕਿਸੇ ਨੂੰ ਯਾਦ ਨਹੀਂ। ਕੋਈ ਨਹੀਂ ਉਸ ਦੀਆਂ ਬਾਤਾਂ ਪਾਉਂਦਾ। ਕੋਈ ਸੋਚਦਾ ਹੀ ਨਹੀਂ ਕਿ ਬਾਬਾ ਨਾਨਕ ਦੇ ਸਭ ਤੋਂ ਕਰੀਬੀ ਸਾਥੀ ਨੂੰ ਲੋਕ-ਮਨਾਂ ਵਿਚੋਂ ਕਿਸ ਨੇ, ਕਦੋਂ ਅਤੇ ਕਿਹੜੀ ਤਰਕੀਬ ਨਾਲ ਅਲੋਪ ਕੀਤਾ? ਇਸ ਦੇ ਕੀ ਕਾਰਨ ਨੇ? ਕਿਹੜੀ ਮੰਦ-ਭਾਵਨਾ ਨਾਲ ਭਾਈ ਮਰਦਾਨੇ ਦੀ ਜੀਵਨ-ਸਾਧਨਾ ਨੂੰ ਬੀਤੇ ਵਕਤ ਦਾ ਪਾਟਿਆ ਵਰਕਾ ਬਣਾਇਆ ਗਿਆ?

ਸਿਰਫ਼ ਭਾਈ ਮਰਦਾਨਾ ਹੀ ਗੁੰਮ ਨਹੀਂ ਹੋਇਆ, ਇਸ ਨਾਲ ਬਹੁਤ ਕੁਝ ਅਸੀਂ ਵੀ ਗਵਾ ਲਿਆ ਏ। ਬਹੁਤ ਕੁਝ ਅਚੇਤ ਤੇ ਸੁਚੇਤ ਰੂਪ ਵਿਚ ਸਾਡੀ ਸੋਚ ਵਿਚੋਂ ਖੁਦ ਹੀ ਅਲੋਪ ਹੋ ਗਿਆ ਅਤੇ ਇਸ ਦਾ ਸਾਨੂੰ ਅਹਿਸਾਸ ਹੀ ਨਹੀਂ ਹੋਇਆ। ਇਸ ਅਹਿਸਾਸ-ਹੀਣਤਾ ਦਾ ਰੋਗ ਹੀ ਮਨੁੱਖੀ ਮਾਨਸਿਕਤਾ ਦੇ ਵਿਗਾੜਾਂ ਦਾ ਕਾਰਨ ਹੈ, ਅਤੇ ਇਸੇ ਦਾ ਖ਼ਮਿਆਜ਼ਾ ਅਜੋਕਾ ਸਿੱਖ ਭੁਗਤ ਰਿਹਾ।

ਭਾਈ ਮਰਦਾਨਾ ਗੁੰਮ ਹੋਇਆ ਤਾਂ ਉਸ ਸਾਂਝ ਦਾ ਮਰਸੀਆ ਵੀ ਪੜ੍ਹਿਆ ਗਿਆ, ਜੋ ਬਾਬੇ ਨਾਨਕ ਨੇ ਨੀਵੀਂ ਜਾਤ ਦੇ ਬਚਪਨੀ ਸਾਥੀ ਨਾਲ ਨਿਭਾਈ ਸੀ। ਜਾਤ-ਪਾਤ ਦੀ ਵਲਗਣ ਨੂੰ ਤੋੜਿਆ ਅਤੇ ਇਸ ਵਿਚੋਂ ਹੀ ਪਰਮ ਮਨੁੱਖ ਦੇ ਆਪਣੇ ਵਰਗੇ ਪਾਕ ਮਨੁੱਖ ਨਾਲ ਪਾਕ ਸਬੰਧਾਂ ਦਾ ਮੁੱਢ ਬੰਨਿਆ ਸੀ, ਪਰ ਅਸੀਂ ਇਸ ਮਿਟਾਏ ਹੋਏ ਪਾੜੇ ਨੂੰ ਮੁੜ ਸਿਰਜਣ ਦੇ ਰਾਹ ਤੁਰ ਪਏ ਹਾਂ। ਸਿੱਖੀ-ਸੰਦੇਸ਼ ਤਾਂ ਜੋੜਨ ਅਤੇ ਫੈਲਣ ਦਾ ਨਾਮ ਸੀ, ਪਰ ਇਹ ਕੇਹੀ ਤਰਾਸਦੀ ਹੈ ਕਿ ਸਿੱਖੀ ਹੁਣ ਡੇਰਿਆਂ, ਵੱਖ-ਵੱਖ ਫਿਰਕਿਆਂ ਅਤੇ ਜਾਤਾਂ ਦੇ ਗੁਰਦੁਆਰਿਆਂ ਵਿਚ ਤਕਸੀਮ ਹੋ ਗਈ ਹੈ। ਹਰੇਕ ਦਾ ਆਪੋ-ਆਪਣਾ ਮੁਫਾਦ, ਆਪੋ ਆਪਣੀ ਡੱਫਲੀ ਤੇ ਆਪੋ-ਆਪਣਾ ਰਾਗ, ਗਾਇਬ ਹੋਈ ਸਰਬ-ਸਮੁੱਚਤਾ ਕਾਰਨ। ਸਿੱਖੀ-ਸੋਚ ਦੇ ਘਾਣ ਦਾ ਕੌਣ ਏ ਕਸੂਰਵਾਰ?

ਭਾਈ ਮਰਦਾਨਾ ਜਦ ਸਿੱਖ ਮਨਾਂ ਵਿਚੋਂ ਗਾਇਬ ਹੋਇਆ ਤਾਂ ਉਸ ਦਾਈਏ ਅਤੇ ਵਿਸ਼ਵਾਸ ਨੇ ਆਤਮਘਾਤ ਕਰ ਲਿਆ ਜਿਸ ਦਾਈਏ ਨਾਲ ਬਾਬੇ ਨਾਨਕ ਨੇ ਭਾਈ ਮਰਦਾਨੇ ਨੂੰ ਉਦਾਸੀਆਂ ਦਾ ਸਾਥੀ ਬਣਾਇਆ ਸੀ। ਹੁਣ ਤਾਂ ਕਿਸੇ 'ਤੇ ਦਾਈਆ ਹੀ ਨਹੀਂ ਰਿਹਾ। ਅਸੀਂ ਤਾਂ ਆਪਣਿਆਂ 'ਤੇ ਵੀ ਵਿਸ਼ਵਾਸ ਕਰਨ ਤੋਂ ਡਰਦੇ ਹਾਂ ਕਿਉਂਕਿ ਆਪਣੇ ਹੀ ਪਿੱਠ ਵਿਚ ਛੁਰੀ ਮਾਰਨ ਤੋਂ ਵੇਲਾ ਨਹੀਂ ਖੁੰਝਾਉਂਦੇ। ਬਾਬੇ ਨਾਨਕ ਦਾ ਉਹ ਵਿਸ਼ਵਾਸ ਜੋ ਉਨ੍ਹਾਂ ਭਾਈ ਮਰਦਾਨੇ 'ਤੇ ਕੀਤਾ ਸੀ, ਕਿਧਰੇ ਵੀ ਨਜ਼ਰ ਨਹੀਂ ਆਉਂਦਾ। ਹੁਣ ਕੋਈ ਵੀ ਭਾਈ ਮਰਦਾਨਾ ਬਣਨ ਲਈ ਤਿਆਰ ਨਹੀਂ। ਅਜੋਕੇ ਮਖੌਟਾਧਾਰੀ ਆਪਣੀਆਂ ਗਿਣਤੀਆਂ-ਮਿਣਤੀਆਂ ਵਿਚ ਹੀ ਉਲਝੇ, ਮਨਾਂ ਵਿਚ ਭਾਈ ਮਰਦਾਨੇ ਵਰਗੀ ਸਮਰਪਿੱਤ ਸੋਚ ਦਾ ਸੂਰਜ ਕਿਵੇਂ ਉਗਾ ਸਕਦੇ ਹਨ? ਸਾਡੇ ਮਨਾਂ 'ਚੋਂ ਗੁੰਮ ਗਿਆ ਸੂਰਜ ਸਿਰਫ ਸਾਨੂੰ ਹਨੇਰ ਢੋਣ ਲਈ ਹੀ ਮਜਬੂਰ ਕਰੇਗਾ ਜੋ ਅਸੀਂ ਕਰ ਰਹੇ ਹਾਂ।

ਭਾਈ ਮਰਦਾਨਾ ਜਦ ਅਜੋਕੇ ਦੁਨਿਆਵੀ ਦਾਇਰੇ ਵਿਚੋਂ ਮਨਫੀ ਹੁੰਦਾ ਏ ਤਾਂ ਗਾਇਬ ਹੁੰਦੀ ਏ ਉਸ ਦੀ ਰਬਾਬ, ਸਰੋਦ, ਸੰਗੀਤ ਤੇ ਗੁਰਬਾਣੀ ਦਾ ਸੁੰਦਰ ਸਾਥ, ਇਲਾਹੀ ਬੋਲਾਂ ਵਿਚੋਂ ਉਗਮਦੀ ਅੰਬਰੀਂ ਪਰਵਾਜ਼ ਅਤੇ ਅਨੂਠਾ ਅੰਦਾਜ਼। ਸਰੋਤਿਆਂ ਦੇ ਮਨਾਂ ਵਿਚ ਪੈਂਦਾ ਅਮਿੱਟ ਪ੍ਰਭਾਵ ਜਿਸ ਨੇ ਸਿੱਖ-ਸੋਚ ਨੂੰ ਸਾਰੇ ਪਾਸੇ ਫੈਲਾਉਣ ਵਿਚ ਅਹਿਮ ਰੋਲ ਨਿਭਾਇਆ ਅਤੇ ਬੋਧ-ਬੋਲਾਂ ਨੇ ਸਦੀਵੀ ਪ੍ਰਭਾਵ ਪਾਇਆ। ਰਬਾਬ ਨੇ ਸੰਗੀਤ ਨੂੰ ਸ਼ੋਰ ਤੋਂ ਦੂਰ ਰੱਖਿਆ। ਇਸ ਦੀ ਪਾਕੀਜ਼ਗੀ ਤੇ ਪਹਿਚਾਣ ਨੂੰ ਕਦੇ ਆਂਚ ਨਹੀਂ ਆਉਣ ਦਿਤੀ। ਰਬਾਬ ਨੂੰ ਗਵਾ ਕੇ ਅਜੋਕੇ ਸੰਗੀਤ ਨੇ ਸਾਨੂੰ ਸ਼ੋਰ, ਸੰਤਾਪ ਅਤੇ ਸਹਿਮ ਹੀ ਦਿਤਾ ਜਿਸ ਨੇ ਸਮਾਜਿਕ ਤਾਣੇ-ਬਾਣੇ ਨੂੰ ਤਹਿਸ-ਨਹਿਸ ਕਰ ਦਿਤਾ ਏ।

ਭਾਈ ਮਰਦਾਨੇ ਦੀ ਗੈਰ-ਹਾਜ਼ਰੀ ਕਾਰਨ, ਮਰਦਾਨੇ ਵਾਲੀ ਨਿਰ-ਸੁਆਰਥ ਸੋਚ ਵੀ ਤਿਲਾਂਜਲੀ ਦੇ ਗਈ ਹੈ। ਭਾਈ ਮਰਦਾਨੇ ਨੇ ਬਾਬੇ ਨਾਨਕ ਦੇ ਸਾਥ ਨੂੰ ਅੰਤਰੀਵ ਵਿਚ ਮਾਣਿਆ। ਇਸ ਦੇ ਸੁਖਨ ਅਤੇ ਆਤਮਿਕ ਰਸ ਵਿਚ ਖੁਦ ਨੂੰ ਰੰਗ ਲਿਆ। ਕੋਈਂ ਨਹੀਂ ਸੀ ਉਸ ਦੀ ਮਾਇਕ ਲੋੜ, ਮੰਗ ਜਾਂ ਅੜੀ। ਸਿਰਫ ਦੋਸਤੀ ਅਤੇ ਸਾਂਝ ਦਾ ਸੀ ਮਾਣ, ਪਰ ਅੱਜ ਕੱਲ ਤਾਂ ਰਬਾਬੀ-ਰੰਗਤ ਵਿਕਦੀ, ਕੀਰਤਨ ਤੇ ਕਥਾ ਵਿਕਾਉ ਅਤੇ ਬਾਣੀ-ਬੋਲਾਂ ਨੂੰ ਉਚਾਰਣ ਦੀ ਵੀ ਬੋਲੀ ਲੱਗਦੀ। ਗੁਰ-ਸ਼ਬਦ ਦੀ ਲੋਰ ਨੂੰ ਭਾਈ ਮਰਦਾਨੇ ਵਰਗੀ ਸ਼ਰਧਾ ਤੇ ਸਮਰਪਣ ਨਾਲ ਮਨ ਦੀ ਤਰਜ਼ੀਹ ਬਣਾਉਣਾ, ਹੁਣ ਤਰਜ਼ੀਹ ਨਹੀਂ ਰਿਹਾ। ਹੁਣ ਸਿਰਫ ਇਕ ਕਿੱਤਾ। ਇਸ 'ਚੋਂ ਮੋਟੀ ਕਮਾਈ ਕਰਨਾ, ਜ਼ਿਆਦਾਤਰ ਲੋਕਾਂ ਦਾ ਕਸਬ ਤੇ ਵਪਾਰ?

ਭਾਈ ਮਰਦਾਨੇ ਦੇ ਗੁੰਮ ਹੋਣ ਨਾਲ ਬੇਬੇ ਨਾਨਕੀ ਦੀ ਬੇਫਿਕਰੀ ਨੂੰ ਵੀ ਘੁਣ ਖਾ ਗਿਆ ਕਿਉਂਕਿ ਭਾਈ ਮਰਦਾਨੇ ਸਦਕਾ ਹੀ ਬੇਬੇ ਨਾਨਕੀ ਬੇਫਿਕਰ ਹੋ ਗਈ ਸੀ ਜਦ ਬਾਬਾ ਨਾਨਕ ਉਦਾਸੀ 'ਤੇ ਤੁਰਨ ਲੱਗਾ ਸੀ। ਉਸ ਨੂੰ ਪਤਾ ਸੀ ਕਿ ਵੀਰ ਨਾਨਕ ਨਾਲ ਉਸ ਦਾ ਸਾਥੀ ਭਾਈ ਮਰਦਾਨਾ ਸਦਾ ਪ੍ਰਛਾਵੇਂ ਵਾਂਗ ਰਹੇਗਾ। ਉਨ੍ਹਾਂ ਦੀਆਂ ਕਠਿਨਾਈਆਂ ਅਤੇ ਦੁੱਖ ਸਾਂਝੇ ਹੋਣਗੇ। ਉਹ ਸਫਰ ਨੂੰ ਸੁਖਾਵਾਂ ਬਣਾਈ ਰੱਖੇਗਾ। ਉਹ ਇਕ ਜੋਤ ਦੋਏ ਮੂਰਤੀ ਵਾਂਗ ਉਦਾਸੀ ਦੇ ਸਫਰ ਨੂੰ ਨਵੀਂ ਬੁਲੰਦੀ ਦੇਣਗੇ। ਬੇਬੇ ਨਾਨਕੀ ਦੀ ਬੇਫਿਕਰੀ ਨੂੰ ਖੋਹਣ ਲਈ ਕੌਣ ਨੇ ਕਸੂਰ ਵਾਰ? ਕੌਣ ਨੇ ਜਿਨ੍ਹਾਂ ਨੇ ਭਾਈ ਮਰਦਾਨੇ ਨੂੰ ਸਿੱਖ ਵਿਰਾਸਤ 'ਚੋਂ ਗਾਇਬ ਕੀਤਾ? ਧਾਰਮਿਕ ਸਮਾਗਮਾਂ ਵਿਚੋਂ ਜਦ ਭਾਈ ਮਰਦਾਨਾ ਹੀ ਗਾਇਬ ਕਰ ਦਿਤਾ ਜਾਵੇ ਤਾਂ ਨਾਨਕ ਸੋਚ ਅਤੇ ਉਸ ਦੇ ਸਾਥ ਵਿਚੋਂ ਉਗਮਿਆ ਬਹੁਤ ਕੁਝ ਖੁਦ-ਬ-ਖੁਦ ਹੀ ਖਤਮ ਹੋ ਜਾਂਦਾ ਏ। ਅਜਿਹਾ ਹੀ ਅਜੋਕੇ ਜਸ਼ਨਾਂ ਵਿਚ ਹੋਇਆ। ਅਜਿਹਾ ਵਰਤਾਰਾ ਆਉਣ ਵਾਲੀਆਂ ਪੀੜ੍ਹੀਆਂ ਨੇ ਵੀ ਜਾਰੀ ਰੱਖਣਾ ਏ ਜੇ ਇਸ ਨੂੰ ਸੁਚੇਤ ਹੋ ਕੇ ਰੋਕਿਆ ਨਾ ਗਿਆ। ਹੁਣ ਨਹੀਂ ਕਿਧਰੇ ਮਿਲਦਾ ਭਾਈ ਮਰਦਾਨੇ ਵਰਗਾ ਸਫਰ ਦਾ ਸਾਥੀ, ਜਿਸ ਦੇ ਸਾਥ ਵਿਚੋਂ ਅਲਹਾਮ ਅਤੇ ਬੰਦਗੀ ਨੂੰ ਨਵੀਆਂ ਬੁਲੰਦੀਆਂ ਮਿਲੀਆਂ ਹੋਣ, ਜਿਸ ਦੀ ਮੌਜੂਦਗੀ ਨਾਲ ਮਨ 'ਚ ਉਪਜੀ ਬੇਫਿਕਰੀ, ਨਵੀਂਆਂ ਪੈੜਾਂ ਸਿਰਜਣ ਅਤੇ ਨਵੇਂ ਕੀਰਤੀਮਾਨ ਸਥਾਪਤ ਕਰਨ ਵਿਚ ਪਹਿਲ ਬਣੇ।

ਭਾਈ ਮਰਦਾਨਾ ਜੇ ਗੁੰਮ ਜਾਵੇ ਤਾਂ ਬਾਬੇ ਨਾਨਕ ਦੀ ਬਾਣੀ ਲਈ ਰਬਾਬ ਦੀਆਂ ਤਰੰਗਾਂ 'ਚ ਪੈਦਾ ਹੋਇਆ ਸਰੋਦੀਪਣ, ਸੋਗ ਹੀ ਬਣ ਸਕਦਾ। ਭਾਈ ਮਰਦਾਨੇ ਨੂੰ ਵਿਸਾਰਨਾ, ਇਕ ਚਸ਼ਮਦੀਦ ਨੂੰ ਚੇਤਿਆਂ ਵਿਚੋਂ ਵਿਸਾਰਨ ਦਾ ਗੁਨਾਹ। ਸਾਕੀ ਅਤੇ ਸਖੀ ਨੂੰ ਯਾਦ ਨਾ ਕਰਨ ਲਈ ਤਨਖਾਹਦਾਰ, ਜਿਸ ਨੇ ਸਿੱਧ-ਗੋਸ਼ਟਿ ਨੂੰ ਆਪਣੇ ਕੰਨਾਂ ਨਾਲ ਸੁਣਿਆ, ਕਾਜ਼ੀ ਦਸਤਗੀਰ ਨਾਲ ਰਚਾਈ ਗੁਫ਼ਤਗੂ ਨੂੰ ਅੱਖੀਂ ਡਿੱਠਾ ਅਤੇ ਪੰਡਤਾਂ ਨਾਲ ਕੀਤੇ ਨਾਨਕ-ਪ੍ਰਵਚਨਾਂ ਨੂੰ ਰੂਹ ਵਿਚ ਸਮੋਇਆ, ਜੋ ਭੁੱਖ, ਪਿਆਸ, ਕਸ਼ਟ ਅਤੇ ਦੁੱਖਾਂ ਤੋਂ ਨਿਰਲੇਪ ਰਹਿ, ਬਾਬੇ ਨਾਨਕ ਦਾ ਸਾਥ ਨਿਭਾਉਂਦਾ ਰਿਹਾ। ਬਹੁਤ ਕੁਝ ਆਪਣੀ ਝੋਲੀ ਵਿਚ ਪਵਾਉਂਦਾ ਰਿਹਾ ਜੋ ਸਿਰਫ ਉਸ ਦਾ ਹੀ ਹਾਸਲ ਸੀ, ਹਾਸਲ ਹੈ ਅਤੇ ਸਦੀਵੀ ਰਹੇਗਾ। ਭਾਈ ਮਰਦਾਨੇ ਨੂੰ ਬਾਬਾ ਨਾਨਕ ਦੇ ਨਾਲ ਉਨ੍ਹਾਂ ਰਾਹਾਂ, ਥਾਂਵਾਂ, ਤੀਰਥਾਂ, ਮੰਦਿਰਾਂ, ਮੱਠਾਂ, ਮਸਜਿਦਾਂ ਆਦਿ 'ਤੇ ਜਾਣ, ਵੱਖੋ-ਵੱਖਰੇ ਖਿੱਤੇ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਬੋਲੀਆਂ ਵਿਚ ਗੱਲਾਂ ਕਰਨ, ਉਨ੍ਹਾਂ ਵਰਗੇ ਹੋਣ, ਉਨ੍ਹਾਂ 'ਚ ਰਚਣ-ਮਿਚਣ ਅਤੇ ਉਨ੍ਹਾਂ ਨੂੰ ਆਪਣਾ ਬਣਾਉਣ ਦਾ ਕੇਹਾ ਮਾਣ ਸੀ ਕਿ ਉਹ ਉਨ੍ਹਾਂ ਵਿਚ ਉਨ੍ਹਾਂ ਦੇ ਆਪਣੇ ਹੀ ਬਣ ਜਾਂਦੇ ਸਨ। ਇਸ ਕਰਕੇ ਨਾਨਕ-ਸੋਚ ਨੂੰ ਹਰ ਫਿਰਕੇ, ਕਬੀਲੇ ਅਤੇ ਖਿੱਤੇ ਦੇ ਲੋਕਾਂ ਨੇ ਰੂਹ ਨਾਲ ਅਪਨਾਇਆ। ਇਸ ਸੋਚ ਦੇ ਚਿਰਾਗ ਹੁਣ ਤੀਕ ਵੀ ਜਗ ਰਹੇ ਨੇ। ਪਰ ਭਾਈ ਮਰਦਾਨੇ ਨੂੰ ਭੁਲਾ ਕੇ ਅਸੀਂ ਇਨ੍ਹਾਂ ਨੂੰ ਬੁਝਾਉਣ ਵੱਲ ਉਲਾਰ ਤਾਂ ਹੋਏ ਹਾਂ, ਪਰ ਨਾਨਕ-ਜੋਤ ਨੇ ਕਦੇ ਨਹੀਂ ਬੁਝਣਾ। ਸਗੋਂ ਸਦੀਵੀ ਜਗਦੇ ਰਹਿਣਾ ਕਿਉਂਕਿ ਸੂਰਜ ਕਦੇ ਵੀ ਠੰਡੇ ਨਹੀਂ ਹੁੰਦੇ ਅਤੇ ਇਨ੍ਹਾਂ ਦੀ ਤਾਸੀਰ ਹੀ ਚਾਨਣ ਵੰਡਦੇ ਰਹਿਣਾ ਹੁੰਦੀ।

ਭਾਈ ਮਰਦਾਨੇ ਨੂੰ ਭੁਲਾ ਕੇ ਅਸੀਂ ਉਸ ਪ੍ਰਣ ਨੂੰ ਵੀ ਤੋੜ ਰਹੇ ਹਾਂ ਜੋ ਪ੍ਰਣ ਭਾਈ ਮਰਦਾਨੇ ਨੇ ਉਦਾਸੀ ਤੋਂ ਪਰਤ ਕੇ, ਰਾਇ ਭੋਇ ਦੀ ਤਲਵੰਡੀ ਪਹੁੰਚਣ 'ਤੇ ਬਾਬੇ ਨਾਨਕ ਨਾਲ ਕੀਤਾ ਸੀ ਕਿ ਤਲਵੰਡੀ ਜਾ ਕੇ ਉਹ ਆਪਣੇ ਸਾਥੀ ਬਾਬੇ ਨਾਨਕ ਬਾਰੇ ਕੁਝ ਨਹੀਂ ਦੱਸੇਗਾ। ਮਾਤਾ ਤ੍ਰਿਪਤਾ ਨੇ ਹੀ ਭਾਈ ਮਰਦਾਨੇ ਦੇ ਨੈਣਾਂ ਵਿਚ ਆਪਣੇ ਪੁੱਤ ਦਾ ਅਕਸ ਦੇਖ ਲਿਆ ਸੀ ਅਤੇ ਹੌਲੀ ਹੌਲੀ ਉਸ ਦੇ ਪਿੱਛੇ ਤੁਰਦੀ ਆਪਣੇ ਨਾਨਕ ਪੁੱਤਰ ਨੂੰ ਮਿਲਣ ਤੁਰ ਪਈ ਸੀ, ਪਰ ਭਾਈ ਮਰਦਾਨੇ ਨੇ ਪ੍ਰਣ ਨਹੀਂ ਸੀ ਤੋੜਿਆ। ਅਸੀਂ ਤਾਂ ਨਿੱਕੇ ਜਿਹੇ ਲਾਲਚ, ਮਾਇਕ ਫਾਇਦੇ ਜਾਂ ਰੁਤਬੇ ਦੀ ਪ੍ਰਾਪਤੀ ਖਾਤਰ ਕੀਤੇ ਵਚਨ ਤੋੜਨ ਜਾਂ ਮੁੱਕਰਨ ਵਿਚ ਪਲ ਵੀ ਨਹੀਂ ਲਾਉਂਦੇ। ਕਦੇ ਭਾਈ ਮਰਦਾਨੇ ਵਰਗੀ ਪ੍ਰਣ-ਪਕਿਆਈ ਨੂੰ ਮਨ-ਦ੍ਰਿੜਤਾ ਬਣਾਉਣਾ, ਬਾਬੇ ਨਾਨਕ ਦੀਆਂ ਰਹਿਮਤਾਂ ਦੀ ਬਖਸ਼ਿਸ਼ ਹੋਵੇਗੀ। ਮਨ ਦੀ ਤਕੜਾਈ ਅਤੇ ਪਕਿਆਈ ਮਨੁੱਖੀ ਸ਼ਖਸੀਅਤ ਦਾ ਅਜਿਹਾ ਮਜੀਠ ਰੰਗ ਏ ਜਿਸ ਦੇ ਫਿੱਕੇ ਹੋਣ ਦੀ ਕਦੇ ਵੀ ਸੰਭਾਵਨਾ ਨਹੀਂ ਹੁੰਦੀ। ਇਹ ਰੰਗ ਸਦਾ ਸਦੀਵ। ਭਾਈ ਮਰਦਾਨੇ ਨੂੰ ਭੁਲਾਉਣ ਦੀ ਥਾਂ, ਲੋੜ ਹੈ ਹੁਣ ਵੀ ਵਾਪਸ ਪਰਤੀਏ। ਆਪਣੇ ਪੁਰਖਿਆਂ ਦੇ ਬੋਲਾਂ ਤੇ ਕੀਰਤੀਆਂ 'ਤੇ ਮਾਣ ਕਰੀਏ ਅਤੇ ਉਨ੍ਹਾਂ ਦੇ ਪੈਰ-ਚਿੰਨਾਂ 'ਤੇ ਚੱਲਣ ਦਾ ਉਦਮ ਕਰੀਏ।

ਭਾਈ ਮਰਦਾਨਾ ਜਦ ਭੁੱਲਦਾ ਤਾਂ ਅਸੀਂ ਉਸ ਦਾਤ ਤੋਂ ਮਹਿਰੂਮ ਹੋ ਜਾਂਦੇ ਹਾਂ ਜੋ ਭਾਈ ਮਰਦਾਨੇ ਨੇ ਆਪਣੇ ਆਖਰੀ ਵਕਤ ਬਾਬੇ ਨਾਨਕ ਦੀ ਰਹਿਮਤ 'ਚੋਂ ਪਾਈ ਸੀ ਜਦ ਬਾਬੇ ਨਾਨਕ ਦੀ ਬੁੱਕਲ ਵਿਚ ਉਸ ਨੇ ਸਾਹਾਂ ਨੂੰ ਆਖਰੀ ਅਲਵਿਦਾ ਕਹੀ। ਉਸ ਸਾਥ ਨੂੰ ਨਵਾਂ ਅੰਜ਼ਾਮ ਦਿਤਾ ਕਿ ਜਦ ਦਿਲਾਂ ਦੀ ਸਾਂਝ ਹੁੰਦੀ ਤਾਂ ਸਾਹਾਂ ਦਾ ਸਫਰ, ਸਾਥੀ ਦੇ ਸਾਥ ਵਿਚ ਪੂਰਾ ਕਰਨ ਲੱਗਿਆਂ ਅਕਹਿ ਅਨੰਦ ਤੇ ਸੰਤੁਸ਼ਟੀ ਹਾਸਲ ਹੁੰਦੀ। ਇਕ ਸੁਖਨ ਤੇ ਸਕੂਨ ਦੀ ਪ੍ਰਾਪਤੀ। ਭਟਕਣਾ ਤੋਂ ਨਿਜ਼ਾਤ। ਮਨ ਦੀ ਤ੍ਰਿਪਤੀ ਦਾ ਅਹਿਸਾਸ। ਇਹ ਸਿਰਫ ਭਾਈ ਮਰਦਾਨੇ ਵਰਗੀ ਰੱਬੀ ਰੂਹ ਹੀ ਪ੍ਰਾਪਤ ਕਰ ਸਕੀ ਜਿਸ ਨੂੰ ਬਾਬੇ ਨਾਨਕ ਦੀ ਨੇੜਤਾ ਨਸੀਬ ਹੋਈ। ਕਿਥੇ ਹੈ, ਅਜਿਹੀ ਨੇੜਤਾ? ਕੌਣ ਨਿਭਾਉਂਦਾ ਏ ਅਜਿਹੀ ਦੋਸਤੀ? ਕਿਸ ਨੂੰ ਪਤਾ ਹੈ ਅਜਿਹੇ ਸਬੰਧਾਂ ਦੀ ਸਾਰਥਕਤਾ ਅਤੇ ਸਦੀਵਤਾ ਦੀ ਸਾਰ ਦਾ? ਕੌਣ ਨੇ ਜਿਨ੍ਹਾਂ ਨੂੰ ਬਾਬੇ ਨਾਨਕ ਅਤੇ ਭਾਈ ਮਰਦਾਨੇ ਦੀ ਆਪਸੀ ਗੁਫ਼ਤਗੂ ਵਿਚ ਅਧਿਆਤਮਕਤਾ ਅਤੇ ਰੂਹਾਨੀਅਤ ਦੇ ਦੀਦਾਰੇ ਨਹੀਂ ਹੁੰਦੇ? ਕੀ ਉਹ ਲੋਕ ਇਸ ਦ੍ਰਿਸ਼ ਨੂੰ ਆਪਣੇ ਮਨ-ਮੰਦਿਰ ਵਿਚ ਸਾਖਸ਼ਾਤ ਕਰ ਸਕਣਗੇ ਜਿਨ੍ਹਾਂ ਦੀ ਮਾਨਸਿਕਤਾ ਵਿਚ ਲਾਲਚ ਅਤੇ ਨਿੱਜ-ਪ੍ਰਸਤੀ ਹਾਵੀ ਹੋਵੇ? ਭਾਈ ਮਰਦਾਨੇ ਵਰਗੀ ਅਪਣੱਤ ਅਤੇ ਮੋਹ ਦੀ ਦਾਸਤਾਨ, ਇਕ ਸਦੀਵੀ ਮਿਸਾਲ। ਅਸੀਂ ਇਸ ਮਿਸਾਲ ਨੂੰ ਸਮਝਣ ਤੋਂ ਹੀਣੇ, ਮਿਸਾਲ ਬਣਨਾ ਤਾਂ ਦੂਰ ਦੀ ਗੱਲ।

ਭਾਈ ਮਰਦਾਨੇ ਨੂੰ ਭੁਲਾ ਕੇ ਅਸੀਂ ਬਾਬੇ ਨਾਨਕ ਦੇ ਉਸ ਸਬੱਬ ਨੂੰ ਵੀ ਭੁੱਲ ਬੈਠੈ ਹਾਂ ਜਿਸ ਰਾਹੀਂ ਬਾਬੇ ਨਾਨਕ ਨੇ ਸੱਜਣ ਠੱਗ ਨੂੰ ਨੇਕਨੀਤੀ ਦਾ ਪਾਠ ਪੜ੍ਹਾਇਆ ਅਤੇ ਮਾਨਵਤਾ ਦੇ ਮਾਰਗ ਤੋਰਿਆ ਸੀ; ਜਿਸ ਰਾਹੀਂ ਵਲੀ ਕੰਧਾਰੀ ਦਾ ਹੰਕਾਰ ਤੋੜਿਆ ਅਤੇ ਉਸ ਦੇ ਮਨ ਵਿਚ ਕੋਮਲਤਾ ਤੇ ਅਪਣੱਤ ਦੀਆਂ ਭਾਵਨਾਵਾਂ ਪੈਦਾ ਕਰਨ ਵਿਚ ਸਕਾਰਤਮਕ ਰੋਲ ਨਿਭਾਇਆ। ਭਾਈ ਮਰਦਾਨਾ, ਬਾਬੇ ਨਾਨਕ ਦੀ ਹਰੇਕ ਉਦਾਸੀ ਵਿਚ ਨਵੀਂਆਂ ਪੈੜਾਂ ਸਿਰਜਣ, ਸੁਗਮ ਸੰਦੇਸ਼ ਦੇਣ ਅਤੇ ਸਮਾਜਿਕ ਸੁਹਜ ਤੇ ਸਦਭਾਵਨਾ ਦੇ ਪੈਗਾਮ ਦਾ ਸਬੱਬ ਬਣਿਆ। ਅਸੀਂ ਤਾਂ ਬਾਬੇ ਨਾਨਕ ਦੇ ਉਸ ਅਜ਼ੀਮ ਸਬੱਬ ਨੂੰ ਭੁਲਾ ਕੇ, ਅਜਿਹੇ ਸਬੱਬ ਸਿਰਜਣ ਲਈ ਕਾਹਲੇ ਹਾਂ ਜੋ ਕੁਮੱਤ, ਕਪਟ ਅਤੇ ਕੁਹਜ ਦਾ ਮਾਰਗ-ਦਰਸ਼ਨ ਕਰਦੇ, ਜਿਹੜੇ ਕਮੀਨਗੀ, ਕਮੀਆਂ ਅਤੇ ਕੁਤਾਹੀਆਂ ਵੰਨੀਂ ਪ੍ਰੇਰਤ ਕਰਦੇ, ਜੋ ਰਾਹਾਂ ਦੀ ਨਿਸ਼ਾਨਦੇਹੀ ਕਰਨ ਤੇ ਸੁਚਾਰੂ ਸੋਚ ਮਸਤਕ ਦੇ ਨਾਮ ਕਰਨ ਦੀ ਬਜਾਏ ਕਾਲਖਾਂ ਵਣਜਣ ਲਈ ਉਤਸੁੱਕ ਨੇ। ਅਜਿਹੇ ਸਬੱਬਾਂ ਕਾਰਨ ਅਜੋਕਾ ਮਨੁੱਖ ਰਸਾਤਲ ਵੰਨੀਂ ਗਰਕ ਰਿਹਾ ਏ ਜਿਸ 'ਚੋਂ ਮਨੁੱਖਤਾ ਏ ਮਨਫ਼ੀ। ਕਦੇ ਮਰਦਾਨੇ ਵਰਗਾ ਸਬੱਬ ਸਿਰਜਣਾ, ਤੁਹਾਨੂੰ ਸਬੱਬ ਰਾਹੀਂ ਸੁਘੜ-ਸੰਦੇਸ਼ ਦੇਣ ਦੀ ਸੱਚੀ ਸਾਰਥਕਤਾ ਸਮਝ ਆ ਜਾਵੇਗੀ।

ਭਾਈ ਮਰਦਾਨੇ ਨੂੰ ਚੇਤਿਆਂ 'ਚੋਂ ਵਿਸਾਰ ਕੇ, ਅਸੀਂ ਬਾਬੇ ਨਾਨਕ ਦੀ ਉਸ ਉਦਾਸੀ ਨੂੰ ਭੁੱਲ ਗਏ, ਜੋ ਉਨ੍ਹਾਂ ਨੇ ਆਪਣੇ ਸਾਥੀ ਦੇ ਸਦਾ ਲਈ ਤੁਰ ਜਾਣ ਤੋਂ ਬਾਅਦ ਉਦਾਸ ਪਲਾਂ ਵਿਚ ਅਰੰਭੀ ਸੀ। ਕਿਰਤ ਦੀ ਉਦਾਸੀ। ਕਰਤਾਰਪੁਰ ਵਿਚ ਕਿਰਤ ਕਰਨ ਅਤੇ ਵੰਡ ਛੱਕਣ ਦੇ ਸੰਦੇਸ਼ ਨੂੰ ਅਮਲੀ ਜਾਮਾ ਪਹਿਨਾਉਣ ਦਾ ਉਦਮ ਤੇ ਉਪਰਾਲਾ। ਕਿਰਤ-ਧਰਮ ਵਿਚ ਨਵੀਆਂ ਉਚਾਈਆਂ ਦੇਣ ਵਾਲੇ ਬਾਬੇ ਨਾਨਕ ਦਾ ਕੇਹਾ ਪਿਆਰ ਅਤੇ ਸਬੰਧ ਸੀ ਭਾਈ ਮਰਦਾਨੇ ਨਾਲ ਕਿ ਉਹ ਫਿਰ ਬਾਹਰਲੀ ਉਦਾਸੀ 'ਤੇ ਨਹੀਂ ਗਏ, ਸਗੋਂ ਕਿਰਤ-ਉਦਾਸੀ ਵਿਚੋਂ ਜੀਵਨੀ ਸੁਚਮ ਅਤੇ ਉਚਮ ਨੂੰ ਨਵੀਆਂ ਤਰਜ਼ੀਹਾਂ ਦੇ ਕੇ ਸਮੁੱਚੀ ਲੋਕਾਈ ਨੂੰ ਜੀਵਨ-ਸੇਧਾਂ ਨਾਲ ਨਿਵਾਜਿਆ। ਆਮ ਲੋਕਾਂ ਵਿਚ ਆਮ ਜਹੇ ਬਣ ਕੇ, ਮਾਨਵੀ ਸੰਦੇਸ਼ ਨੂੰ ਲੋਕ-ਮਨਾਂ ਵਿਚ ਸਦੀਵੀ ਉਕਰ ਦਿਤਾ ਜੋ ਇਨ੍ਹਾਂ ਉਪਦੇਸ਼ਾਂ ਤੋਂ ਬਹੁਤ ਦੂਰ ਸਨ। ਕੌਣ ਤੁਰਦਾ ਹੈ ਅਜੇਹੀ ਉਦਾਸੀ 'ਤੇ? ਅੱਜ ਕੱਲ ਅਸੀਂ ਆਪਣੇ ਪਿਆਰੇ ਦੇ ਤੁਰ ਜਾਣ 'ਤੇ, ਕੁਝ ਹੀ ਦਿਨਾਂ ਵਿਚ ਤੁਰ ਗਿਆਂ ਨੂੰ ਭੁਲਾ ਕੇ ਫਿਰ ਕਪਟੀ ਚਾਲਾਂ, ਕੂੜ-ਵਪਾਰ ਅਤੇ ਕੋਝੀਆਂ ਚਾਲਾਂ ਵਿਚ ਖੁਦ ਨੂੰ ਉਲਝਾ ਲੈਂਦੇ ਹਾਂ। ਸਾਨੂੰ ਤਾਂ ਯਾਦ ਹੀ ਨਹੀਂ ਰਹਿੰਦੀ ਕਰਮ-ਧਰਮ ਅਤੇ ਕਿਰਤ ਵਿਚਲੀ ਸੁੱਚਮਤਾ ਅਤੇ ਉਚਮਤਾ ਦੀ ਅਹਿਮੀਅਤ। ਕਿੰਨੇ ਕੁ ਨੇ ਅਜੋਕੇ ਡੇਰੇਦਾਰ ਅਤੇ ਧਾਰਮਿਕ ਰਹਿਨੁਮਾ, ਜਿਨ੍ਹਾਂ ਨੇ ਹੱਥੀਂ ਕਿਰਤ ਕਰਕੇ ਆਪਣੇ ਜੀਵਨ ਨੂੰ ਸੰਵਾਰਿਆ ਹੋਵੇ ਅਤੇ ਲੋਕਾਂ ਲਈ ਮਿਸਾਲ ਬਣੇ ਹੋਣ? ਭਾਈ ਮਰਦਾਨੇ ਨੂੰ ਭੁਲਾ ਕੇ ਅਸੀਂ ਕਿਰਤ-ਉਦਾਸੀ ਤੋਂ ਹੀ ਦੂਰ ਨਹੀਂ ਹੋਏ ਸਗੋਂ ਖੁਦ ਤੋਂ ਵੀ ਬਹੁਤ ਦੂਰ ਹੋ ਗਏ ਹਾਂ। ਖੁਦ ਤੋਂ ਦੂਰੀ ਹੀ ਮਨੁੱਖੀ-ਮਨ ਵਿਚ ਪੈਦਾ ਹੋਈ ਨੀਚਤਾ ਅਤੇ ਰਸਾਤਲ-ਗਰਕਣੀ ਦਾ ਕਾਰਨ ਏ।

ਅਸੀਂ ਤਾਂ ਭਾਈ ਮਰਦਾਨੇ ਦੀ ਰੂਹ ਨੂੰ ਵੀ ਨਹੀਂ ਬਖ਼ਸ਼ਿਆ। ਉਸ ਦੀ ਰੂਹ-ਵਿਲਕਣੀ ਸੁਣਨ ਤੋਂ ਇਨਕਾਰੀ। ਇਹ ਕੇਹੀ ਵਿਡੰਬਣਾ ਹੈ ਕਿ ਭਾਈ ਮਰਦਾਨਾ ਦੇ ਵਾਰਸਾਂ ਵਿਚ ਵਸਦੀ ਉਸ ਰੱਬੀ ਰੂਹ ਨੂੰ ਰਬਾਬ ਦੀਆਂ ਤਰੰਗਾਂ ਛੇੜਨ ਅਤੇ ਗੁਰਬਾਣੀ ਨੂੰ ਰਬਾਬੀ ਰੰਗਤ ਵਿਚ ਰੰਗ ਕੇ ਸ਼ਰਧਾਲੂਆਂ ਤੀਕ ਪਹੁੰਚਾਣ ਦੇ ਪਰਉਪਕਾਰੀ ਕਰਮ ਤੋਂ ਵੀ ਵਰਜ ਦਿਤਾ। ਉਨ੍ਹਾਂ ਨੂੰ ਹਰਿਮੰਦਰ ਸਾਹਿਬ ਵਿਚ ਕੀਰਤਨ ਹੀ ਨਹੀਂ ਕਰਨ ਦਿਤਾ ਜੋ ਕੀਰਤਨ ਰੂਪੀ ਇਬਾਦਤ ਕਰਨ ਲਈ ਉਚੇਚੇ ਤੌਰ 'ਤੇ ਦੂਸਰੇ ਦੇਸ਼ ਤੋਂ ਆਏ ਹੋਣ। ਇਹ ਕੇਹੀ ਅਕ੍ਰਿਤਘਣਤਾ ਅਤੇ ਖੁਨਾਮੀ ਏ ਜਿਸ ਨੂੰ ਇਤਿਹਾਸ ਕਦੇ ਮੁਆਫ਼ ਨਹੀਂ ਕਰੇਗਾ। ਭਾਈ ਮਰਦਾਨੇ ਦੀ ਰੂਹ, ਉਸ ਕੀਰਤਨ ਤੋਂ ਵਿਰਵੀ ਕਰ ਦਿਤੀ ਗਈ, ਜਿਹੜਾ ਕੀਰਤਨ ਉਸ ਨੇ ਬਾਬੇ ਨਾਨਕ ਦੀ ਸੰਗਤ ਵਿਚ ਸਾਰੀ ਉਮਰ ਕੀਤਾ ਸੀ। ਕੀ ਜਵਾਬ ਦੇਵਾਂਗੇ ਅਸੀਂ ਮਰਦਾਨੇ ਦੀ ਰੂਹ ਨੂੰ? ਮਰਿਆਦਾ ਨੂੰ ਬਾਣੀ ਤੋਂ ਉਚਤਮ ਕਿਸ ਨੇ ਬਣਾਇਆ? ਭਾਈ ਮਰਦਾਨੇ ਦੀ ਰੂਹ ਤਾਂ ਹੁਣ ਬੀਤੇ ਪਲਾਂ ਵਿਚੋਂ ਹੀ ਸੰਤੁਸ਼ਟੀ ਭਾਲਦੀ ਹੋਵੇਗੀ ਜਦ ਉਦਾਸੀਆਂ ਦੌਰਾਨ ਬਾਬਾ ਨਾਨਕ ਕਹਿੰਦੇ ਸਨ ਕਿ ਭਾਈ ਮਰਦਾਨਿਆ ਰਬਾਬ ਛੇੜ, ਬਾਣੀ ਆਈ ਏ। ਭਾਈ ਮਰਦਾਨੇ ਦੀ ਰਬਾਬ ਅਤੇ ਬਾਬੇ ਨਾਨਕ ਦੇ ਬੋਲ ਸਮੁੱਚੀ ਕਾਇਨਾਤ ਨੂੰ ਮੰਤਰ-ਮੁਗਧ ਕਰ ਦਿੰਦੇ ਸਨ। ਇਹ ਅਨੂਠਾ ਸੰਗਮ, ਫ਼ਿਜ਼ਾ ਦਾ ਅਜਿਹਾ ਹਾਸਲ ਹੁੰਦਾ ਸੀ ਕਿ ਜੀਵਨ-ਨਾਦ ਨੂੰ ਨਵੇਂ ਅਰਥ, ਅਦਬ ਅਤੇ ਅਕੀਦਤ ਪ੍ਰਾਪਤ ਹੁੰਦੀ ਸੀ।

ਦੇਖ ਭਾਈ ਮਰਦਾਨਿਆ, ਕੇਹੇ ਰੁੱਤਾਂ ਦੇ ਮਿਜ਼ਾਜ਼ ਕਿ ਸ਼ੋਰ ਵਿਚੋਂ ਭਾਲੀਏ, ਸੰਗੀਤ ਦਾ ਰਿਆਜ਼। ਫਿਜ਼ਾ 'ਚ ਨਾ ਗੂੰਜਦਾ, ਅਨਹਦ ਅਲਾਪ। ਤੇ ਨਾ ਹੀ ਰਬਾਬ ਕਰੇ, ਜਪੁ ਜੀ ਦਾ ਜਾਪ। ਵਿਕਦੀਆਂ ਨੇ ਸੁਰਾਂ, ਤੇ ਵਿਕਾਊ ਅੰਦਾਜ਼ ਏ। ਹਉਕਿਆਂ ਦੇ ਪੱਲੇ, ਮਰੀ ਸੋਚ ਦਾ ਖ਼ੁਆਬ ਏ।

ਭਾਈ ਮਰਦਾਨੇ ਨੂੰ ਭੁੱਲਣ ਵਾਲਿਓ! ਅਜਿਹੇ ਬੇਨਜ਼ੀਰ ਬਜੁਰਗਾਂ ਨੂੰ ਕਦੇ ਨਾ ਭੁਲਾਓ ਜੋ ਸਾਡੀ ਵਿਰਾਸਤ ਨੇ, ਜਿਨ੍ਹਾਂ ਦਾ ਇਤਿਹਾਸ ਵਿਚ ਮਾਣ-ਮੱਤਾ ਸਥਾਨ ਏ, ਜਿਨ੍ਹਾਂ ਦੇ ਭਰਾਤਰੀ-ਭਾਵ, ਭਗਤੀ ਅਤੇ ਬੰਦਗੀ ਵਿਚੋਂ ਹੀ ਰੱਬੀ ਰੂਹ ਨੂੰ ਮਕਸਦ ਪੂਰਤੀ ਲਈ ਅਜ਼ਲੀ ਸਾਥ ਨਸੀਬ ਹੋਇਆ ਸੀ, ਜਿਸ ਦੀਆਂ ਸੁਰਾਂ ਵਿਚ ਬਾਣੀ-ਬੋਧ ਨੂੰ ਸੰਗੀਤਕ ਪ੍ਰਵਾਜ਼ ਮਿਲਦੀ ਸੀ। ਬਾਬੇ ਨਾਨਕ ਦੀ ਸਮੁੱਚੀ ਬਾਣੀ ਨੂੰ ਰਬਾਬੀ ਰੰਗਤ ਦੇਣ ਵਾਲੇ ਮਹਾਨ ਰਬਾਬੀ ਨੂੰ ਭੁੱਲਣ ਦੇ ਗੁਨਾਹਗਾਰ ਨਾ ਬਣੋ। ਆਉਣ ਵਾਲੀਆਂ ਪੀੜ੍ਹੀਆਂ ਕਦੇ ਮੁਆਫ਼ ਨਹੀਂ ਕਰਨਗੀਆਂ। ਮਰਦਾਨੇ ਦੀ ਵੰਸ਼ ਨੂੰ ਮਾਣ ਸਤਿਕਾਰ ਜਰੂਰ ਦਿਓ। ਉਨ੍ਹਾਂ ਦੇ ਕੀਰਤਨ-ਰਸ ਨਾਲ ਆਪਣੀਆਂ ਮਲੀਨ ਆਤਮਾਵਾਂ ਧੋਵੋ। ਖੁਦ ਨੂੰ ਆਤਮਕ ਦਰ ਵੰਨੀਂ ਤੋਰੋ ਕਿਉਂ ਕਿ ਮਰਦਾਨੇ ਦੀ ਰੂਹ ਤਾਂ ਉਸ ਦੀ ਰਬਾਬ ਅਤੇ ਉਸ ਦੀਆਂ ਆਉਣ ਵਾਲੀਆਂ ਨਸਲਾਂ ਵਿਚ ਹੀ ਵੱਸਦੀ ਹੈ ਜਿਨ੍ਹਾਂ ਨੇ ਹੁਣ ਤੀਕ ਰਬਾਬ ਅਤੇ ਰਬਾਬੀ ਅੰਦਾਜ਼ ਰਾਹੀਂ ਗੁਰਬਾਣੀ ਕੀਰਤਨ ਨੂੰ ਰੂਹ-ਰੰਗ ਦਾ ਹਿੱਸਾ ਬਣਾਇਆ ਹੈ। ਸ਼ਾਇਦ ਇਨ੍ਹਾਂ ਜਸ਼ਨਾਂ ਵਿਚੋਂ ਮਰਦਾਨੇ ਦੀ ਅਲੋਪਤਾ ਨੂੰ ਹੁਣ ਵੀ ਯਾਦ ਕਰਕੇ ਮਨ ਨੂੰ ਕੁਝ ਸਕੂਨ ਤਾਂ ਦਿਤਾ ਹੀ ਜਾ ਸਕਦੈ।

ਹੁਣ ਦੇਖਣਾ ਹੋਵੇਗਾ ਕਿ ਕਿੰਨੇ ਕੁ ਸਿੱਖ ਭਾਈ ਮਰਦਾਨੇ ਦੀ ਯਾਦ ਨੂੰ ਨਤਮਸਤਕ ਹੁੰਦੇ ਆ?

# ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ

**ਸੁਰਜੀਤ ਸਿੰਘ ਪੰਛੀ**
**ਫੋਨ: 661-827-8256**

ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਲਈ ਕਿਹਾ, ਕਿਉਂਕਿ ਸੋਲ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਪ੍ਰਿਥੀ ਚੰਦ ਅਤੇ ਮਿਹਰਬਾਨ ਨੇ ਆਪਣੀ ਬਾਣੀ ਰਚਣੀ ਸ਼ੁਰੂ ਕਰ ਦਿੱਤੀ ਸੀ। ਇਸ ਸਦੀ ਦੇ ਦੂਜੇ ਅੱਧ ਵਿਚ ਮਿਹਰਬਾਨ ਨੇ ਆਪਣੀ ਬਾਣੀ ਵਿਚ 'ਨਾਨਕ' ਸ਼ਬਦ ਦੀ ਵਰਤੋਂ ਵੀ ਸ਼ੁਰੂ ਕਰ ਦਿੱਤੀ। ਮੀਣਿਆਂ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਦੇ ਸ਼ਬਦਾਂ ਨੂੰ ਇਕੱਠਿਆਂ ਕਰਕੇ ਗ੍ਰੰਥ ਵੀ ਬਣਾ ਲਿਆ, ਕਿਉਂਕਿ ਉਹ ਗੁਰਗੱਦੀ 'ਤੇ ਆਪਣਾ ਹੱਕ ਸਮਝਦੇ ਸਨ। ਜਦੋਂ ਗੁਰੂ ਅਰਜਨ ਦੇਵ ਜੀ ਨੇ ਇਕ ਸਿੱਖ ਨੂੰ ਮਿਹਰਬਾਨ ਦਾ ਸ਼ਬਦ ਗਾਉਂਦਿਆਂ ਸੁਣਿਆ ਤਾਂ ਉਨ੍ਹਾਂ ਭਾਈ ਗੁਰਦਾਸ ਨੂੰ ਮੀਣਿਆਂ ਦੀਆਂ ਬੇਅਰਥ ਰਚਨਾਵਾਂ ਅਤੇ ਪ੍ਰਮਾਣਿਕ ਬਾਣੀ ਵਿਚਾਲੇ ਨਿਖੇੜਾ ਕਰਨ ਲਈ ਕਿਹਾ।

ਗੁਰੂ ਨਾਨਕ ਦੇਵ ਜੀ ਵਲੋਂ ਰਚੇ ਸ਼ਬਦ ਉਨ੍ਹਾਂ ਦੇ ਜਿਉਂਦਿਆਂ ਹੀ ਨਾਮ ਜਪਣ ਵਾਲੀਆਂ ਸੰਗਤਾਂ ਗਾਉਣ ਲੱਗ ਪਈਆਂ ਸਨ। ਉਸ ਸਮੇਂ ਲਿਖਣ ਲਈ ਤਿੰਨ ਲਿਪੀਆਂ ਪ੍ਰਚਲਿਤ ਸਨ: ਕਸ਼ਮੀਰ ਵਿਚ ਸ਼ਾਰਦਾ, ਪੂਰਬੀ ਪਹਾੜੀਆਂ ਵਿਚ ਟਿਕਰੀ ਅਤੇ ਮੈਦਾਨੀ ਖਤਰਾਂ ਵਿਚ ਭੱਟਾਕਸ਼ਰੀ। ਗੁਰੂ ਜੀ ਨੇ ਆਪਣੀ ਬਾਣੀ ਲਈ ਸੁਧਰੀ ਭੱਟਾਕਸ਼ਰੀ ਦੀ ਵਰਤੋਂ ਕੀਤੀ। ਉਨ੍ਹਾਂ ਦੀ ਬਾਣੀ 'ਆਸਾ ਪੱਟੀ' ਵਿਚ ਵਰਤਿਆ 'ੜ' ਆਪਣੀ ਕਾਢ ਸੀ ਅਤੇ ਇਸ ਸਮੇਤ ਵਰਤੀ ਗਈ ਲਿਪੀ ਦੇ ਪੈਂਤੀ ਅੱਖਰ ਹਨ। ਇਸੇ ਲਿਪੀ ਨੂੰ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਦਾ ਨਾਂ ਦਿੱਤਾ। ਗੁਰੂ ਨਾਨਕ ਦੇਵ ਜੀ ਕੋਲ ਆਪਣੀ ਬਾਣੀ ਅਤੇ ਉਹ ਜਿਨ੍ਹਾਂ ਭਗਤਾਂ ਦੇ ਡੇਰਿਆਂ 'ਤੇ ਗਏ, ਉਨ੍ਹਾਂ ਦੀਆਂ ਰਚਨਾਵਾਂ ਵੀ ਸਨ, ਉਹ ਸਭ ਉਨ੍ਹਾਂ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਦਿੱਤੀਆਂ। ਇਸ ਦਾ ਸਬੂਤ ਦੋਹਾਂ ਗੁਰੂ ਸਾਹਿਬਾਨ ਦੇ ਸ਼ਬਦਾਂ ਦਾ ਟਾਕਰਾ ਕਰਕੇ ਪਤਾ ਲਗਦਾ ਹੈ। ਇਉਂ ਗੁਰਮੁਖੀ ਦਾ ਮੁੱਢ ਗੁਰੂ ਨਾਨਕ ਦੇਵ ਜੀ ਦੀ ਬਾਣੀ, ਜਿਸ ਗੁਰਮੁਖੀ ਲਿਪੀ ਵਿਚ ਲਿਖੀ ਗਈ ਸੀ, ਤੋਂ ਬੱਝਾ।

ਗੁਰੂ ਅੰਗਦ ਦੇਵ ਜੀ ਨੇ ਆਪਣੀਆਂ, ਗੁਰੂ ਨਾਨਕ ਦੇਵ ਜੀ ਅਤੇ ਭਗਤਾਂ ਦੀਆਂ ਰਚਨਾਵਾਂ ਗੁਰੂ ਅਮਰਦਾਸ ਜੀ ਨੂੰ ਸੌਂਪੀਆਂ। ਸੰਸਰਾਮ, ਗੁਰੂ ਅਮਰਦਾਸ ਜੀ ਦੇ ਪੁੱਤਰ ਮੋਹਨ ਦਾ ਪੁੱਤਰ ਸੀ, ਨੇ ਵੀ ਬਾਣੀ ਇਕੱਤਰ ਕੀਤੀ ਸੀ। ਇਸ ਗੱਲ ਦਾ ਪਤਾ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਅਤੇ ਭਗਤਾਂ ਦੀ ਬਾਣੀ ਅਮਰਦਾਸ ਜੀ ਕੋਲ ਸੀ, ਉਨ੍ਹਾਂ ਦੀ ਬਾਣੀ 'ਤੇ ਪਏ ਪ੍ਰਭਾਵ ਤੋਂ ਲਗਦਾ ਹੈ, ਜੋ ਉਨ੍ਹਾਂ ਦੇ ਸ਼ਬਦਾਂ ਵਿਚੋਂ ਲਿਸ਼ਕਦਾ ਹੈ। ਗੁਰੂ ਅਮਰਦਾਸ ਜੀ ਨੇ ਭਗਤਾਂ ਦੀ ਚੋਣ ਕੀਤੀ ਅਤੇ ਇਸ 'ਤੇ ਟਿੱਪਣੀਆਂ ਵੀ ਕੀਤੀਆਂ। ਗੁਰੂ ਅਮਰਦਾਸ ਜੀ ਨੇ ਕਿਹਾ ਕਿ ਗੁਰੂ ਦੇ ਸ਼ਬਦ ਦੁਨੀਆਂ ਭਰ ਦੀਆਂ ਲਿਖਤਾਂ ਨਾਲੋਂ ਸਰਬੋਤਮ ਹਨ। ਪੂਜਾ ਲਈ ਕੇਵਲ ਗੁਰੂ ਦੇ ਸ਼ਬਦਾਂ ਦੀ ਵਰਤੋਂ ਕਰਦੇ ਸਨ। ਹਿੰਦੂਆਂ ਦੀਆਂ ਛੇ ਪ੍ਰਣਾਲੀਆਂ ਨਾਲੋਂ ਗੁਰੂ ਜੀ ਦੀ ਪ੍ਰਣਾਲੀ ਅਨੋਖੀ ਸੀ।

ਧਾਰਮਿਕ ਤੌਰ 'ਤੇ ਪ੍ਰਗਟ ਹੋਣ ਤੋਂ ਲੈ ਕੇ ਸਿੱਖਾਂ ਲਈ ਗੁਰੂ ਜੀ ਦੇ ਸ਼ਬਦਾਂ ਦਾ ਗਾਇਨ ਹੁੰਦਾ ਸੀ। ਹੋਰ ਦੂਜੀਆਂ ਧਾਰਮਿਕ ਰੀਤਾਂ ਅਤੇ ਸੰਸਕਾਰਾਂ ਨੂੰ ਰੱਦ ਕਰ ਦਿੱਤਾ ਗਿਆ ਸੀ, ਜਿਨ੍ਹਾਂ ਨੂੰ ਪ੍ਰਿਥੀ ਚੰਦ ਵਰਗਿਆਂ ਨੇ ਆਪਣੀਆਂ ਨਿਰਾਰਥਕ ਅਤੇ ਬੇਲੋੜੀਆਂ ਰਚਨਾਵਾਂ ਨੂੰ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਵਿਚ ਮਿਲਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਨਾਲ ਧਰਮ ਅਤੇ ਮਰਯਾਦਾ ਵਿਚ ਉਲਝਣ ਦਾ ਖਤਰਾ ਸੀ।

ਗੁਰੂ ਅਰਜਨ ਦੇਵ ਜੀ ਵਿਸ਼ਵਾਸ ਅਤੇ ਅਭਿਆਸ ਦੀ ਏਕਤਾ ਦੇ ਇੱਛਕ ਸਨ। ਇਸ ਲਈ ਉਨ੍ਹਾਂ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਦੀਆਂ ਅਸਲੀ ਰਚਨਾਵਾਂ ਨੂੰ ਇਕੱਠਾ ਕਰਨ ਅਤੇ ਆਪਣੀਆਂ ਰਚਨਾਵਾਂ ਨੂੰ ਇਕੱਠਾ ਕਰਕੇ ਸ਼ਾਨਦਾਰ ਤੇ ਅਨੋਖਾ ਗ੍ਰੰਥ ਤਿਆਰ ਕਰਨ ਦਾ ਬੀੜਾ ਚੁੱਕਿਆ।

ਸਭ ਤੋਂ ਪਹਿਲਾਂ ਉਨ੍ਹਾਂ ਨੇ ਬਾਬਾ ਮੋਹਨ ਕੋਲੋਂ ਬਾਣੀ ਦੀਆਂ ਪੋਥੀਆਂ ਲੈਣ ਲਈ ਪ੍ਰੋਹਿਤ ਨੂੰ ਭੇਜਿਆ। ਉਸ ਨੇ ਪੋਥੀਆਂ ਦੇਣ ਤੋਂ ਇਨਕਾਰ ਕਰ ਦਿੱਤਾ। ਫਿਰ ਗੁਰੂ ਜੀ ਨੇ ਬਾਬਾ ਮੋਹਨ ਦੀ ਪ੍ਰਸ਼ੰਸਾ ਵਾਲਾ ਛੰਤ ਰਚਿਆ ਅਤੇ ਬਾਬਾ ਮੋਹਨ ਦੇ ਚੁਬਾਰੇ ਅੱਗੇ ਕਈ ਸਿੱਖਾਂ ਸਮੇਤ ਗਏ ਤੇ ਛੰਤ ਦਾ ਗਾਇਨ ਸ਼ੁਰੂ ਕੀਤਾ। ਬਾਬਾ ਮੋਹਨ ਨੇ ਆਉਣ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਆਪਣਾ ਮਨੋਰਥ ਦੱਸਿਆ। ਬਾਬਾ ਮੋਹਨ ਨੇ ਜੋ ਪੋਥੀਆਂ ਉਸ ਕੋਲ ਸਨ, ਗੁਰੂ ਜੀ ਨੂੰ ਦੇ ਦਿੱਤੀਆਂ। ਹੋ ਸਕਦਾ ਹੈ, ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਪੋਥੀਆਂ ਵਿਚੋਂ ਬਾਣੀਆਂ ਦੀ ਨਕਲ ਕਰਕੇ ਵਾਪਸ ਕਰ ਦਿੱਤੀਆਂ ਹੋਣ, ਕਿਉਂਕਿ ਵੀਹਵੀਂ ਸਦੀ ਤੱਕ ਇਹ ਗੁਰੂ ਅਮਰਦਾਸ ਜੀ ਦੇ ਪਰਿਵਾਰ ਕੋਲ ਸਨ। ਇਨ੍ਹਾਂ ਵਿਚੋਂ ਇਕ ਆਹੀਆਪੁਰ, ਜਿਲਾ ਹੁਸ਼ਿਆਰਪੁਰ ਵਿਚ ਹੈ, ਜਿਸ 'ਤੇ 1595 ਈਸਵੀ ਦੀ ਤਰੀਕ ਲਿਖੀ ਹੋਈ ਹੈ। ਗ੍ਰੰਥ ਸਾਹਿਬ ਵਿਚ ਭਾਵੇਂ ਇਨ੍ਹਾਂ ਵਿਚਲੀਆਂ ਸਾਰੀਆਂ ਰਚਨਾਵਾਂ ਸ਼ਾਮਲ ਨਹੀਂ ਹਨ। ਗੁਰੂ ਅਰਜਨ ਦੇਵ ਜੀ ਪੂਰੀਆਂ ਰਚਨਾਵਾਂ, ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਸੀ, ਪ੍ਰਾਪਤ ਕਰਨ ਲਈ ਹੋਰ ਸਰੋਤਾਂ ਕੋਲ ਲੱਭਣ ਵੀ ਗਏ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਆਸ਼ੇ ਅਨੁਸਾਰ ਦੱਬੀਆਂ ਕੁਚਲੀਆਂ ਅਤੇ ਅਛੂਤ ਜਾਤਾਂ ਦੇ ਭਗਤਾਂ-ਕਬੀਰ, ਫਰੀਦ, ਨਾਮਦੇਵ, ਰਵਿਦਾਸ, ਭੀਖਨ ਆਦਿ ਹਿੰਦੂ ਅਤੇ ਮੁਸਲਮਾਨ ਭਗਤਾਂ ਦੀਆਂ ਰਚਨਾਵਾਂ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਲਈ ਚੋਣ ਕੀਤੀ। ਇਹ ਚੋਣ ਰਾਗਾਤਮਕ ਅਤੇ ਜੀਵਨ ਦੀਆਂ ਕਦਰਾਂ ਕੀਮਤਾਂ 'ਤੇ ਆਧਾਰਤ ਸੀ। ਇਹ ਸੰਪਰਦਾਇਕਤਾ ਵਾਲੀਆਂ ਨਹੀਂ ਸਨ। ਇਹ ਚੋਣ ਕਰਨ ਦਾ ਵਿਚਾਰ ਸਿੱਖ ਧਰਮ ਦੇ ਵਿਸ਼ਵ-ਹਿਤੈਸ਼ੀ ਸੁਭਾ ਵਿਚ ਸੀ। ਇਹ ਪ੍ਰਕ੍ਰਿਆ ਇਸ ਦੇ ਮੋਢੀ ਨਾਲ ਹੀ ਸ਼ੁਰੂ ਹੋ ਗਈ ਸੀ। ਇਹ ਸੱਚਾਈ ਹੈ ਕਿ ਕਬੀਰ ਜੀ ਦੇ ਬਹੁਤ ਸਾਰੇ ਵਿਚਾਰਾਂ ਦਾ ਪ੍ਰਭਾਵ ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਵਿਚ ਨਜ਼ਰ ਆਉਂਦਾ ਹੈ। ਇਹ ਵੀ ਪ੍ਰਗਟ ਹੁੰਦਾ ਹੈ ਕਿ ਉਨ੍ਹਾਂ ਕੋਲ ਕਬੀਰ ਜੀ ਦੀਆਂ ਰਚਨਾਵਾਂ ਸਨ। ਇਸੇ ਤਰ੍ਹਾਂ ਫਰੀਦ ਜੀ ਦੇ ਕੁਝ ਦੋਹੇ ਜਾਂ ਸ਼ਲੋਕਾਂ ਦਾ ਪ੍ਰਭਾਵ ਵੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਨਜ਼ਰੀਂ ਪੈਂਦਾ ਹੈ। ਭਗਤ ਕਬੀਰ ਅਤੇ ਬਾਬਾ ਫਰੀਦ ਦੇ ਵਿਚਾਰਾਂ ਦਾ ਪ੍ਰਭਾਵ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੀਆਂ ਰਚਨਾਵਾਂ 'ਤੇ ਨਜ਼ਰ ਆਉਂਦਾ ਹੈ। ਜਾਹਰ ਹੈ ਕਿ ਭਗਤਾਂ ਦੀਆਂ ਰਚਨਾਵਾਂ ਗੁਰੂ ਅਰਜਨ ਦੇਵ ਜੀ ਤੋਂ ਪਹਿਲੇ ਗੁਰੂ ਸਾਹਿਬਾਨ ਕੋਲ ਸਨ। ਇਸ ਦਾ ਅਰਥ ਹੈ ਕਿ ਗੁਰੂ ਅਰਜਨ ਦੇਵ ਜੀ ਭਗਤਾਂ ਦੀਆਂ ਰਚਨਾਵਾਂ ਨੂੰ ਇਕੱਤਰ ਕਰਨ ਵਾਲੇ ਪਹਿਲੇ ਗੁਰੂ ਸਾਹਿਬ ਨਹੀਂ ਸਨ। ਗੁਰੂ ਅਰਜਨ ਦੇਵ ਜੀ ਨੇ ਗ੍ਰੰਥ ਸਾਹਿਬ ਵਿਚ ਭਗਤ ਬਾਣੀ ਦਰਜ ਕਰਕੇ ਸਭ ਦੀ ਬਰਾਬਰੀ ਦੇ ਵਿਚਾਰ ਨੂੰ ਵਿਸ਼ਾਲਤਾ ਬਖਸ਼ੀ।

ਪੰਜਾਬ ਵਿਚ ਸੰਤਾਂ ਦੇ ਚੇਲਿਆਂ ਅਤੇ ਸ਼ਰਧਾਲੂਆਂ ਤੋਂ ਕੁਝ ਭਗਤ-ਬਾਣੀ ਇਕੱਠੀ ਕੀਤੀ ਗਈ, ਜਿਨ੍ਹਾਂ ਵਿਚੋਂ ਪੰਜਾਬੀ ਭਾਸ਼ਾ ਦੀ ਮਹਿਕ ਆਉਂਦੀ ਹੈ ਅਤੇ ਇਸ ਵਿਚ ਗੁਰਬਾਣੀ ਦੇ ਵਿਚਾਰਾਂ ਨਾਲ ਸਮਾਨਤਾ ਹੈ। ਜਦੋਂ ਬਾਣੀ ਇਕੱਤਰ ਹੋ ਰਹੀ ਸੀ ਤਾਂ ਬਹੁਤ ਸਾਰੇ ਸੰਤ ਆਪਣੀਆਂ ਰਚਨਾਵਾਂ ਲੈ ਕੇ ਗੁਰੂ ਜੀ ਕੋਲ ਆਏ ਅਤੇ ਆਪਣੀਆਂ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਦੀ ਬੇਨਤੀ ਕੀਤੀ। ਗੁਰੂ ਜੀ ਨੇ ਉਨ੍ਹਾਂ ਦੀਆਂ ਰਚਨਾਵਾਂ ਸੁਣੀਆਂ ਪਰ ਉਨ੍ਹਾਂ ਵਿਚ ਵੇਦਾਂਤਕ ਝੁਕਾਅ, ਸੰਸਾਰ ਤੇ ਇਸਤਰੀ ਪ੍ਰਤੀ ਘ੍ਰਿਣਾ ਆਦਿ ਹੋਣ ਅਤੇ ਗੁਰੂ ਆਸ਼ੇ ਅਨੁਸਾਰ ਨਾ ਹੋਣ ਕਰਕੇ ਰੱਦ ਕਰ ਦਿੱਤੀਆਂ। ਰੱਦ ਕੀਤੇ ਗਏ ਸੰਤਾਂ ਵਿਚ ਕਾਹਨਾ, ਛੱਜੂ, ਸ਼ਾਹ ਹੁਸੈਨ, ਪੀਲੂ ਆਦਿ ਸਨ। ਗੁਰੂ ਅਰਜਨ ਦੇਵ ਜੀ ਦੀ ਆਸ਼ਾ ਸਿਹਤਮੰਦ ਆਸ਼ਾਵਾਦ, ਸੰਸਾਰੀ ਫਰਜ਼ ਅਤੇ ਜ਼ਿੰਮੇਵਾਰੀਆਂ ਵਿਚ ਅਨੰਦ ਪੈਦਾ ਕਰਨਾ ਸੀ। ਉਹ ਹੰਝੂ ਭਰਪੂਰ ਜੀਵਨ ਤੋਂ ਤੰਗ ਆ ਕੇ ਬਣਵਾਸ ਅਤੇ ਸੰਸਾਰ ਤਿਆਗ ਦੇ ਹੱਕ ਵਿਚ ਨਹੀਂ ਸਨ। ਗੁਰੂ ਅਰਜਨ ਦੇਵ ਜੀ ਨੇ ਉਹ ਸੰਗੀਤਕ ਸੁਰਾਂ, ਜੋ ਹੱਦੋਂ ਬਾਹਰੀ ਖੁਸ਼ੀ ਜਾਂ ਉਦਾਸੀ ਮਨ ਵਿਚ ਪੈਦਾ ਕਰਨ, ਰੱਦ ਕਰ ਦਿੱਤੀਆਂ, ਜਿਵੇਂ ਮੇਘ, ਹਿੰਡੋਲ, ਜੋਗ, ਦੀਪਕ ਆਦਿ। ਇਸ ਵਿਚ ਪ੍ਰਸਿਧ ਨਾਇਕਾਂ ਦੇ ਕਿੱਸੇ, ਬਹਾਦਰੀ ਵਾਲੀਆਂ ਵਾਰਾਂ ਨੂੰ ਵੀ ਸ਼ਾਮਲ ਕੀਤਾ ਗਿਆ।

ਜਦੋਂ ਇਸ ਤਰ੍ਹਾਂ ਦਾ ਮਸੌਦਾ ਤਿਆਰ ਹੋ ਗਿਆ ਤਾਂ ਗੁਰੂ ਅਰਜਨ ਦੇਵ ਜੀ ਨੇ ਇਹ ਸਭ ਭਾਈ ਗੁਰਦਾਸ ਦੇ ਹਵਾਲੇ ਕੀਤਾ। ਗੁਰੂ ਜੀ ਅਤੇ ਭਾਈ ਗੁਰਦਾਸ ਨੇ ਇਸ ਨੂੰ ਰਾਗਾਂ ਦੇ ਆਧਾਰ 'ਤੇ ਵੰਡ ਕੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਉਤਰਾ-ਅਧਿਕਾਰ, ਭਾਵ ਮਹਲਾ ਪਹਿਲਾ, ਦੂਜਾ ਆਦਿ ਅਨੁਸਾਰ ਲੜੀਬੱਧ ਕੀਤਾ। ਹਰ ਇਕ ਨੂੰ 'ਨਾਨਕ' ਸ਼ਬਦ ਦੇ ਸਾਂਝੇ ਨਾਂ ਨਾਲ ਦਰਜ ਕੀਤਾ। ਫਿਰ ਸੰਤਾਂ ਦੀਆਂ ਰਚਨਾਵਾਂ ਭਗਤ ਕਬੀਰ ਤੋਂ ਸ਼ੁਰੂ ਹੋ ਕੇ ਬਾਬਾ ਫਰੀਦ ਨਾਲ ਸਮਾਪਤ ਹੁੰਦੀਆਂ ਹਨ। ਭਗਤ ਕਬੀਰ ਅਤੇ ਬਾਬਾ ਫਰੀਦ ਦੇ ਸਲੋਕਾਂ ਪਿੱਛੋਂ ਭੱਟਾਂ ਦੇ ਸਵੱਯੇ ਹਨ, ਜਿਨ੍ਹਾਂ ਵਿਚ ਗੁਰੂ ਸਾਹਿਬਾਨ ਦੀਆਂ ਸਿਫਤਾਂ ਕੀਤੀਆਂ ਗਈਆਂ ਹਨ। ਸੱਤਾ ਅਤੇ ਬਲਵੰਡ ਦੀ ਵਾਰ, ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਤੇ ਸੁੰਦਰ ਦੀ ਸੱਦ ਅਤੇ ਕੁਝ ਸਤਰਾਂ ਮਰਦਾਨੇ ਦੀਆਂ ਵੀ ਦਰਜ ਕੀਤੀਆਂ ਗਈਆਂ ਹਨ। ਗ੍ਰੰਥ ਸਾਹਿਬ ਦੇ ਅੰਤਲੇ ਉਪ ਸੰਹਾਰ ਤੋਂ ਪਹਿਲਾਂ ਵਾਰਾਂ ਤੋਂ ਵਧੀਕ ਸਲੋਕ ਦਰਜ ਹਨ। ਇਨ੍ਹਾਂ ਵਿਚ ਗ੍ਰੰਥ ਸਾਹਿਬ ਦੀ ਮਹੱਤਤਾ ਅਤੇ ਗੁਰੂ ਅਰਜਨ ਦੇਵ ਜੀ ਦੀਆਂ ਟਿੱਪਣੀਆਂ ਉਚ ਆਚਰਨ, ਸੰਤੋਖ ਅਤੇ ਆਤਮਿਕ ਵਿਚਾਰਾਂ ਦਾ ਸੰਦੇਸ਼ ਦਿੱਤਾ ਹੈ ਅਤੇ ਇਸ ਵਿਚੋਂ ਸਿੱਖਿਆ ਲੈਂਦੇ ਰਹਿਣ ਦੀ ਪ੍ਰੇਰਨਾ ਦਿੱਤੀ ਹੈ।

ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ
ਜਿਸ ਕਾ ਸਭਸੁ ਅਧਾਰੋ॥
(ਸਲੋਕ ਮਹਲਾ 5 ਪੰਨਾ 1429)

ਗੁਰੂ ਅਰਜਨ ਦੇਵ ਜੀ ਵਲੋਂ ਗ੍ਰੰਥ ਸਾਹਿਬ ਦੀ ਰਚਨਾ ਦਾ ਕੰਮ ਬੜਾ ਮਹਾਨ ਹੈ, ਜੋ ਮਨੁੱਖ ਜਾਤੀ ਦੀਆਂ ਅਗਲੀਆਂ ਪੀੜ੍ਹੀਆਂ ਲਈ ਸੁਗਾਤ ਹੈ। ਗੁਰੂ ਜੀ ਅਤੇ ਭਾਈ ਗੁਰਦਾਸ ਨੇ ਮਿਲ ਕੇ ਇਸ ਦੀ ਸੰਪਾਦਨਾ ਦਾ ਕੰਮ 1595 ਈਸਵੀ ਵਿਚ ਸ਼ੁਰੂ ਕੀਤਾ ਅਤੇ ਇਹ 1604 ਈਸਵੀ ਵਿਚ ਸਮਾਪਤ ਹੋਇਆ। ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਚ ਸਥਾਪਤ ਕਰਨ ਲਈ ਬਾਬਾ ਬੁੱਢਾ ਜੀ ਦੇ ਸਿਰ 'ਤੇ ਰੱਖ ਕੇ ਲੈ ਕੇ ਗਏ। ਗੁਰੂ ਜੀ ਆਪ ਰਾਹ ਵਿਚ ਬੜੇ ਸਤਿਕਾਰ ਨਾਲ ਚੌਰ ਕਰਦੇ ਗਏ। ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ। ਗ੍ਰੰਥ ਸਾਹਿਬ ਵਿਚੋਂ ਪਹਿਲਾ ਵਾਕ ਵੀ ਬਾਬਾ ਬੁੱਢਾ ਜੀ ਨੇ ਹੀ ਲਿਆ। ਭਾਈ ਗੁਰਦਾਸ ਜੀ ਕਹਿੰਦੇ ਹਨ, "ਗੁਰੂ ਜੀ ਦੇ ਸ਼ਬਦ ਜੋ ਸਾਡੇ ਸਾਹਮਣੇ ਹਨ, ਇਹ ਵੇਦਾਂ ਅਤੇ ਕੁਰਾਨ ਨਾਲੋਂ ਵੀ ਉਤਮ ਹਨ।"

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿੱਛੋਂ ਇਸ ਮੁਢਲੀ ਬੀੜ 'ਤੇ ਧੀਰ ਮੱਲ ਨੇ ਕਬਜ਼ਾ ਕਰ ਲਿਆ। ਜਦੋਂ ਮੱਖਣ ਸ਼ਾਹ ਲੁਬਾਣਾ ਨੇ ਗੁਰੂ ਤੇਗ ਬਹਾਦਰ ਜੀ ਨੂੰ ਲੱਭ ਕੇ ਗੁਰਗੱਦੀ ਸੰਭਾਲੀ ਤਾਂ ਗੁਰੂ ਤੇਗ ਬਹਾਦਰ ਜੀ ਦੀ ਮਹਾਨਤਾ ਵਧ ਗਈ ਅਤੇ ਚੜ੍ਹਾਵਾ ਬਹੁਤ ਚੜ੍ਹਨ ਲੱਗਾ। ਇਕ ਦਿਨ ਧੀਰ ਮੱਲ ਮੱਖਣ ਸ਼ਾਹ ਦੀ ਗੈਰ ਹਾਜ਼ਰੀ ਵਿਚ ਸਾਰਾ ਧਨ ਤੇ ਹੋਰ ਸਾਮਾਨ ਲੁੱਟ ਕੇ ਲੈ ਗਿਆ। ਮੱਖਣ ਸ਼ਾਹ ਨੂੰ ਪਤਾ ਲੱਗਾ ਤਾਂ ਸਿੱਖਾਂ ਨੂੰ ਲੈ ਕੇ ਧੀਰ ਮੱਲ ਦੇ ਘਰੋਂ ਲੁੱਟਿਆ ਮਾਲ ਅਤੇ ਗ੍ਰੰਥ ਸਾਹਿਬ ਚੁਕਵਾ ਲਿਆਇਆ। ਗੁਰੂ ਤੇਗ ਬਹਾਦਰ ਜੀ ਨੇ ਸਾਰਾ ਮਾਲ ਅਤੇ ਗ੍ਰੰਥ ਸਾਹਿਬ ਦੀ ਬੀੜ ਵਾਪਸ ਕਰਨ ਲਈ ਕਿਹਾ। ਮੱਖਣ ਸ਼ਾਹ ਨੇ ਮਾਲ ਤਾਂ ਵਾਪਸ ਕਰ ਦਿੱਤਾ, ਪਰ ਗੁਰੂ ਜੀ ਤੋਂ ਚੋਰੀ ਬੀੜ ਰੱਖ ਲਈ। ਉਸ ਦਾ ਵਿਚਾਰ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਗੁਰੂ ਕੋਲ ਹੋਣੀ ਚਾਹੀਦੀ ਹੈ। ਜਦੋਂ ਗੁਰੂ ਜੀ ਬਕਾਲੇ ਤੋਂ ਚਲਦੇ ਹੋਏ ਦਰਿਆ ਬਿਆਸ ਕੋਲ ਪੁੱਜੇ ਤਾਂ ਗੁਰੂ ਜੀ ਨੂੰ ਇਸ ਬਾਰੇ ਪਤਾ ਲੱਗਾ। ਉਨ੍ਹਾਂ ਧੀਰ ਮੱਲ ਨੂੰ ਗ੍ਰੰਥ ਸਾਹਿਬ ਲਿਜਾਣ ਲਈ ਸੁਨੇਹਾ ਭੇਜਿਆ, ਪਰ ਉਹ ਸਿੱਖਾਂ ਤੋਂ ਡਰਦਾ ਨਾ ਆਇਆ। ਗੁਰੂ ਜੀ ਗੁਰੂ ਗ੍ਰੰਥ ਸਾਹਿਬ ਇਕ ਸਿੱਖ ਨੂੰ ਸੰਭਾਲ ਕੇ ਆਪ ਅੱਗੇ ਚਲੇ ਗਏ ਅਤੇ ਧੀਰ ਮੱਲ ਆ ਕੇ ਬੀੜ ਲੈ ਗਿਆ।

(ਕਈ ਇਤਿਹਾਸਕ ਗ੍ਰੰਥਾਂ ਵਿਚ ਲਿਖਿਆ ਮਿਲਦਾ ਹੈ ਕਿ ਧੀਰ ਮੱਲ ਡਰਦਾ ਲੈਣ ਨਾ ਆਇਆ ਅਤੇ ਗੁਰੂ ਜੀ ਨੇ ਇਸ ਬੀੜ ਨੂੰ ਬਿਆਸ ਦੇ ਕਿਨਾਰੇ ਰੇਤੇ ਵਿਚ ਦੱਬ ਦਿੱਤਾ। ਧੀਰ ਮੱਲ ਪਿੱਛੋਂ ਆ ਕੇ ਇਥੋਂ ਕਢਵਾ ਕੇ ਲੈ ਗਿਆ। ਰੇਤੇ ਵਿਚ ਦੱਬੀ ਜਾਣ ਕਾਰਨ ਬੀੜ ਦੀ ਇਕ ਨੁੱਕਰ ਸਲ੍ਹਾਬੀ ਗਈ। ਕਹਿੰਦੇ ਹਨ ਕਿ ਬੀੜ 'ਤੇ ਸਲ੍ਹਾਬੇ ਦਾ ਨਿਸ਼ਾਨ ਅਜੇ ਵੀ ਦਿਸਦਾ ਹੈ। ਉਂਜ, ਇਹ ਗੱਲ ਮਨ ਨੂੰ ਲੱਗਣ ਵਾਲੀ ਨਹੀਂ। ਗੁਰੂ ਜੀ ਗ੍ਰੰਥ ਸਾਹਿਬ ਨੂੰ ਰੇਤੇ 'ਚ ਦੱਬ ਕੇ ਬੇਅਦਬੀ ਨਹੀਂ ਸਨ ਕਰ ਸਕਦੇ)

ਇਹ ਬੀੜ ਅੱਜ ਕੱਲ੍ਹ ਕਰਤਾਰਪੁਰ (ਨੇੜੇ ਅੰਮ੍ਰਿਤਸਰ) 'ਚ ਧੀਰ ਮੱਲ ਦੇ ਪਰਿਵਾਰ ਕੋਲ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਮੁਢਲੀ ਬੀੜ ਵਿਚ ਗੁਰੂ ਤੇਗ ਬਹਾਦਰ ਜੀ ਦੇ ਸ਼ਬਦਾਂ ਨੂੰ ਰਾਗਾਂ ਅਨੁਸਾਰ ਸ਼ਾਮਲ ਕਰ ਕੇ ਮੌਜੂਦਾ ਬੀੜ ਦਾ ਰੂਪ ਦਿੱਤਾ। ਇਸ ਵਿਚਾਰ ਕਿ ਧੀਰ ਮੱਲੀਆਂ ਦੇ ਬੀੜ ਨਾ ਦੇਣ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਬੀੜ ਭਾਈ ਮਨੀ ਸਿੰਘ ਨੂੰ ਜ਼ਬਾਨੀ ਲਿਖਵਾਈ, ਨਾਲ ਖੋਜੀਆਂ ਦੇ ਵਿਚਾਰ ਨਹੀਂ ਮਿਲਦੇ। ਅਸਲ ਵਿਚ ਇਕ ਬੀੜ ਪਟਨਾ ਸਾਹਿਬ ਵਿਚ ਹੈ, ਜਿਸ 'ਤੇ 1591 ਈਸਵੀ ਦੀ ਮਿਤੀ ਲਿਖੀ ਹੋਈ ਹੈ ਅਤੇ ਇਸੇ ਦੀ ਨਕਲ ਢਾਕਾ ਵਿਚ ਵੀ ਹੈ, ਜਿਸ 'ਤੇ 1675 ਈਸਵੀ ਲਿਖੀ ਹੋਈ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਦਾ ਗੱਦੀਨਸ਼ੀਨੀ ਦਾ ਪਹਿਲਾ ਸਾਲ ਹੈ। ਇਸ ਦਾ ਇਹ ਵੀ ਅਰਥ ਨਹੀਂ ਕਿ ਦਮਦਮਾ ਸਾਹਿਬ ਵਿਚ ਸੋਧ ਨਹੀਂ ਕੀਤੀ ਗਈ।

ਅਸਲ ਵਿਚ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਸਮੇਂ ਤੋਂ ਨਕਲਾਂ ਅਰੰਭ ਹੋ ਗਈਆਂ ਸਨ। ਜਦੋਂ ਗੁਰੂ ਅਰਜਨ ਦੇਵ ਜੀ ਨੇ ਭਾਈ ਬੰਨੋ ਨੂੰ ਲਾਹੌਰ ਤੋਂ ਜਿਲਦ ਬੰਨ੍ਹਵਾਉਣ ਲਈ ਬੀੜ ਦੇ ਕੇ ਭੇਜਿਆ ਤਾਂ ਉਸ ਨੇ ਇਸ ਦੀ ਨਕਲ ਕਰ ਲਈ। ਭਾਈ ਬੰਨੋ ਦਾ ਪਿੰਡ ਖਾਰਾ ਸੀ, ਜਿਸ ਕਰਕੇ ਗੁਰੂ ਜੀ ਨੇ ਇਸ ਬੀੜ ਨੂੰ 'ਖਾਰੀ ਬੀੜ' ਕਿਹਾ।

ਮੁੱਢ ਤੋਂ ਹੀ ਗ੍ਰੰਥ ਸਾਹਿਬ ਦੀਆਂ ਨਕਲਾਂ ਕਰਨ ਦੀ ਆਗਿਆ ਸੀ, ਪਰ ਨਕਲ 'ਤੇ ਗੁਰੂ ਜੀ ਦੇ ਦਸਤਖਤ ਕਰਵਾਉਣੇ ਜ਼ਰੂਰੀ ਸਨ ਤਾਂ ਕਿ ਉਸ ਦੇ ਅਸਲੀ ਹੋਣ ਦੀ ਤਸਦੀਕ ਹੋ ਸਕੇ। ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਨ ਤਾਂ ਇਕ ਉਦਾਸੀ, ਗ੍ਰੰਥ ਸਾਹਿਬ ਦੀ ਬਹੁਤ ਸੁੰਦਰ ਅੱਖਰਾਂ ਵਿਚ ਨਕਲ ਕਰਕੇ ਦਸਤਖਤ ਕਰਵਾਉਣ ਲਈ ਲਿਆਇਆ। ਉਸ ਨੇ ਇਹ ਨਕਲ ਦੀਵਾਨ ਨੰਦ ਲਾਲ ਨੂੰ ਗੁਰੂ ਜੀ ਦੇ ਦਸਤਖਤ ਕਰਵਾਉਣ ਲਈ ਦਿੱਤੀ। ਨੰਦ ਲਾਲ ਨੇ ਦਸਤਖਤ ਕਰਵਾਉਣ ਦੀ ਥਾਂ ਗ੍ਰੰਥ ਸਾਹਿਬ ਦੀ ਇਹ ਨਕਲ ਆਪ ਰੱਖ ਲਈ। ਉਦਾਸੀ ਨੇ ਗੁਰੂ ਜੀ ਕੋਲ ਇਸ ਦੀ ਸ਼ਿਕਾਇਤ ਕੀਤੀ। ਨੰਦ ਲਾਲ ਨੂੰ ਇਸ ਦਾ ਪਤਾ ਲੱਗ ਗਿਆ ਅਤੇ ਗ੍ਰੰਥ ਸਾਹਿਬ ਦੀ ਇਹ ਬੀੜ ਲੈ ਕੇ ਅਨੰਦਪੁਰ ਸਾਹਿਬ ਤੋਂ ਭੱਜ ਗਿਆ। ਇਹ ਬੀੜ ਅੱਜ ਕੱਲ੍ਹ ਡਰੋਲੀ ਭਾਈ (ਜਿਲਾ ਮੋਗਾ) ਵਿਚ ਪਈ ਹੈ। ਨੰਦ ਲਾਲ ਕਰਤਾਰਪੁਰ ਵਿਚ ਧੀਰ ਮੱਲੀਆਂ ਕੋਲ ਗਿਆ। ਉਨ੍ਹਾਂ ਨੇ ਇਸ ਨੂੰ ਗੁਰੂ ਜੀ ਦਾ ਜਾਸੂਸ ਸਮਝ ਕੇ ਉਸ ਨੂੰ ਕਤਲ ਕਰ ਦਿੱਤਾ। ਉਸ ਦਾ ਸਸਕਾਰ ਕਾਲਾ ਸੰਘਿਆਂ ਵਿਚ ਕੀਤਾ ਗਿਆ। ਬੀੜ ਦੀਆਂ ਬਹੁਤ ਸਾਰੀਆਂ ਨਕਲਾਂ ਹੋ ਚੁਕੀਆਂ ਸਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਦੁਬਾਰਾ ਲਿਖਵਾਇਆ। ਗ੍ਰੰਥ ਸਾਹਿਬ ਦੀਆਂ ਨਕਲਾਂ ਵਿਚ ਜੋ ਕੁਝ ਨਕਲੀ ਸ਼ਬਦ ਦਰਜ ਕੀਤੇ ਗਏ ਸਨ, ਗੁਰੂ ਜੀ ਨੇ ਇਨ੍ਹਾਂ ਨੂੰ ਗ੍ਰੰਥ ਸਾਹਿਬ ਵਿਚੋਂ ਕੱਢਿਆ ਅਤੇ ਕੁਝ ਸ਼ਬਦ ਜੋੜਾਂ ਨੂੰ ਵੀ ਠੀਕ ਕੀਤਾ। ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾ ਇਹ ਕਿਸੇ ਹੋਰ ਕੋਲ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਗੁਰੂ ਜੀ ਨੇ 1708 ਈਸਵੀ ਵਿਚ ਨਾਂਦੇੜ ਸਾਹਿਬ ਵਿਖੇ ਜੋਤੀ ਜੋਤ ਸਮਾਉਣ ਵੇਲੇ ਗ੍ਰੰਥ ਸਾਹਿਬ ਨੂੰ ਗੁਰੂ ਦੀ ਪਦਵੀ ਦੇ ਕੇ ਦੇਹਧਾਰੀ ਗੁਰੂ ਦੀ ਪ੍ਰਥਾ ਸਦਾ ਲਈ ਖਤਮ ਕਰ ਦਿੱਤੀ। ਉਦੋਂ ਤੋਂ ਗ੍ਰੰਥ ਸਾਹਿਬ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਕਿਹਾ ਜਾਣ ਲੱਗਾ।

**ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਬਾਰੇ ਲੇਖਕਾਂ ਦੇ ਤਰਕ:** ਸਰੂਪ ਦਾਸ ਭੱਲਾ, ਜੋ ਗੁਰੂ ਅਮਰਦਾਸ ਜੀ ਦੀ ਵੰਸ਼ ਵਿਚੋਂ ਸੀ, ਨੇ ਗ੍ਰੰਥ ਸਾਹਿਬ ਦੀ ਸੰਪਾਦਨਾ ਬਾਰੇ ਧਿਆਨਯੋਗ ਲਿਖਿਆ ਹੈ, "ਗੁਰੂ ਅਰਜਨ ਦੇਵ ਜੀ ਨੇ ਵੱਖਰੇ ਪੰਥ ਲਈ ਵੱਖਰਾ ਗ੍ਰੰਥ ਤਿਆਰ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਨੇ ਭਾਈ ਗੁਰਦਾਸ ਨੂੰ ਸਾਰੇ ਗੁਰੂਆਂ ਤੇ ਭਗਤਾਂ ਦੀ ਬਾਣੀ ਇਕੱਤਰ ਕਰਨ ਅਤੇ ਝੂਠੀ ਤੇ ਸੱਚੀ ਬਾਣੀ ਨੂੰ ਵੱਖ-ਵੱਖ ਕਰਨ ਲਈ ਕਿਹਾ। ਭਾਈ ਗੁਰਦਾਸ ਨੇ ਕਿਹਾ ਕਿ ਗੁਰੂ ਅਮਰਦਾਸ ਜੀ ਦੇ ਪੋਤਰੇ ਸੰਸਰਾਮ ਪੁੱਤਰ ਬਾਬਾ ਮੋਹਨ ਦੇ ਕਬਜ਼ੇ ਵਿਚਲੀਆਂ ਪੋਥੀਆਂ ਪਹਿਲਾਂ ਪ੍ਰਾਪਤ ਕੀਤੀਆਂ ਜਾਣ। ਗੁਰੂ ਜੀ ਨੇ ਪ੍ਰੋਹਿਤ ਨੂੰ ਸੰਸਰਾਮ ਕੋਲ ਪੋਥੀਆਂ ਲੈਣ ਲਈ ਭੇਜਿਆ, ਪਰ ਸੰਸਰਾਮ ਨੇ ਪੋਥੀਆਂ ਦੇਣ ਤੋਂ ਨਾਂਹ ਕਰ ਦਿੱਤੀ। ਫਿਰ ਗੁਰੂ ਜੀ ਨੇ ਬਾਬਾ ਮੋਹਨ ਦੀ ਪ੍ਰਸ਼ੰਸਾ ਵਾਲਾ ਛੰਤ ਰਚਿਆ ਅਤੇ ਸੱਤੇ ਰਬਾਬੀ ਤੇ ਸਿੱਖਾਂ ਨੂੰ ਨਾਲ ਲੈ ਕੇ ਗੋਇੰਦਵਾਲ ਜਾ ਕੇ ਬਾਬੇ ਮੋਹਨ ਦੇ ਚੁਬਾਰੇ ਦੇ ਸਾਹਮਣੇ ਛੰਤ ਗਾਇਨ ਕਰਨ ਲੱਗੇ। ਜਦੋਂ ਛੰਤ ਖਤਮ ਹੋਇਆ ਤਾਂ ਬਾਬਾ ਮੋਹਨ ਨੇ ਗੁਰੂ ਜੀ ਨੂੰ ਆਉਣ ਦਾ ਮਨੋਰਥ ਪੁੱਛਿਆ। ਗੁਰੂ ਜੀ ਨੇ ਪੰਥ ਲਈ ਗ੍ਰੰਥ ਸਾਹਿਬ ਰਚਣ ਲਈ ਪੋਥੀਆਂ ਦੀ ਲੋੜ ਬਾਰੇ ਦੱਸਿਆ। ਬਾਬਾ ਮੋਹਨ ਨੇ ਸੰਸਰਾਮ ਨੂੰ ਪੋਥੀਆਂ ਗੁਰੂ ਜੀ ਨੂੰ ਦੇ ਦੇਣ ਲਈ ਕਿਹਾ। ਬਾਕੀ ਦੀ ਬਾਣੀ ਸਭ ਸੰਭਵ ਥਾਂਵਾਂ ਤੋਂ ਇਕੱਤਰ ਕੀਤੀ ਗਈ।"

ਆਦਿ ਗ੍ਰੰਥ ਦੀ ਸੰਪਾਦਨਾ ਤੋਂ ਪਹਿਲਾਂ ਝਾਤੀ ਮਾਰਿਆਂ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਸਿੱਖ ਧਰਮ ਦੀ ਮੁੱਖ ਧਾਰਾ ਨਾਲ ਟਾਕਰਾ ਕਰਨ ਲਈ ਗੁਰਬਾਣੀ ਦੀਆਂ ਘੱਟੋ ਘੱਟ ਤਿੰਨ ਹੋਰ ਰਵਾਇਤਾਂ- ਉਦਾਸੀ, ਭੱਲੇ ਤੇ ਮੀਣੇ ਆਦਿ ਸਿੱਖਾਂ ਵਿਚ ਆ ਗਏ ਸਨ। ਇਥੋਂ ਤੱਕ ਕਿ ਧਰਮ ਭ੍ਰਿਸ਼ਟ ਫਿਰਕਾ ਹਿੰਦਾਲੀਏ ਵੀ ਸਿੱਖ ਰਵਾਇਤ ਨੂੰ ਭ੍ਰਿਸ਼ਟ ਕਰਨ ਲਈ ਆ ਰਲੇ ਸਨ। ਸਿੱਖ ਗੁਰੂ ਸਾਹਿਬਾਨ ਨੂੰ ਆਪਣੇ ਧਰਮ ਉਦੇਸ਼ ਦੀ ਮੌਲਿਕਤਾ ਅਤੇ ਪ੍ਰਮਾਣਿਕਤਾ ਦੀ ਰਾਖੀ ਲਈ ਮਜਬੂਰ ਹੋਣਾ ਪਿਆ। ਇਹ ਵੀ ਸੱਚਾਈ ਹੈ ਕਿ ਵਿਰੋਧੀ ਵੀ ਆਪਣੇ ਆਪ ਨੂੰ ਸਥਾਪਤ ਕਰਨ ਲਈ ਨਿਯਮ ਘੜ ਰਹੇ ਸਨ ਅਤੇ ਗੁਰੂਡੰਮ ਚਲਾ ਰਹੇ ਸਨ। ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਬਾਣੀ ਦੀਆਂ ਪੋਥੀਆਂ ਵੱਖ-ਵੱਖ ਕਾਰਨਾਂ ਅਤੇ ਉਦੇਸ਼ਾਂ ਲਈ ਵੱਖ-ਵੱਖ ਲਿਖਾਰੀ ਲਿਖੀ ਰਹੇ ਸਨ। ਜਨਮ ਸਾਖੀਆਂ ਅਤੇ ਮੂਲ ਗ੍ਰੰਥ ਦੀਆਂ ਨਕਲਾਂ ਬਾਣੀ ਦੇ ਪ੍ਰਚਾਰ ਵਿਚ ਅਹਿਮ ਭੂਮਿਕਾ ਨਿਭਾ ਰਹੀਆਂ ਸਨ। ਆਲੋਚਕ ਹੱਥ ਲਿਖਤ ਖਰੜਿਆਂ ਨੂੰ ਚਾਰ ਭਾਗਾਂ-ਕਰਤਾਰਪੁਰ, ਲਾਹੌਰ, ਬੰਨੋ ਤੇ ਦਮਦਮਾ ਵਿਚ ਵੰਡ ਕੇ ਕੰਮ ਕਰ ਰਹੇ ਹਨ। ਇਨ੍ਹਾਂ ਤਿੰਨ ਸੋਮਿਆਂ-ਗੁਰੂ ਹਰਿ ਸਹਾਏ ਵਾਲੀ ਪੋਥੀ, ਗੋਇੰਦਵਾਲ ਵਾਲੀ ਪੋਥੀ ਅਤੇ ਐਮ. ਐਸ. ਨੰਬਰ 1245 ਦੀ ਪਛਾਣ ਕੀਤੀ ਹੈ। ਇਹ ਖਰੜੇ ਗੁਰੂ ਸਾਹਿਬਾਨ ਦੇ ਹੱਥੋਂ ਹੁੰਦਿਆਂ ਗੁਰੂ ਅਰਜਨ ਦੇਵ ਜੀ ਕੋਲ ਪੁੱਜੇ। ਇਨ੍ਹਾਂ ਖਰੜਿਆਂ ਨੇ ਹੀ ਗ੍ਰੰਥ ਸਾਹਿਬ ਦੀ ਸੰਪਾਦਨਾ ਲਈ ਅਹਿਮ ਰੋਲ ਨਿਭਾਇਆ।

ਗਿਆਨੀ ਗਿਆਨ ਸਿੰਘ ਅਨੁਸਾਰ ਭਗਤ ਬਾਣੀ ਗੋਇੰਦਵਾਲ ਵਾਲੀਆਂ ਪੋਥੀਆਂ ਤੋਂ ਇਕੱਤਰ ਕੀਤੀ ਗਈ।

ਜੀ. ਬੀ. ਸਿੰਘ ਦਾ ਵਿਸ਼ਵਾਸ ਹੈ ਕਿ ਪਹਿਲਾਂ ਤਿੰਨ ਬੀੜਾਂ ਪ੍ਰਚਲਿਤ ਸਨ। ਪਹਿਲੀ ਭਾਈ ਗੁਰਦਾਸ ਵਾਲੀ, ਦੂਜੀ ਭਾਈ ਬੰਨੋ ਦੀ ਨਕਲ ਕੀਤੀ ਅਤੇ ਤੀਜੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਤਿਆਰ ਕੀਤੀ ਦਮਦਮਾ ਸਾਹਿਬ ਵਾਲੀ। ਉਸ ਦਾ ਇਹ ਵੀ ਵਿਸ਼ਵਾਸ ਹੈ ਕਿ ਜਦੋਂ ਅਕਬਰ ਗੁਰੂ ਅਰਜਨ ਦੇਵ ਜੀ ਨੂੰ 1598 ਈਸਵੀ ਵਿਚ ਕਰਤਾਰਪੁਰ ਵਿਚ ਮਿਲਿਆ ਤਾਂ ਉਸ ਸਮੇਂ ਗੁਰੂ ਜੀ ਕੋਲ ਭਾਈ ਗੁਰਦਾਸ ਵਾਲੀ ਬੀੜ ਸੀ। ਉਸ ਦਾ ਖਿਆਲ ਹੈ ਕਿ ਸ਼ਾਇਦ ਇਹ 1591 ਈਸਵੀ ਵਿਚ ਲਿਖੀ ਗਈ ਸੀ।

ਬਾਬਾ ਤੇਜਾ ਸਿੰਘ, ਪੰਚ ਖਾਲਸਾ ਦੀਵਾਨ ਭਸੌੜ ਨੇ ਗ੍ਰੰਥ ਸਾਹਿਬ ਵਿਚ ਰਾਗਮਾਲਾ ਦਾ ਵਿਰੋਧ ਕੀਤਾ ਸੀ, ਕਿਉਂਕਿ ਉਹ ਇਸ ਨੂੰ ਗ੍ਰੰਥ ਸਾਹਿਬ ਦੀ ਰਚਨਾ ਤੋਂ ਪਿੱਛੋਂ ਆਲਮ ਦੁਆਰਾ ਲਿਖੀ ਅਤੇ ਕਿਸੇ ਅਗਿਆਤ ਸ਼ਖਸ ਵਲੋਂ ਦਰਜ ਕੀਤੀ ਮੰਨਦੇ ਸਨ। ਜੀ. ਬੀ. ਸਿੰਘ ਦਾ ਵਿਚਾਰ ਹੈ ਕਿ ਗ੍ਰੰਥ ਸਾਹਿਬ ਦੀ ਰਚਨਾ ਦਾ ਆਧਾਰ 'ਗੁਰੂ ਹਰਿ ਸਹਾਏ ਵਾਲੀ' ਪੋਥੀ ਹੈ। ਭਾਈ ਜੋਧ ਸਿੰਘ ਜੀ. ਬੀ. ਸਿੰਘ ਦੀ ਖੋਜ ਦਾ ਵਿਰੋਧ ਕਰਦਿਆਂ ਕਹਿੰਦੇ ਹਨ ਕਿ ਉਸ ਦੀ ਕਰਤਾਰਪੁਰ ਵਾਲੀ ਬੀੜ ਬਾਰੇ ਖੋਜ ਮਨਘੜਤ, ਝੂਠੀ, ਸੱਚਾਈ ਤੋਂ ਦੂਰ ਅਤੇ ਅਨਿਆਂ ਵਾਲੀ ਹੈ।

ਪਸ਼ੌਰਾ ਸਿੰਘ ਨੇ ਜੋਧ ਸਿੰਘ ਦੇ ਹੱਕ ਵਿਚ ਖੜੋਂਦਿਆਂ ਡਬਲਿਊ. ਐਚ. ਮੈਕਲੌਡ ਅਤੇ ਦਲਜੀਤ ਸਿੰਘ ਦੇ ਵਿਰੋਧ ਨੂੰ ਰੱਦ ਕਰਕੇ ਕਰਤਾਰਪੁਰ ਵਾਲੀ ਬੀੜ ਨੂੰ ਸਹੀ ਮੰਨਿਆ ਹੈ। ਉਸ ਨੇ ਵੀ ਗੋਇੰਦਵਾਲ ਵਾਲੀਆਂ ਪੋਥੀਆਂ ਨੂੰ ਕਰਤਾਰਪੁਰ ਵਾਲੀ ਬੀੜ ਦੀ ਸੰਪਾਦਨਾ ਲਈ ਵਰਤੋਂ ਨੂੰ ਸਹੀ ਕਿਹਾ ਹੈ। ਇਹ ਹਰ ਸਹਾਏ ਵਾਲੀ ਪੋਥੀ ਦੇ ਪਹਿਲੇ ਭਾਗ ਨੂੰ ਸਹੀ ਮੰਨਦੇ ਹਨ। ਇਸ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ਪਰ ਰਾਗ-ਪ੍ਰਬੰਧ ਨਹੀਂ ਹੈ। ਸੋਢੀ ਕਹਿੰਦੇ ਹਨ ਕਿ ਇਹ ਪੋਥੀ ਗੁਰੂ ਨਾਨਕ ਦੇਵ ਜੀ ਦੀ ਹੱਥ ਲਿਖਤ ਹੈ। ਇਸ ਦਾ ਮੂਲ ਮੰਤਰ ਕਿਸੇ ਸਿੱਖ ਦੇ ਹੱਥਾਂ ਦੀ ਲਿਖਤ ਹੈ। ਇਸ ਦੀ ਸਹੀ ਪਛਾਣ ਲਈ ਕੋਈ ਗਵਾਹੀ ਨਹੀਂ ਮਿਲਦੀ।

ਟੋਇਨਬੀ ਲਿਖਦੇ ਹਨ, "ਅਦੁੱਤੀ ਗ੍ਰੰਥ ਸਾਹਿਬ ਕਈ ਕਾਰਨਾਂ ਕਰਕੇ ਸ਼ਾਨਦਾਰ ਹੈ। ਪ੍ਰਸਿਧ ਧਾਰਮਿਕ ਗ੍ਰੰਥਾਂ ਵਿਚੋਂ ਇਹ ਬਹੁਤ ਹੀ ਆਦਰਯੋਗ ਗ੍ਰੰਥ ਹੈ। ਇਹ ਮੁਸਲਮਾਨਾਂ ਲਈ ਕੁਰਾਨ, ਇਸਾਈਆਂ ਲਈ ਬਾਈਬਲ, ਜਿਊਸ ਲਈ ਤੌਰਾਹ ਨਾਲੋਂ ਸਿੱਖਾਂ ਲਈ ਵਧ ਸਤਿਕਾਰਤ ਹੈ। ਆਦਿ ਗ੍ਰੰਥ ਸਿੱਖਾਂ ਲਈ ਧਾਰਮਿਕ ਗੁਰੂ ਹੈ।"

ਗੁਰੂ ਗ੍ਰੰਥ ਸਾਹਿਬ ਅਧਿਆਤਮਕ, ਵਿਅਕਤੀਗਤ, ਸਮਾਜਕ, ਸਿਆਸੀ, ਵਿਗਿਆਨਕ ਆਦਿ ਫੁੱਲਾਂ ਨਾਲ ਸ਼ਿੰਗਾਰਿਆ ਗੁਲਦਸਤਾ ਹੈ। ਇਸ ਦੀ ਮਹਿਕ ਮਨੁੱਖੀ ਜੀਵਨ ਨੂੰ ਸੁੱਖ ਭਰਪੂਰ ਬਣਾਉਣ ਦਾ ਸੰਦੇਸ਼ ਦਿੰਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਤਾਂ ਆਪ ਇਸ ਅਦੁਤੀ ਗ੍ਰੰਥ ਬਾਰੇ ਲਿਖਦੇ ਹਨ:

ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ
ਜਿਸ ਕਾ ਸਭਸੁ ਅਧਾਰੋ॥
(ਸਲੋਕ ਮਹਲਾ 5 ਪੰਨਾ 1429)

# 550 ਸਾਲਾ ਪ੍ਰਕਾਸ਼ ਪੁਰਬ: ਹਵਾ ’ਚ ਲਟਕਦੇ ਪ੍ਰਸ਼ਨ-ਚਿੰਨ

**_ਲੇਖਕ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਵਿਖੇ 30 ਸਾਲ ਪ੍ਰੋਫੈਸਰ ਰਿਹਾ ਹੈ; ਉਸ ਦੇ ਸੁਲਤਾਨਪੁਰ ਲੋਧੀ ਅਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਕਈ ਲੇਖ ਛਪ ਚੁਕੇ ਹਨ। ਉਸ ਨੇ 550 ਸਾਲਾ ਪ੍ਰਕਾਸ਼ ਪੁਰਬ ਦੇ ਜਸ਼ਨਾਂ ਨੂੰ ਨੇੜਿਓਂ ਦੇਖਿਆ-ਘੋਖਿਆ ਹੈ। ਸੁਲਤਾਨਪੁਰ ਲੋਧੀ ਵਿਖੇ ਪ੍ਰਕਾਸ਼ ਪੁਰਬ ਸਮਾਗਮ ਮੌਕੇ ਜਿਸ ਤਰ੍ਹਾਂ ਇਕ-ਦੂਜੇ ਤੋਂ ਅੱਗੇ ਲੰਘਣ ਦੀ ਹੋੜ ਲੱਗੀ ਅਤੇ ਜਿਸ ਤਰ੍ਹਾਂ ਇਨ੍ਹਾਂ ਸਮਾਗਮਾਂ ਦੇ ਅਸਲ ਮਕਸਦ ਨੂੰ ਅੱਖੋਂ ਪਰੋਖੇ ਕੀਤਾ ਗਿਆ, ਇਸ ਸਭ ਉਤੇ ਲੇਖਕ ਨੇ ਮਿਕਨਾਤੀਸੀ ਨਿਗ੍ਹਾ ਮਾਰੀ ਹੈ। -ਸੰਪਾਦਕ_**

ਜਗਤ ਗੁਰੂ ਬਾਬੇ ਨਾਨਕ ਦਾ ਪ੍ਰਕਾਸ਼ ਪੁਰਬ ਸਾਰੀ ਦੁਨੀਆਂ ‘ਚ ਵੱਸੀ ਨਾਨਕ ਨਾਮ ਲੇਵਾ ਸੰਗਤਾਂ ਨੇ ਪਿਛਲੇ ਦਿਨੀਂ ਬੜੇ ਚਾਹ, ਉਮਾਹ ਅਤੇ ਉਤਸ਼ਾਹ ਨਾਲ ਮਨਾਇਆ। ਕਰਤਾਰਪੁਰ ਦਾ ਲਾਂਘਾ ਖੁੱਲ੍ਹਣ ਕਰਕੇ ਨਨਕਾਣਾ ਸਾਹਿਬ ਤੋਂ ਬਿਨਾ ਦੇਹੁਰਾ (ਹੁਣ ਡੇਰਾ) ਬਾਬਾ ਨਾਨਕ ਅਤੇ ਬਾਰਡਰ ਦੇ ਦੂਜੇ ਪਾਸੇ ਵੀ ਕਈ ਸਮਾਗਮ ਹੋਏ, ਪਰ ਬਹੁਤੇ ਸਮਾਗਮਾਂ ਦਾ ਧੁਰਾ ਸੁਲਤਾਨਪੁਰ ਲੋਧੀ ਹੀ ਰਿਹਾ, ਜਿੱਥੇ ਨਵਾਬ ਦੌਲਤ ਖਾਨ ਲੋਧੀ ਦੇ ਸ਼ਾਸਕ ਹੁੰਦਿਆਂ ਗੁਰੂ ਜੀ ਆਪਣੇ ਭੈਣ-ਭਣੋਈਏ ਕੋਲ ਲੰਮਾ ਸਮਾਂ ਰਹੇ ਅਤੇ ਸ਼ਾਹੀ ਮੋਦੀਖਾਨੇ ਦੀਆਂ ਸੇਵਾਵਾਂ ਨਿਭਾਉਂਦੇ ਰਹੇ। ਇਹ ਮੰਨਣਾ ਪਵੇਗਾ ਕਿ ਇਸ ਮਹਾਂ-ਸਮਾਗਮ ਨੂੰ ਕਾਮਯਾਬੀ ਨਾਲ ਸਿਰੇ ਚੜ੍ਹਾਉਣ ਵਿਚ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਸਿੱਖਾਂ ਦੀ ਪਾਰਲੀਮੈਂਟ ਅਖਵਾਉਣ ਵਾਲੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

**ਡਾ. ਆਸਾ ਸਿੰਘ ਘੁੰਮਣ**
**ਨਡਾਲਾ (ਕਪੂਰਥਲਾ)**
**ਫੋਨ: 91-97798-53245**

ਦਾ ਅਹਿਮ ਰੋਲ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤਾਂ ਭਾਵੇਂ ਗੋਬਿੰਦ ਸਿੰਘ ਲੌਂਗੋਵਾਲ ਸਨ, ਪਰ 550 ਸਾਲਾ ਪ੍ਰੋਗਰਾਮਾਂ ਨੂੰ ਸਿਰੇ ਚੜ੍ਹਾਉਣ ਦੀ ਡਿਊਟੀ ਬੀਬੀ ਜਗੀਰ ਕੌਰ ਦੀ ਲਾਈ ਗਈ ਸੀ।

ਕੇਂਦਰ ਸਰਕਾਰ ਨੇ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਆਪਣਾ ਬਣਦਾ ਹਿੱਸਾ ਬਣਾਉਣ ਵਾਸਤੇ ਕਰੋੜਾਂ ਰੁਪਏ ਖਰਚੇ। ਕਪੂਰਥਲਾ ਵਿਖੇ ਮੈਡੀਕਲ ਕਾਲਜ ਬਣਾਉਣ ਦਾ ਐਲਾਨ ਕੀਤਾ, ਕੁਝ ਸੜਕਾਂ ਨੂੰ ਨੈਸ਼ਨਲ ਹਾਈਵੇ ਐਲਾਨਿਆ ਅਤੇ ਸੁਲਤਾਨਪੁਰ ਲੋਧੀ ‘ਚ ਬਹੁਤ ਆਹਲਾ ਰੇਲਵੇ ਸਟੇਸ਼ਨ ਬਣਾਇਆ। ਦੇਸ਼ ਦੇ ਪ੍ਰਧਾਨ ਮੰਤਰੀ ਖੁਦ ਬੇਰ ਸਾਹਿਬ, ਸੁਲਤਾਨਪੁਰ ਲੋਧੀ ਅਤੇ ਕਰਤਾਰਪੁਰ ਸਾਹਿਬ ਵਿਖੇ ਮੱਥਾ ਟੇਕਣ ਪਹੁੰਚੇ। ਭਾਵੇਂ ਸਿੱਧੇ ਤੌਰ ‘ਤੇ ਜਾਣ ਸਕਣਾ ਔਖਾ ਹੈ ਕਿ ਪੰਜਾਬ ਸਰਕਾਰ ਨੇ 550 ਸਾਲਾ ਗੁਰਪੁਰਬ ਮਨਾਉਣ ‘ਤੇ ਕਿੰਨਾ ਖਰਚਾ ਕੀਤਾ, ਪਰ ਸਮਝਿਆ ਜਾਂਦਾ ਹੈ ਕਿ ਸਿੱਧੇ-ਅਸਿੱਧੇ ਰੂਪ ਵਿਚ ਇਹ 550 ਕਰੋੜ ਦੇ ਕਰੀਬ ਹੋ ਸਕਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਯਾਤਰੂਆਂ ਦੀ ਸਹੂਲਤ ਲਈ ਕਰੋੜਾਂ ਰੁਪਏ ਖਰਚ ਕੇ ਸਰਾਵਾਂ ਬਣਾਈਆਂ ਅਤੇ ਖਾਸ ਤੌਰ ‘ਤੇ ਬੇਰ ਸਾਹਿਬ ਦੇ ਆਲੇ-ਦੁਆਲੇ ਨੂੰ ਇਸ ਵਿਸ਼ੇਸ਼ ਸਮਾਗਮ ਲਈ ਅਪਡੇਟ ਕੀਤਾ। ਕੌਮਾਂਤਰੀ ਕੀਰਤਨ ਸਮਾਗਮ ਹੋਏ ਅਤੇ ਅਖੰਡ ਪਾਠਾਂ ਦੇ ਭੋਗ ਪਏ। ਸੁਲਤਾਨਪੁਰ ਲੋਧੀ ਨੂੰ ਚਿੱਟੀ ਕੂਚੀ ਫਿਰਵਾਉਣ ਦਾ ਕੰਮ ਅਕਾਲੀ ਦਲ ਨੇ ਆਪਣੀ ਜੇਬ ਵਿਚੋਂ ਕੀਤਾ।

ਸਾਰੀਆਂ ਧਿਰਾਂ 550 ਸਾਲਾ ਪ੍ਰਕਾਸ਼ ਪੁਰਬ ਕਾਮਯਾਬੀ ਨਾਲ ਨੇਪਰੇ ਚੜ੍ਹਾਉਣ ਲਈ ਆਪਣੀ ਪਿੱਠ ‘ਤੇ ਆਪਣੇ ਹੱਥੀਂ ਸ਼ਾਬਾਸ਼ੀ ਦੇ ਸਕਦੀਆਂ ਹਨ, ਪਰ ਇਸ ਸਾਰੇ ਕੁਝ ਵਿਚ ਸਭ ਤੋਂ ਵੱਧ ਕੇਂਦਰ ਸਰਕਾਰ ਆਪਣੀ ਸੂਝ-ਬੂਝ ਕਰਕੇ ਵਾਦ-ਵਿਵਾਦ ਤੋਂ ਉਪਰ ਰਹੀ ਅਤੇ ਬੁਨਿਆਦੀ ਤੇ ਸਾਰਥਕ ਫੈਸਲੇ ਕਰਨ ਵਿਚ ਕਾਮਯਾਬ ਰਹੀ। ਅਕਤੂਬਰ-ਨਵੰਬਰ ਵਿਚ ਕਰੀਬ ਇੱਕ ਕਰੋੜ ਸਿੱਖ ਸੰਗਤ ਦੇ ਆਉਣ-ਜਾਣ ਨੂੰ ਧਿਆਨ ਵਿਚ ਰੱਖਦਿਆਂ ਸੜਕਾਂ ਬਣਾਉਣ ਦਾ ਕੰਮ ਮੁੱਖ ਤੌਰ ‘ਤੇ ਪੰਜਾਬ ਸਰਕਾਰ ਦਾ ਸੀ। ਉਲੀਕੇ ਪ੍ਰੋਗਰਾਮ ਮੁਤਾਬਕ ਕਈ ਟੋਟੇ ਅਧੂਰੇ ਹੀ ਰਹੇ। ਪੰਜਾਬ ਸਰਕਾਰ ਨੇ ਸੁਲਤਾਨਪੁਰ ਲੋਧੀ ਵਿਖੇ ਬਹੁਤ ਮਿਆਰੀ ਬੱਸ ਅੱਡਾ ਤਿਆਰ ਕੀਤਾ। ਆਵਾਜਾਈ ਲਈ ਵੇਈਂ ‘ਤੇ ਦੋ ਹੋਰ ਪੱਕੇ ਪੁਲ ਅਤੇ ਤਿੰਨ ਪੈਦਲ-ਪੁਲ ਉਸਾਰੇ ਗਏ। ਸੰਤ ਬਲਬੀਰ ਸਿੰਘ ਸੀਚੇਵਾਲ ਦੇ ਸਹਿਯੋਗ ਨਾਲ ਸਰਕਾਰ ਨੇ ਬੇਰ ਸਾਹਿਬ ਤੋਂ ਅੱਗੇ ਤੱਕ ਅਤੇ ਉਧਰੋਂ ਸੰਤ ਘਾਟ ਤੱਕ ਵੇਈਂ ਦੇ ਦੋਹੀਂ ਪਾਸੀਂ ਪੱਥਰ ਤੇ ਗਰਿਲਾਂ ਲਵਾ ਦਿੱਤੀਆਂ।

ਸੁਲਤਾਨਪੁਰ ਲੋਧੀ ਵਿਖੇ ਲੱਖਾਂ ਦੀ ਗਿਣਤੀ ਵਿਚ ਪਹੁੰਚਣ ਵਾਲੀਆਂ ਸੰਗਤਾਂ ਲਈ ਰਿਹਾਇਸ਼, ਲੰਗਰ, ਟਰੈਫਿਕ ਪ੍ਰਬੰਧ, ਸਫਾਈ, ਜੰਗਲ ਪਾਣੀ ਦੀ ਵਿਵਸਥਾ, ਆਉਣ-ਜਾਣ ਦੀ ਸੁਵਿਧਾ, ਸੁਰੱਖਿਆ-ਪ੍ਰਬੰਧ, ਦੂਰ ਦੂਰ ਤੱਕ ਲਾਈਟ-ਸੁਵਿਧਾ ਆਦਿ ਵਿਚ ਪੰਜਾਬ ਸਰਕਾਰ ਬਹੁਤ ਹੱਦ ਤੱਕ ਕਾਮਯਾਬ ਰਹੀ। 550 ਸਾਲਾ ਪੁਰਬ ਮਨਾਉਂਦਿਆਂ ਪੰਜਾਬ ਸਰਕਾਰ ਸਾਹਮਣੇ ਇੱਕੋ-ਇੱਕ ਮਾਡਲ ਸੀ ਤੇ ਉਹ ਸੀ ਸਿੱਖ ਸੰਗਤਾਂ ਦੇ ਮਨਾਂ ਵਿਚ ਘਰ ਕਰ ਚੁਕਾ 2017 ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਮਨਾਇਆ ਗਿਆ 350 ਸਾਲਾ ਪ੍ਰਕਾਸ਼ ਪੁਰਬ, ‘ਨਿਤਿਸ਼ ਮਾਡਲ।’

ਹਾਲਾਂਕਿ ਪੁਰਾਣੀ ਪੀੜ੍ਹੀ 1969 ਦੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਵੀ ਖਿਆਲ ਵਿਚ ਲਿਆਉਂਦੀ ਰਹੀ ਅਤੇ 1999 ਵਾਲੇ ਅਨੰਦਪੁਰ ਸਾਹਿਬ ਦੇ 300 ਸਾਲਾ ਖਾਲਸਾ ਸਾਜਨਾ ਦਿਵਸ ਨੂੰ ਵੀ। ਗੁਰੂ ਨਾਨਕ ਦੇਵ ਦਾ 500 ਸਾਲਾ ਪ੍ਰਕਾਸ਼ ਪੁਰਬ ਮਨਾਉਣ ਸਮੇਂ 1969 ਵਿਚ ਪੇਂਡੂ ਖੇਤਰ ਵਿਚ 38 ਕਾਲਜ ਖੋਲ੍ਹੇ ਗਏ, ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਈ ਗਈ ਅਤੇ ਪਿੰਡ ਪਿੰਡ ਬਿਜਲੀ ਪਹੁੰਚਾਉਣ ਦਾ ਟੀਚਾ ਪ੍ਰਾਪਤ ਕੀਤਾ ਗਿਆ। ਖਾਲਸਾ ਸਾਜਨਾ ਦਿਵਸ ਮੌਕੇ ਅਨੰਦਪੁਰ ਸਾਹਿਬ ਵਿਖੇ ਕੌਮੀ ਅਤੇ ਕੌਮਾਂਤਰੀ ਪੱਧਰ ‘ਤੇ ਖਾਲਸਾ ਸਾਜਣ ਦੇ ਅਸਲ ਮੰਤਵ ਨੂੰ ਨੁਮਾਇਆ ਕੀਤਾ ਗਿਆ। ਦੁਨੀਆਂ ਵਿਚ ਵਿਚਰ ਰਹੇ ਮਹਾਨ ਸਿੱਖਾਂ ਦਾ ਨਿਸ਼ਾਨ-ਏ-ਖਾਲਸਾ ਅਵਾਰਡ ਨਾਲ ਸਨਮਾਨ ਕੀਤਾ ਗਿਆ। ਖਾਲਸਾ ਵਿਰਾਸਤੀ ਅਜੂਬਾ ਬਣਾਇਆ ਗਿਆ। ਉਸ ਸਮੇਂ ਅਨੰਦਪੁਰ ਸਾਹਿਬ ਵਿਖੇ ਅਲੌਕਿਕ ਸ਼ਰਧਾ ਦਾ ਵਹਿੰਦਾ ਸਮੁੰਦਰ ਇੱਕ ਕ੍ਰਿਸ਼ਮਈ ਦ੍ਰਿਸ਼ ਸੀ। ਨਿਤਿਸ਼ ਮਾਡਲ ਵਿਚ ਪ੍ਰਬੰਧਕੀ ਕੁਸ਼ਲਤਾ ਵੀ ਸੀ ਅਤੇ ਅਡੋਲ, ਸ਼ਾਂਤ ਆਸਥਾ ਦਾ ਪ੍ਰਵਾਹ ਵੀ ਸੀ।

ਸੁਲਤਾਨਪੁਰ ਲੋਧੀ ਵਿਖੇ ਪਹਿਲੇ ਦਿਨ ਤੋਂ ਹੀ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵਿਚ ਸਿਆਸੀ ਲਾਹਾ ਲੈਣ ਦੀ ਰੱਸਾਕਸ਼ੀ ਖੂਬ ਉਭਰ ਕੇ ਸਾਹਮਣੇ ਆਉਣੀ ਸ਼ੁਰੂ ਹੋ ਗਈ। ਭਾਵੇਂ ਮੁੱਖ ਤੌਰ ‘ਤੇ ਸੰਗਤਾਂ ਇਸ ਪੱਖ ਤੋਂ ਬੇ-ਨਿਆਜ਼ ਰਹੀਆਂ, ਪਰ ਕਈ ਦਿਨ ਪਹਿਲਾਂ ਤੋਂ ਮਕਸਦ-ਮੂਲਕ ਸ਼ਰਧਾ ਦਾ ਮੁਜਾਹਰਾ ਹੋਣਾ ਸ਼ੁਰੂ ਹੋ ਗਿਆ ਸੀ। ਦੋਹਾਂ ਧਿਰਾਂ ਦਾ ਰੋਸ਼ਨੀਆਂ ਦੇ ਤਮਾਸ਼ੇ ਰਾਹੀਂ ਸੰਗਤਾਂ ਨੂੰ ਮੋਹਣ ਅਤੇ ਪ੍ਰਭਾਵਿਤ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲੱਗਾ ਰਿਹਾ। ਸੰਗਤਾਂ ਵਿਚ ਨੌਜੁਆਨ ਪੀੜ੍ਹੀ ਹੀ ਨਹੀਂ, ਉਨ੍ਹਾਂ ਦੇ ਮਾਪੇ ਵੀ ‘550 ਸਾਲ, ਗੁਰੂ ਬਾਬੇ ਦੇ ਨਾਲ’ ਨਹੀਂ, ‘550 ਸਾਲ, ਸੈਲਫੀਆਂ ਦੇ ਨਾਲ’ ਮਨਾਉਂਦੇ ਰਹੇ। (ਬਾਗਬਾਨੀ ਵਿਭਾਗ, ਪੰਜਾਬ ਨੇ ਵੇਈਂ ਦੇ ਕੰਢੇ ਫੁੱਲ ਲਾ ਕੇ ਉਥੇ ‘ਸੈਲਫੀ ਪੁਆਇੰਟ’ ਵੀ ਬਣਾਏ)

ਜੇ ਸ਼੍ਰੋਮਣੀ ਕਮੇਟੀ ਕੋਲ ਪ੍ਰਬੰਧਕ ਹੋਣ ਨਾਤੇ ਸ਼ਰਧਾਵਾਨ ਤੇ ਦਰਸ਼ਨ-ਅਭਿਲਾਸ਼ੀ ਸੰਗਤਾਂ ਲਈ ਨਤਮਸਤਕ ਹੋਣ ਵਾਸਤੇ ਗੁਰੂ ਅਸਥਾਨ ਸਨ ਤਾਂ ਸਰਕਾਰ ਕੋਲ ਸੰਗਤਾਂ ਨੂੰ ਖਿੱਚਣ ਲਈ ਜਗਮਗਾਉਂਦੇ-ਚਮਚਮਾਉਂਦੇ ਪੰਡਾਲ ਸਨ, ਮਲਟੀ-ਮੀਡੀਆ ਮਿਊਜ਼ੀਅਮ ਸਨ, ਥੀਏਟਰ ਸਨ, ਡਿਜ਼ੀਟਲ ਸ਼ੋਅ ਸਨ, ਨੁਮਾਇਸ਼ਾਂ ਸਨ, ਗਾਇਕ-ਕਲਾਕਾਰ ਸਨ। ਆਪਣੇ ਵੱਲ ਆਕਰਸ਼ਿਤ ਕਰਨ ਅਤੇ ਆਪਣਾ ਪ੍ਰਭਾਵ ਛੱਡਣ ਦੀ ਪ੍ਰਵਿਰਤੀ ਸੰਤਾਂ-ਮਹਾਂਪੁਰਖਾਂ ਦੇ ਲੰਗਰਾਂ ਵਿਚ ਵੀ ਖੂਬ ਦੇਖੀ ਗਈ, ਜੋ ਮਨ ਲੁਭਾਉਣੇ ਪਦਾਰਥਾਂ ਦੀ ਸੇਵਾ ਵੀ ਕਰ ਰਹੇ ਸਨ, ਨੁਮਾਇਸ਼ ਵੀ ਕਰ ਰਹੇ ਸਨ ਅਤੇ ਮੀਡੀਆ ਰਾਹੀਂ ਆਪਣੇ 550 ਪਕਵਾਨਾਂ ਦੀ ਮਸ਼ਹੂਰੀ ਵੀ ਕਰ ਰਹੇ ਸਨ। ਰੱਜੀਆਂ-ਪੁੱਜੀਆਂ ਸੰਗਤਾਂ ਵੀ ਪੀਜ਼ਿਆਂ, ਬਰਗਰਾਂ, ਨੂਡਲਾਂ ਦੇ ਮਜ਼ੇ ਲੁੱਟਦੀਆਂ ਰਹੀਆਂ। ਸੰਗਤਾਂ ਭੁੱਖੇ-ਭਾਣੇ ਅਧਿਆਤਮਵਾਦੀ ਸਾਧੂਆਂ ਨੂੰ ਲੰਗਰ ਛਕਾਉਣ ਵਾਲੇ ਬਾਬੇ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਤੱਕ ਉਸ ਦੇ ਚੇਲੇ ਬਹੁਤ ਅੱਗੇ ਨਿਕਲ ਚੁਕੇ ਸਨ। ਅੰਮ੍ਰਿਤ ਵੇਲੇ ਗੁਰਦੁਆਰਾ ਬੇਰ ਸਾਹਿਬ ਦੁਆਲੇ ਲਾਊਡ ਸਪੀਕਰਾਂ ਦਾ ਸਿੱਧਾ ਮੁਕਾਬਲਾ ਹਉਮੈ-ਭੇੜ ਦੀ ਵਿਸ਼ੇਸ਼ ਨੁਮਾਇਸ਼ ਸੀ।

ਇਸ ਸਾਰੇ ਮੇਲੇ-ਗੇਲੇ ਵਿਚ ਮਹਾਨ ਫਿਲਾਸਫਰ ਗੁਰੂ ਬਾਬੇ ਨਾਨਕ ਦੀਆਂ ਸਿੱਖਿਆਵਾਂ ਦੀ ਮੂਲਕ-ਭਾਵਨਾ ਕਿਤੇ ਨੁਮਾਇਆ ਨਾ ਹੋ ਸਕੀ। ਗੁਰਦੁਆਰਾ ਬੇਰ ਸਾਹਿਬ ਵਿਖੇ ਇਸ ਗੁਰਪੁਰਬ ‘ਤੇ ਪਹਿਲਾਂ ਨਾਲੋਂ ਵੱਡੇ ਕਵੀ ਦਰਬਾਰ ਅਤੇ ਕਵੀਸ਼ਰੀ ਦਰਬਾਰ ਕੀਤੇ ਗਏ। ਢਾਡੀ ਪਹਿਲਾਂ ਵਾਂਗ ਸੋਹਣੀਆਂ ਵਾਰਾਂ ਗਾਉਂਦੇ ਰਹੇ। ਕਥਾਵਾਂ ਅਤੇ ਕੀਰਤਨ ਦਾ ਪ੍ਰਵਾਹ ਆਮ ਵਾਂਗ ਚੱਲਦਾ ਰਿਹਾ, ਪਰ ਵਿਦਵਾਨਾਂ ਅਤੇ ਬੁੱਧੀਜੀਵੀਆਂ ਨੂੰ ਐਤਕੀਂ ਹਾਸ਼ੀਏ ਤੋਂ ਵੀ ਕਿਤੇ ਦੂਰ ਹੀ ਰੱਖਿਆ ਗਿਆ। ਸੁਲਤਾਨਪੁਰ ਲੋਧੀ ਦੀ ਧਰਤੀ ‘ਤੇ ਇੱਕ ਵੀ ਤਕੜਾ ਕੌਮਾਂਤਰੀ ਸੈਮੀਨਾਰ ਜਾਂ ਗੁਰਬਾਣੀ ਸੰਮੇਲਨ ਨਾ ਹੋ ਸਕਿਆ, ਜੋ ਚਿਰੰਜੀਵੀ ਪ੍ਰਭਾਵ ਛੱਡ ਜਾਂਦਾ। ਗੁਰੂ ਜੀ ਜਿਹੇ ਮਹਾਨ ਰਾਗ-ਗਿਆਤਾ ਦੀ ਯਾਦ ਵਿਚ ਇੱਕ ਵੀ ਯਾਦਗਾਰੀ ਮਹਾਂ ਸੰਗੀਤ ਸੰਮੇਲਨ ਨਾ ਹੋ ਸਕਿਆ। ਸਭ ਧਰਮਾਂ ਤੋਂ ਬਰਾਬਰ ਸਤਿਕਾਰ ਪ੍ਰਾਪਤ ਕਰਨ ਵਾਲੇ ਗੁਰੂ ਬਾਬੇ ਦੀ ਯਾਦ ਵਿਚ ਸੁਲਤਾਨਪੁਰ ਲੋਧੀ ਵਿਖੇ ਇੱਕ ਵੀ ਸਰਬ-ਧਰਮ ਪਾਏਦਾਰ ਕੌਮਾਂਤਰੀ ਗੋਸ਼ਟੀ ਨਾ ਹੋ ਸਕੀ। ਗੁਰੂ ਜੀ ਦੇ ਜੀਵਨ ਅਤੇ ਫਲਸਫੇ ਸਬੰਧੀ ਖੋਜ ਕਾਰਜ ਗੁੱਠੇ ਲੱਗੇ ਰਹੇ। ਸ਼੍ਰੋਮਣੀ ਕਮੇਟੀ ਆਪਣੇ ਪਹਿਲਾਂ ਛਪੇ ਸਾਹਿਤ ਦੀ ਵੀ ਪ੍ਰਦਰਸ਼ਨੀ ਨਾ ਲਾ ਸਕੀ। ਸ਼੍ਰੋਮਣੀ ਕਮੇਟੀ ਵੱਲੋਂ ਸੁਲਤਾਨਪੁਰ ਲੋਧੀ ਅਤੇ ਗੁਰੂ ਨਾਨਕ ਦੇਵ ਜੀ ਬਾਰੇ ਜੋ ਦੋ ਕਿਤਾਬਚੇ ਰਿਲੀਜ਼ ਕੀਤੇ ਗਏ, ਉਨ੍ਹਾਂ ਵਿਚਲੀਆਂ ਗਲਤੀਆਂ ਅਤੇ ਵਿਵਾਦਗ੍ਰਸਤ ਧਾਰਨਾਵਾਂ ਕਰਕੇ ਉਨ੍ਹਾਂ ‘ਤੇ ਪਾਬੰਦੀ ਲਾਉਣੀ ਪਈ।

**_ਸੁਲਤਾਨਪੁਰ ਲੋਧੀ ਵਿਖੇ ਪਹਿਲੇ ਦਿਨ ਤੋਂ ਹੀ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵਿਚ ਸਿਆਸੀ ਲਾਹਾ ਲੈਣ ਦੀ ਰੱਸਾਕਸ਼ੀ ਖੂਬ ਉਭਰ ਕੇ ਸਾਹਮਣੇ ਆਉਣੀ ਸ਼ੁਰੂ ਹੋ ਗਈ। ਭਾਵੇਂ ਮੁੱਖ ਤੌਰ ‘ਤੇ ਸੰਗਤਾਂ ਇਸ ਪੱਖ ਤੋਂ ਬੇ-ਨਿਆਜ਼ ਰਹੀਆਂ, ਪਰ ਕਈ ਦਿਨ ਪਹਿਲਾਂ ਤੋਂ ਮਕਸਦ-ਮੂਲਕ ਸ਼ਰਧਾ ਦਾ ਮੁਜਾਹਰਾ ਹੋਣਾ ਸ਼ੁਰੂ ਹੋ ਗਿਆ ਸੀ। ਦੋਹਾਂ ਧਿਰਾਂ ਦਾ ਰੋਸ਼ਨੀਆਂ ਦੇ ਤਮਾਸ਼ੇ ਰਾਹੀਂ ਸੰਗਤਾਂ ਨੂੰ ਮੋਹਣ ਅਤੇ ਪ੍ਰਭਾਵਿਤ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲੱਗਾ ਰਿਹਾ। ਸੰਗਤਾਂ ਵਿਚ ਨੌਜੁਆਨ ਪੀੜ੍ਹੀ ਹੀ ਨਹੀਂ, ਉਨ੍ਹਾਂ ਦੇ ਮਾਪੇ ਵੀ ‘550 ਸਾਲ, ਗੁਰੂ ਬਾਬੇ ਦੇ ਨਾਲ’ ਨਹੀਂ, ‘550 ਸਾਲ, ਸੈਲਫੀਆਂ ਦੇ ਨਾਲ’ ਮਨਾਉਂਦੇ ਰਹੇ। (ਬਾਗਬਾਨੀ ਵਿਭਾਗ, ਪੰਜਾਬ ਨੇ ਵੇਈਂ ਦੇ ਕੰਢੇ ‘ਤੇ ਫੁੱਲ ਲਾ ਕੇ ਉਥੇ ‘ਸੈਲਫੀ ਪੁਆਇੰਟ’ ਵੀ ਬਣਾਏ)_**

ਇਨ੍ਹਾਂ ਸਾਰੇ ਜਸ਼ਨਾਂ ਵਿਚ ਭਾਈ ਮਰਦਾਨਾ, ਦੌਲਤ ਖਾਨ ਲੋਧੀ, ਰਾਏ ਬੁਲਾਰ, ਭਾਈਆ ਜੈ ਰਾਮ ਦੀ ਉਪਲ ਬਰਾਦਰੀ, ਭਾਈ ਫਰਿੰਦਾ, ਭਗੀਰਥ, ਪੈੜਾ ਮੋਖਾ, ਸੀਹਾਂ ਉਪਲ, ਸੈਦੋ ਜੱਟ, ਬਾਲਾ ਸੰਧੂ ਆਦਿ ਦੀਆਂ ਪੈੜਾਂ ਲੱਭਣ ਦੀ ਕੋਈ ਗੱਲ ਨਾ ਹੋ ਸਕੀ। ਸਰਕਾਰ ਨੇ ਜਿਨ੍ਹਾਂ 550 ਵਿਸ਼ੇਸ਼ ਵਿਅਕਤੀਆਂ ਦੇ ਸਨਮਾਨ ਲਈ ਪੀ. ਟੀ. ਯੂ. ਦਾ ਲੱਖਾਂ ਰੁਪਏ ਦਾ ਖਰਚਾ ਕਰਵਾਇਆ, ਸੰਗਤਾਂ ਵਿਚ ਕੋਈ ਸੁਨੇਹਾ ਨਾ ਦੇ ਸਕਿਆ। ਇਸ ਲਿਸਟ ਵਿਚ ਵੀ ਕਈ ਸ਼ਖਸੀਅਤਾਂ ਵਿਵਾਦਗ੍ਰਸਤ ਸਨ। ਸ਼੍ਰੋਮਣੀ ਕਮੇਟੀ ਨੇ ਜਿਨ੍ਹਾਂ 101 ਵਿਅਕਤੀਆਂ ਦਾ ਸਨਮਾਨ ਕਰਨਾ ਸੀ, ਉਨ੍ਹਾਂ ਦਾ ਕੀ ਬਣਿਆ, ਬਾਬਾ ਨਾਨਕ ਹੀ ਜਾਣੇ!

ਸੁਲਤਾਨਪੁਰ ਲੋਧੀ ਅਤੇ ਪਵਿੱਤਰ ਵੇਈਂ ਲਈ ਸਭ ਤੋਂ ਵੱਧ ਕੰਮ ਕਰਨ ਵਾਲੇ ਪਦਮਸ਼੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ। ਇਥੋਂ ਤੱਕ ਕਿ ਪ੍ਰਧਾਨ ਮੰਤਰੀ ਮੋਦੀ ਦੀ ਫੇਰੀ ਵਾਲੇ ਦਿਨ ਉਨ੍ਹਾਂ ਦੇ ਮੋਦੀ ਦੇ ਨਜ਼ਦੀਕ ਹੋਣ ‘ਤੇ ਸਿਕਿਉਰਿਟੀ ਵਾਲਿਆਂ ਨੇ ਉਨ੍ਹਾਂ ਨੂੰ ਇਹ ਕਹਿ ਕੇ ਪਾਸੇ ਕਰ ਦਿੱਤਾ ਕਿ ਲਿਸਟ ਵਿਚ ਉਨ੍ਹਾਂ ਦਾ ਨਾਂ ਸ਼ਾਮਲ ਨਹੀਂ। ਬੇਰ ਸਾਹਿਬ ਤੋਂ ਸੰਤ ਘਾਟ ਤੱਕ ਦਾ ਵੇਈਂ ਕਿਨਾਰਾ ਸੰਗਤਾਂ ਲਈ ਅਥਾਹ ਸ਼ਰਧਾ-ਮਾਰਗ ਹੋਣਾ ਚਾਹੀਦਾ ਸੀ, ਪਰ ਉਸ ਨੂੰ ਸੁਰੱਖਿਆ ਦੇ ਨਾਂ ਥੱਲੇ ਬੰਦ ਕਰ ਦਿੱਤਾ ਗਿਆ।

ਇਹ ਪਹਿਲੀ ਵਾਰ ਸੀ ਕਿ ਸੁਲਤਾਨਪੁਰ ਲੋਧੀ ਦੇ ਇਤਿਹਾਸਕ ਅਤੇ ਧਾਰਮਿਕ ਮਹੱਤਵ ਸਬੰਧੀ ਕਈ ਆਧਾਰ-ਰਹਿਤ ਭਰਮ-ਭੁਲੇਖੇ ਉਭਰ ਕੇ ਸਾਹਮਣੇ ਆਏ। ਬੇਰ ਸਾਹਿਬ ਨੂੰ ਪਹਿਲੀ ਵਾਰੀ ਖਰਬੂਜੇ ਸ਼ਾਹ ਨਾਲ ਜੋੜ ਕੇ ਬਾਬੇ ਨੂੰ ਕਰਾਮਾਤੀ ਬਾਬਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਜਹਾਂਗੀਰੀ ਪੁਲ ਨੂੰ ਗੁਰੂ ਜੀ ਦੇ ਸਮੇਂ ਦਾ ਇਤਿਹਾਸਕ ਪੁਲ ਦੱਸਿਆ ਗਿਆ। ਸੰਤ ਘਾਟ ਬਾਰੇ ਮੁੱਦਤਾਂ ਤੋਂ ਚੱਲੀ ਆ ਰਹੀ ਸਿੱਖ ਰਵਾਇਤ ਨੂੰ ਉਲਟਾ-ਪੁਲਟਾ ਕੀਤਾ ਗਿਆ। ਬੇਬੇ ਨਾਨਕੀ ਦੇ ਗ੍ਰਿਹਿ-ਅਸਥਾਨ ‘ਤੇ ਨਵੇਂ ਬਣੇ ਗੁਰਦੁਆਰੇ ਨੂੰ ਬੇਬੇ ਨਾਨਕੀ ਦਾ ਘਰ ਕਿਹਾ ਜਾ ਰਿਹਾ ਸੀ। ਹਦੀਰੇ ਦੀ ਇਤਿਹਾਸਕ ਸੂਰਤ ਪਲਸਤਰ ਥੱਲੇ ਦਬਣ ਕਰਕੇ ਉਸ ਨੂੰ ਗੁਰੂ ਜੀ ਦੇ ਸਮੇਂ ਦਾ ਮਕਬਰਾ ਦੱਸਿਆ ਜਾ ਰਿਹਾ ਸੀ।

ਦੂਜੇ ਪਾਸੇ, ਸੁਚੇਤ ਸੰਗਤਾਂ ਵਾਰ ਵਾਰ ਸੁਆਲ ਕਰ ਰਹੀਆਂ ਸਨ ਕਿ ਧਾਰਮਿਕਤਾ ਵਿਚ ਸਿਆਸਤ ਏਨਾ ਜ਼ੋਰ ਕਿਉਂ ਪਕੜ ਰਹੀ ਸੀ? ਦੇਸ਼ ਦੇ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਮੁੱਖ ਮੰਤਰੀ, ਸਾਬਕਾ ਮੁੱਖ ਮੰਤਰੀ ਜਾਂ ਹੋਰ ਇਸ ਤਰ੍ਹਾਂ ਦੇ ਅਹੁਦਿਆਂ ‘ਤੇ ਸੁਭਾਇਮਾਨ ਜਾਂ ਸੁਭਾਇਮਾਨ ਰਹਿ ਚੁਕੇ ਪ੍ਰਮੁੱਖ ਵਿਅਕਤੀ ਕੀ ਆਮ ਸ਼ਰਧਾਵਾਨਾਂ ਵਾਂਗ ਮੱਥਾ ਟੇਕਣ ਨਹੀਂ ਸਨ ਆ ਸਕਦੇ? ਕੀ ਉਨ੍ਹਾਂ ਦੇ ਬੋਲਣ ਲਈ ਗੁਰੂ ਘਰ ਦੀਆਂ ਗੋਲਕਾਂ ਜਾਂ ਪੰਜਾਬ ਜਿਹੇ ਗਰੀਬ ਸੂਬੇ ਦੇ ਖਜਾਨੇ ਵਿਚੋਂ ਕਰੋੜਾਂ ਰੁਪਏ ਖਰਚ ਕਰਨੇ ਜ਼ਰੂਰੀ ਸਨ? ਕੀ ਉਨ੍ਹਾਂ ਦੇ ਬੋਲ ਰੇਡੀਓ, ਟੀ. ਵੀ. ਰਾਹੀਂ ਨਹੀਂ ਸਨ ਪ੍ਰਸਾਰਿਤ ਕੀਤੇ ਜਾ ਸਕਦੇ? ਆਤਮ-ਚਿੰਤਨ ਦੇ ਇਹ ਸੁਆਲ ਇੱਕ ਚੰਗਾ ਰੁਝਾਨ ਕਿਹਾ ਜਾ ਸਕਦਾ ਹੈ। ਸਮੇਂ ਦੀਆਂ ਸਰਕਾਰਾਂ ਅਤੇ ਧਾਰਮਿਕ ਜਥੇਬੰਦੀਆਂ ਨੂੰ ਇਹ ਸੋਚਣ ਸਮਝਣ ਦੀ ਲੋੜ ਹੈ ਕਿ ਧਰਮ ਧਰਮ ਹੁੰਦਾ ਹੈ, ਸਿਆਸਤ ਸਿਆਸਤ ਹੁੰਦੀ ਹੈ।

# ਬੇੜਾ ਬੰਧਿ ਨ ਸਕਿਓ

ਮਨੁੱਖ ਦੀ ਜ਼ਿੰਦਗੀ ਦਾ ਅਸਲ ਮਕਸਦ ਹੀ ਅਨੰਦ, ਸੰਤੁਸ਼ਟੀ ਜਾਂ ਸਦੀਵੀ ਖੁਸ਼ੀ ਹੈ, ਜਿਸ ਦੀ ਪ੍ਰਾਪਤੀ ਲਈ ਉਹ ਬੜੀ ਭੱਜ-ਦੌੜ ਤੇ ਜੱਦੋਜਹਿਦ ਕਰਦਾ ਹੈ। ਮਨੁੱਖ ਸਮਝਦਾ ਹੈ ਕਿ ਸਦੀਵੀ ਖੁਸ਼ੀ ਅਤੇ ਅਨੰਦ ਉਸ ਨੂੰ ਸਾਧਨਾਂ ਰਾਹੀਂ ਪ੍ਰਾਪਤ ਹੋਣਗੇ ਜਾਂ ਫਿਰ ਉਸ ਦੀਆਂ ਲੋੜਾਂ ਪੂਰੀਆਂ ਹੋਣ ‘ਤੇ ਪ੍ਰਾਪਤ ਹੋਣਗੇ, ਪਰ ਅਜਿਹਾ ਨਹੀਂ ਹੈ। ਇਹ ਸਾਧਨ ਜਾਂ ਸਹੂਲਤਾਂ ਥੋੜ੍ਹੇ ਸਮੇਂ ਲਈ ਤਾਂ ਉਸ ਦੀ ਤ੍ਰਿਪਤੀ ਕਰ ਸਕਦੇ ਹਨ, ਪਰ ਸਦੀਵੀ ਨਹੀਂ। ਜਿਉਂ ਜਿਉਂ ਮਨੁੱਖ ਇਹ

**ਸਰਬਜੀਤ ਸਿੰਘ ਜਿਉਣ ਵਾਲਾ**
**ਫੋਨ: 91-94644-12761**

ਸਾਧਨ ਜੁਟਾਉਂਦਾ ਹੈ, ਪਹਿਲਾਂ ਪ੍ਰਾਪਤ ਸਾਧਨ ਜਾਂ ਸਹੂਲਤਾਂ ਫਿੱਕੀਆਂ ਜਾਪਦੀਆਂ ਹਨ।

ਜਿਉਂ ਜਿਉਂ ਮਨੁੱਖ ਦੀਆਂ ਲੋੜਾਂ ਵਧਦੀਆਂ ਹਨ, ਉਸ ਦੀ ਤ੍ਰਿਸ਼ਨਾ ਵੀ ਵਧਦੀ ਜਾਂਦੀ ਹੈ। ਐਨਾ ਕੁਝ ਕੋਲ ਹੋਣ ਦੇ ਬਾਵਜੂਦ ਉਹ ਖਾਲੀ ਦਾ ਖਾਲੀ ਰਹਿੰਦਾ ਹੈ। ਅਸਲ ਗੱਲ ਮਨੁੱਖ ਨੂੰ ਸਮਝ ਨਹੀਂ ਪੈਂਦੀ ਕਿ ਇਹ ਸਦੀਵੀ ਖੁਸ਼ੀ ਜਾਂ ਅਨੰਦ ਕਿੱਥੋਂ ਪ੍ਰਾਪਤ ਹੋਵੇ! ਦੁਨੀਆਂ ਦੀ ਭੇਡ ਚਾਲ ਵਿਚ ਪਿਆ ਉਹ ਸਾਰੀ ਉਮਰ ਧੰਦੇ ਵਿਚ ਹੀ ਉਲਝਿਆ ਰਹਿੰਦਾ ਹੈ, ਪਰ ਗੁਰਬਾਣੀ ਦੇ ਫੁਰਮਾਨ ‘ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥’ ਵਾਲੀ ਗੱਲ ਉਸ ਦੇ ਖਾਨੇ ਵਿਚ ਨਹੀਂ ਪੈਂਦੀ।

ਜੇ ਮਨੁੱਖ ਦਾ ਗੁਰੂ ‘ਤੇ ਪੂਰਾ ਵਿਸ਼ਵਾਸ ਹੁੰਦਾ ਤਾਂ ਉਸ ਨੇ ਇਸ ਕੀਮਤੀ ਸਮੇਂ ਨੂੰ ਅੱਜ ਕੱਲ ਕਰਦਿਆਂ ਨਹੀਂ ਸੀ ਗਵਾਉਣਾ ਤੇ ਇਸ ਨਾਮ ਰੂਪੀ ਬੇੜੇ ਨੂੰ ਜਵਾਨੀ ਵਿਚ ਹੀ ਤਿਆਰ ਕਰ ਲੈਣਾ ਸੀ, ਕਿਉਂਕਿ ਪਿਛੋਂ ਤਾਂ ਵਿਕਾਰਾਂ ਦੇ ਸਮੁੰਦਰ ਨੇ ਉਸ ਦੀ ਪੇਸ਼ ਹੀ ਨਹੀਂ ਜਾਣ ਦੇਣੀ। ਜੇ ਖੇਤ ਵਿਚ ਵੱਤ ਸਿਰ ਫਸਲ ਨਾ ਬੀਜੀ ਜਾਵੇ ਤਾਂ ਕਿਸਾਨ ਨੂੰ ਅਖੀਰ ਵਿਚ ਨਿਰਾਸ਼ਾ ਹੀ ਹੁੰਦੀ ਹੈ, ਉਸ ਦੀ ਫਸਲ ਨੂੰ ਝਾੜ ਨਹੀਂ ਪੈਂਦਾ। ਇਸੇ ਤਰ੍ਹਾਂ ਜੇ ਮਨੁੱਖ ਜਵਾਨੀ ਜਾਂ ਇਸ ਤੋਂ ਪਹਿਲਾਂ ਪਰਮਾਤਮਾ ਦੇ ਨਾਮ ਵਿਚ ਨਾ ਜੁੜ ਸਕਿਆ ਤਾਂ ਪਿਛੋਂ ਉਸ ਦਾ ਜੁੜਨਾ ਮੁਸ਼ਕਿਲ ਹੈ। ਇਹੀ ਕੁਝ ਬਾਬਾ ਫਰੀਦ ਜੀ ਆਪਣੇ ਸ਼ਬਦ ਵਿਚ ਕਹਿ ਰਹੇ ਹਨ, ਪਰ ਮਨੁੱਖ ਦੀ ਬੁੱਧੀ ਰਜੋ ਤੇ ਤਮੋ ਗੁਣੀ ਹੋਣ ਕਰਕੇ ਅਸਲ ਰਹੱਸ ਨੂੰ ਸਮਝ ਨਹੀਂ ਰਹੀ, ਜੋ ਦੁਨਿਆਵੀ ਗੱਲਾਂ ’ਚੋਂ ਸੰਤੁਸ਼ਟੀ ਪ੍ਰਾਪਤ ਕਰਨਾ ਚਾਹੁੰਦੀ ਹੈ।

ਮਨੁੱਖ ਅਸਲ ਵਿਚ ਸਮਝਦਾ ਹੈ ਕਿ ਜ਼ਿੰਦਗੀ ਦੇ ਅਖੀਰੀ ਪੜਾਅ ਭਾਵ ਬੁਢੇਪੇ ਵਿਚ ਹੀ ਨਾਮ ਜਪਿਆ ਜਾ ਸਕਦਾ ਹੈ। ਪਹਿਲੀ ਉਮਰ ਤਾਂ ਕੰਮ-ਧੰਦੇ ਵਾਲੀ ਹੈ, ਬੱਸ ਇਸ ਉਮਰ ਵਿਚ ਮਨੁੱਖ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਜਾਂਦਾ ਹੈ। ਇਸ ਕਰਕੇ ਉਹ ਅਰਾਮ ਨਾਲ ਨਾਮ ਜਪ ਸਕਦਾ ਹੈ, ਪਰ ਇਹ ਮਨੁੱਖ ਦੀ ਮਨ ਘੜਤ ਧਾਰਨਾ ਹੈ ਕਿਉਂਕਿ ਜ਼ਰੂਰੀ ਨਹੀਂ ਕਿ ਉਸ ਨੂੰ ਲੰਮੇਰੀ ਆਰਜਾ ਪ੍ਰਾਪਤ ਹੋਵੇ। ਸਾਹ ਦੇ ਇੱਕ ਪਲ ਦਾ ਵੀ ਵਿਸਾਹ ਨਹੀਂ। ਬੁਢਾਪੇ ਜਾਂ ਵਡੇਰੀ ਉਮਰ ਵਿਚ ਤਾਂ ਸਰੀਰ ਵੈਸੇ ਹੀ ਕਮਜ਼ੋਰ ਹੋ ਜਾਂਦਾ ਹੈ ਤੇ ਬਿਮਾਰੀਆਂ ਮਨੁੱਖ ਨੂੰ ਘੇਰਾ ਪਾ ਲੈਂਦੀਆਂ ਹਨ। ਇਸ ਕਰਕੇ ਤੇਰਾ ਜ਼ਿੰਦਗੀ ਦੇ ਆਖਰੀ ਪਹਿਰ ਨਾਮ ਧਿਆਉਣਾ ਮੁਸ਼ਕਿਲ ਹੈ। ਤੂੰ ਅੱਜ ਤੋਂ ਹੀ ਇਹ ਨਾਮ ਰੂਪੀ ਬੇੜਾ ਤਿਆਰ ਕਰ ਤਾਂ ਕਿ ਪਿਛੋਂ ਤੈਨੂੰ ਕਠਿਨਾਈ ਨਾ ਆਵੇ। ਅੱਜ-ਕੱਲ ਕਰਦਿਆਂ ਜ਼ਿੰਦਗੀ ਐਵੇਂ ਹੀ ਗੁਜ਼ਰ ਜਾਂਦੀ ਹੈ, ਪਰ ਇਸ ਗੱਲ ਨੂੰ ਸੂਖਮ ਸਮਝ ਵਾਲੇ ਹੀ ਜਾਣ ਸਕਦੇ ਹਨ, ਜਿਨ੍ਹਾਂ ‘ਤੇ ਗੁਰੂ ਦੀ ਕਿਰਪਾ ਹੋਵੇ।

ਮਨੁੱਖ ਪਦਾਰਥਾਂ ਵਿਚੋਂ ਖੁਸ਼ੀ ਲੱਭਦਾ ਹੈ ਤਾਂ ਹੀ ਇਸ ਅਨੰਦ ਤੋਂ ਵਾਂਝਾ ਰਹਿੰਦਾ ਹੈ। ਗੁਰਬਾਣੀ ਦੀ ਪੰਗਤੀ ‘ਬੀਜੇ ਬਿਖੁ ਮੰਗੈ ਅੰਮ੍ਰਿਤ’ ਉਸ ’ਤੇ ਪੂਰੀ ਢੁਕਦੀ ਹੈ। ਮਨੁੱਖ ਦੀ ਰੁਚੀ ਵੀ ਉਸੇ ਕੰਮ ਵਿਚ ਹੁੰਦੀ ਹੈ, ਜੋ ਉਸ ਨੇ ਜ਼ਿੰਦਗੀ ਦੇ ਮੁਢਲੇ ਪੜਾਅ ’ਤੇ ਸਿੱਖਿਆ ਹੋਵੇ। ਵੇਲੇ ਦੀ ਨਮਾਜ਼ ਹੁੰਦੀ ਹੈ ਤੇ ਕੁਵੇਲੇ ਦੀਆਂ ਟੱਕਰਾਂ ਹੁੰਦੀਆਂ ਹਨ। ਜਦੋਂ ਮਨੁੱਖ ਧੰਦੇ ਵਿਚ ਬਹੁਤਾ ਗਲਤਾਨ ਹੋ ਜਾਂਦਾ ਹੈ ਤਾਂ ਉਸ ਲਈ ਪਿੱਛੇ ਪੈਰ ਪੁੱਟਣਾ ਨਾਮੁਮਕਿਨ ਹੋ ਜਾਂਦਾ ਹੈ। ਉਸ ਨੂੰ ਇਸੇ ਗੱਲ ਵਿਚ ਰਸ ਆਉਣ ਲੱਗ ਜਾਂਦਾ ਹੈ ਤੇ ਬਾਕੀ ਕੰਮ ਉਸ ਲਈ ਸਾਰੇ ਨਿਸ਼ਫਲ ਹੋ ਜਾਂਦੇ ਹਨ। ਉਹ ਇਸੇ ਨੂੰ ਹੀ ਜ਼ਿੰਦਗੀ ਸਮਝਣ ਲੱਗ ਜਾਂਦਾ ਹੈ, ਪਰ ਅਸਲ ਸੱਚ ਤੋਂ ਉਹ ਅਣਜਾਣ ਰਹਿੰਦਾ ਹੈ। ਜਿਹੋ ਜਿਹੀ ਮਨੁੱਖ ਦੀ ਇੱਛਾ ਹੁੰਦੀ ਹੈ, ਓਹੋ ਜਿਹਾ ਮਾਲਕ ਭਾਗ ਲਾਉਂਦਾ ਹੈ। ਨੀਤਾਂ ਨੂੰ ਹੀ ਮੁਰਾਦਾਂ ਮਿਲਦੀਆਂ ਹਨ। ਉਹੀ ਮਾਲਕ ਦੇ ਦਰ ’ਤੇ ਕਬੂਲ ਹੁੰਦੇ ਹਨ, ਜਿਨ੍ਹਾਂ ਨੇ ਸਰੀਰ ਰੂਪੀ ਭੂਮੀ ਵਿਚ ਨਾਮ ਰੂਪੀ ਫਲ ਬੀਜਿਆ ਤੇ ਬੇਸ਼ਕੀਮਤੀ ਸਮੇਂ ਦੀ ਸੰਭਾਲ ਕੀਤੀ। ਉਨ੍ਹਾਂ ਦਾ ਬੇੜਾ ਹੀ ਮਾਇਆ ਦੀਆਂ ਛੱਲਾਂ ਤੋਂ ਮਹਿਫੂਜ਼ ਰਹਿੰਦਾ ਹੈ, ਜਿਨ੍ਹਾਂ ਨੇ ਉਸ ਕਰਤੇ ਨਾਲ ਲਿਵ ਲਾਈ। ਗੁਰਬਾਣੀ ਸਾਨੂੰ ਤਾਕੀਦ ਕਰਦੀ ਹੈ,

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ
ਤਬ ਤਰਣੁ ਦੁਹੇਲਾ॥
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥

# ਰਾਜਪਾਲ ਮਲਿਕ ਤੇ ਰਾਹੁਲ ਬਜਾਜ ਦੀਆਂ ਗੱਲਾਂ ਦੇ ਚਿੰਤਨ ਦੀ ਲੋੜ

ਬੀਤੇ ਦਿਨੀਂ ਪ੍ਰਸਿੱਧ ਉਦਯੋਗਪਤੀ ਰਾਹੁਲ ਬਜਾਜ ਨੇ ਜਿਸ ਤਰ੍ਹਾਂ ਦੇਸ਼ ਦੇ ਗ੍ਰਹਿ ਮੰਤਰੀ ਅਤੇ ਕਾਰਪੋਰੇਟ ਜਗਤ ਦੀ ਮੌਜੂਦਗੀ ਵਿਚ ਕੇਂਦਰ ਸਰਕਾਰ ਦੀ ਆਲੋਚਨਾ ਲਈ ਹੌਸਲੇ ਦੀ ਕਮੀ, ਲਿੰਚਿੰਗ ਬਾਰੇ ਅਸਰਦਾਰ ਕਾਰਵਾਈ ਨਾ ਹੋਣ ਅਤੇ ਭੋਪਾਲ ਤੋਂ ਸੰਸਦ ਮੈਂਬਰ ਪ੍ਰੱਗਿਆ ਠਾਕੁਰ ਵੱਲੋਂ ਨੱਥੂਰਾਮ ਗੋਡਸੇ ਦੀ ਸ਼ਲਾਘਾ ਵਾਲੇ ਬਿਆਨਾਂ 'ਤੇ ਚਿੰਤਾ ਜਾਹਰ ਕੀਤੀ, ਯਕੀਨਨ ਉਨ੍ਹਾਂ ਸਭ ਦੇ ਸੰਦਰਭ ਵਿਚ ਗੰਭੀਰਤਾ ਨਾਲ ਚਿੰਤਨ ਕਰਨ ਦੀ ਲੋੜ ਹੈ। ਰਾਹੁਲ ਬਜਾਜ ਦੀ ਸਾਫਗੋਈ ਜਿਥੇ ਪ੍ਰਸ਼ੰਸਾ ਦੀ ਪਾਤਰ ਹੈ, ਉਥੇ ਸਮੁੱਚੇ ਦੇਸ਼ ਲਈ ਕਿਤੇ ਨਾ ਕਿਤੇ ਉਨ੍ਹਾਂ ਵਲੋਂ ਪ੍ਰਗਟਾਈਆਂ ਚਿੰਤਾਵਾਂ 'ਤੇ ਸੰਜੀਦਗੀ ਨਾਲ ਸੋਚਣਾ ਬਣਦਾ ਹੈ। ਜੇ ਵੇਖਿਆ ਜਾਵੇ ਤਾਂ ਉਨ੍ਹਾਂ ਦੀ ਜਬਾਨ 'ਤੇ ਆਇਆ ਦਰਦ ਅੱਜ ਲਗਭਗ ਹਰ ਭਾਰਤੀ ਮਹਿਸੂਸ ਕਰ ਰਿਹਾ ਹੈ, ਪਰ ਇਹ ਵੀ ਯਥਾਰਥ ਹੈ ਕਿ ਅੱਜ ਸੱਚ ਕਹਿਣ ਦੀ ਕੋਈ ਵੀ ਹਿੰਮਤ ਨਹੀਂ ਕਰਦਾ। ਅਕਸਰ ਇਹ ਵੀ ਸੁਣਦੇ ਆਏ ਹਾਂ ਕਿ ਸਹਿਣ ਦੀ ਵੀ ਇਕ ਹੱਦ ਹੁੰਦੀ ਹੈ ਤੇ ਜਦੋਂ ਉਹ ਹੱਦ ਟੁੱਟਦੀ ਹੈ ਤਾਂ ਅੰਦਰਲੇ ਦਰਦ ਦਾ ਛਲਕਣਾ ਕੁਦਰਤੀ ਤੇ ਲਾਜਮੀ ਹੈ, ਜਿਵੇਂ ਮਿਰਜ਼ਾ ਗਾਲਿਬ ਨੇ ਕਿਹਾ ਹੈ,



ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਦਿਲ ਹੀ ਤੋ ਹੈ ਨਾ ਸੰਗ ਓ ਖਿਸ਼ਤ ਦਰਦ ਸੇ ਭਰ ਨਾ ਆਏ ਕਿਉਂ।

ਰੋਏਂਗੇ ਹਮ ਹਜਾਰ ਬਾਰ ਕੋਈ ਹਮੇਂ ਸਤਾਏ ਕਿਉਂ।

ਅਖਬਾਰ 'ਟੈਲੀਗ੍ਰਾਫ' ਅਨੁਸਾਰ ਰਾਹੁਲ ਬਜਾਜ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਅਖਬਾਰ 'ਇਕਨਾਮਿਕ ਟਾਈਮਜ਼' ਦੇ ਇੱਕ ਸਮਾਗਮ ਦੌਰਾਨ ਕੀਤਾ। ਸਮਾਗਮ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਵਿੱਤ ਮੰਤਰੀ ਨਿਰਮਲਾ ਸੀਤਾਰਮਣ, ਰੇਲਵੇ ਮੰਤਰੀ ਪਿਯੂਸ਼ ਗੋਇਲ, ਰਿਲਾਇੰਸ ਦੇ ਚੇਅਰਮੈਨ ਮੁਕੇਸ਼ ਅੰਬਾਨੀ ਅਤੇ ਅਦਿਤਿਆ ਗਰੁੱਪ ਦੇ ਚੇਅਰਮੈਨ ਕੁਮਾਰ ਮੰਗਲਮ ਬਿਰਲਾ ਆਦਿ ਉਘੀਆਂ ਤੇ ਮੰਨੀਆਂ ਪ੍ਰਮੰਨੀਆਂ ਸ਼ਖਸੀਅਤਾਂ ਮੌਜੂਦ ਸਨ।

ਅਖਬਾਰ 'ਇੰਡੀਅਨ ਐਕਸਪ੍ਰੈਸ' ਮੁਤਾਬਕ ਰਾਹੁਲ ਬਜਾਜ ਨੇ ਕਿਹਾ ਕਿ "ਸਾਡੇ ਵਿਚੋਂ ਕੋਈ ਵੀ ਉਦਯੋਗਪਤੀ ਦੋਸਤ ਨਹੀਂ ਬੋਲੇਗਾ, ਮੈਂ ਖੁਲ੍ਹੇਆਮ ਬੋਲਾਂਗਾ ਕਿ ਯੂਪੀਏ-2 ਦੀ ਸੱਤਾ ਦੌਰਾਨ ਅਸੀਂ ਕਿਸੇ ਦੀ ਵੀ ਆਲੋਚਨਾ ਕਰ ਸਕਦੇ ਸੀ।" ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ "ਬੇਸ਼ੱਕ ਤੁਸੀਂ ਚੰਗਾ ਕੰਮ ਕਰ ਰਹੇ ਹੋ, ਉਸ ਦੇ ਬਾਵਜੂਦ ਇੰਨੀ ਹਿੰਮਤ ਨਹੀਂ ਹੈ ਕਿ ਅਸੀਂ, ਤੁਹਾਡੀ ਖੁੱਲ੍ਹੇਆਮ ਆਲੋਚਨਾ ਕਰ ਸਕੀਏ ਕਿਉਂਕਿ ਸਾਨੂੰ ਲਗਦਾ ਹੈ ਕਿ ਤੁਸੀਂ ਇਸ ਤੋਂ ਖੁਸ਼ ਨਹੀਂ ਹੋਵੋਗੇ।"

ਪ੍ਰੱਗਿਆ ਠਾਕੁਰ ਬਾਰੇ ਗੱਲ ਕਰਦਿਆਂ ਰਾਹੁਲ ਬਜਾਜ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਅਜਿਹਾ ਕਹੇ ਜਾਣ ਤੋਂ ਬਾਅਦ ਵੀ ਕਿ ਉਨ੍ਹਾਂ ਲਈ ਪ੍ਰੱਗਿਆ ਠਾਕੁਰ ਨੂੰ ਮੁਆਫ ਕਰਨਾ ਔਖਾ ਹੈ, ਉਨ੍ਹਾਂ ਨੂੰ ਸੰਸਦ ਵਿਚ ਹਾਊਸ ਆਫ ਕੰਸਲਟੈਂਟ ਕਮੇਟੀ ਦਾ ਮੈਂਬਰ ਬਣਾ ਦਿੱਤਾ ਗਿਆ।

ਲਿੰਚਿੰਗ ਦੇ ਸੰਦਰਭ ਵਿਚ ਰਾਹੁਲ ਬਜਾਜ ਦਾ ਕਹਿਣਾ ਸੀ, "ਅਸਹਿਨਸ਼ੀਲਤਾ ਦਾ ਮਾਹੌਲ ਹੈ, ਅਸੀਂ ਡਰਦੇ ਹਾਂ, ਕੁਝ ਚੀਜ਼ਾਂ 'ਤੇ ਅਸੀਂ ਬੋਲਣਾ ਨਹੀਂ ਚਾਹੁੰਦੇ, ਪਰ ਦੇਖਦੇ ਹਾਂ ਕਿ ਕਿਸੇ ਨੂੰ ਸਜ਼ਾ ਹੀ ਨਹੀਂ ਮਿਲੀ ਅਜੇ ਤੱਕ।"

ਹਾਲੇ ਰਾਹੁਲ ਬਜਾਜ ਦੇ ਉਕਤ ਟਿਪਣੀਆਂ ਦੇ ਸੰਦਰਭ ਵਿਚ ਦੇਸ਼ ਦਾ ਬੁੱਧੀਜੀਵੀ ਵਰਗ ਚਰਚਾ ਕਰ ਹੀ ਰਿਹਾ ਸੀ ਕਿ ਇਸੇ ਦੌਰਾਨ ਜੰਮੂ-ਕਸ਼ਮੀਰ ਦੇ ਸਾਬਕਾ ਅਤੇ ਗੋਆ ਦੇ ਮੌਜੂਦਾ ਰਾਜਪਾਲ ਸਤਿਆਪਾਲ ਮਲਿਕ ਦੀ ਇੱਕ ਵੀਡੀਓ ਤੇਜੀ ਨਾਲ ਵਾਇਰਲ ਹੋ ਗਈ, ਜਿਸ ਵਿਚ ਉਹ ਬੀਤੇ ਦਿਨੀਂ ਕੌਮਾਂਤਰੀ ਭਾਰਤੀ ਫਿਲਮ ਮੇਲੇ 'ਇਫੀ' ਦੇ ਸਮਾਪਤੀ ਸਮਾਰੋਹ ਨੂੰ ਸੰਬੋਧਨ ਕਰ ਰਹੇ ਹਨ, ਜਿਸ ਦੌਰਾਨ ਉਨ੍ਹਾਂ ਕਿਹਾ ਕਿ "ਹਿੰਦੋਸਤਾਨ ਵਿਚ ਸਿਰਫ ਉਹ ਨਹੀਂ ਹੋ ਰਿਹਾ ਹੈ, ਜੋ ਵਿਖਾਇਆ ਜਾ ਰਿਹਾ ਹੈ, ਬਹੁਤ ਕੁੱਝ ਹੋ ਰਿਹਾ ਹੈ, ਉਹ ਦਿਖ ਨਹੀਂ ਰਿਹਾ।... ਹਿੰਦੋਸਤਾਨ ਵਿਚ ਹਾਲੇ ਵੀ ਗੁਰਬਤ ਹੈ, ਬੇਰੁਜ਼ਗਾਰੀ ਹੈ, ਸ਼ਹਿਰਾਂ ਵਿਚ ਬੈਗਪੈਕ ਲਟਕਾਈ ਹਜਾਰਾਂ ਲੜਕੇ ਰੋਜੀ-ਰੋਟੀ ਦੀ ਭਾਲ ਵਿਚ ਭਟਕਦੇ ਨਜ਼ਰ ਆਉਂਦੇ ਹਨ। ਉਨ੍ਹਾਂ ਨੂੰ ਅਸੀਂ ਕੋਈ ਵਧੀਆ ਨੌਕਰੀ ਦੀ ਗਾਰੰਟੀ ਨਹੀਂ ਦੇ ਸਕਦੇ।"

ਮਲਿਕ ਇਥੇ ਹੀ ਨਹੀਂ ਰੁਕੇ ਸਗੋਂ ਉਨ੍ਹਾਂ ਅੱਗੇ ਕਿਹਾ ਕਿ ਕਿਸਾਨਾਂ ਦੀ ਵੀ ਅਜਿਹੀ ਹੀ ਸਥਿਤੀ ਹੈ, ਜਵਾਨਾਂ ਦੇ ਹਾਲਾਤ ਤਾਂ ਮੈਂ ਵੇਖ ਹੀ ਆਇਆ ਹਾਂ। ਉਨ੍ਹਾਂ ਕਿਹਾ ਕਿ ਇਥੇ ਬੈਠ ਕੇ ਭਾਸ਼ਣ ਸਭ ਕਰਦੇ ਹਨ ਕਿ ਅਸੀਂ ਜਵਾਨਾਂ ਲਈ ਇਹ ਹਾਂ, ਅਸੀਂ ਉਹ ਹਾਂ। ਆਪਣੇ ਦੇਸ਼ ਵਿਚ ਤਾਂ ਅਜਿਹੇ ਲੋਕ ਹਨ, ਜਿਨ੍ਹਾਂ ਪਾਸ 14-14 ਮੰਜ਼ਿਲਾਂ ਮਕਾਨ ਹਨ। ਇਕ ਮੰਜ਼ਿਲ ਵਿਚ ਕੁੱਤਾ ਰਹਿੰਦਾ ਹੈ, ਇੱਕ ਵਿਚ ਡਰਾਈਵਰ ਰਹਿੰਦੇ ਹਨ ਅਤੇ ਇਕ ਵਿਚ ਕੋਈ ਹੋਰ, ਪਰ ਇੱਕ ਪੈਸਾ ਵੀ ਚੈਰਿਟੀ ਨਹੀਂ ਕਰਦੇ ਭਾਰਤੀ ਫੌਜ ਲਈ।

ਮਲਿਕ ਨੇ ਫੌਜ ਦੇ ਦਰਦ ਨੂੰ ਮਜੀਦ ਜਾਹਿਰ ਕਰਦਿਆਂ ਕਿਹਾ ਕਿ "ਹਿੰਦੋਸਤਾਨ ਦੇ ਫੌਜੀਆਂ ਦੀ ਜਿਸ ਦਿਨ ਅਰਥੀ ਆਉਂਦੀ ਹੈ, ਉਸ ਦਿਨ ਸਾਰਾ ਜਿਲਾ ਜੁਟ ਜਾਂਦਾ ਹੈ, ਡੀ. ਐਮ. ਆ ਜਾਂਦਾ ਹੈ, ਐਸ. ਐਸ. ਪੀ. ਆ ਜਾਂਦਾ ਹੈ, ਐਮ. ਐਲ. ਏ. ਆ ਜਾਂਦਾ ਹੈ, ਐਮ. ਪੀ. ਆ ਜਾਂਦਾ ਹੈ।"

ਉਨ੍ਹਾਂ ਹੋਰ ਕਿਹਾ ਕਿ ਰਾਜਸਥਾਨ ਦੇ ਝੁੰਝੂਨੂ ਜਿਲੇ ਵਿਚ ਮੇਰੀਆਂ ਕਈ ਰਿਸ਼ਤੇਦਾਰੀਆਂ ਹਨ। ਕੋਈ ਵੀ ਪਿੰਡ ਅਜਿਹਾ ਨਹੀਂ ਹੈ ਉਥੇ, ਜਿਸ ਦੇ ਦਰਵਾਜੇ 'ਤੇ ਸ਼ਹੀਦ ਦੀ ਮੂਰਤੀ ਨਹੀਂ ਹੈ। ਪਰ ਸ਼ਹੀਦ ਦੇ ਦਾਹ-ਸਸਕਾਰ ਪਿਛੋਂ ਵਿਧਵਾ ਅਤੇ ਬੱਚਿਆਂ ਨੂੰ ਪੁੱਛਣ ਤੱਕ ਕੋਈ ਨਹੀਂ ਜਾਂਦਾ।"

ਮਲਿਕ ਨੇ ਮੁੜ ਕਿਹਾ ਕਿ "14 ਮੰਜ਼ਿਲਾਂ ਦੇ ਮਕਾਨ ਵਾਲੇ ਇੱਕ ਪੈਸੇ ਦੀ ਚੈਰਿਟੀ ਨਹੀਂ ਕਰਦੇ। ਨਾ ਤਾਂ ਐਜੂਕੇਸ਼ਨ ਲਈ ਕਰਦੇ ਹਨ, ਨਾ ਫੌਜ ਲਈ ਕਰਦੇ ਹਨ, ਨਾ ਹੀ ਸਿਪਾਹੀਆਂ ਲਈ ਕਰਦੇ ਹਨ ਤੇ ਨਾ ਹੀ ਨੌਜਵਾਨਾਂ ਲਈ ਕਰਦੇ ਹਨ।"

ਸੰਸਾਰ ਦੇ ਦੂਜੇ ਦੇਸ਼ਾਂ ਦੇ ਅਮੀਰ ਲੋਕਾਂ ਦਾ ਹਵਾਲਾ ਦਿੰਦਿਆਂ ਗਵਰਨਰ ਮਲਿਕ ਨੇ ਆਖਿਆ ਕਿ "ਦੁਨੀਆਂ ਦੇ ਸਭ ਵੱਡੇ ਲੋਕ, ਚਾਹੇ ਉਹ ਲਾਰਡ ਗਿਲਡ ਹੋਣ, ਮਿਊਜ਼ਿਕ ਦੇ ਲੋਕ ਹੋਣ, ਮਾਈਕ੍ਰੋਸੋਫਟ ਵਾਲੇ ਹੋਣ-ਸਭ ਲੋਕ ਆਪਣੀ ਆਮਦਨੀ ਦਾ ਵੱਡਾ ਹਿੱਸਾ ਚੈਰਿਟੀ ਕਰਦੇ ਹਨ, ਲੇਕਿਨ ਸਾਡੇ ਇਥੇ (ਭਾਰਤ) ਦੇ ਜੋ ਅਮੀਰ ਹਨ, ਮੈਂ ਉਨ੍ਹਾਂ ਨੂੰ ਇਨਸਾਨ ਵੀ ਨਹੀਂ ਮੰਨਦਾ...ਮੈਂ ਉਨ੍ਹਾਂ ਨੂੰ ਸੜੇ ਹੋਏ ਆਲੂਆਂ ਦੀ ਬੋਰੀ ਮੰਨਦਾ ਹਾਂ, ਜਿਨ੍ਹਾਂ ਦੀ ਜੇਬ ਵਿਚੋਂ ਇਕ ਪੈਸਾ ਵੀ ਨਹੀਂ ਨਿਕਲਦਾ। ਮੈਂ ਆਪਣੇ ਫਿਲਮਕਾਰਾਂ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਸਮਾਜ ਦੇ ਇਸ ਵਰਗ ਵੱਲ ਵੀ ਥੋੜ੍ਹਾ ਧਿਆਨ ਦੇਣ।"

ਗਵਰਨਰ ਮਲਿਕ ਤੇ ਰਾਹੁਲ ਬਜਾਜ ਦੀਆਂ ਇਨ੍ਹਾਂ ਟਿੱਪਣੀਆਂ ਦੇ ਸੰਦਰਭ ਵਿਚ ਦੇਸ਼ ਦਾ ਬੁੱਧੀਜੀਵੀ ਵਰਗ ਮਹਿਸੂਸ ਕਰਦਾ ਹੈ ਕਿ ਯਕੀਨਨ ਅੱਜ ਇਨ੍ਹਾਂ ਵਿਸ਼ਿਆਂ 'ਤੇ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ। ਦੇਸ਼ ਦੇ ਪੂੰਜੀਪਤੀ ਵਰਗ ਦਾ ਵੀ ਫਰਜ਼ ਬਣਦਾ ਹੈ ਕਿ ਉਹ ਗਵਰਨਰ ਮਲਿਕ ਦੀਆਂ ਸੱਚੀਆਂ ਸੁੱਚੀਆਂ ਗੱਲਾਂ ਵੱਲ ਗੰਭੀਰਤਾ ਨਾਲ ਧਿਆਨ ਦੇਵੇ। ਸਰਮਾਏਦਾਰਾਂ ਦਾ ਵੀ ਦੇਸ਼ ਪ੍ਰਤੀ ਫਰਜ ਤਾਂ ਹੈ ਕਿ ਜੇ ਉਸ ਦੇਸ਼ ਦੇ ਲੋਕ ਗਰੀਬੀ ਬੇਰੁਜ਼ਗਾਰੀ ਨਾਲ ਜੂਝ ਰਹੇ ਹਨ ਤਾਂ ਪੂੰਜੀਪਤੀ ਉਨ੍ਹਾਂ ਨੂੰ ਇਸ ਸਮੱਸਿਆ ਵਿਚੋਂ ਕੱਢਣ ਦਾ ਉਪਰਾਲਾ ਕਰਨ। ਜੇ ਦੇਸ਼ ਦੇ ਕਿਸਾਨ ਆਰਥਕ ਥੁੜ੍ਹਾਂ ਕਰਕੇ ਖੁਦਕੁਸ਼ੀਆਂ ਕਰ ਰਹੇ ਹਨ ਤਾਂ ਅਮੀਰ ਤਬਕੇ ਦਾ ਫਰਜ ਹੈ ਕਿ ਉਹ ਉਨ੍ਹਾਂ ਦੀ ਬਾਂਹ ਫੜਨ। ਉਨ੍ਹਾਂ ਦਾ ਇਹ ਵੀ ਫਰਜ ਬਣਦਾ ਹੈ ਕਿ ਦੇਸ਼ ਦੇ ਲੋਕਾਂ ਨੂੰ ਬਿਹਤਰ ਸਿੱਖਿਆ ਅਤੇ ਸਿਹਤ ਸਹੂਲਤਾਂ ਦੇਣ ਲਈ ਸਵੈ ਇੱਛਾ ਨਾਲ ਅੱਗੇ ਆਉਣ।

ਹਰ ਸਰਕਾਰ ਦੀ ਡਿਊਟੀ ਬਣਦੀ ਹੈ ਕਿ ਉਹ ਆਪਣੇ ਲੋਕਾਂ ਨੂੰ ਗੁੱਡ ਗਵਰਨੈਂਸ ਮੁਹੱਈਆ ਕਰੇ। ਜੇ ਉਸ ਦੇ ਕੰਮ ਕਾਜ ਵਿਚ ਕੋਈ ਨੁਕਸ ਜਾਂ ਕਮੀਆਂ ਦੀ ਨਿਸ਼ਾਨਦੇਹੀ ਕਰਵਾਉਂਦਾ ਹੈ ਤਾਂ ਉਸ ਆਵਾਜ਼ ਨੂੰ ਦਬਾਉਣਾ ਜਾਂ ਕੁਚਲਣਾ ਨਹੀਂ ਚਾਹੀਦਾ, ਸਗੋਂ ਉਨ੍ਹਾਂ ਕਮੀਆਂ ਨੂੰ ਦੂਰ ਕਰਨ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਸਾਕਾਰਾਤਮਕ ਅੰਦਾਜ਼ ਵਿਚ ਆਪਣੀਆਂ ਗਲਤੀਆਂ ਦਾ ਵਿਸ਼ਲੇਸ਼ਣ ਕਰਦਿਆਂ ਉਨ੍ਹਾਂ ਨੂੰ ਦੂਰ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਵਿਕਾਸਸ਼ੀਲ ਦੀ ਥਾਂ ਵਿਕਸਿਤ ਦੇਸ਼ਾਂ ਦੀ ਸ਼੍ਰੇਣੀ ਵਿਚ ਆਈਏ ਤਾਂ ਸਾਨੂੰ ਆਪਣੀ ਧਾਰਮਿਕ ਕੱਟੜਤਾ ਤੇ ਵੋਟ ਬੈਂਕ ਦੀ ਰਾਜਨੀਤੀ ਤੋਂ ਉਪਰ ਉਠਣਾ ਪਵੇਗਾ, ਨਾਲ ਹੀ ਸਾਨੂੰ ਤਮਾਮ ਖੁਦਗਰਜੀਆਂ ਨੂੰ ਵੀ ਤਿਲਾਂਜਲੀ ਦੇਣੀ ਪਏਗੀ। ਅੱਜ ਰਾਜਨੀਤੀ ਦਾ ਦਿਨੋ ਦਿਨ ਡਿਗ ਰਿਹਾ ਮਿਆਰ ਯਕੀਨਨ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਚੋਣਾਂ ਵਿਚ ਤਾਂ ਜਿੱਤ ਹਾਰ ਚਲਦੀ ਰਹਿੰਦੀ ਹੈ, ਚੜ੍ਹਦਾ ਤੇ ਲਹਿੰਦਾ ਸੂਰਜ ਹਰ ਰੋਜ ਸਾਨੂੰ ਇਹੋ ਸੁਨੇਹਾ ਦਿੰਦਾ ਹੈ ਕਿ ਕੋਈ ਵੀ ਜਿੱਤ ਸਦੀਵੀ ਨਹੀਂ ਹੁੰਦੀ ਤੇ ਨਾ ਹੀ ਕੋਈ ਹਾਰ ਹਮੇਸ਼ਾ ਲਈ ਆਉਂਦੀ ਹੈ। ਕੁਦਰਤ ਦਾ ਇਹ ਅਸੂਲ ਹੈ, ਉਹ ਕਾਦਰ ਇਨਸਾਨਾਂ ਦਾ ਜੋਰ ਇਨਸਾਨਾਂ ਰਾਹੀਂ ਹੀ ਘਟਾਉਂਦਾ ਤੇ ਵਧਾਉਂਦਾ ਰਹਿੰਦਾ ਹੈ।

# ਬਾਬੇ ਨਾਨਕ ਦੇ ਚਰਨਾਂ ਵਿਚ

## 550 ਸਾਲ

ਕਦੇ-ਕਦੇ ਫੜ ਲੈਣੀ ਥਾਲੀ
ਕਦੇ ਖੂਹ ਦੀ ਟਿੰਡ,
ਕਦੇ-ਕਦੇ ਦੋ ਤਾਰਾ ਫੜ ਕੇ
ਸਾਂ ਕਰਦਾ ਪੂਰੀ ਹਿੰਡ।
ਤਲਵੰਡੀ ਦੀਆਂ ਗਲੀਆਂ
ਕਦੇ ਤੇਰੇ ਵਿਹੜੇ ਮੂਹਰੇ,
ਲਭਦਾ ਸਾਂ ਕੋਈ ਸੱਜਣ ਬੇਲੀ
ਸੀ ਨਿੱਤ ਮਾਰਦਾ ਫੇਰੇ।
ਅੰਮੀ ਜਾਨ ਬੜਾ ਵਰਜਦੀ
ਉਹ ਨੇ ਜਾਤ ਦੇ ਉਚੇ,
ਤੇਰੀ ਕੀ ਔਕਾਤ ਹੈ ਪੁੱਤਰ
ਉਹ ਨੇ ਬੇਦੀ ਸੁੱਚੇ।

ਮਾਂ ਦੇ ਕਹੇ ਨੂੰ ਟਾਲਦਾ
ਆਪਣੇ ਦਿਲ ਦੀ ਰਮਜ਼ ਨੂੰ ਬੁਣਦਾ,
ਕਦੇ-ਕਦੇ ਇੰਜ ਵੀ ਹੋਸੀ
ਨਾਨਕ ਪਿਆ ਬੁਲਾਉਂਦਾ ਸੁਣਦਾ।
ਡੱਕੋ-ਡੋਲ ਖਾਂਦਾ
ਦਿਲ ਵਿਚ ਲਈ ਉਦਾਸੀ ਫਿਰਦਾ,
ਨਾ ਵੀ ਚਾਹੁੰਦਾ ਹੋਇਆ
ਜਜ਼ਮਾਨਾਂ ਦੇ ਪੈਰੀਂ ਗਿਰਦਾ।
ਖਾਨਦਾਨੀ ਸਾਂ ਡੂਮ-ਮਰਾਸੀ
ਗਾ-ਵਜਾ ਡੰਗ ਪੂਰੇ ਕਰਦਾ,
ਲੋਕਾਂ ਤਾਈਂ ਹਸਾ ਛੱਡਦਾ
ਖੁਸ਼ ਰਹਿਣ ਦਾ ਦਾਅਵਾ ਕਰਦਾ।

ਉਸ ਦਿਨ ਬਾਬਾ ਅਜ਼ਬ ਹੋ ਗਿਆ
ਮਿਹਰ ਤੇਰੀ ਦਾ ਗਜ਼ਬ ਹੋ ਗਿਆ।
ਤਲਵੰਡੀ ਅੰਦਰ ਚਮਤਕਾਰ ਹੋ ਗਿਆ
ਉਚਾ-ਨੀਵਾਂ ਇਕਸਾਰ ਹੋ ਗਿਆ।
ਡੂੰਘੀਆਂ ਤੇਰੀਆਂ ਰਮਜ਼ਾਂ
ਮਰਜਾਣੇ ਤੋਂ ਮਰਦਾਨਾ ਹੋ ਗਿਆ,
ਸੱਜਣ-ਮਿੱਤਰ-ਬੇਲੀ-ਰਹਿਬਰ
ਉਚ-ਪੀਰ ਦਾ ਸਾਥ ਹੋ ਗਿਆ।

ਲੈ ਤੁਰਿਆ ਮੈਨੂੰ ਦੂਰ-ਦਰੇਡੇ
ਅਣਜਾਣੇ ਰਾਹਾਂ ਦਾ ਰਾਹੀ,
ਇਕ ਮੋਢੇ 'ਤੇ ਬੰਨ੍ਹ ਕੇ ਗਠੜੀ
ਦੂਜੇ ਸੀ ਰਬਾਬ ਟਿਕਾਈ।

ਜਦ ਬਾਬਾ ਤੂੰ ਮੌਜ 'ਚ ਆਉਂਦਾ
ਨੈਣਾਂ ਦੇ ਵਿਚ ਨੂਰ ਸੀ ਭਉਂਦਾ,
ਉਦੋਂ ਫਿਰ ਇਹ ਡੂਮ-ਮਰਾਸੀ
ਪੋਟਿਆਂ ਨਾਲ ਰਬਾਬ ਵਜਾਉਂਦਾ।

ਵਿਚ ਪਹਾੜੀਂ-ਜੰਗਲੀਂ-ਬਸਤੀ
ਬੀਆਬਾਨਾਂ ਤੇ ਬਾਗ-ਬਹਾਰਾਂ,
ਸੜਦੀ-ਤਪਦੀ ਮਾਨਵਤਾ
ਸਭ ਦੀਆਂ ਜਾ ਕੇ ਲਈਆਂ ਸਾਰਾਂ।
ਠੱਗਾਂ, ਚੋਰਾਂ, ਸਾਧਾਂ, ਪੰਡਿਤਾਂ
ਨਾਲ ਦਲੀਲਾਂ ਭਰਮ ਸੀ ਤੋੜੇ,
ਚਹੁੰ-ਖੰਡਾਂ ਦੇ ਭ੍ਰਮਣ ਕਰਕੇ
ਪੁੱਠੀ ਸੋਚ ਨੂੰ ਦਿੱਤੇ ਮੋੜੇ।

ੴ ਦਾ ਭੇਤ ਸੀ ਪਾਇਆ
ਨਾ ਹਿੰਦੂ ਨਾ ਮੁਸਲਮਾਨ ਜਤਾਇਆ,
ਝੂਠਾਂ-ਪਖੰਡਾਂ-ਭਰਮਜਾਲ ਤੋਂ
ਸੱਚਾ ਮਾਰਗ ਠਾਂਹ ਦਿਖਾਇਆ।
ਰਾਜੇ ਸੀਂਹ ਮੁਕੱਦਮ ਕੁੱਤੇ
ਲਾਲੋਆਂ ਭਾਈ ਗਲੇ ਲਗਾਇਆ,
ਹੱਕ-ਸੱਚ ਦੀ ਕਿਰਤ ਕਮਾਈ
ਵੰਡ ਛਕਣ ਦਾ ਪੰਥ ਚਲਾਇਆ।
ਊਚ-ਨੀਚ ਬੁੱਤ ਪੂਜਾ ਤਸਬੀ
ਤਿਲਕ ਜੰਞੂ ਦਾ ਭਰਮ ਮਿਟਾਇਆ,
ਸਭੇ ਕੁਝ ਅਕਾਰਥਾ
ਜੇ ਨਾ ਸੱਚਾ ਕਰਮ ਕਮਾਇਆ।

ਸਾਢੇ ਪੰਜ ਸੌ ਸਾਲਾ ਬਾਬਾ
ਜਨਮ ਦਿਹਾੜਾ ਪਏ ਮਨਾਵਣ,
ਤੇਰੀ ਕਠਿਨ ਕਮਾਈ ਬਾਬਾ
ਆਪਣੇ ਚਿਤ-ਚੇਤੇ ਨਾ ਲਾਵਣ।
ਚਾਰ ਦਿਨਾਂ ਦਾ ਸ਼ੋਰ-ਸ਼ਰਾਬਾ
ਠੰਢ-ਠੰਢਾਉਲਾ ਹੋ ਜਾਵੇਗਾ,
ਨਾਨਕ ਨਾਨਕ ਕੂਕ ਕੂਕਦੇ
ਭਾਗੋ ਪੱਖੀ ਹੋ ਜਾਵੇਗਾ।

ਸਦੀਆਂ ਤੋਂ ਚਲਦਾ ਇਹ ਵਰਤਾਰਾ
ਚਾਰੇ ਪਾਸੇ ਘੁੱਪ ਅੰਧੇਰਾ,
ਮੇਰੇ ਸਤਿਗੁਰ ਮਿਹਰ ਕਰੋ
ਬਖਸ਼ ਦਿਓ ਹੁਣ ਨਵਾਂ ਸਵੇਰਾ।

ਕਰਤਾਰਪੁਰੇ ਦਾ ਲਾਂਘਾ ਬਾਬਾ
ਐਸੀ ਰਹਿਮਤ ਝੋਲੀ ਪਾਵੇ,
ਜਾਤ-ਪਾਤ ਤੇ ਲੜਨ-ਮਰਨ ਤੋਂ
ਅੱਲਾ ਬੇਲੀ ਜਾਨ ਛੁਡਾਵੇ।

ਧੰਨ ਭਾਗ ਸੀ ਮੇਰੇ ਬਾਬਾ
ਮੈਨੂੰ ਆਪਣੇ ਚਰਨੀਂ ਲਾਇਆ,
ਇਕ ਡੂਮ-ਮਰਾਸੀ ਨੀਚ 'ਧਰਮਿਆ'
ਆਪਣੇ ਗੋਡੇ ਨਾਲ ਬਹਾਇਆ।
'ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥'

*-ਧਰਮ ਸਿੰਘ ਗੋਰਾਇਆ*

---

## ਬਾਬਾ ਨਾਨਕ

ਕਲਜੁੱਗ ਦੇ ਅਵਤਾਰ ਨੇ, ਬਾਬਾ ਨਾਨਕ।
ਸਿੱਖੀ ਦੇ ਰਚਣਹਾਰ ਨੇ, ਬਾਬਾ ਨਾਨਕ।
ਮਿਠਾਸ ਦੀ ਪਹਿਨਦੇ ਤਲਵਾਰ ਨੇ, ਬਾਬਾ ਨਾਨਕ।
ਸਬਦਾਂ ਦਾ ਕਰਦੇ ਵਾਰ ਨੇ, ਬਾਬਾ ਨਾਨਕ।
ਕਿਰਤ ਕਮਾਈ ਹੱਕਦਾਰ ਨੇ, ਬਾਬਾ ਨਾਨਕ।
ਲਿਵ ਲਵਾਉਂਦੇ ਵਿਚ ਨਿਰੰਕਾਰ ਨੇ, ਬਾਬਾ ਨਾਨਕ।
ਮਰਦਾਨੇ ਦੇ ਪੱਕੇ ਯਾਰ ਨੇ, ਬਾਬਾ ਨਾਨਕ।
ਭਾਈ ਲਾਲੋ ਦਾ ਪਿਆਰ ਨੇ, ਬਾਬਾ ਨਾਨਕ।

ਸਭ ਦੀ ਸੁਣਦੇ ਪੁਕਾਰ ਨੇ, ਬਾਬਾ ਨਾਨਕ।
ਦੀਨ-ਦੁਨੀ ਦੀ ਲੈਂਦੇ ਸਾਰ ਨੇ, ਬਾਬਾ ਨਾਨਕ।
ਉਦਾਸੀਆਂ ਲਾਈਆਂ ਚਾਰ ਨੇ, ਬਾਬਾ ਨਾਨਕ।
ਆਏ ਦੁਨੀਆਂ ਦਾ ਕਰਨ ਸੁਧਾਰ ਨੇ, ਬਾਬਾ ਨਾਨਕ।
ਕਰਦੇ ਬਾਬਰ ਜਿਹੇ ਸਤਿਕਾਰ ਨੇ, ਬਾਬਾ ਨਾਨਕ।
ਰਹੇ ਰੱਬ ਨੂੰ ਮਿਹਣੇ ਮਾਰ ਨੇ, ਬਾਬਾ ਨਾਨਕ।
ਚੱਲੀਆਂ ਚੱਕੀਆਂ ਅਜ਼ਬ ਨੁਹਾਰ ਨੇ, ਬਾਬਾ ਨਾਨਕ।
ਬਾਬਰ ਜਿਹੇ ਮੰਨ ਗਏ ਹਾਰ ਨੇ, ਬਾਬਾ ਨਾਨਕ।

ਬਾਣੀ ਗਾਵਣ ਖੁਦ ਫਨਕਾਰ ਨੇ, ਬਾਬਾ ਨਾਨਕ।
ਰੱਬੀ ਬਾਣੀ ਰਹੇ ਉਚਾਰ ਨੇ, ਬਾਬਾ ਨਾਨਕ।
ਸਿੱਧ ਗੋਸਟਿ ਕਰਦੇ ਸਤਿਕਾਰ ਨੇ, ਬਾਬਾ ਨਾਨਕ।
ਕੌਡੇ ਰਾਖਸ਼ ਦਿੱਤੇ ਤਾਰ ਨੇ, ਬਾਬਾ ਨਾਨਕ।
ਵਹਿਮ-ਭਰਮ 'ਚੋਂ ਕੱਢਦੇ ਬਾਹਰ ਨੇ, ਬਾਬਾ ਨਾਨਕ।
ਜੋੜਦੇ ਰੱਬ ਨਾ ਮਨ ਦੀ ਤਾਰ ਨੇ, ਬਾਬਾ ਨਾਨਕ।
ਮਲਕ ਭਾਗੋ ਦਾ ਤੋੜਦੇ ਹੰਕਾਰ ਨੇ, ਬਾਬਾ ਨਾਨਕ।

ਪਾਪੀਆਂ ਦਾ ਕਰਦੇ ਉਧਾਰ ਨੇ, ਬਾਬਾ ਨਾਨਕ।
ਭਾਈ ਬੂੜਾ ਦੀ ਬਦਲਦੇ ਨੁਹਾਰ ਨੇ, ਬਾਬਾ ਨਾਨਕ।
ਭਾਈ (ਬਾਬਾ) ਬੁੱਢਾ ਦੇ ਨਾਮਕਾਰ ਨੇ, ਬਾਬਾ ਨਾਨਕ।
ਬਣੇ ਲਹਿਣਾ ਜੀ ਸੇਵਾਦਾਰ ਨੇ, ਬਾਬਾ ਨਾਨਕ।
ਗੁਰੂ ਅੰਗਦ ਬਣ ਇਕਸਾਰ ਨੇ, ਬਾਬਾ ਨਾਨਕ।
ਕਰਤਾ ਖੁਦ ਕਰਤਾਰ ਨੇ, ਬਾਬਾ ਨਾਨਕ।
ਗਿਆਰਵੇਂ ਗੁਰੂ ਅਵਤਾਰ ਨੇ, ਬਾਬਾ ਨਾਨਕ।
ਸਚਖੰਡ ਦੀ ਸਰਕਾਰ ਨੇ, ਬਾਬਾ ਨਾਨਕ।
'ਸੁਖਵਿੰਦਰਾ' ਇਕ ਓਂਕਾਰ ਨੇ, ਬਾਬਾ ਨਾਨਕ।

*-ਸੁਖਵਿੰਦਰ ਬੋਦਲਾਂ ਵਾਲਾ*

---

## ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉਤੇ

ਹਾਰ ਨੂੰ ਜਿੱਤ ਕਹਿ ਨਹੀਓਂ ਸੱਚ ਉਲੰਘੀਦਾ,
ਹਾਰ ਨੂੰ ਮੰਨ ਕੇ ਜਿੱਤ ਦਾ ਸਫਰ ਅਰੰਭੀਦਾ।
ਜਿੰਦ ਨੂੰ ਏਨਾਂ ਕੂੜ੍ਹ ਹੇਠ ਨਹੀਂ ਦੱਬੀਦਾ,
ਕਦੇ ਕਦੇ ਤਾਂ ਸੱਚ ਜ਼ੁਬਾਨੋਂ ਕੱਢੀਦਾ।
ਲਿਖ ਦਿਓ ਇਹਦੇ ਪਾਣੀ, ਹਵਾ, ਅਸਮਾਨ ਉਤੇ,
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉਤੇ।

ਲੱਗਦੀ ਵਾਹ ਜੁਆਨੀ ਬਾਹਰ ਨੂੰ ਭੱਜ ਰਹੀ,
ਰਹਿੰਦੀ 'ਨਾ-ਹੋਣੀ' ਜਿਹੀ ਨਸ਼ੇ 'ਤੇ ਲੱਗ ਰਹੀ।
ਭਾਗੋ ਜ਼ਿੰਦਗੀ ਮੌਤ ਤੋਂ ਬਦਤਰ ਕਰ ਰਿਹਾ,
ਲਾਲੋ ਨਿੱਤ ਹੀ ਖੁਦ ਦੀ ਫਾਂਸੀ ਚੜ੍ਹ ਰਿਹਾ।
ਇਹਨੂੰ ਵਸਣਾ ਕਹਿੰਦੇ ਤਾਂ ਉਜਾੜ ਕਿੱਥੇ?
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉਤੇ।

ਬਹੁਤਾ ਉਜੜ ਚੁਕਾ, ਰਹਿੰਦਾ ਉਜੜ ਜਾਊ
ਰੂਹ ਵਿਚ ਹਨੇਰਾ ਹੋਰ ਵੀ ਡੂੰਘਾ ਉਤਰ ਜਾਊ।
ਜੇ ਸਿਰਾਂ 'ਚ ਗਿਆਨ ਦਾ ਦੀਵਾ ਬਲਿਆ ਨਾ
ਤਰਕ ਤੇ ਵਿਗਿਆਨ ਦਾ ਸੂਰਜ ਚੜ੍ਹਿਆ ਨਾ।
ਅਜੇ ਤਾਂ ਚੱਲਦਾ ਬਹੁਤਾ ਕੁਝ ਅਗਿਆਨ ਉਤੇ
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉਤੇ।

ਅੰਧਵਿਸ਼ਵਾਸ, ਕੁਰੀਤਾਂ, ਜ਼ੁਲਮ, ਪਖੰਡਾਂ ਨੂੰ
ਲੁੱਟ-ਖਸੁੱਟ ਦੇ ਇਨ੍ਹਾਂ ਧਰਮ ਦੇ ਸੰਦਾਂ ਨੂੰ।
ਮੇਟਣ ਦੇ ਲਈ ਗੁਰੂਆਂ ਲਹਿਰ ਚਲਾਈ ਸੀ
ਸੱਚ, ਤਰਕ ਤੇ ਹੱਕ ਸੰਗ ਢੋਈ ਲਾਈ ਸੀ।
ਕੰਧ ਜ਼ੁਲਮ ਦੀ ਹਿੱਲੀ ਕਲਮ ਜ਼ਬਾਨ ਉਤੇ
ਵਸਿਆ ਸੀ ਪੰਜਾਬ ਗੁਰਾਂ ਦੇ ਨਾਮ ਉਤੇ।

ਉਹੀ ਧਰਮ ਕੁਰੀਤਾਂ, ਜਾਤਾਂ, ਪਖੰਡਾਂ ਨੂੰ
ਮੋੜ ਲਿਆਇਆ ਕੌਣ ਮਹੰਤ ਮਸੰਦਾਂ ਨੂੰ?
ਵੱਡ ਟੁੱਕ ਕੇ ਪੰਜਾਬ ਨੇਤਾਵਾਂ ਧਰ ਛੱਡਿਆ,
ਆਪੋ ਆਪਣੇ ਮਤਲਬ ਮੇਚ ਦਾ ਕਰ ਛੱਡਿਆ।
ਹਾਕਮ ਨੱਚਦੇ ਮੁਗਲਾਂ ਵਾਲੇ ਤਾਨ ਉਤੇ
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉਤੇ।

ਮਰਦ ਜਿੰਨਾ ਹੀ ਔਰਤ ਦਾ ਅਧਿਕਾਰ ਹੋਊ
ਧਰਮ ਪਖੰਡ, ਕੁਰੀਤਾਂ ਦਾ ਅੰਬਾਰ ਢੋਊ।
ਮਨੁੱਖੀ ਲੁੱਟ ਦਾ ਬੰਦਾ ਨਾ ਸ਼ਿਕਾਰ ਹੋਊ
ਅੰਧਵਿਸ਼ਵਾਸੋਂ ਨਿਕਲ ਤਰਕ-ਅਸਵਾਰ ਹੋਊ।
ਕੰਮ ਸੋਚ ਸਮਾਜ ਚਲੂ ਵਿਗਿਆਨ ਉਤੇ
ਫੇਰ ਵਸੂ ਪੰਜਾਬ ਗੁਰਾਂ ਨਾਮ ਉਤੇ।

*-ਡਾ. ਸੁਖਪਾਲ ਸੰਘੇੜਾ*

---

## ਸੰਵਾਦ, ਵਿਵਾਦ, ਅਤਿਵਾਦ, ਵੱਖਵਾਦ

ਜਦੋਂ ਹੁੰਦੇ ਸਵਾਲ ਸਮਾਜ ਦੇ ਨੇ
ਜਜ਼ਬਾਤ ਦੇ ਜਾਂ ਨਿਆਜ਼ ਦੇ ਨੇ
ਰੂਹਾਨੀਅਤ ਦੇ ਆਗਾਜ਼ ਦੇ ਨੇ
ਇਨਸਾਨੀਅਤ ਅੰਦਾਜ਼ ਦੇ ਨੇ
ਆਖਦੇ ਸੰਵਾਦ ਰਚਾਉਂਦੇ ਨੇ
ਤੇ ਪਿਰਤਾਂ ਨਵੀਆਂ ਪਾਉਂਦੇ ਨੇ।

ਜਦੋਂ ਹੁੰਦੀਆਂ ਸੋਚ ਵਿਚਾਰਾਂ ਨੇ
ਹੁੰਦੇ ਮਸਲੇ ਗੰਭੀਰ ਹਜ਼ਾਰਾਂ ਨੇ
ਧਿਰਾਂ ਹੋ ਬਹਿਣ ਇਕੱਠੀਆਂ ਨੇ
ਸਹਿਮਤ ਹੋ ਕੇ ਨਜਿੱਠੀਆਂ ਨੇ
ਇੰਜ ਵਾਦ-ਵਿਵਾਦ ਮੁਕਾਉਂਦੇ ਨੇ
ਤੇ ਸੁਲਾਹ ਸਫਾਈ ਕਰਾਉਂਦੇ ਨੇ।

ਅਤਿਵਾਦ ਮਜ਼ੁਬੀ ਤਕਰਾਰਾਂ ਦਾ
ਅਤਿਵਾਦ ਖੂੰਖਾਰ ਵਿਚਾਰਾਂ ਦਾ
ਜਾਂ ਫਿਰ ਮਾਰੂ ਹਥਿਆਰਾਂ ਦਾ
ਅਣਖੀ ਜੁਝਾਰੂ ਖੁਦਦਾਰਾਂ ਦਾ
ਉਦੋਂ ਅੱਗ ਬਦਲੇ ਦੀ ਲਾਉਂਦਾ
ਇੱਕ ਦੂਜੇ ਨੂੰ ਮਾਰ ਮੁਕਾਉਂਦਾ।

ਜਦੋਂ ਵਾਦ ਸੰਵਾਦ ਨ ਹੱਲ ਕਰੇ
ਨਾ ਅਮਨ ਚੈਨ ਦੀ ਗੱਲ ਕਰੇ
ਨ ਹੱਕ ਇਨਸਾਫ ਦੇ ਵੱਲ ਕਰੇ
ਤੰਤਰ ਵੀ ਸ਼ੱਰੇਆਮ ਛਲ ਕਰੇ
ਜਾਣੋ ਵੱਖਵਾਦ ਭੱਜ ਆਉਂਦਾ ਹੈ
ਇੰਜ ਸ਼ਾਂਤੀ ਨੂੰ ਲਾਂਬੂ ਲਾਉਂਦਾ ਹੈ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ*

# ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ

ਇਹ ਸ਼ਬਦ ਕਬੀਰ ਜੀ ਦਾ ਤਿਲੰਗ ਰਾਗ ਵਿਚ ਉਚਾਰਿਆ ਹੋਇਆ ਹੈ। ਉਹ ਦੁਨਿਆਵੀ ਜੀਵਨ ਨੂੰ ਛਲ ਦਾ ਮੇਲਾ ਦੱਸਦੇ ਹਨ, ਜਿਸ ਵਿਚ ਹਿੱਸਾ ਲੈਣ ਨਾਲ ਮਨੁੱਖ ਦੇ ਹੱਥ ਕੁਝ ਵੀ ਨਹੀਂ ਆਉਂਦਾ; ਪਰ ਮਨੁੱਖ ਜੀਵਨ ਨੂੰ ਸੰਪੱਤੀ, ਰੁਤਬਾ, ਸਫਲਤਾ, ਵਡਿਆਈ ਅਤੇ ਖੁਸ਼ੀ ਲਈ ਮਿਲਿਆ ਮੌਕਾ ਸਮਝਦਾ ਹੈ ਤੇ ਉਨ੍ਹਾਂ ਦੀ ਪ੍ਰਾਪਤੀ ਲਈ ਸਾਰੀ ਉਮਰ ਭੱਜ ਦੌੜ ਕਰਦਾ ਹੈ। ਬਹੁਤੇ ਮਨੁੱਖਾਂ ਨੂੰ ਆਪਣੀ ਜਾਣਕਾਰੀ 'ਤੇ ਮਾਣ ਹੁੰਦਾ ਹੈ, ਜੋ ਉਨ੍ਹਾਂ ਨੂੰ ਕੰਮ ਕਰਨ ਦੀ ਯੋਗਤਾ ਪ੍ਰਦਾਨ ਕਰਕੇ ਸ਼ਕਤੀਵਾਨ ਹੋਣ ਦਾ ਅਹਿਸਾਸ ਦਿਵਾਉਂਦੀ ਹੈ, ਪਰ ਕਬੀਰ ਜੀ ਕਹਿ ਰਹੇ ਹਨ ਕਿ ਭਾਈ ਇਹ ਨਿਰਾ ਛਲਾਵਾ ਹੈ, ਤੇਰੇ ਹੱਥ ਤਾਂ ਕੁਝ ਵੀ ਨਹੀਂ ਹੈ। ਕਬੀਰ ਜੀ ਦੇ ਬਚਨ ਕਈ ਵਿਦਵਾਨਾਂ ਦੇ

ਹਾਕਮ ਸਿੰਘ
hak1270@yahoo.com

ਵਿਚਾਰਾਂ, ਪਤਵੰਤੇ ਵਿਅਕਤੀਆਂ ਦੇ ਕਿਰਦਾਰ ਅਤੇ ਆਮ ਆਦਮੀ ਦੀ ਸੋਚ ਤੇ ਵਿਹਾਰ ਨਾਲ ਮੇਲ ਨਹੀਂ ਖਾਂਦੇ। ਉਨ੍ਹਾਂ ਦੇ ਬਚਨਾਂ ਦੇ ਸੱਚ ਨੂੰ ਮਨੁੱਖਾ ਜੀਵਨ ਦੀ ਪੜਤਾਲ ਕਰਕੇ ਹੀ ਜਾਣਿਆ ਜਾ ਸਕਦਾ ਹੈ।

ਮਨੁੱਖ ਦੀ ਸਭ ਤੋਂ ਪਿਆਰੀ ਅਤੇ ਵਡਮੁੱਲੀ ਮਲਕੀਅਤ ਉਸ ਦਾ ਸਰੀਰ ਹੈ। ਉਸ ਨੂੰ ਆਪਣੇ ਸਰੀਰ ਅਤੇ ਸ਼ਖਸੀਅਤ ਉਤੇ ਨਾਜ਼ ਹੈ। ਉਸ ਦੇ ਸਰੀਰ ਵਿਚ ਨਸਾਂ ਦਾ ਜਾਲ ਵਿਛਿਆ ਹੋਇਆ ਹੈ। ਹਜ਼ਾਰਾਂ ਹੀ ਨਸਾਂ ਹਰ ਵੇਲੇ ਦਿਮਾਗ ਨੂੰ ਜਾਣਕਾਰੀ ਪਹੁੰਚਾਉਂਦੀਆਂ ਅਤੇ ਦਿਮਾਗ ਦੇ ਨਿਰਣੇ ਅਨੁਸਾਰ ਸਰੀਰ ਦੇ ਪੱਠਿਆਂ ਨੂੰ ਆਦੇਸ਼ ਦਿੰਦੀਆਂ ਰਹਿੰਦੀਆਂ ਹਨ, ਜਿਸ ਦਾ ਮਨੁੱਖ ਨੂੰ ਕੋਈ ਪਤਾ ਨਹੀਂ ਚਲਦਾ। ਮਨੁੱਖੀ ਸਰੀਰ ਨੂੰ ਸਵੈ-ਅਧੀਨ ਜਾਣਕਾਰੀ ਸੰਚਾਰ ਪ੍ਰਣਾਲੀ ਚਲਦਾ ਰਖਦੀ ਅਤੇ ਵਿਕਸਿਤ ਕਰਦੀ ਹੈ, ਪਰ ਮਨੁੱਖ ਸਮਝਦਾ ਹੈ ਕਿ ਸਰੀਰ ਨੂੰ ਉਹ ਆਪ ਚਲਾ ਰਿਹਾ ਹੈ। ਇਹ ਉਸ ਦਾ ਭਰਮ ਹੈ। ਦਿਮਾਗ ਤਾਂ ਮਨੁੱਖੀ ਮਨ ਵਲੋਂ ਆਪਣੇ ਸੁਤੰਤਰ ਪ੍ਰਬੰਧ ਨਾਲ ਛੇੜ ਛਾੜ ਵੀ ਬਰਦਾਸ਼ਤ ਨਹੀਂ ਕਰਦਾ ਅਤੇ ਫੌਰਨ ਹੀ ਬੀਮਾਰੀ, ਦਰਦ, ਥਕਾਵਟ ਜਾਂ ਮਾਨਸਕ ਤਣਾਓ ਰਾਹੀਂ ਚਿਤਾਵਨੀ ਦੇ ਦਿੰਦਾ ਹੈ। ਦਿਮਾਗ ਦੀ ਕ੍ਰਿਆ ਹੀ ਮਨੁੱਖ ਨੂੰ ਜਿਉਂਦਾ ਰੱਖਦੀ ਹੈ, ਜਿਸ ਦੀ ਅਕਸਰ ਉਸ ਨੂੰ ਕੋਈ ਸੂਝ ਨਹੀਂ ਹੁੰਦੀ। ਦਿਮਾਗ ਦੇ ਕੰਮ ਕਰਨੋਂ ਹਟ ਜਾਣ ਨਾਲ ਮਨੁੱਖ ਕੋਮਾ (ਬੇਹੋਸ਼ੀ) ਵਿਚ ਚਲਾ ਜਾਂਦਾ ਹੈ ਜਾਂ ਉਸ ਦੀ ਮੌਤ ਹੋ ਜਾਂਦੀ ਹੈ। ਮਨੁੱਖ ਦਾ ਦਿਮਾਗ ਅਤੇ ਉਸ ਦੇ ਸਰੀਰ ਦੀ ਸੰਚਾਰ ਪ੍ਰਣਾਲੀ ਇੱਕ ਅਜੂਬਾ ਹੈ, ਜਿਸ ਨੂੰ ਮੈਡੀਕਲ ਵਿਗਿਆਨ ਜਾਨਣ ਅਤੇ ਉਸ ਦਾ ਸਹਾਇਕ ਹੋਣ ਦੇ ਸਮਰਥ ਬਨਣ ਲਈ ਯਤਨਸ਼ੀਲ ਹੈ।

ਮਨੁੱਖੀ ਸਰੀਰ ਵਿਚ ਗਿਆਨ ਇੰਦਰੀਆਂ ਦਾ ਕਰਤਵ ਵੀ ਜਾਣਕਾਰੀ ਪ੍ਰਾਪਤ ਕਰਨਾ ਹੀ ਹੈ। ਮਨੁੱਖ ਦੀਆਂ ਗਿਆਨ ਇੰਦਰੀਆਂ ਉਸ ਦੇ ਜਨਮ ਤੋਂ ਹੀ ਜਾਣਕਾਰੀ ਪ੍ਰਾਪਤ ਕਰਨ ਵਿਚ ਜੁੱਟ ਜਾਂਦੀਆਂ ਹਨ ਅਤੇ ਦਿਮਾਗ ਉਸ ਜਾਣਕਾਰੀ ਦੇ ਆਧਾਰ 'ਤੇ ਫੈਸਲੇ ਲੈਂਦਾ ਅਤੇ ਉਨ੍ਹਾਂ 'ਤੇ ਅਮਲ ਕਰਦਾ ਹੈ। ਜਾਣਕਾਰੀ ਦੀ ਵਾਰ ਵਾਰ ਵਰਤੋਂ ਕਰਨ ਨਾਲ ਸੰਪੰਨਤਾ ਆਉਂਦੀ ਹੈ ਅਤੇ ਬੰਦਾ ਆਪਣੇ ਮਾਹੌਲ ਵਿਚ ਸਫਲਤਾ ਨਾਲ ਵਿਚਰਨ ਦੇ ਸਮਰਥ ਹੁੰਦਾ ਚਲਾ ਜਾਂਦਾ ਹੈ। ਜਾਣਕਾਰੀ ਤੋਂ ਬਿਨਾ ਜੀਵਨ ਦੀ ਕਲਪਨਾ ਕਰਨੀ ਸੰਭਵ ਨਹੀਂ। ਗਿਆਨ ਇੰਦਰੀਆਂ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਮਨੁੱਖ ਦੇ ਸਰੀਰ ਦਾ ਹਿੱਸਾ ਨਹੀਂ ਹੁੰਦੀ, ਇਸ ਲਈ ਉਹ ਉਸ ਦੀ ਵਰਤੋਂ ਤਾਂ ਕਰ ਸਕਦਾ ਹੈ, ਪਰ ਉਸ ਨੂੰ ਕੰਟਰੋਲ ਨਹੀਂ ਕਰ ਸਕਦਾ। ਸਭਿਆਚਾਰ ਅਤੇ ਲੋਕ ਰਾਏ ਲੋਕਾਂ ਦੇ ਆਪਸੀ ਮੇਲ ਅਤੇ ਪ੍ਰਭਾਵ ਰਾਹੀਂ ਆਪਣੇ ਆਪ ਬਣਦੇ ਤੇ ਬਦਲਦੇ ਚਲੇ ਜਾਂਦੇ ਹਨ। ਮਨੁੱਖ ਉਨ੍ਹਾਂ ਵਿਚ ਭਾਗੀ ਤਾਂ ਹੁੰਦਾ ਹੈ, ਪਰ ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਬਦਲਣ ਯੋਗ ਨਹੀਂ ਹੁੰਦਾ। ਅਸਲ ਵਿਚ ਮਨੁੱਖ ਉਸ ਦੇ ਆਲੇ-ਦੁਆਲੇ ਦੇ ਕੰਟਰੋਲ ਵਿਚ ਹੁੰਦਾ ਹੈ, ਪਰ ਉਹ ਉਸ ਨੂੰ ਆਪਣੇ ਕੰਟਰੋਲ ਵਿਚ ਹੋਣ ਦਾ ਭਰਮ ਪਾਲੀ ਰਖਦਾ ਹੈ।

ਮਨੁੱਖ ਸਮਾਜ ਵਿਚ ਸਾਰੀ ਉਮਰ ਗੁਜ਼ਾਰਦਾ ਹੈ, ਪਰ ਸਮਾਜ 'ਤੇ ਵੀ ਉਸ ਦਾ ਕੋਈ ਕੰਟਰੋਲ ਨਹੀਂ ਹੁੰਦਾ। ਮਨੁੱਖਾਂ ਦਾ ਸਮੂਹ ਹੋਣ ਦੇ ਬਾਵਜੂਦ ਸਮਾਜ ਜਾਣਕਾਰੀ ਦੇ ਸਹਾਰੇ ਚਲਦਾ ਹੈ।

ਸਮਾਜ ਵਿਚ ਪ੍ਰਵਾਨਤ ਜਾਣਕਾਰੀ ਨੂੰ ਗਿਆਨ ਅਤੇ ਵਿਗਿਆਨ ਆਖਿਆ ਜਾਂਦਾ ਹੈ। ਵਿਗਿਆਨ ਕਿਸੇ ਜਾਣਕਾਰੀ ਦੀ ਮੁਢਲੀ ਮਨੌਤ (Postulate) ਦੀ ਡੂੰਘੀ ਪਰਖ ਤੇ ਪੁਸ਼ਟੀ ਕਰਕੇ ਉਸ ਨੂੰ ਮੰਨੀ ਪ੍ਰਮੰਨੀ ਬਣਾਉਣ ਦੀ ਪ੍ਰਕ੍ਰਿਆ ਹੁੰਦੀ ਹੈ। ਵਿਗਿਆਨਕ ਖੋਜ ਦੇ ਸਿੱਟੇ ਮਾਹਰਾਂ ਵਲੋਂ ਡੂੰਘੀ ਪਰਖ ਉਪਰੰਤ ਹੀ ਪ੍ਰਵਾਨ ਕੀਤੇ ਜਾਂਦੇ ਹਨ। ਵਿਗਿਆਨਕ ਜਾਣਕਾਰੀ ਅਕਸਰ ਕਿਸੇ ਪਦਾਰਥ ਜਾਂ ਕ੍ਰਿਆ ਦੀ ਵੰਡ ਕਰਕੇ ਪ੍ਰਾਪਤ ਕੀਤੀ ਜਾਂਦੀ ਹੈ। ਇਹ ਗਿਣਤੀ-ਮਿਣਤੀ 'ਤੇ ਆਧਾਰਤ ਕੁਦਰਤ ਦੇ ਨਿਯਮਾਂ ਦੀ ਜਾਣਕਾਰੀ ਹੁੰਦੀ ਹੈ। ਇਸ ਨੂੰ ਕੁਦਰਤ ਦਾ ਐਸਾ ਚਮਤਕਾਰ ਵੀ ਆਖਿਆ ਜਾ ਸਕਦਾ ਹੈ, ਜੋ ਮਨੁੱਖ ਦੇ ਜੀਵਨ ਨੂੰ ਸੁਰੱਖਿਅਤ ਅਤੇ ਸੁਖਾਲਾ ਬਣਾਉਣ ਵਿਚ ਸਹਾਇਕ ਹੁੰਦਾ ਹੈ।

ਵਿਗਿਆਨ ਦੀ ਉਤਪਤੀ ਸਮਾਜ ਵਿਚ ਹੀ ਸੰਭਵ ਹੁੰਦੀ ਹੈ। ਵਿਗਿਆਨ ਤੋਂ ਬਿਨਾ ਸਮਾਜਕ ਅਤੇ ਸੱਭਿਅਕ ਜੀਵਨ ਸੰਭਵ ਨਹੀਂ ਹੁੰਦਾ। ਮਨੁੱਖ ਲਈ ਵਿਗਿਆਨ ਦੇ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੁੰਦੀ ਹੈ। ਉਹ ਸਮਝਦਾ ਹੈ ਕਿ ਵਿਗਿਆਨ ਨੇ ਉਸ ਨੂੰ ਆਜ਼ਾਦ ਅਤੇ ਸ਼ਕਤੀਵਾਨ ਬਣਾ ਦਿੱਤਾ ਹੈ, ਪਰ ਇਹ ਉਸ ਦਾ ਭਰਮ ਹੀ ਹੈ, ਕਿਉਂਕਿ ਵਿਗਿਆਨ ਕੁਦਰਤ ਦੀ ਕਿਰਤ ਹੈ ਅਤੇ ਮਨੁੱਖ ਵਿਗਿਆਨਕ ਜਾਣਕਾਰੀ ਨੂੰ ਲੱਭ ਕੇ ਉਸ ਦੀ ਨਿਯਮਾਂ ਅਨੁਸਾਰ ਵਰਤੋਂ ਤਾਂ ਕਰ ਸਕਦਾ ਹੈ, ਪਰ ਨਾ ਹੀ ਉਹ ਉਸ ਨੂੰ ਬਣਾ ਸਕਦਾ ਹੈ ਅਤੇ ਨਾ ਹੀ ਕੰਟਰੋਲ ਕਰ ਸਕਦਾ ਹੈ।

ਵਿਗਿਆਨਕ ਜਾਣਕਾਰੀ ਦੀ ਵਰਤੋਂ ਦੇ ਦੋ ਢੰਗ ਪ੍ਰਚਲਿਤ ਹਨ। ਇੱਕ ਹੈ-ਕਿਸਾਨ, ਡਾਕਟਰ, ਵਪਾਰੀ, ਪ੍ਰਬੰਧਕ ਆਦਿ ਇਸ ਦੀ ਵਰਤੋਂ ਆਪਣੇ ਕਿੱਤਿਆਂ ਵਿਚ ਸੰਪੰਨਤਾ ਲਿਆਉਣ ਲਈ ਕਰਦੇ ਹਨ। ਦੂਜਾ, ਸਰਕਾਰਾਂ ਆਪਣੀ ਸੁਰਖਿਆ ਤੇ ਪ੍ਰਬੰਧਕੀ ਜਿੰਮੇਵਾਰੀ ਨਿਭਾਉਣ ਅਤੇ ਸਰਮਾਏਦਾਰ ਤਕਨੀਕੀ ਮਾਹਿਰਾਂ ਤੋਂ ਮਸ਼ੀਨਾਂ ਜਾਂ ਵਸਤੂਆਂ ਬਣਵਾ ਕੇ ਵੇਚਣ ਤੇ ਨਫਾ ਖਟਣ ਲਈ ਵਰਤਦੇ ਹਨ। ਮਨੁੱਖਾ ਜੀਵਨ, ਕਾਰੋਬਾਰ ਅਤੇ ਸਮਾਜ ਵਿਗਿਆਨਕ ਜਾਣਕਾਰੀ 'ਤੇ ਨਿਰਭਰ ਕਰਦਾ ਹੈ। ਸਰਕਾਰਾਂ ਅਤੇ ਸਰਮਾਏਦਾਰ ਵਿਗਿਆਨੀਆਂ ਨੂੰ ਵਿੱਤੀ ਮਦਦ ਜਾਂ ਨੌਕਰੀਆਂ ਦੇ ਕੇ ਉਨ੍ਹਾਂ ਦੀ ਖੋਜ ਦੇ ਵਿਸ਼ੇ ਅਤੇ ਹੱਦਾਂ ਨਿਰਧਾਰਤ ਕਰਦੇ, ਉਨ੍ਹਾਂ ਦੀਆਂ ਕਾਢਾਂ ਤੋਂ ਲਾਭ ਉਠਾਉਂਦੇ ਅਤੇ ਵਿਗਿਆਨਕ ਜਾਣਕਾਰੀ ਨੂੰ ਕੰਟਰੋਲ ਕਰਦੇ ਹਨ।

ਵਿਗਿਆਨਕ ਜਾਣਕਾਰੀ 'ਤੇ ਸਰਕਾਰਾਂ ਅਤੇ ਸਰਮਾਏਦਾਰਾਂ ਦਾ ਕੰਟਰੋਲ ਹੋਣ ਕਾਰਨ ਸੰਸਾਰ ਦੇ ਅਮੀਰ, ਰਸੂਖਦਾਰ ਅਤੇ ਮੱਧ ਸ਼੍ਰੇਣੀ ਲੋਕਾਂ ਨੂੰ ਜੀਵਨ ਵਿਚ ਬਹੁਤ ਸਮਾਨ, ਆਰਾਮ ਅਤੇ ਸਹੂਲਤਾਂ ਪ੍ਰਾਪਤ ਹੋ ਜਾਂਦੀਆਂ ਹਨ, ਪਰ ਗਰੀਬ ਲੋਕ, ਜਿਨ੍ਹਾਂ ਦੀ ਗਿਣਤੀ ਵੱਧ ਹੁੰਦੀ ਹੈ, ਅਕਸਰ ਥੁੜ, ਭੁੱਖਮਰੀ ਅਤੇ ਬੀਮਾਰੀਆਂ ਦਾ ਸ਼ਿਕਾਰ ਬਣ ਜਾਂਦੇ ਹਨ। ਵਿਗਿਆਨ ਦੇ ਵਿਕਾਸ ਵਿਚ ਜੰਗਾਂ ਨੇ ਭਾਰੀ ਯੋਗਦਾਨ ਪਾਇਆ ਹੈ, ਜਿਸ ਨਾਲ ਉਹ ਹੋਰ ਵੀ ਭਿਆਨਕ ਅਤੇ ਮਾਰੂ ਹੋ ਗਈਆਂ ਹਨ। ਮਾਰੂ ਹਥਿਆਰ ਸਰਕਾਰਾਂ ਨੂੰ ਜੰਗਾਂ ਛੇੜਨ ਲਈ ਉਤਸ਼ਾਹਤ ਕਰਦੇ ਰਹਿੰਦੇ ਹਨ ਅਤੇ ਮਾਸੂਮ ਲੋਕਾਂ ਦੇ ਉਜਾੜੇ, ਮੁਸੀਬਤਾਂ ਅਤੇ ਦੁੱਖਾਂ ਦਾ ਕਾਰਨ ਬਣ ਜਾਂਦੇ ਹਨ। ਸਰਮਾਏਦਾਰਾਂ ਦੇ ਲੋਭ ਨੇ ਵਾਯੂਮੰਡਲ ਨੂੰ ਦੂਸ਼ਿਤ ਅਤੇ ਸਰਕਾਰਾਂ ਦੇ ਨਿਊਕਲੀਅਰ ਤੇ ਭਿਆਨਕ ਹਥਿਆਰਾਂ ਨੇ ਮਨੁੱਖਤਾ ਦੇ ਭਵਿਖ ਨੂੰ ਡਾਵਾਂ ਡੋਲ ਕਰ ਦਿੱਤਾ ਹੈ। ਵਿਗਿਆਨਕ ਜਾਣਕਾਰੀ ਦਾ ਮਨੋਰਥ ਤੇ ਮਨੁੱਖਤਾ ਦੇ ਜੀਵਨ ਨੂੰ ਸੌਖਾ ਅਤੇ ਆਰਾਮਦੇਹ ਬਣਾਉਣਾ ਹੋਣਾ ਚਾਹੀਦਾ ਸੀ, ਪਰ ਇਸ ਦੀ ਵਰਤੋਂ ਤੇ ਗਲਤ ਲੋਕਾਂ ਦੇ ਕੰਟਰੋਲ ਨੇ ਇਸ ਨੂੰ ਅਜੋਕੇ ਯੁਗ ਦਾ ਸੰਤਾਪ ਬਣਾ ਦਿੱਤਾ ਹੈ।

ਗਿਆਨ ਮਨੁੱਖ ਨੂੰ ਸ਼ਕਤੀ ਅਤੇ ਆਜ਼ਾਦੀ ਦਿੰਦਾ ਹੈ। ਮਨੁੱਖੀ ਆਜ਼ਾਦੀ ਬਾਰੇ ਦੋ ਤੱਥ ਵਰਣਨਯੋਗ ਹਨ: ਇੱਕ, ਕਈ ਐਸੇ ਵਿਅਕਤੀ ਵੀ ਹੋਏ ਹਨ, ਜਿਨ੍ਹਾਂ ਦੇ ਵਿਚਾਰਾਂ ਨੇ ਮਨੁੱਖੀ ਸਭਿਆਚਾਰ ਅਤੇ ਇਤਿਹਾਸ ਦਾ ਰੁਖ ਹੀ ਬਦਲ ਦਿੱਤਾ ਸੀ। ਉਨ੍ਹਾਂ ਵਿਚ ਜ਼ਰਤਸ਼ਤ, ਲਾਓਤਸੂ, ਕਨਫਿਊਸ਼ਿਅਸ, ਯਿਸੂ ਮਸੀਹ, ਸ੍ਰੀ ਕ੍ਰਿਸ਼ਨ, ਮਹਾਵੀਰ, ਮਹਾਤਮਾ ਬੁਧ, ਹਜ਼ਰਤ ਮੁਹੰਮਦ, ਗੁਰੂ ਨਾਨਕ ਦੇਵ ਜੀ, ਭਗਤ ਰਵੀ ਦਾਸ, ਕਬੀਰ ਜੀ ਆਦਿ ਦੇ ਨਾਂਵਾਂ ਦਾ ਵਰਨਣ ਕੀਤਾ ਜਾ ਸਕਦਾ ਹੈ। ਇਤਿਹਾਸ ਵਿਚ ਐਸੇ ਵਿਗਿਆਨੀਆਂ ਦਾ ਵੀ ਜ਼ਿਕਰ ਆਉਂਦਾ ਹੈ, ਜਿਨ੍ਹਾਂ ਨੇ ਕੁਦਰਤ ਦੇ ਨਿਯਮਾਂ ਦੀ ਸਹੀ ਜਾਣਕਾਰੀ ਪ੍ਰਾਪਤ ਕਰਨ ਅਤੇ ਪ੍ਰਸਾਰਨ ਲਈ ਆਪਣੇ ਜੀਵਨ ਹੀ ਸਮਰਪਿਤ ਕਰ ਦਿੱਤੇ। ਉਨ੍ਹਾਂ ਵਿਚੋਂ ਹੀ ਕੁਝ ਇਤਿਹਾਸਕ ਹਸਤੀਆਂ ਹਨ-ਅਰਿਸਟੋਟਲ, ਕੋਪਰਨੀਕਸ, ਗਲੇਲੀਓ, ਚਾਰਲਸ ਨਿਊਟਨ, ਲੁਈ ਪਾਸਚਰ, ਮੇਰੀ ਕਯੂਰੀ, ਚਾਰਲਸ ਡਾਰਵਿਨ ਅਤੇ ਐਲਬਰਟ ਆਇਨਸਟਾਇਨ।

ਦੂਜਾ, ਇਤਿਹਾਸ ਇਸ ਤੱਥ ਦੀ ਗਵਾਹੀ ਵੀ ਭਰਦਾ ਹੈ ਕਿ ਆਮ ਮਨੁੱਖ ਸ਼ੁਰੂ ਤੋਂ ਹੀ ਗਿਆਨ ਦਾ ਵੈਰੀ ਰਿਹਾ ਹੈ। ਉਹ ਗਿਆਨੀਆਂ ਅਤੇ ਵਿਗਿਆਨੀਆਂ ਨੂੰ ਸਜ਼ਾਵਾਂ ਦੇਣ ਨੂੰ ਧਾਰਮਕ ਕਰਮ ਅਤੇ ਗਿਆਨ ਨੂੰ ਲੋਕਾਂ ਵਿਚ ਵੰਡੀਆਂ ਤੇ ਝਗੜੇ ਪਾਉਣ ਅਤੇ ਮਨੁੱਖਤਾ ਦਾ ਵਿਨਾਸ਼ ਕਰਨ ਲਈ ਵਰਤਣ ਨੂੰ ਵੱਡੀ ਪ੍ਰਾਪਤੀ ਸਮਝਦਾ ਰਿਹਾ ਹੈ। ਵਿਗਿਆਨਕ ਜਾਣਕਾਰੀ ਦੀ ਪ੍ਰਾਪਤੀ ਤੋਂ ਆਸ ਰੱਖੀ ਜਾਂਦੀ ਹੈ ਕਿ ਉਹ ਮਨੁੱਖ ਨੂੰ ਆਜ਼ਾਦ ਕਰਨ ਅਤੇ ਉਸ ਦੇ ਜੀਵਨ ਨੂੰ ਸੁਖੀ ਬਣਾਉਣ ਵਿਚ ਸਹਾਇਕ ਹੋਵੇਗੀ, ਪਰ ਉਹ ਉਸ ਦੀ ਸਹਾਇਕ ਹੋਣ ਦੀ ਥਾਂ ਗੁਲਾਮੀ ਅਤੇ ਚਿੰਤਾ ਦਾ ਕਾਰਨ ਬਣ ਜਾਂਦੀ ਹੈ।

ਸਮਾਜ ਦੀ ਅਸਲੀਅਤ ਬਾਰੇ ਆਮ ਲੋਕਾਂ ਵਿਚ ਗਿਆਨ ਦੀ ਬਹੁਤ ਘਾਟ ਹੈ। ਉਹ ਆਪਣੇ ਸਮਾਜ, ਦੇਸ਼ ਅਤੇ ਕੌਮ 'ਤੇ ਫਖਰ ਦਾ ਪ੍ਰਗਟਾਵਾ ਤਾਂ ਕਰਦੇ ਹਨ, ਪਰ ਸਮਾਜ ਦੇ ਮੂਲ ਆਧਾਰ, ਅਸਲੀਅਤ ਅਤੇ ਭਵਿਖ ਬਾਰੇ ਅਨਜਾਣ ਹੀ ਰਹਿੰਦੇ ਹਨ। ਉਨ੍ਹਾਂ ਦਾ ਅਗਿਆਨ ਅਤੇ ਨਿਰਲੇਪਤਾ ਸਮਾਜ ਦੇ ਵਿਕਾਸ ਵਿਚ ਰੁਕਾਵਟ ਬਣ ਜਾਂਦੇ ਹਨ। ਸਮਾਜ ਦੇ ਵਿਕਾਸ ਲਈ ਬਹੁਗਿਣਤੀ ਵਿਚ ਸਮਾਜ ਦੀ ਅਸਲੀਅਤ ਬਾਰੇ ਸਹੀ ਗਿਆਨ ਦਾ ਹੋਣਾ ਬਹੁਤ ਜ਼ਰੂਰੀ ਹੈ।

ਮਨੁੱਖੀ ਸਮਾਜ ਅਤੇ ਵਿਅਕਤੀ ਦੇ ਸਬੰਧਾਂ ਬਾਰੇ ਪੱਛਮੀ ਵਿਦਵਾਨਾਂ ਅਤੇ ਚਿੰਤਕਾਂ ਨੇ ਲੰਮੀ ਅਤੇ ਵਿਸਤ੍ਰਿਤ ਵਿਚਾਰ ਕੀਤੀ ਹੈ। ਉਨ੍ਹਾਂ ਦੇ ਵਿਚਾਰਾਂ ਸਦਕਾ ਹੀ ਅਜੋਕਾ ਮਨੁੱਖ ਸਮਾਜਕ ਗੁਲਾਮੀ ਦੇ ਕੁਝ ਬੰਧਨ ਤੋੜਨ ਵਿਚ ਸਫਲ ਹੋ ਸਕਿਆ ਹੈ। ਮਨੁੱਖਤਾ ਦੀ ਆਜ਼ਾਦੀ ਅਤੇ ਬਰਾਬਰੀ ਦੇ ਸੰਘਰਸ਼ ਵਿਚ ਉਨ੍ਹਾਂ ਵਲੋਂ ਪ੍ਰਗਟ ਕੀਤੇ ਵਿਚਾਰ ਬਹੁਤ ਪ੍ਰਸੰਗਕ ਹਨ। ਪ੍ਰਭੁਸੱਤਾ, ਰਾਜ ਅਤੇ ਕੌਮ ਦੇ ਪ੍ਰਸਿੱਧ ਸੰਕਲਪ ਉਨ੍ਹਾਂ ਦੀ ਹੀ ਦੇਣ ਹਨ। ਪ੍ਰਭੁਸੱਤਾ ਦਾ ਸੰਕਲਪ ਜੀਨ ਬੋਡਿਨ (Jean Bodin, 1530-1596) ਨੇ ਘੜਿਆ ਸੀ। ਉਸ ਦਾ ਵਿਚਾਰ ਸੀ ਕਿ "ਰਾਜਾ ਕੇਵਲ ਰੱਬ ਨੂੰ ਜਵਾਬਦੇਹ ਹੈ" ਅਤੇ ਇਹ ਵਿਚਾਰ ਰਾਜ ਦੀ ਪ੍ਰਭੁਸੱਤਾ ਦੇ ਰੂਪ ਵਿਚ ਪ੍ਰਵਾਨ ਹੋ ਕੇ ਅੱਜ ਵੀ ਪ੍ਰਚਲਿਤ ਹੈ।

ਹੇਗਲ (Georg Fillhelm Zriedrich Hegel, 1770-1831) ਰਾਜ (State) ਨੂੰ ਰੱਬੀ ਹੱਕਾਂ ਦਾ ਅਧਿਕਾਰੀ ਮੰਨਦਾ ਹੈ। ਡੇਕਾਰਟ (Rene Descartes, 1596-1650) ਨੇ "ਮੈਂ ਸੋਚਦਾ ਹਾਂ, ਇਸ ਲਈ ਮੈਂ ਹਾਂ" ਆਖ ਕੇ ਮਨੁੱਖ ਵਿਚ ਸਮਾਜ ਬਾਰੇ ਸ਼ੰਕੇ ਦੀ ਤਰਜੀਹ ਸਥਾਪਤ ਕਰ ਦਿੱਤੀ ਸੀ। ਰੂਸੋ (Jean-Jacques Rousseau, 1712-1778) ਨੇ ਆਪਣੀ ਜਗਤ ਪ੍ਰਸਿੱਧ ਪੁਸਤਕ "ਸੋਸ਼ਲ ਕੰਟਰੈਕਟ" (The Social Contract) ਦੇ ਆਰੰਭ ਵਿਚ ਇਥੋਂ ਤਕ ਆਖ ਦਿੱਤਾ ਸੀ ਕਿ "ਮਨੁੱਖ ਜੰਮਦਾ ਤਾਂ ਆਜ਼ਾਦ ਹੈ; ਪਰ ਉਹ ਹਰ ਥਾਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਹੈ।" ਉਸ ਨੇ ਸਮਾਜ ਦੀ ਤੁਲਨਾ ਕੈਦਖਾਨੇ ਨਾਲ ਕੀਤੀ ਸੀ, ਭਾਵੇਂ ਸਿੱਟੇ ਇਸ ਸੋਚ ਤੋਂ ਉਲਟ ਹੀ ਕੱਢੇ ਸਨ। ਪ੍ਰਿੰਸ ਕਰੋਪੋਟਕਿਨ (Prince Kropotkin, 1842-1921) ਨੇ ਮਨੁੱਖ ਦੀ ਸਮਾਜਕ ਬੰਧਨਾਂ ਤੋਂ ਆਜ਼ਾਦੀ ਜਾਂ ਅਰਾਜਕਤਾਵਾਦ (Anarchism) ਦਾ ਜ਼ੋਰਦਾਰ ਪ੍ਰਚਾਰ ਕੀਤਾ ਸੀ।

ਕਾਰਲ ਮਾਰਕਸ (Karl Marx, 1818-1883) ਨੇ ਵੀ ਸਮਾਜ ਵਿਚ ਬਹੁਗਿਣਤੀ ਨਾਲ ਹੋ ਰਹੀ ਵਧੀਕੀ ਵਿਰੁਧ ਪਰੋਲੇਤਾਰੀ ਨੂੰ ਏਕਤਾ ਕਰਨ ਅਤੇ ਲਾਮਬੰਦ ਹੋਣ ਲਈ ਪ੍ਰੇਰਿਤ ਕੀਤਾ ਸੀ। ਉਨ੍ਹਾਂ ਚਿੰਤਕਾਂ ਦੇ ਵਿਚਾਰਾਂ ਨੇ ਲੋਕਾਂ ਵਿਚ ਜਾਗ੍ਰਿਤੀ ਲੈ ਆਂਦੀ ਸੀ ਅਤੇ ਮਨੁੱਖੀ ਹੱਕਾਂ ਲਈ ਵਿੱਢੇ ਸੰਘਰਸ਼ਾਂ ਦੇ ਦਬਾਓ ਕਾਰਨ ਬਹੁਤੇ ਰਾਜਾਂ ਨੂੰ ਆਪਣੇ ਨਾਗਰਿਕਾਂ ਨੂੰ ਕੁਝ ਮੌਲਿਕ ਹੱਕ ਦੇਣ ਦੇ ਫੈਸਲੇ ਲੈਣੇ ਪਏ। ਮੌਲਿਕ ਹੱਕਾਂ ਨੇ ਨਾਗਰਿਕਾਂ ਦੀ ਆਜ਼ਾਦੀ ਦੀ ਹੱਦ ਨਿਰਧਾਰਤ ਕਰ ਦਿੱਤੀ ਹੈ। ਉਸ ਤੋਂ ਬਾਹਰ ਉਹ ਰਾਜ ਦੇ ਅਧੀਨ ਹੀ ਰਹਿੰਦੇ ਹਨ। ਦੇਸ਼ ਤੋਂ ਬਾਹਰ ਜਾਣ ਲਈ ਵੀ ਬਹੁਤ ਵਾਰ ਉਨ੍ਹਾਂ ਨੂੰ ਸਰਕਾਰ ਤੋਂ ਆਗਿਆ ਲੈਣੀ ਪੈਂਦੀ ਹੈ। ਹਰ ਰਾਜ ਨੇ ਮਨੁੱਖ ਦੀ ਜਮਾਂਦਰੂ ਆਜ਼ਾਦੀ ਦਾ ਮੁੱਲ ਉਸ ਨੂੰ ਨਾਗਰਿਕ ਦੀਆਂ ਕੁਝ ਸਹੂਲਤਾਂ ਦੇ ਕੇ ਪਾਇਆ ਹੈ। ਉਸ ਦੀ ਆਜ਼ਾਦੀ ਦੇ ਮੁੱਲ ਦਾ ਬਕਾਇਆ ਹਾਲੇ ਰਾਜ ਸਰਕਾਰਾਂ ਵਲੋਂ ਦੇਣਾ ਰਹਿੰਦਾ ਹੈ।

ਸਮਾਜ ਅਤੇ ਮਨੁੱਖ ਦੇ ਸਬੰਧਾਂ ਦੀ ਇਹ ਤਸਵੀਰ ਸੋਹਣੀ ਨਹੀਂ ਹੈ। ਪ੍ਰਭੂ ਨੇ ਤਾਂ ਸੰਸਾਰ ਨੂੰ ਸੁੰਦਰ ਅਤੇ ਮਨਮੋਹਣਾ ਬਣਾਇਆ ਹੈ ਅਤੇ ਹਰ ਮਨੁੱਖ ਨੂੰ ਜਨਮ ਤੋਂ ਹੀ ਅਨੋਖੇਪਣ, ਸੁਤੰਤਰਤਾ ਅਤੇ ਬਰਾਬਰੀ ਦੀ ਬਖਸ਼ਿਸ਼ ਕੀਤੀ ਹੈ। ਕੁਦਰਤ ਉਸ ਦੇ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਦੀ ਅਤੇ ਉਸ ਦੇ ਮਾਹੌਲ ਵਿਚ ਗਿਆਨ ਦੀ ਸੁਵਿਧਾ ਪ੍ਰਦਾਨ ਕਰਦੀ ਹੈ। ਸਮਾਜ ਮਨੁੱਖ ਨੇ ਆਪ ਹੀ ਬਣਾਇਆ ਹੈ ਅਤੇ ਉਸ ਦਾ ਪ੍ਰਬੰਧ ਵੀ ਉਹ ਆਪ ਹੀ ਕਰ ਰਿਹਾ ਹੈ। ਉਸ ਨੂੰ ਸਮਾਜ ਦੀ ਸੁੰਦਰਤਾ ਅਤੇ ਮਨੁੱਖ ਦੀ ਸੁਤੰਤਰਤਾ ਬਰਕਰਾਰ ਰੱਖਣ ਵਿਚ ਕੋਈ ਦਿੱਕਤ ਨਹੀਂ ਹੋਣੀ ਚਾਹੀਦੀ ਸੀ, ਪਰ ਮਨੁੱਖ ਨੂੰ ਇਕੱਠੇ ਰਹਿਣ ਦੀ ਜਾਚ ਹੀ ਨਾ ਆਈ ਅਤੇ ਉਹ ਸਮਾਜ ਦਾ ਸਹੀ ਪ੍ਰਬੰਧ ਕਰਨ ਵਿਚ ਸਫਲ ਨਾ ਹੋ ਸਕਿਆ। ਉਸ ਨੂੰ ਤੇ "ਵਵਾ ਵੈਰੁ ਨ ਕਰੀਐ ਕਾਹੂ॥ ਘਟ ਘਟ ਅੰਤਰਿ ਬ੍ਰਹਮ ਸਮਾਹੂ॥" (ਪੰਨਾ 259) ਜੈਸੇ ਸਾਧਾਰਨ ਸਮਾਜਕ ਸਿਧਾਂਤ ਦੀ ਵੀ ਸਮਝ ਨਾ ਪਈ।

ਸੰਸਾਰ ਵਿਚ ਸਭ ਕੁਝ ਪ੍ਰਭੂ ਦੇ ਹੁਕਮ ਵਿਚ ਹੋ ਰਿਹਾ ਹੈ। "ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥" (ਪੰਨਾ 1) ਅਤੇ "ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ॥" (ਪੰਨਾ 1275)। ਪਦਾਰਥਕ ਜਗਤ ਪ੍ਰਭੂ ਦੇ ਕੁਦਰਤੀ ਨਿਯਮਾਂ ਅਨੁਸਾਰ ਚਲਦਾ ਹੈ ਅਤੇ ਜਦੋਂ ਮਨੁੱਖ ਉਸ ਨੂੰ ਆਪਣੀ ਇੱਛਾ ਅਨੁਸਾਰ ਚਲਾਉਣ ਦਾ ਯਤਨ ਕਰਦਾ ਹੈ ਤਾਂ ਕੁਦਰਤੀ ਪ੍ਰਬੰਧ ਵਿਚ ਵਿਘਨ ਪੈ ਜਾਂਦਾ ਹੈ। ਕੁਦਰਤ ਦੇ ਪ੍ਰਬੰਧ ਵਿਚ ਦਖਲ ਹੀ ਸਮਾਜ ਵਿਚ ਅਸ਼ਾਂਤੀ ਅਤੇ ਬੇਚੈਨੀ ਪੈਦਾ ਕਰਦਾ ਹੈ। ਪ੍ਰਭੂ ਦੇ ਹੁਕਮ ਅਤੇ ਰਜ਼ਾ ਅਨੁਸਾਰ ਚੱਲਣ ਨਾਲ ਹੀ ਸਮਾਜ ਵਿਚ ਸੁਖ ਦੀ ਪ੍ਰਾਪਤੀ ਸੰਭਵ ਹੁੰਦੀ ਹੈ, "ਤਿਸ ਕਾ ਹੁਕਮੁ ਬੂਝਿ ਸੁਖੁ ਹੋਇ॥" (ਪੰਨਾ 281), ਪਰ ਮਨੁੱਖ ਦੁਨੀਆਂਦਾਰ ਬਣ ਕੇ ਆਪਣੇ ਗਲ ਵਿਚ ਗੁਲਾਮੀ ਦੇ ਸੰਗਲ ਪਾਉਣ ਨੂੰ ਵੱਡੀ ਪ੍ਰਾਪਤੀ ਸਮਝਦਾ ਹੈ, "ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥" (ਪੰਨਾ 464)

ਪ੍ਰਭੂ ਦੇ ਹੁਕਮ ਨੂੰ ਬੁਝਣ ਅਤੇ ਉਸ ਅਨੁਸਾਰ ਚੱਲਣ ਲਈ ਗੁਰਬਾਣੀ ਧਰਮ ਦੇ ਮਾਰਗ 'ਤੇ ਚਲਦਿਆਂ ਪ੍ਰਭੂ ਦਾ ਗਿਆਨ ਪ੍ਰਾਪਤ ਕਰਕੇ ਉਦਮ ਕਰਨ ਦਾ ਉਪਦੇਸ਼ ਕਰਦੀ ਹੈ। ਧਰਮ ਦੇ ਮਾਰਗ 'ਤੇ ਚਲਣ ਲਈ ਮਨੁੱਖ ਨੂੰ ਦਇਆ, ਸੰਤੋਖ ਅਤੇ ਵਿਕਾਰ ਰਹਿਤ ਸੱਚੇ ਜੀਵਨ ਦੇ ਗੁਣ ਧਾਰਨ ਕਰਨੇ ਪੈਂਦੇ ਹਨ, "ਧੌਲੁ ਧਰਮੁ ਦਇਆ ਕਾ ਪੂਤੁ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥" (ਪੰਨਾ 3) ਅਤੇ "ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥" (ਪੰਨਾ 418) ਇਹ ਧਰਮ ਦਾ ਮਾਰਗ ਪ੍ਰਚਲਿਤ ਸੰਪਰਦਾਇਕ ਧਰਮ ਦੀ ਰਹਿਤ ਮਰਿਆਦਾ ਤੋਂ ਬਹੁਤ ਵੱਖਰਾ ਹੈ। ਇਨ੍ਹਾਂ ਦੇ ਅੰਤਰ ਨੂੰ ਗੰਭੀਰਤਾ ਨਾਲ ਸਮਝਣ ਦੀ ਲੋੜ ਹੈ। ਮਨੁੱਖ ਦਾ ਦੁਖਾਂਤ ਇਹ ਹੈ ਕਿ ਵਿਗਿਆਨ ਦੀ ਸ਼ਕਤੀ ਨੂੰ ਅਗਵਾਹ ਸਰਮਾਏਦਾਰਾਂ ਨੇ ਕਰ ਲਿਆ ਹੈ ਅਤੇ ਧਰਮ ਦੀ ਸ਼ਰਧਾ ਨੂੰ ਪੁਜਾਰੀਆਂ ਨੇ। ਮਨੁੱਖ ਲਈ ਤਾਂ ਦੁਨੀਆਂ ਸਹਿਰ ਮੇਲਾ ਹੀ ਰਹਿ ਗਈ ਹੈ, ਹੱਥ ਕੁਝ ਵੀ ਨਹੀਂ ਹੈ।

ਪ੍ਰਭੂ ਨੇ ਮਨੁੱਖ ਨੂੰ ਖਾਲੀ ਹੱਥ ਨਹੀਂ ਭੇਜਿਆ ਹੈ। ਉਸ ਨੇ ਤਾਂ ਮਨੁੱਖਾ ਜੀਵਨ ਨੂੰ ਦੁਰਲਭ ਬਣਾਇਆ ਹੈ, "ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥" (ਪੰਨਾ 1366) ਮਨੁੱਖਾ ਸਰੀਰ ਵਿਚ ਸਾਰਾ ਬ੍ਰਹਿਮੰਡ ਸਮੋਇਆ ਹੋਇਆ ਹੈ, ਜੋ ਖੋਜਣ ਤੋਂ ਹੀ ਪ੍ਰਾਪਤ ਹੁੰਦਾ ਹੈ। "ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ॥" (ਪੰਨਾ 754) ਅਤੇ "ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥" (ਪੰਨਾ 695) ਮਨ, ਜੋ ਮਨੁੱਖੀ ਸਰੀਰ ਦਾ ਹਿੱਸਾ ਹੈ, ਸ਼ਕਤੀ ਦਾ ਸੋਮਾ ਅਤੇ ਪ੍ਰਭੂ ਦਾ ਅੰਸ਼ ਹੈ, "ਇਹੁ ਮਨੁ ਸਕਤੀ ਇਹੁ ਮਨੁ ਸੀਉ॥ ਇਹੁ ਮਨੁ ਪੰਚ ਤਤ ਕੋ ਜੀਉ॥" (ਪੰਨਾ 342) ਪ੍ਰਭੂ ਦਾ ਅੰਸ਼ ਹੋਣ ਕਾਰਨ ਕੇਵਲ ਮਨ ਵਿਚ ਹੀ ਪ੍ਰਭੂ ਦਾ ਗਿਆਨ ਪ੍ਰਾਪਤ ਕਰਨ ਅਤੇ ਉਸ ਨਾਲ ਮਿਲਾਪ ਕਰਨ ਦੀ ਯੋਗਤਾ ਹੈ। "ਤਨ ਮਹਿ ਮਨੂਆ ਮਨ ਮਹਿ ਸਾਚਾ॥ ਸੋ ਸਾਚਾ ਮਿਲਿ ਸਾਚੇ ਰਾਚਾ॥" (ਪੰਨਾ 686)

ਮਨੁੱਖ ਭਰਮਾਂ ਵਿਚ ਪਿਆ ਸਮਾਜ ਵਿਚੋਂ ਖੁਸ਼ੀ ਅਤੇ ਆਜ਼ਾਦੀ ਲੱਭਦਾ ਹੈ। ਸਮਾਜ ਵਿਚ ਤਾਂ ਤ੍ਰੈਗੁਣੀ ਮਾਇਆ ਦਾ ਵਰਤਾਰਾ ਹੈ। ਇਹ ਰੁਕਾਵਟਾਂ ਭਰੀ ਨਿਰਾਰਥਕ ਦੌੜ ਦਾ ਪਿੜ ਹੈ, ਜਿਸ ਵਿਚ ਭਰਮਾਊ ਅਤੇ ਅਸਥਾਈ ਖੁਸ਼ੀ ਤਾਂ ਉਪਲਬਧ ਹੈ, ਪਰ ਅਨੰਦ ਨਹੀਂ ਹੈ। ਖੁਸ਼ੀ ਦਾ ਸੋਮਾ ਤਾਂ ਮਨੁੱਖ ਦੇ ਅੰਦਰ ਹੈ, ਪਰ ਉਹ ਉਸ ਨੂੰ ਬਾਹਰ ਭਾਲ ਰਿਹਾ ਹੈ। ਗੁਰਬਾਣੀ ਦਾ ਫੁਰਮਾਨ ਹੈ, "ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥" (ਪੰਨਾ 727) ਅਤੇ "ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥" (ਪੰਨਾ 102)

## ਕਾਵਿ-ਜਗਤ

### ਰੱਬ ਕਿ ਗੋਰਖ ਧੰਦਾ?

ਦਰਦਮੰਦਾਂ ਤੂੰ ਆਹੀਂ ਸੁਣ ਵੇ।
ਦੀਨ ਦੁਖੀ ਦੇ ਮਾਹੀ ਸੁਣ ਵੇ।

ਦੱਸਾਂ ਅੱਜ ਮੈਂ ਦਿਲ ਨੂੰ ਖੋਲ੍ਹ।
ਨਾਲੇ ਖੋਲ੍ਹਾਂ ਜੱਗ ਦੇ ਪੋਲ।

ਮੋਮੋ ਠੱਗਣੇ ਨੇ ਲੋਕ ਹੋ ਗਏ।
ਆਗੂ ਨਿਰੇ ਨੇ ਜੋਕ ਹੋ ਗਏ।

ਗਿਰਗਟ ਵਾਂਗੂੰ ਬਦਲੇ ਰੰਗ।
ਲੁੱਟਣ ਲਈ ਲੱਭਦੇ ਨਵੇਂ ਢੰਗ।

ਖੁਦਗਰਜ਼ੀ ਦਾ ਜੋਰ ਹੈ ਡਾਢਾ।
ਡਰਦਾ ਨਾ ਕੋਈ ਲੈਂਦਾ ਆਢਾ।

ਰਿਸ਼ਵਤਖੋਰੀ ਤੇ ਚੋਰ ਬਜ਼ਾਰੀ।
ਚੌਧਰਪੁਣਾ ਉਤੋਂ ਹੁਸ਼ਿਆਰੀ।

ਚਾਰੇ ਪਾਸੇ ਹੈ ਖੱਜਲ ਖੁਆਰੀ।
ਭੰਬਲਭੂਸੇ ਪਈ ਜਨਤਾ ਸਾਰੀ।

ਧਰਮਾਂ ਦਾ ਪਾਇਆ ਹੈ ਰੌਲਾ।
ਭੜਕੇ ਲੋਕ ਹੁੰਦੇ ਛਿੱਤਰ ਪੌਲਾ।

ਰਲ ਗਏ ਪੰਡਿਤ, ਮੁੱਲਾਂ, ਭਾਈ।
ਪਾਰਸੀ, ਬੋਧੀ, ਜੈਨ, ਇਸਾਈ।

ਵੰਨ ਸੁਵੰਨੇ ਖੁਲ੍ਹੇ ਥਾਂ ਥਾਂ ਡੇਰੇ।
ਆ ਨੇਤਾ ਨਿੱਤ ਪਾਉਂਦੇ ਫੇਰੇ।

ਚੋਗਾ ਬਾਬੇ ਨੂੰ ਪਾਈ ਜਾਂਦੇ।
ਅੰਧਵਿਸ਼ਵਾਸ ਵਧਾਈ ਜਾਂਦੇ।

ਲੋਕਾਂ ਨੂੰ ਲਾਰੇ ਲਾਈ ਜਾਂਦੇ।
ਗਧੀ ਗੇੜ ਵਿਚ ਪਾਈ ਜਾਂਦੇ।

ਅੰਧੇਰ ਨਗਰੀ ਚੌਪਟ ਰਾਜਾ।
ਭੁੱਖ ਗਰੀਬੀ ਬੀਮਾਰ ਪਰਜਾ।

ਕਰਦੇ ਆਪਣਾ ਉਲੂ ਸਿੱਧਾ।
ਵਿਚ ਚੌਫਾਲ ਪਾਉਂਦੇ ਗਿੱਧਾ।

ਪੁੱਛਦਾ ਹਾਂ ਤੈਥੋਂ ਅੱਜ ਸਵਾਲ।
ਕਿਉਂ ਤੂੰ ਰਲਿਆ ਚੋਰਾਂ ਨਾਲ?

ਅਮੀਰ ਤੇਰੇ ਤੋਂ ਕਿਉਂ ਨ ਡਰਦੇ?
ਰੰਕ ਕਿਉਂ ਨੇ ਲੜ ਲੜ ਮਰਦੇ?

ਤੇਰੀ ਰਜ਼ਾ ਬਿਨ ਨ ਹਿੱਲੇ ਪੱਤਾ।
ਫਿਰ ਕਿਉਂ ਦਰਦ ਕਰੇਂ ਨ ਰਤਾ?

ਕੀ ਚੱਲੀ ਹੈ ਸ਼ਤਰੰਜ ਦੀ ਚਾਲ?
ਮਨੁੱਖਤਾ ਹੋਈ ਪਈ ਨਿਢਾਲ!

ਕੀ ਚੱਲਦਾ ਤੇਰਾ ਗੋਰਖ ਧੰਦਾ?
ਹਜੇ ਸਮਝ ਨਾ ਸਕਿਆ ਬੰਦਾ।

-ਸੇਵਾ ਸਿੰਘ ਨੂਰਪੁਰੀ

# ਗਦਰ ਲਹਿਰ ਦੀ ਸੇਧ ਅਤੇ ਸਰੋਕਾਰ

***ਸਾਲ 1857 ਦੀ ਬਗਾਵਤ, ਕੂਕਾ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਗਦਰ ਲਹਿਰ, ਬੱਬਰ ਲਹਿਰ, ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ, ਕਿਰਤੀ ਲਹਿਰ ਅਤੇ ਆਜ਼ਾਦ ਹਿੰਦ ਫੌਜ ਦੇ ਯੁੱਧ ਤੋਂ ਇਲਾਵਾ ਹੋਰ ਸਮਾਜਕ, ਧਾਰਮਿਕ ਅਤੇ ਸਭਿਆਚਾਰਕ ਲਹਿਰਾਂ ਬਰਤਾਨਵੀ ਸਾਮਰਾਜ ਤੋਂ ਮੁਕਤੀ ਲਈ ਉਠੀਆਂ। ਇਨ੍ਹਾਂ ਲਹਿਰਾਂ ਨੇ ਭਾਰਤੀ ਇਤਿਹਾਸ 'ਤੇ ਅਮਿੱਟ ਛਾਪ ਛੱਡੀ, ਪਰ ਗਦਰ ਲਹਿਰ ਆਪਣੀ ਵਿਚਾਰਧਾਰਾ, ਕੁਰਬਾਨੀ ਅਤੇ ਇਮਾਨਦਾਰੀ ਵਾਲੇ ਖਾਸੇ ਕਾਰਨ ਵੱਖਰੀ ਖੜ੍ਹੀ ਨਜ਼ਰ ਆਉਂਦੀ ਹੈ। ਇਹ ਅਜਿਹੀ ਲਹਿਰ ਸੀ, ਜਿਸ ਨੇ ਪਹਿਲੀ ਵਾਰ ਅੰਗਰੇਜ਼ ਸਾਮਰਾਜ ਸਾਹਮਣੇ ਸੰਪੂਰਨ ਆਜ਼ਾਦੀ ਦਾ ਨਾਅਰਾ ਲਿਆਂਦਾ। ਇਸ ਲਹਿਰ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਉਘੇ ਲਿਖਾਰੀ ਅਜਮੇਰ ਸਿੱਧੂ ਨੇ ਕੀਤੀ ਹੈ। ਉਨ੍ਹਾਂ ਮਸ਼ਹੂਰ ਗਦਰੀ ਆਗੂ ਬਾਬਾ ਬੂਝਾ ਸਿੰਘ ਦੀ ਜੀਵਨੀ ਵੀ ਲਿਖੀ ਹੈ। -ਸੰਪਾਦਕ***

ਮਨੁੱਖੀ ਸਭਿਅਤਾ ਦਾ ਇਤਿਹਾਸ ਜਿੰਨਾ ਪੁਰਾਣਾ ਹੈ, ਓਨੀ ਹੀ ਗੁਲਾਮੀ ਵਿਰੁਧ ਆਜ਼ਾਦੀ ਦੇ ਸੰਗਰਾਮ ਦੀ ਕਹਾਣੀ ਪੁਰਾਣੀ ਹੈ। ਭਾਰਤੀ ਸਮਾਜ ਵਿਚ ਜਦੋਂ ਹੀ ਕਾਣੀ ਵੰਡ ਪਈ, ਉਦੋਂ ਹੀ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਸੰਘਰਸ਼ ਸ਼ੁਰੂ ਹੋ ਗਿਆ। ਭਾਰਤ ਵਿਚ ਗੁਲਾਮੀ ਖਿਲਾਫ ਅਤੇ ਬਰਾਬਰੀ ਵਾਲੇ ਸਮਾਜ ਲਈ ਸੰਘਰਸ਼ ਦਾ ਇਤਿਹਾਸ ਬਹੁਤ ਲੰਮਾ ਤੇ ਵਿਸ਼ਾਲ ਹੈ। ਇਹ ਇਤਿਹਾਸ ਸ਼ਾਨਦਾਰ ਰਵਾਇਤਾਂ ਵਾਲਾ ਹੈ, ਜੋ ਅੱਜ ਵੀ ਸਮਾਜਕ ਤਬਦੀਲੀ ਦੇ ਚਾਹਵਾਨਾਂ ਲਈ ਰਾਹ-ਦਸੇਰੇ ਦਾ ਕੰਮ ਕਰ ਰਿਹਾ ਹੈ। ਇਹ ਸੰਘਰਸ਼ ਦਰਾਵੜਾਂ ਨੇ ਆਰੀਅਨ ਹਮਲਾਵਰਾਂ



ਖਿਲਾਫ ਵੀ ਲੜਿਆ ਸੀ, ਮੁਗਲ ਸ਼ਾਸਕਾਂ ਖਿਲਾਫ ਵੀ ਅਤੇ ਬਰਤਾਨਵੀ ਸਾਮਰਾਜੀਆਂ ਖਿਲਾਫ ਵੀ। ਅੱਜ ਦੇ ਦੇਸੀ ਪਰ

**ਅਜਮੇਰ ਸਿੱਧੂ**
ਫੋਨ: +91-94630-63990

ਵਿਦੇਸ਼ੀਆਂ ਦੇ ਸੇਵਕਾਂ ਖਿਲਾਫ ਵੀ ਬਾਦਸਤੂਰ ਜਾਰੀ ਹੈ।

1857 ਦੀ ਬਗਾਵਤ, ਕੂਕਾ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਗਦਰ ਲਹਿਰ, ਬੱਬਰ ਲਹਿਰ, ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ, ਕਿਰਤੀ ਲਹਿਰ ਅਤੇ ਆਜ਼ਾਦ ਹਿੰਦ ਫੌਜ ਦੇ ਯੁੱਧ ਤੋਂ ਇਲਾਵਾ ਹੋਰ ਸਮਾਜਕ, ਧਾਰਮਿਕ ਅਤੇ ਸਭਿਆਚਾਰਕ ਲਹਿਰਾਂ ਬਰਤਾਨਵੀ ਸਾਮਰਾਜ ਤੋਂ ਮੁਕਤੀ ਲਈ ਉਠੀਆਂ। ਇਨ੍ਹਾਂ ਲਹਿਰਾਂ ਨੇ ਭਾਰਤੀ ਇਤਿਹਾਸ 'ਤੇ ਅਮਿੱਟ ਛਾਪ ਛੱਡੀ, ਪਰ ਗਦਰ ਲਹਿਰ ਆਪਣੀ ਵਿਚਾਰਧਾਰਾ, ਕੁਰਬਾਨੀ ਅਤੇ ਇਮਾਨਦਾਰੀ ਵਾਲੇ ਖਾਸੇ ਕਾਰਨ ਵੱਖਰੀ ਖੜ੍ਹੀ ਨਜ਼ਰ ਆਉਂਦੀ ਹੈ। ਇਹ ਅਜਿਹੀ ਲਹਿਰ ਸੀ, ਜਿਸ ਨੇ ਪਹਿਲੀ ਵਾਰ ਅੰਗਰੇਜ਼ ਸਾਮਰਾਜ ਸਾਹਮਣੇ ਸੰਪੂਰਨ ਆਜ਼ਾਦੀ ਦਾ ਨਾਅਰਾ ਲਿਆਂਦਾ। ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਅਤੇ ਕਿਰਤੀ ਪਾਰਟੀ ਨੇ ਅੰਗਰੇਜ਼ ਸਾਮਰਾਜ ਸਾਹਮਣੇ ਇਨਕਲਾਬੀ ਸਿਆਸਤ ਦਾ ਜੋ ਬਦਲ ਪੇਸ਼ ਕੀਤਾ, ਉਹ ਇਨ੍ਹਾਂ ਨੂੰ ਗਦਰ ਪਾਰਟੀ ਤੋਂ ਹੀ ਮਿਲਿਆ ਸੀ। ਕਿਰਤੀ ਲਹਿਰ ਤਾਂ ਗਦਰ ਲਹਿਰ ਦਾ ਹੀ ਅਗਲਾ ਪੜਾਅ ਹੈ। ਅਸੀਂ ਇਸ ਨੂੰ ਦੂਜੇ ਗਦਰ ਦੇ ਨਾਂ ਨਾਲ ਯਾਦ ਕਰਦੇ ਹਾਂ। ਸ਼ਹੀਦ ਭਗਤ ਸਿੰਘ ਅਤੇ ਸਾਥੀ ਨੌਜਵਾਨਾਂ ਦੀ ਲਹਿਰ ਵੀ ਇਨ੍ਹਾਂ ਤੋਂ ਹੀ ਪ੍ਰਭਾਵਿਤ ਸੀ ਤੇ ਅਗਵਾਈ ਲੈਂਦੀ ਸੀ।

ਗਦਰ ਪਾਰਟੀ ਵਿਚ ਸਾਦੇ, ਇਮਾਨਦਾਰ ਅਤੇ ਮਿਹਨਤੀ ਵਰਗ ਦੇ ਨੌਜਵਾਨ ਸਨ। ਉਨ੍ਹਾਂ ਅੰਗਰੇਜ਼ ਸਾਮਰਾਜ ਨੂੰ ਬਦਲਣ, ਲੋਕ-ਪੱਖੀ ਤੇ ਕਿਰਤੀਆਂ ਦਾ ਨਿਜ਼ਾਮ ਕਾਇਮ ਕਰਨ ਦਾ ਪ੍ਰਣ ਲਿਆ। ਉਹ ਬਹੁਤੇ ਪੜ੍ਹੇ ਹੋਏ ਨਹੀਂ ਸਨ, ਸਿਆਸਤ ਦੀਆਂ ਗੁੰਝਲਾਂ ਤੋਂ ਵਾਕਫ ਨਹੀਂ ਸਨ, ਪਰ ਉਹ ਸੱਚੇ ਸੁੱਚੇ, ਖਰੇ ਤੇ ਸਿੱਧੀ ਲੜਾਈ ਲੜਨ ਵਾਲੇ ਸਨ। ਉਨ੍ਹਾਂ ਧੜੱਲੇ ਨਾਲ ਸਰਗਰਮੀ ਕੀਤੀ। ਦੁਸ਼ਮਣ ਨੂੰ ਮੋਹਰੇ ਹੋ ਕੇ ਟੱਕਰੇ। ਆਪਣੀ ਲਹਿਰ, ਵਿਚਾਰਧਾਰਾ ਤੇ ਨਿਸ਼ਾਨੇ ਨੂੰ ਪਿੱਠ ਨਾ ਦਿਖਾਈ। ਫਾਂਸੀਆਂ, ਕਾਲੇ ਪਾਣੀ ਦੀਆਂ ਸਜ਼ਾਵਾਂ ਅਤੇ ਤਸ਼ੱਦਦ ਉਨ੍ਹਾਂ ਨੂੰ ਡੋਲਣ ਨਾ ਲਾ ਸਕੇ, ਸਗੋਂ ਉਹ ਮੋਹਰੇ ਹੋ ਕੇ ਸਿਰ ਦਿੰਦੇ ਰਹੇ। 1913 ਵਿਚ ਸ਼ੁਰੂ ਹੋਈ ਇਹ ਲਹਿਰ ਅੱਜ ਵੀ ਉਸੇ ਤਰ੍ਹਾਂ ਲਿਸ਼ਕੋਰੇ ਮਾਰ ਰਹੀ ਹੈ ਅਤੇ ਆਪਣਾ ਸ਼ਾਨਾਂਮੱਤਾ ਇਤਿਹਾਸ ਯਾਦ ਕਰਵਾ ਰਹੀ ਹੈ। ਇਸ ਲਹਿਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਨੂੰ ਸਰਕਾਰੀ ਮਾਨਤਾ ਨਾ ਮਿਲਣ ਦੇ ਬਾਵਜੂਦ ਆਪਣੇ ਦਮ ਖਮ 'ਤੇ ਖੜ੍ਹੀ ਹੈ ਅਤੇ ਆਵਾਮ ਦਾ ਧਿਆਨ ਖਿੱਚ ਰਹੀ ਹੈ।

ਗਦਰ ਲਹਿਰ ਆਜ਼ਾਦੀ ਅੰਦੋਲਨ ਅਤੇ ਭਾਰਤੀ ਜਨਤਾ ਖਾਸ ਤੌਰ 'ਤੇ ਮਿਹਨਤਕਸ਼ ਲੋਕਾਂ ਦੀ ਹੋਣੀ ਘੜਨ ਵਾਲੇ ਅੰਦੋਲਨਾਂ ਵਿਚ ਮੋਹਰਲਾ ਥਾਂ ਰੱਖਦੀ ਹੈ। ਲਹਿਰ ਦੇ ਆਗੂਆਂ ਅਤੇ ਕਾਰਕੁਨਾਂ ਨੂੰ ਜਮਾਤੀ ਸੂਝ ਸੀ, ਆਪਣੇ ਦੋਸਤਾਂ-ਦੁਸ਼ਮਣਾਂ ਦੀ ਪਛਾਣ ਸੀ। ਗਦਰੀਆਂ ਨੇ ਸ਼ੁਰੂਆਤੀ ਦੌਰ ਵਿਚ ਆਪਣਾ ਇਕੋ-ਇਕ ਮਕਸਦ ਅੰਗਰੇਜ਼ ਸਾਮਰਾਜ ਦੀ ਗੁਲਾਮੀ ਤੋਂ ਛੁਟਕਾਰਾ ਪਾਉਣਾ ਮਿਥਿਆ ਸੀ। ਇਸ ਮਕਸਦ ਦੀ ਪੂਰਤੀ ਲਈ ਉਹ ਤਨ-ਮਨ-ਧਨ ਨਾਲ ਜੁਟੇ ਰਹੇ। ਉਨ੍ਹਾਂ ਕਿਸੇ ਦੀ ਵੀ ਪ੍ਰਵਾਹ ਨਾ ਕੀਤੀ। ਹੌਲੀ ਹੌਲੀ ਉਨ੍ਹਾਂ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਵਿੱਢੇ ਘੋਲ ਵਿਚ ਵਾਧਾ ਕਰ ਲਿਆ। ਇਹ ਵਾਧਾ ਇਨਕਲਾਬੀ ਸਿਆਸਤ ਨਾਲ ਰਿਸ਼ਤਾ ਜੋੜਨ ਦਾ ਸੀ।

ਭਾਈ ਰਤਨ ਸਿੰਘ ਰਾਏਪੁਰ ਡੱਬਾ ਅਤੇ ਭਾਈ ਸੰਤੋਖ ਸਿੰਘ ਧਰਦਿਓ ਦੀ ਅਗਵਾਈ ਹੇਠ ਜਦੋਂ 1919 ਵਿਚ ਗਦਰ ਪਾਰਟੀ ਮੁੜ ਜਥੇਬੰਦ ਹੋਈ, ਉਦੋਂ ਉਹ ਇਸ ਨੂੰ ਸਮਾਜਵਾਦੀ ਵਿਚਾਰਧਾਰਾ ਵਿਚ ਰੰਗਦੇ ਹਨ। ਉਹ ਮਹਿਸੂਸ ਕਰਦੇ ਹਨ ਕਿ ਗਦਰ ਪਾਰਟੀ ਦੇ ਆਗੂ ਦੇਸ਼ ਵਾਸੀਆਂ ਨੂੰ ਆਜ਼ਾਦੀ ਦੇ ਅੰਦੋਲਨ ਨਾਲ ਨਾ ਜੋੜ ਸਕੇ, ਉਨ੍ਹਾਂ ਕੋਲ ਬੱਝਵੀਂ ਵਿਚਾਰਧਾਰਾ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਦੇ ਖਾੜਕੂ ਜਥਿਆਂ ਕੋਲ ਪੂਰੀ ਤਰ੍ਹਾਂ ਹਥਿਆਰਾਂ ਦੀ ਸਿਖਲਾਈ ਸੀ। ਸਮਾਜਵਾਦ ਦੀ ਸਿੱਖਿਆ ਅਤੇ ਹਥਿਆਰਾਂ ਦੀ ਸਿਖਲਾਈ ਲੈਣ ਲਈ ਉਹ ਗਦਰੀ ਕਾਰਕੁਨਾਂ ਨੂੰ ਮਾਸਕੋ ਲੈ ਕੇ ਜਾਂਦੇ ਹਨ ਤੇ ਇਨਕਲਾਬ ਕਰਨ ਦਾ ਸੁਪਨਾ ਲੈ ਕੇ ਪਰਤਦੇ ਹਨ।

ਗਦਰੀ ਆਪਣੇ ਮੁਲਕ ਦੀ ਲੁੱਟ ਤੋਂ ਤੰਗ ਆ ਕੇ ਆਪਣਾ ਜੀਵਨ ਸੁਖਾਲਾ ਬਣਾਉਣ ਲਈ ਪਰਦੇਸੀਂ ਗਏ ਸਨ। ਪਰਦੇਸਾਂ ਵਿਚ ਜਾ ਕੇ ਹੀ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਹੋਇਆ ਅਤੇ ਆਜ਼ਾਦੀ ਦੇ ਅਰਥ ਸਮਝ ਆਏ। ਘਰ ਦੀ ਗਰੀਬੀ, ਪਰਦੇਸਾਂ ਵਿਚਲੇ ਨਸਲਵਾਦ ਅਤੇ ਉਥੇ ਆਬਾਦ ਨਾ ਹੋ ਸਕਣ ਕਾਰਨ ਹੀ ਉਹ ਜਥੇਬੰਦ ਹੋਏ ਤੇ 1913 ਵਿਚ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਕਾਇਮ ਕੀਤੀ। ਉਨ੍ਹਾਂ 1857 ਦੇ ਗਦਰ ਨੂੰ ਆਦਰਸ਼ ਮੰਨ ਕੇ ਹਥਿਆਰ ਚੁੱਕੇ। ਪਹਿਲੀ ਨਵੰਬਰ 1913 ਨੂੰ 'ਗਦਰ' ਪੇਪਰ ਦੀ ਪ੍ਰਕਾਸ਼ਨਾ ਸ਼ੁਰੂ ਕੀਤੀ। ਇਸ ਪੇਪਰ ਰਾਹੀਂ ਉਨ੍ਹਾਂ ਸੰਪੂਰਨ ਸਵਰਾਜ ਦਾ ਨਾਅਰਾ ਦਿੱਤਾ। ਲੋਕਾਂ ਦੇ ਮਨਾਂ ਵਿਚ ਬੈਠਿਆ ਅੰਗਰੇਜ਼ ਹਕੂਮਤ ਦਾ ਡਰ ਭਜਾਇਆ। ਉਨ੍ਹਾਂ ਨੂੰ ਲੜਨ ਵਾਲੇ ਯੋਧੇ ਬਣਾਇਆ। ਇਹ ਅਖਬਾਰ ਪੰਜਾਬੀ, ਉਰਦੂ, ਹਿੰਦੀ ਤੇ ਗੁਜਰਾਤੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੁੰਦਾ ਸੀ। ਅਖਬਾਰ ਦੀ ਚੜ੍ਹਾਈ ਇੰਨੀ ਹੋ ਗਈ ਕਿ ਅਖਬਾਰ ਦੇ ਨਾਂ ਤੋਂ ਹੀ ਪਾਰਟੀ ਦਾ ਨਾਂ 'ਗਦਰ ਪਾਰਟੀ' ਪੈ ਗਿਆ। ਇੰਨੇ ਵੱਡੇ ਪੱਧਰ 'ਤੇ ਅਖਬਾਰ ਕੱਢਣਾ ਅਤੇ ਉਸ ਦੀ ਵਿਚਾਰਧਾਰਾ ਦਾ ਪ੍ਰਚਾਰ ਹੋਣਾ, ਇਹ ਸਿਰਫ 'ਗਦਰ' ਦੇ ਹਿੱਸੇ ਹੀ ਆਇਆ।




***ਹਫਤਾਵਾਰੀ ਪਰਚੇ 'ਗਦਰ' ਦੇ ਉਰਦੂ ਅਤੇ ਪੰਜਾਬੀ ਵਾਲੇ ਅੰਕਾਂ ਦੇ ਮੁਖੜੇ।***

ਗਦਰ ਲਹਿਰ ਨੇ ਭਾਰਤੀ ਸਿਆਸਤ ਅਤੇ ਕੌਮੀ ਮੁਕਤੀ ਘੋਲ ਵਿਚ ਇਤਿਹਾਸਕ ਅਤੇ ਬੁਨਿਆਦੀ ਯੋਗਦਾਨ ਪਾਇਆ। ਗਦਰ ਲਹਿਰ ਨੇ ਸਿਆਸੀ ਪਿੜ ਵਿਚ ਜੋ ਵੱਢ ਮਾਰਿਆ, ਉਹ ਇਤਿਹਾਸ ਦੇ ਪੰਨਿਆਂ 'ਤੇ ਦਰਜ ਹੋ ਗਿਆ। ਲਹਿਰ ਦੇ ਸਿਆਸੀ ਸਰੋਕਾਰ ਮਿਹਨਤਕਸ਼ਾਂ ਦੇ ਹੱਕ ਵਿਚ ਭੁਗਤਦੇ ਹਨ। ਇਨ੍ਹਾਂ ਸਿਆਸੀ ਸਰੋਕਾਰਾਂ ਦੀਆਂ ਧਾਰਨਾਵਾਂ ਅੱਜ ਵੀ ਧਿਆਨ ਖਿੱਚਦੀਆਂ ਹਨ:

(ੳ) ਗਦਰੀਆਂ ਨੇ ਅੰਗਰੇਜ਼ੀ ਰਾਜ ਦੇ ਮੁਕੰਮਲ ਖਾਤਮੇ ਦਾ ਨਾਅਰਾ ਦਿੱਤਾ, ਉਹ ਵੀ ਉਸ ਸਮੇਂ ਜਦੋਂ ਭਾਰਤ ਦੀਆਂ ਕੌਮੀ ਪਾਰਟੀਆਂ ਆਜ਼ਾਦੀ ਦੀ ਮੰਗ ਕਰ ਰਹੀਆਂ ਸਨ, ਪੂਰਨ ਸਵਰਾਜ ਦੀ ਨਹੀਂ। ਇਹ ਪਿੰਡਾਂ ਦੇ ਸਿੱਧੇ-ਸਾਦੇ ਗਦਰੀ ਹੀ ਸਨ, ਜਿਨ੍ਹਾਂ ਪਹਿਲੀ ਵਾਰ ਸੰਪੂਰਨ ਸਵਰਾਜ ਦਾ ਨਾਅਰਾ ਦਿੱਤਾ। ਸਿਰਫ ਨਾਅਰਾ ਹੀ ਨਹੀਂ ਦਿੱਤਾ, ਸਗੋਂ ਇਸ ਨੂੰ ਅਸਲੀ ਜਾਮਾ ਪਹਿਨਾਉਣ ਲਈ ਮੈਦਾਨ ਵਿਚ ਨਿੱਤਰ ਪਏ। ਗਦਰ ਦੀ ਆਜ਼ਾਦੀ ਦਾ ਮਤਲਬ ਸਿਰਫ ਸੱਤਾ ਤਬਦੀਲੀ ਨਹੀਂ ਸੀ, ਸਗੋਂ ਬਰਾਬਰੀ ਤੇ ਲੁੱਟ ਰਹਿਤ ਨਿਜ਼ਾਮ ਸਿਰਜਣਾ ਸੀ।

(ਅ) ਗਦਰ ਪਾਰਟੀ ਵਿਚ ਸਭ ਧਰਮਾਂ ਦੇ ਲੋਕ ਸ਼ਾਮਿਲ ਸਨ, ਭਾਵੇਂ ਬਹੁਗਿਣਤੀ ਸਿੱਖਾਂ ਦੀ ਸੀ। ਉਨ੍ਹਾਂ ਧਰਮ ਨਿਰਪੱਖਤਾ ਵਾਲੀ ਧਾਰਨਾ ਲਿਆਂਦੀ। ਉਹ ਪਾਰਟੀ ਵਿਚ ਭਾਰਤੀ ਦੇ ਤੌਰ 'ਤੇ ਸ਼ਾਮਿਲ ਹੋਏ। ਦਰਅਸਲ ਉਹ ਇਨਕਲਾਬੀ ਸਨ। ਉਨ੍ਹਾਂ ਆਪਣੀ ਸ਼ਨਾਖਤ ਭਾਰਤੀ ਗਦਰੀਆਂ ਵਜੋਂ ਸਥਾਪਤ ਕਰਵਾਈ। ਉਨ੍ਹਾਂ ਦੀ ਧਾਰਨਾ ਸੀ ਕਿ ਧਾਰਮਿਕ ਵਲਗਣਾਂ ਵਿਚੋਂ ਨਿਕਲ ਕੇ ਹੀ ਹਥਿਆਰਬੰਦ ਸੰਘਰਸ਼ ਸਫਲਤਾ ਨਾਲ ਲੜਿਆ ਜਾ ਸਕਦਾ ਹੈ। ਦਰਅਸਲ ਉਹ ਪਾਰਟੀ ਅੰਦਰ ਧਾਰਮਿਕ ਕੱਟੜਪੁਣੇ ਦੇ ਵਿਰੁਧ ਸਨ।

(ੲ) ਗਦਰੀਆਂ ਨੇ ਜਾਤ-ਪਾਤ ਦਾ ਖੰਡਨ ਕੀਤਾ। ਇਸੇ ਕਰਕੇ ਉਨ੍ਹਾਂ ਜਥੇਬੰਦੀ ਦੇ ਵਿਧਾਨ ਵਿਚ ਮਜਹਬ ਨੂੰ ਨਿਜੀ ਮਾਮਲੇ ਵਜੋਂ ਦਰਜ ਕੀਤਾ। ਛੂਆ-ਛੂਤ ਅਤੇ ਜਾਤ-ਪਾਤ ਵਿਚ ਯਕੀਨ ਰੱਖਣ ਵਾਲੇ ਦੀ ਮੈਂਬਰੀ 'ਤੇ ਰੋਕ ਲਾਈ ਗਈ। ਗਦਰ ਪਾਰਟੀ ਨੇ ਭਾਵੇਂ ਜਾਤ-ਪਾਤ ਖਿਲਾਫ ਬਹੁਤ ਵੱਡੇ ਘੋਲ ਨਹੀਂ ਲੜੇ ਅਤੇ ਨਾ ਹੀ ਇਸ ਸਮੱਸਿਆ ਨੂੰ ਏਜੰਡੇ ਦੇ ਰੂਪ ਵਿਚ ਉਭਾਰਿਆ, ਪਰ ਉਨ੍ਹਾਂ ਇਸ ਬੁਰਾਈ ਤੋਂ ਅੱਖਾਂ ਵੀ ਨਾ ਮੀਚੀਆਂ। ਘੱਟੋ-ਘੱਟ ਉਨ੍ਹਾਂ ਆਪਣੇ ਵਿਧਾਨ ਵਿਚ ਇਸ ਨਾਮੁਰਾਦ ਬਿਮਾਰੀ 'ਤੇ ਰੋਕ ਲਾਈ ਹੋਈ ਸੀ।

(ਸ) ਉਸ ਸਮੇਂ ਕਾਂਗਰਸ ਪਾਰਟੀ ਅਤੇ ਦੇਸੀ ਰਾਜੇ ਅੰਗਰੇਜ਼ ਹਕੂਮਤ ਨੂੰ ਪਹਿਲੇ ਸੰਸਾਰ ਯੁੱਧ ਵਿਚ ਮਾਲੀ ਅਤੇ ਸੈਨਿਕ ਮਦਦ ਦੇ ਰਹੇ ਸਨ। ਉਸ ਵਕਤ ਗਦਰ ਪਾਰਟੀ ਹਥਿਆਰਬੰਦ ਸੰਘਰਸ਼ ਦਾ ਸੰਕਲਪ ਲੈ ਕੇ ਆਉਂਦੀ ਹੈ ਅਤੇ ਅੰਗਰੇਜ਼ ਸਾਮਰਾਜੀਆਂ ਨੂੰ ਯੁੱਧ ਵਿਚ ਫਸੇ ਦੇਖ ਕੇ ਘੇਰਾ ਪਾਉਣਾ ਚਾਹੁੰਦੀ ਹੈ। ਉਹ ਅੰਗਰੇਜ਼ ਹਕੂਮਤ ਨੂੰ ਹਥਿਆਰਬੰਦ ਯੁੱਧ ਰਾਹੀਂ ਖਤਮ ਕਰਕੇ ਭਾਰਤੀ ਲੋਕਾਂ ਦੀ ਸੱਤਾ ਕਾਇਮ ਕਰਨਾ ਚਾਹੁੰਦੀ ਹੈ।

(ਹ) ਪੰਜਵੀਂ ਧਾਰਨਾ ਕੌਮਾਂਤਰੀਵਾਦ ਦੀ ਸੀ। ਇਹ ਇਕੋ-ਇਕ ਪਾਰਟੀ ਹੋਈ ਹੈ, ਜੋ ਇਕੱਲੀ ਦੇਸ਼ ਦੀ ਆਜ਼ਾਦੀ ਦੀ ਲੜਾਈ ਹੀ ਨਹੀਂ ਸੀ ਲੜ ਰਹੀ, ਸਗੋਂ ਦੁਨੀਆਂ ਭਰ ਦੇ ਦੇਸ਼ਾਂ ਵਿਚ ਸਾਮਰਾਜ ਵਿਰੁਧ ਕੌਮਪ੍ਰਸਤਾਂ ਤੇ ਦੇਸ਼ ਭਗਤਾਂ ਨਾਲ ਇਕਮੁੱਠਤਾ ਪੈਦਾ ਕਰ ਰਹੀ ਸੀ ਅਤੇ ਉਨ੍ਹਾਂ ਦੇ ਸੰਗਰਾਮਾਂ ਦੀ ਹਮਾਇਤ ਕਰ ਰਹੀ ਸੀ। ਗਦਰ ਪਾਰਟੀ ਦੀ ਵੱਡੀ ਦੇਣ ਇਹ ਹੈ ਕਿ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਨੂੰ ਸਾਰੀ ਦੁਨੀਆਂ ਦੇ ਗੁਲਾਮ ਲੋਕਾਂ ਦਾ ਸੰਘਰਸ਼ ਬਣਾ ਦਿੱਤਾ। ਇਹ ਲਹਿਰ ਕੌਮਾਂਤਰੀ ਗੈਰ-ਫਿਰਕੂ, ਧਰਮ ਨਿਰਪੱਖ ਅਤੇ ਸੁਤੰਤਰਤਾ ਦਾ ਚਾਨਣ ਮੁਨਾਰਾ ਹੋ ਕੇ ਸਾਰੀ ਦੁਨੀਆਂ ਵਿਚ ਫੈਲ ਗਈ। ਗਦਰ ਪਾਰਟੀ ਆਪਣੀਆਂ ਲਿਖਤਾਂ ਵਿਚ ਮੁਲਕ ਦੇ ਮਜਹਬੀ ਝਗੜਿਆਂ ਤੋਂ ਲੋਕਾਂ ਨੂੰ ਦੂਰ ਰਹਿਣ ਦੀ ਸਮਝ ਦੇ ਕੇ ਅੰਗਰੇਜ਼ੀ ਹਕੂਮਤ ਦੀਆਂ ਜੜ੍ਹਾਂ ਪੁੱਟਣਾ ਚਾਹੁੰਦੀ ਸੀ।

(ਕ) ਗਦਰੀ ਦੇਸ਼ ਭਗਤਾਂ ਨੇ ਸੁਧਾਰਵਾਦ ਅਤੇ ਕਾਨੂੰਨਵਾਦ ਦਾ ਖੰਡਨ ਕੀਤਾ। ਉਹ ਕਾਨੂੰਨੀ ਘੋਲਾਂ ਨੂੰ ਵਰਤਣ ਦੇ ਪੱਖ ਵਿਚ ਸਨ, ਪਰ ਸਾਰੀ ਤਾਕਤ ਇਨ੍ਹਾਂ ਦੁਆਲੇ ਨਹੀਂ ਸਨ ਲਾਉਂਦੇ। ਉਨ੍ਹਾਂ ਦੀ 6ਵੀਂ ਧਾਰਨਾ ਸੀ ਕਿ ਆਦਰਸ਼ਵਾਦੀ ਤੇ ਸੁਧਾਰਵਾਦੀ ਸਿਆਸਤ ਦੀ ਸੀਮਾ ਹੁੰਦੀ ਹੈ। ਉਹ ਇਸ ਦੇ ਸਮਾਨੰਤਰ ਸਾਰਥਕ ਤੇ ਜੁਝਾਰੂ ਸਿਆਸਤ ਉਸਾਰਨ ਦੇ ਹੱਕ ਵਿਚ ਸਨ।

ਗਦਰ ਲਹਿਰ ਦੇ ਸਿਆਸੀ ਸਰੋਕਾਰਾਂ ਦੀ ਸਾਰਥਕਤਾ ਅੱਜ ਵੀ ਬਣੀ ਹੋਈ ਹੈ। ਗਦਰ ਲਹਿਰ ਦੀਆਂ ਉਕਤ ਧਾਰਨਾਵਾਂ ਅੱਜ ਵੀ ਇਨਕਲਾਬੀ ਜਮਹੂਰੀ ਲਹਿਰ ਲਈ ਪ੍ਰਸੰਗਕ ਹਨ। ਅੱਜ ਵੀ ਦੇਸ਼ ਦੇ ਹਾਲਾਤ ਮੰਦੜੇ ਹਨ। ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਬੇਈਮਾਨੀ ਆਦਿ ਅਲਾਮਤਾਂ ਦੇਸ਼ ਨੂੰ ਜੱਫਾ ਮਾਰੀ ਬੈਠੀਆਂ ਹਨ। ਕੋਈ ਸਮਾਂ ਸੀ, ਜਦੋਂ ਇਕ ਈਸਟ ਇੰਡੀਆ ਕੰਪਨੀ ਦੇਸ਼ ਵਿਚ ਵਪਾਰ ਕਰਨ ਆਈ ਸੀ ਤੇ ਸਾਰੇ ਦੇਸ਼ 'ਤੇ ਕਬਜ਼ਾ ਕਰਕੇ ਬੈਠ ਗਈ ਸੀ; ਅੱਜ ਸੈਂਕੜਿਆਂ ਦੀ ਗਿਣਤੀ ਵਿਚ ਵਿਦੇਸ਼ੀ ਕੰਪਨੀਆਂ ਦੇਸ਼ ਵਿਚ ਲੁੱਟ ਖਸੁੱਟ ਕਰ ਰਹੀਆਂ ਹਨ। ਕਾਰਪੋਰੇਟ ਘਰਾਣੇ ਰਾਜ ਕਰ ਰਹੇ ਹਨ। ਵਿਦਿਆ ਤੇ ਰੁਜ਼ਗਾਰ ਦਾ ਹੱਕ ਮਾਰਿਆ ਗਿਆ ਹੈ ਅਤੇ ਸਿਹਤ ਸਹੂਲਤਾਂ ਨੂੰ ਸੰਨ੍ਹ ਲੱਗ ਗਈ ਹੈ। ਬੱਚੀਆਂ ਤੇ ਬੱਚੇ ਸੁਰੱਖਿਅਤ ਨਹੀਂ ਹਨ। ਗੱਭਰੂ ਅਤੇ ਮੁਟਿਆਰਾਂ ਦਾ ਕੋਈ ਭਵਿੱਖ ਨਜ਼ਰ ਨਹੀਂ ਆ ਰਿਹਾ।

ਉਸ ਵਕਤ ਬੁਨਿਆਦੀ ਵਿਰੋਧ ਅੰਗਰੇਜ਼ ਸਾਮਰਾਜ ਅਤੇ ਭਾਰਤੀ ਜਨਤਾ ਵਿਚਾਲੇ ਸੀ। ਹੁਣ ਵਿਰੋਧ ਵਿਦੇਸ਼ੀ ਸਾਮਰਾਜ, ਉਸ ਦੇ ਦੇਸੀ ਪਿੱਠੂਆਂ ਅਤੇ ਗਰੀਬ ਜਨਤਾ ਵਿਚਾਲੇ ਹੈ। ਇਹ ਦੋਨੋਂ ਰਲ ਕੇ ਇਸ ਬੁਨਿਆਦੀ ਵਿਰੋਧ 'ਤੇ ਪਰਦਾ ਪਾਉਣ ਲਈ ਲੋਕਾਂ ਨੂੰ ਮੱਕੜਜਾਲ ਵਿਚ ਫਸਾ ਕੇ, ਸੁਪਨੇ ਦਿਖਾ ਕੇ, ਧਰਮ-ਜਾਤ-ਇਲਾਕੇ ਵਿਚ ਵੰਡ ਕੇ ਰਾਜ ਕਰ ਰਹੇ ਹਨ। ਉਸ ਵਕਤ ਵੀ ਇਹੀ ਹਥਿਆਰ ਵਰਤਿਆ ਜਾ ਰਿਹਾ ਸੀ, ਅੱਜ ਵੀ ਧੜੱਲੇ ਨਾਲ ਇਸ ਦੀ ਵਰਤੋਂ ਹੋ ਰਹੀ ਹੈ। ਅੱਜ ਭਾਰਤੀ ਲੋਕਾਂ ਨੂੰ ਇਹ ਗੱਲ ਮਹਿਸੂਸ ਕਰ ਲੈਣੀ ਚਾਹੀਦੀ ਹੈ। ਜੇ ਭਾਰਤ ਦੇ ਲੋਕ ਮੁਸ਼ਕਿਲਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ, ਇੱਜਤ ਤੇ ਮਾਣ ਨਾਲ ਜਿਉਣਾ ਚਾਹੁੰਦੇ ਹਨ, ਆਪਣੇ ਜਿਉਣ ਹਾਲਾਤ ਬਿਹਤਰ ਬਣਾਉਣਾ ਚਾਹੁੰਦੇ ਹਨ, ਤਦ ਉਨ੍ਹਾਂ ਨੂੰ ਗਦਰੀ ਯੋਧਿਆਂ ਤੋਂ ਸੇਧ ਲੈਣ ਦੀ ਲੋੜ ਹੈ। ਗਦਰੀ ਸਿਆਸਤ ਤੋਂ ਸੇਧ ਲੈ ਕੇ ਹੀ ਉਹ ਇਨਕਲਾਬ ਦੇ ਝੰਡੇ ਗੱਡ ਸਕਦੇ ਹਨ।

###

## ਜਵਾਨਾਂ ਨੂੰ ਲੋਰੀ

ਨਸ਼ਿਆਂ ਦੀ ਭਰਮਾਰ ਬੜੀ ਏਥੇ
ਬਚ ਕੇ ਰਹੋ, ਨੇੜੇ ਨਾ ਜਾਇਓ।
ਵਕਤ ਲਿਖਣ ਤੇ ਪੜ੍ਹਨ ਦਾ ਤੁਹਾਡਾ
ਭੰਗ ਭਾਣੇ ਨਾ ਵਿਅਰਥ ਗਵਾਇਓ।

ਮਹਿੰਗੀਆਂ ਕਾਰਾਂ ਝੂਠੀ ਸ਼ੁਹਰਤ
ਵਾਲਿਆਂ ਦੀ ਨਾ ਗੱਲ ਵਿਚ ਆਇਓ।
ਕਲਮ ਦੀ ਥਾਂ ਪਕੜ ਕੇ ਪਿਸਟਲ
ਐਵੇਂ ਨਾ ਫੁਕਰੇ ਅਖਵਾਇਓ।

ਮੈਂ ਚਾਹੁੰਨਾ ਹਾਂ ਮੇਰੇ ਬੱਚਿਓ
ਪੜ੍ਹ-ਲਿਖ ਕੇ ਇਨਸਾਨ ਕਹਾਇਓ।
ਏਸ ਮੁਲਕ ਦੀ ਹੋਵੇ ਤਰੱਕੀ
ਵਧ-ਚੜ੍ਹ ਇਸ ਵਿਚ ਹਿੱਸਾ ਪਾਇਓ।

ਸਬਰ ਅਤੇ ਸੰਤੋਖ 'ਚ ਰਹਿ ਕੇ
ਗੁਰੂ ਨਾਨਕ ਦੀ ਸਿੱਖੀ ਅਪਨਾਇਓ।
ਕਿਰਤ ਕਮਾਉਣੀ ਦਸਾਂ ਨਹੁੰਆਂ ਦੀ
ਵੰਡ ਕੇ ਛਕਿਓ ਅਤੇ ਛਕਾਇਓ।

ਵਹਿਣੀ ਵਾਲਿਆ ਦਿਆਲ ਕਹੇ
ਤੁਸੀਂ ਆਪਣਾ ਜੀਵਨ ਸਫਲ ਬਣਾਇਓ।
ਆਸਾਂ ਲਾਈ ਬੈਠੇ ਮਾਪੇ
ਉਨ੍ਹਾਂ ਨੂੰ ਵੀ ਸੁਰਗ ਵਿਖਾਇਓ।

*-ਹਰਦਿਆਲ ਸਿੰਘ ਚੀਮਾ*
*ਫੋਨ: 206-734-0794*

ਲੋਕ ਧਾਰਾ

# ਅਦਭੁਤ ਲੋਕ ਕਾਵਿ ਰੂਪ ਥਾਲ

ਥਾਲ ਪੰਜਾਬੀ ਲੋਕ ਗੀਤਾਂ ਦਾ ਇੱਕ ਅਜਿਹਾ ਖੇਡ ਰੂਪ ਹੈ, ਜੋ ਬਚਪਨ ਨੂੰ ਟੱਪ ਕੇ ਜਵਾਨੀ ਦੀਆਂ ਬਰੂਹਾਂ 'ਤੇ ਖੜੋਤੀਆਂ ਪੰਜਾਬ ਦੀਆਂ ਮੁਟਿਆਰਾਂ ਖੇਡਦੀਆਂ ਅਤੇ ਨਾਲੋ ਨਾਲ ਗਾਉਂਦੀਆਂ ਹਨ, ਜਿਸ ਨੂੰ ਥਾਲ ਪਾਉਣਾ ਆਖਿਆ ਜਾਂਦਾ ਹੈ। ਇਹ ਪੰਜਾਬੀ ਕੁੜੀਆਂ ਦੀ ਹਰਮਨ ਪਿਆਰੀ ਖੇਡ ਹੈ। ਉਂਜ ਜਵਾਨ ਕੁੜੀਆਂ ਆਪਣੀਆਂ ਭੈਣਾਂ ਨਾਲ ਤੇ ਨਵ-ਵਿਆਹੀਆਂ ਨਨਾਣਾਂ ਨਾਲ ਰਲ ਕੇ ਥਾਲ ਪਾਉਂਦੀਆਂ ਹਨ। ਬਾਲੜੀਆਂ ਵੀ ਆਪਣੇ ਨਿੱਕੇ ਵੀਰਾਂ-ਭੈਣਾਂ ਨੂੰ ਖਿਡਾਉਂਦੀਆਂ ਰੋੜਿਆਂ ਦੀ ਖੇਡ ਦੇ ਨਾਲ ਹੀ ਇਹ ਖੇਡ ਖੇਡਣ ਲੱਗ ਜਾਂਦੀਆਂ ਹਨ। ਇਹ ਖੇਡ ਆਮ ਤੌਰ 'ਤੇ ਦੁਪਹਿਰ ਸਮੇਂ ਘਰਾਂ ਦੇ ਦਲਾਨਾਂ ਵਿਚ ਖੇਡੀ ਜਾਂਦੀ ਹੈ।



ਥਾਲ ਸੱਤਾਂ ਤੈਹਾਂ (ਪਰਦਿਆਂ) ਵਾਲੀ ਲੀਰਾਂ ਦੀ ਧਾਗਿਆਂ ਨਾਲ ਗੁੰਦੀ ਹੋਈ ਗੇਂਦ ਨਾਲ ਖੇਡੇ ਜਾਂਦੇ ਹਨ, ਜਿਸ ਨੂੰ

**ਸੁਖਦੇਵ ਮਾਦਪੁਰੀ**
ਫੋਨ: 91-94630-34472

ਖਿੱਦੋ ਜਾਂ ਖੇਹਨੂੰ ਵੀ ਕਿਹਾ ਜਾਂਦਾ ਹੈ। ਇਹਦੇ ਖੇਡਣ ਦਾ ਤਰੀਕਾ ਬਹੁਤ ਹੀ ਸੌਖਾ ਤੇ ਸਰਲ ਹੈ। ਇਹ ਖੇਡ ਕਈ ਕੁੜੀਆਂ ਰਲ ਕੇ ਖੇਡਦੀਆਂ ਹਨ। ਉਂਜ ਗਿਣਤੀ 'ਤੇ ਕੋਈ ਪਾਬੰਦੀ ਨਹੀਂ। ਆਮ ਤੌਰ 'ਤੇ ਇੱਕ ਤੋਂ ਵੱਧ ਕੁੜੀਆਂ ਇਹ ਖੇਡ ਖੇਡਦੀਆਂ ਹਨ। ਖੇਡ ਬੜੀ ਦਿਲਚਸਪ ਹੈ। ਖਿਡਾਰਨਾਂ ਅਰਧ ਚੱਕਰ ਵਿਚ ਧਰਤੀ 'ਤੇ ਬੈਠ ਜਾਂਦੀਆਂ ਹਨ। ਖੇਡ ਸ਼ੁਰੂ ਕਰਨ ਲਈ ਇੱਕ ਕੁੜੀ ਇੱਕ ਹੱਥ ਨਾਲ ਖਿੱਦੋ ਨੂੰ ਹਵਾ ਵਿਚ ਉਛਾਲਦੀ ਹੈ ਤੇ ਫੇਰ ਸੱਜੇ ਹੱਥ ਦੀ ਤਲੀ 'ਤੇ ਬੋਚ ਕੇ ਉਸ ਨੂੰ ਇਕਹਿਰੇ ਤਾਲ ਨਾਲ ਆਪਣੀ ਤਲੀ 'ਤੇ ਬੁੜ੍ਹਕਾਉਂਦੀ ਹੋਈ ਨਾਲੋ ਨਾਲ ਇਸੇ ਤਾਲ ਨਾਲ ਥਾਲ ਗੀਤ ਦੇ ਬੋਲ ਬੋਲਦੀ ਹੈ। ਅਰਧ ਚੱਕਰ ਵਿਚ ਬੈਠੀਆਂ ਕੁੜੀਆਂ ਉਸ ਵੱਲ ਉਤਸੁਕਤਾ ਨਾਲ ਵੇਖਦੀਆਂ ਹਨ ਅਤੇ ਉਨ੍ਹਾਂ ਦੀ ਨਿਗਾਹ ਬੁੜ੍ਹਕਦੀ ਹੋਈ ਖਿੱਦੋ 'ਤੇ ਟਿਕੀ ਹੁੰਦੀ ਹੈ। ਖਿੱਦੋ ਬੁੜ੍ਹਕਣ ਦਾ ਭਾਵ ਖਿੱਦੋ ਦੇ ਟੱਪੇ ਮਰਵਾਉਣਾ ਹੈ।

ਜਦੋਂ ਇੱਕ ਥਾਲ ਗੀਤ ਮੁਕ ਜਾਂਦਾ ਹੈ ਤਾਂ ਬਿਨਾ ਰੁਕੇ ਦੂਜੇ ਥਾਲ ਗੀਤ ਦੇ ਬੋਲ ਬੋਲੇ ਜਾਂਦੇ ਹਨ। ਇੰਜ ਦੂਜੇ ਪਿੱਛੋਂ ਤੀਜਾ ਤੇ ਤੀਜੇ ਪਿੱਛੋਂ ਚੌਥਾ ਥਾਲ ਤੇ ਇੰਜ ਹੀ ਥਾਲ ਦੇ ਬੋਲ ਬੋਲੇ ਜਾਂਦੇ ਹਨ। ਜੇ ਸੱਜਾ ਹੱਥ ਥੱਕ ਜਾਵੇ ਤਾਂ ਖੱਬੇ ਹੱਥ ਦੀ ਤਲੀ ਨਾਲ ਖਿੱਦੋ ਬੁੜ੍ਹਕਾਉਣ ਤੇ ਥਾਲ ਗਾਉਣ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਥਾਲਾਂ ਦੀ ਗਿਣਤੀ ਨਾਲੋ ਨਾਲ ਕੀਤੀ ਜਾਂਦੀ ਹੈ। ਜਿੱਥੇ ਵੀ ਖਿੱਦੋ ਡਿਗ ਪਵੇ, ਉਥੇ ਹੀ ਖੇਡਣ ਵਾਲੀ ਕੁੜੀ ਦੀ ਹਾਰ ਹੋ ਜਾਂਦੀ ਹੈ ਤੇ ਅਗਲੀ ਕੁੜੀ ਥਾਲ ਪਾਉਣੇ ਅਰੰਭ ਦਿੰਦੀ ਹੈ। ਇਸੇ ਤਰ੍ਹਾਂ ਵਾਰੋ ਵਾਰੀ ਸੱਭੇ ਕੁੜੀਆਂ ਥਾਲ ਪਾਉਂਦੀਆਂ ਹਨ। ਅਖੀਰ ਵਿਚ ਸਾਰੀਆਂ ਕੁੜੀਆਂ ਦੇ ਥਾਲਾਂ ਦੀ ਗਿਣਤੀ ਕੀਤੀ ਜਾਂਦੀ ਹੈ। ਜਿਸ ਕੁੜੀ ਨੇ ਸਭ ਤੋਂ ਵੱਧ ਥਾਲ ਪਾਏ ਹੋਣ, ਉਸ ਨੂੰ ਜੇਤੂ ਮੰਨਿਆ ਜਾਂਦਾ ਹੈ।

ਥਾਲਾਂ ਦੀ ਲੰਬਾਈ ਵਿਚ ਥੋੜ੍ਹਾ ਬਹੁਤਾ ਹੀ ਫਰਕ ਹੁੰਦਾ ਹੈ, ਪਰ ਇਹ ਗੀਤ ਖਿੱਦੋ ਦੀ ਗਤੀ ਅਨੁਸਾਰ ਇਕ ਖਾਸ ਸੁਰ ਤੇ ਤਾਲ ਨਾਲ ਗਾਏ ਜਾਂਦੇ ਹਨ। ਕਿੱਕਲੀ ਦੇ ਗੀਤਾਂ ਵਾਂਗ ਇਨ੍ਹਾਂ ਦੀ ਬਣਤਰ ਵੀ ਸੰਜਮੀ ਸ਼ਬਦਾਂ ਰਾਹੀਂ ਤੁਕਾਂਤ ਮੇਲ ਕੇ ਸਿਰਜੀ ਜਾਂਦੀ ਹੈ। ਗਾਉਣ ਵਾਲੀ ਕੁੜੀ ਆਪਣੀ ਕਲਪਨਾ ਅਨੁਸਾਰ ਸ਼ਬਦਾਂ ਦੀ ਘਾੜਤ ਘੜਦੀ ਹੈ।

ਥਾਲ ਪਾਉਂਦੀਆਂ ਕੁੜੀਆਂ ਦੀ ਉਮਰ ਬਚਪਨ ਅਤੇ ਜਵਾਨੀ ਦੇ ਵਿਚਾਲੇ ਹੋਣ ਕਰਕੇ ਉਨ੍ਹਾਂ ਦਾ ਸੰਸਾਰ ਆਪਣੇ ਭੈਣਾਂ-ਭਰਾਵਾਂ, ਭਰਜਾਈਆਂ ਅਤੇ ਆਪਣੇ ਮਾਂ-ਬਾਪ ਦੇ ਆਲੇ ਦੁਆਲੇ ਹੀ ਉਸਰਿਆ ਹੁੰਦਾ ਹੈ, ਇਸ ਲਈ ਉਹ ਆਪਣੇ ਥਾਲਾਂ ਦੇ ਗੀਤਾਂ ਵਿਚ ਉਨ੍ਹਾਂ ਦਾ ਜ਼ਿਕਰ ਵਾਰ ਵਾਰ ਕਰਦੀਆਂ ਹਨ। ਵੀਰਾਂ ਲਈ ਭੈਣਾਂ ਦਾ ਡੁੱਲ੍ਹ-ਡੁੱਲ੍ਹ ਪੈਂਦਾ ਪਿਆਰ ਅਤੇ ਆਪਣੇ ਮਾਂ ਬਾਪ ਪ੍ਰਤੀ ਮੋਹ ਦਾ ਪ੍ਰਗਟਾਵਾ ਕਰਦੀਆਂ ਕੁੜੀਆਂ ਦੇ ਬੋਲ ਹਵਾਵਾਂ ਵਿਚ ਮੋਹ ਮੁਹੱਬਤਾਂ ਦੀ ਸੁਗੰਧੀ ਬਿਖੇਰ ਦਿੰਦੇ ਹਨ। ਖਿੱਦੋ ਦੇ ਬੁੜ੍ਹਕਣ ਅਥਵਾ ਟੱਪਾ ਲਾਉਣ ਨਾਲ ਹੀ ਥਾਲ ਦੇ ਬੋਲ ਵਿਸ਼ੇਸ਼ ਤਾਲ ਦੇ ਸੁਰ ਵਿਚ ਸੁਣਦੇ ਹਨ। ਪਹਿਲਾ ਥਾਲ ਸ਼ੁਰੂ ਹੁੰਦਾ ਹੈ,

ਪਿਓ ਮੇਰਾ ਸ਼ਾਹੂਕਾਰ
ਸ਼ਾਹੂਕਾਰ ਨੇ ਬਾਗ ਲਵਾਇਆ
ਅੰਦਰੋਂ ਪਾਣੀ ਰੁੜ੍ਹਦਾ ਆਇਆ
ਰੁੜ੍ਹ ਰੁੜ੍ਹ ਪਾਣੀਆਂ
ਸੁਰਮੇ ਦਾਨੀਆਂ ਸੁਰਮਾ ਪਾਵਾਂ
ਕੱਜਲ ਪਾਵਾਂ ਪਾਵਾਂ ਫੁੱਲ ਗੁਲਾਬ ਦਾ
ਭਾਬੋ ਮੇਰੀ ਜ਼ੁਲਫਾਂ ਵਾਲੀ
ਵੀਰ ਮੇਰਾ ਸਰਦਾਰ
ਆਲ ਮਾਲ ਹੋਇਆ ਬੀਬੀ ਪਹਿਲਾ ਥਾਲ।

ਪਹਿਲਾ ਥਾਲ ਮੁੱਕਣ ਦੇ ਨਾਲ ਹੀ ਦੂਜਾ ਥਾਲ ਸ਼ੁਰੂ ਕਰਦੀ ਭੈਣ ਵੀਰ ਨੂੰ ਯਾਦ ਕਰਦੀ ਹੈ,

ਕੋਠੇ ਉਤੇ ਗੰਨਾ ਵੀਰ ਮੇਰਾ ਲੰਮਾ
ਭਾਬੋ ਮੇਰੀ ਪਤਲੀ ਜੀਹਦੇ ਨੱਕ ਮੱਛਲੀ
ਮੱਛਲੀ 'ਤੇ ਮੈਂ ਨਹਾਵਣ ਗਈਆਂ
ਲੰਡੇ ਪਿੱਪਲ ਹੇਠ
ਲੰਡਾ ਪਿੱਪਲ ਢੈ ਪਿਆ
ਮੱਛਲੀ ਆ ਗਈ ਹੇਠ
ਮੱਛਲੀ ਦੇ ਦੋ ਮਾਮੇ ਆਏ
ਮੇਰਾ ਆਇਆ ਜੇਠ
ਜੇਠ ਦੀ ਮੈਂ ਰੋਟੀ ਪਕਾ'ਤੀ
ਨਾਲ ਪਕਾਈਆਂ ਤੋਰੀਆਂ
ਅੱਲ੍ਹਾ ਮੀਆਂ ਭਾਗ ਲਾਏ
ਵੀਰਾਂ ਦੀਆਂ ਜੋੜੀਆਂ
ਆਲ ਮਾਲ, ਹੋਇਆ ਬੀਬੀ ਦੂਜਾ ਥਾਲ।

ਥਾਲਾਂ ਰਾਹੀਂ ਬੱਚਿਆਂ ਤੇ ਨਿੱਕੀਆਂ ਕੁੜੀਆਂ ਵਿਚ ਸਾਡੇ ਰਹਿਣ ਸਹਿਣ, ਕੰਮ ਧੰਦਿਆਂ ਅਤੇ ਸਾਕੇਦਾਰੀ ਪ੍ਰਬੰਧ ਤੇ ਖਾਣ-ਪੀਣ ਬਾਰੇ ਜਾਣਕਾਰੀ ਦਾ ਸੰਚਾਰ ਕੀਤਾ ਜਾਂਦਾ ਹੈ। ਇੰਜ ਖੇਡ ਖੇਡ ਵਿਚ ਹੀ ਥਾਲਾਂ ਦੇ ਥਾਲ ਪਾਏ ਜਾਂਦੇ ਹਨ। ਸੈਂਕੜਿਆਂ ਦੀ ਗਿਣਤੀ ਵਿਚ ਇਹ ਥਾਲ ਉਪਲਬਧ ਹਨ। ਸਾਡਾ ਆਲਾ ਦੁਆਲਾ ਇਨ੍ਹਾਂ ਵਿਚ ਵਿਦਮਾਨ ਹੈ। ਹਰ ਪ੍ਰਾਣੀ ਲਈ ਸਦਭਾਵਨਾ ਹੈ:

ਬਾਤ ਪਾਵਾਂ ਬਤੋਲੀ ਪਾਵਾਂ
ਬਾਤ ਨੂੰ ਲਾਵਾਂ ਕੁੰਡੇ
ਸਦਾ ਕੁੜੀ ਨੂੰ ਵਿਆਹੁਣ ਚੱਲੇ
ਚੌਂਹ ਕੂੰਟਾਂ ਦੇ ਮੁੰਡੇ
ਮੁੰਡਿਆਂ ਦੇ ਸਿਰ ਟੋਪੀਆਂ
ਜਿਉਣ ਸਾਡੀਆਂ ਝੋਟੀਆਂ
ਝੋਟੀਆਂ ਦੇ ਸਿਰ ਬੱਗੇ
ਜਿਉਣ ਸਾਡੇ ਢੱਗੇ
ਢੱਗਿਆਂ ਗਲ ਪੰਜਾਲੀ
ਜਿਉਣ ਸਾਡੇ ਹਾਲੀ
ਹਾਲੀ ਦੇ ਪੈਰ ਜੁੱਤੀ
ਜੀਵੇ ਸਾਡੀ ਕੁੱਤੀ
ਕੁੱਤੀ ਦੇ ਨਿਕਲਿਆ ਫੋੜਾ
ਜੀਵੇ ਸਾਡਾ ਘੋੜਾ
ਘੋੜੇ 'ਤੇ ਲਾਲ ਕਾਠੀ
ਜੀਵੇ ਸਾਡਾ ਹਾਥੀ
ਹਾਥੀ ਦੇ ਸਿਰ ਝਾਫੇ
ਜਿਉਣ ਸਾਡੇ ਮਾਪੇ
ਮਾਪਿਆਂ ਨੇ ਦਿੱਤਾ ਖੇਸ
ਜੀਵੇ ਸਾਡਾ ਦੇਸ
ਆਲ ਮਾਲ ਹੋਇਆ ਪੂਰਾ ਥਾਲ।

ਜਿਥੇ ਮਾਂ ਬਾਪ ਤੇ ਭਰਾਵਾਂ ਲਈ ਸਦਭਾਵਨਾ ਦਰਸਾਈ ਜਾਂਦੀ ਹੈ, ਉਥੇ ਸਾਕੇਦਾਰੀ ਵਿਚੋਂ ਸੱਸ-ਸਹੁਰਾ ਤੇ ਸਹੁਰੇ ਪਰਿਵਾਰ ਦਾ ਜ਼ਿਕਰ-ਏ-ਖੈਰ ਵੀ ਹੁੰਦਾ ਹੈ,

ਰਾਹ ਵਿਚ ਪੌੜੀ ਸੱਸ ਮੇਰੀ ਕੋਹੜੀ
ਸਹੁਰਾ ਮੇਰਾ ਮਿੱਠਾ ਜਮਾਲਪੁਰ ਡਿੱਠਾ
ਜਮਾਲਪੁਰ ਦੀਆਂ ਕੁੜੀਆਂ ਆਈਆਂ
ਨਣਦ ਕੁੜੀ ਨਾ ਆਈ
ਨਣਦ ਕੁੜੀ ਦਾ ਗਿੱਟਾ ਭੱਜਾ
ਹਿੰਗ ਜਮੈਣ ਲਾਈ ਤੂੰ ਨਾ ਲਾਈ
ਮੈਂ ਨਾ ਲਾਈ ਲਾ ਗਿਆ ਕਸਾਈ
ਤੇਰੇ ਪੇਕਿਆਂ ਦਾ ਨਾਈ
ਤੈਨੂੰ ਅਜੇ ਵੀ ਖਬਰ ਨਾ ਆਈ
ਆਲ ਮਾਲ, ਹੋਇਆ ਬੀਬੀ ਪੂਰਾ ਥਾਲ।

ਅਜਿਹਾ ਹੀ ਇਕ ਹੋਰ ਗੀਤ ਹੈ:

ਮਾਂ ਮਾਂ ਗੁੱਤ ਕਰ
ਧੀਏ ਧੀਏ, ਚੁੱਪ ਕਰ
ਮਾਂ ਮਾਂ ਵਿਆਹ ਕਰ
ਧੀਏ ਧੀਏ ਰਾਹ ਕਰ
ਮਾਂ ਮਾਂ ਜੰਞ ਆਈ
ਧੀਏ ਧੀਏ ਕਿੱਥੇ ਆਈ!
ਆਈ ਪਿੱਪਲ ਦੇ ਹੇਠ
ਨਾਲੇ ਸਹੁਰਾ ਨਾਲੇ ਜੇਠ
ਨਾਲੇ ਮਾਂ ਦਾ ਜਵਾਈ
ਖਾਂਦਾ ਲੁੱਚੀ ਤੇ ਕੜਾਹੀ
ਲੈਂਦਾ ਲੇਫ ਤੇ ਤਲਾਈ
ਪੀਂਦਾ ਦੁੱਧ ਤੇ ਮਲਾਈ
ਭੈੜਾ ਰੁੱਸ ਰੁੱਸ ਜਾਂਦਾ
ਸਾਨੂੰ ਸ਼ਰਮਾਂ ਪਿਆ ਦਵਾਂਦਾ
ਆਲ ਮਾਲ ਹੋਇਆ ਭੈਣੇ ਪੂਰਾ ਥਾਲ।




ਪਰਦੇਸੀਂ ਗਏ ਵੀਰਾਂ ਲਈ ਅਰਦਾਸਾਂ ਕਰਦੀ ਉਹ ਆਪਣੇ ਮਾਂ ਬਾਪ ਦੇ ਵਾਰੇ ਵਾਰੇ ਜਾਂਦੀ ਥਾਲ ਪਾਉਂਦੀ ਹੈ,

ਕੋਠੇ ਉਤੇ ਤਾਣੀ ਖੂਹ 'ਚ ਮਿੱਠਾ ਪਾਣੀ
ਬਾਬਲ ਮੇਰਾ ਰਾਜਾ ਅੰਬੜੀ ਰਾਣੀ
ਦੁੱਧ ਦੇਵਾਂ ਦਹੀਂ ਜਮਾਵਾਂ
ਵੀਰਾਂ ਦੀਆਂ ਦੂਰ ਬਲਾਵਾਂ
ਵੇਲ ਕੱਢਾਂ ਫੁੱਲ ਕੱਢਾਂ
ਕੱਢਾਂ ਮੈਂ ਕਸੀਦੜਾ
ਲਹਿਰਾਂ ਦੀ ਮੈਂ ਵੇਲ ਪਾਵਾਂ
ਰੰਗਾਂ ਦਾ ਬਗੀਚੜਾ
ਸਭ ਭਰਾਈਆਂ ਕੁੜੀਆਂ
ਆਰੇ ਪਾਰੇ ਜੁੜੀਆਂ
ਆਲ ਮਾਲ, ਹੋਇਆ ਪੂਰਾ ਥਾਲ।

ਲੰਬੇ ਆਕਾਰ ਦੇ ਗੀਤਾਂ ਤੋਂ ਇਲਾਵਾ ਵੀ ਨਿੱਕੀਆਂ ਬੱਚੀਆਂ ਛੋਟੇ ਆਕਾਰ ਦੇ ਥਾਲ ਪਾਉਂਦੀਆਂ ਹਨ,

ਪੈਲਾਂ ਪੂਲਾਂ ਪਾ ਕੇ
ਮੈਂ ਬੈਠੀ ਮੂਹੜਾ ਡਾਹ ਕੇ
ਵੀਰ ਆਇਆ ਨਹਾ ਕੇ
ਮੈਂ ਰੋਟੀ ਦਿੱਤੀ ਪਾ ਕੇ
ਵੀਰਾ ਖਾਣੀ ਏ ਤੇ ਖਾ
ਨਹੀਂ ਨੌਕਰੀ 'ਤੇ ਜਾ
ਆਲ ਮਾਲ ਹੋਇਆ ਬੀਬੀ ਪੂਰਾ ਥਾਲ।

ਇਸੇ ਤਰ੍ਹਾਂ ਦਾ ਇੱਕ ਹੋਰ ਥਾਲ ਹੈ,

ਕਿਣ ਮਿਣ ਕਿਣ ਮਿਣ ਅੰਮਾ
ਦੇਸ ਮੇਰਾ ਲੰਮਾ
ਦੇਸੀਂ ਪੀਂਘਾਂ ਪਾਈਆਂ
ਸਖੀਆਂ ਝੂਟਣ ਆਈਆਂ
ਸਖੀਆਂ ਦੇ ਗਲ ਮੋਤੀ
ਮੈਂ ਬੜੇ ਦਾਦੇ ਦੀ ਪੋਤੀ
ਮੇਰਾ ਦਾਦਾ ਰਹਿੰਦਾ ਉਚਾ
ਮੈਨੂੰ ਚੂੜਾ ਲਿਆਂਦਾ ਸੁੱਚਾ
ਆਲ ਮਾਲ ਹੋਇਆ ਬੀਬੀ ਪੂਰਾ ਥਾਲ।

ਕਈ ਕੁੜੀਆਂ ਤਾਂ ਲਗਾਤਾਰ ਖਿੱਦੋ ਬੁੜ੍ਹਕਾਈ ਜਾਂਦੀਆਂ ਹਨ ਤੇ ਨਾਲੋ ਨਾਲ ਥਾਲ ਪਾਈ ਜਾਂਦੀਆਂ ਹਨ। ਇੱਕ ਕੁੜੀ ਦੇ ਲਗਾਤਾਰ ਸੱਠ ਥਾਲ ਪਾਉਣ ਦਾ ਜ਼ਿਕਰ ਮਿਲਦਾ ਹੈ,

ਅੱਠ ਅਠੇਂਗਣ
ਬਾਰਾਂ ਬੈਂਗਣ
ਕੱਦੂ ਪੱਕਣ ਤੋਰੀਆਂ
ਘਟ ਲਿਆਵਾਂ ਬੋਰੀਆਂ
ਬੋਰੀ ਬੋਰੀ ਘਿਓ
ਜੀਵੇ ਰਾਜਾ ਪਿਓ
ਪਿਓ ਪੈਰੀਂ ਜੁੱਤੀ
ਜੀਵੇ ਕਾਲੀ ਕੁੱਤੀ
ਕਾਲੀ ਕੁੱਤੀ ਦੇ ਕਤੂਰੇ
ਮੇਰੇ ਸੱਭੇ ਥਾਲ ਪੂਰੇ
ਮੇਰਾ ਇਕ ਵੀ ਨਾ ਘੱਟ
ਮੇਰੇ ਹੋ ਗਏ ਪੂਰੇ ਸਠ
ਆਲ ਮਾਲ ਹੋਇਆ ਬੀਬੀ ਪੂਰਾ ਥਾਲ।

ਮਸ਼ੀਨੀਕਰਣ ਦੇ ਪ੍ਰਭਾਵ ਸਦਕਾ ਮਨੋਰੰਜਨ ਦੇ ਸਾਧਨ ਤਬਦੀਲ ਹੋ ਗਏ ਹਨ, ਜਿਸ ਕਰਕੇ ਥਾਲ ਪਾਉਣ ਦੀ ਪਰੰਪਰਾ ਵੀ ਖਤਮ ਹੋ ਗਈ ਹੈ। ਜਿਧਰ ਦੇਖੋ ਹੁਣ ਤਾਂ ਕੁੜੀਆਂ-ਮੁੰਡੇ ਸਭ ਸੈਲਫੋਨ ਫੜੀ ਹੀ ਨਜ਼ਰ ਆਉਂਦੇ ਹਨ। ਪੰਜਾਬ ਦੇ ਪੇਂਡੂ ਸਕੂਲਾਂ 'ਚ ਅੱਧੀ ਛੁੱਟੀ ਵੇਲੇ ਨਿੱਕੀਆਂ ਬਾਲੜੀਆਂ ਰਬੜ ਦੀ ਗੇਂਦ ਨਾਲ ਥਾਲ ਪਾਉਂਦੀਆਂ ਕਦੀ ਕਦੀ ਨਜ਼ਰ ਆਉਂਦੀਆਂ ਹਨ। ਸ਼ਹਿਰਾਂ ਵਿਚ ਤਾਂ ਇਹ ਪ੍ਰਥਾ ਖਤਮ ਹੋ ਗਈ ਹੈ, ਜਿਸ ਕਰਕੇ ਥਾਲ ਪਾਉਣ ਅਤੇ ਥਾਲ ਗੀਤ ਰੂਪ ਦੀ ਸਿਰਜਣ ਪ੍ਰਕ੍ਰਿਆ ਵੀ ਸਮਾਪਤ ਹੋ ਗਈ ਹੈ। ਥਾਲ ਗੀਤ ਰੂਪ ਸਾਡੇ ਲੋਕ ਸਾਹਿਤ ਦਾ ਅਮੁੱਲ ਖਜਾਨਾ ਹੈ। ਇਸ ਨੂੰ ਲਿਖਤੀ ਰੂਪ ਵਿਚ ਸਾਂਭਣ ਦੀ ਬੇਹਦ ਲੋੜ ਹੈ।

# ਥਾਲ

### ਛੀ ਛਾਂ, ਜੀਵੇ ਮਾਂ

ਛੀ ਛਾਂ, ਜੀਵੇ ਮਾਂ,
ਖੱਖੜੀਆਂ ਖਰਬੂਜੇ ਖਾਂ
ਖਾਂਦੀ ਖਾਂਦੀ ਕਾਬਲ ਜਾਂ,
ਕਾਬਲੋਂ ਆਂਦੀ ਗੋਰੀ ਗਾਂ
ਗੋਰੀ ਗਾਂ, ਗੁਲਾਬੀ ਵੱਛਾ,
ਮਾਰੇ ਸਿੰਗ ਤੁੜਾਵੇ ਰੱਸਾ
ਮੁੰਡੇ ਖੇਡਣ ਗੁਲੀ-ਡੰਡਾ,
ਕੁੜੀਆਂ ਚਿੜੀਆਂ ਨ੍ਹਾਉਂਦੀਆਂ
ਮਰਦ ਕਰਨ ਲੇਖਾ ਪੱਤਾ,
ਰੰਨਾਂ ਘਰ ਵਸਾਉਂਦੀਆਂ
ਆਲ ਮਾਲ ਹੋਇਆ ਥਾਲ।

---

### ਕੋਠੇ ਉਤੇ ਰੇਠੜਾ

ਕੋਠੇ ਉਤੇ ਰੇਠੜਾ
ਭੈਣ ਮੇਰੀ ਖੇਡਦੀ,
ਭਣੋਈਆ ਮੈਨੂੰ ਵੇਖਦਾ
ਵੇਖ ਲੈ ਵੇ ਵੇਖ ਲੈ
ਬਾਰੀ ਵਿਚ ਬਹਿਨੀਆਂ
ਛੰਮ ਛੰਮ ਰੋਨੀ ਆਂ
ਲਾਲਾ ਜੀ ਦੇ ਕੱਪੜੇ,
ਸਬੂਣ ਨਾਲ ਧੋਨੀ ਆਂ
ਸਬੂਣ ਗਿਆ ਉਡ ਪੁੱਡ,
ਲੈ ਨੀ ਭਾਬੋ ਮੋਤੀ ਚੁਗ
ਮੋਤੀਆਂ ਦਾ ਹਾਰ ਪਰੋਇਆ,
ਭਾਬੋ ਦੇ ਗਲ 'ਚ ਪਾਇਆ
ਭਾਬੋ ਮੇਰੀ ਸੋਹਣੀ ਮੋਹਣੀ,
ਜਿਦ੍ਹੇ ਮੱਥੇ ਦੌਣੀ
ਦੌਣੀ ਵਿਚ ਸਤਾਰਾ,
ਮੈਨੂੰ ਅਰਜਨ ਵੀਰ ਪਿਆਰਾ
ਅਰਜਨ ਦੀ ਵਹੁਟੀ ਡਿੱਠੀ ਏ
ਚੌਲਾਂ ਨਾਲੋਂ ਚਿੱਟੀ ਏ
ਕਲੀਆਂ ਨਾਲੋਂ ਸੂਹਣੀ ਏ,
ਪਤਾਸਿਆਂ ਨਾਲੋਂ ਮਿੱਠੀ ਏ
ਕੁੜੀਏ ਥਾਲ ਈ।

---

### ਪੀਂਘਾਂ ਪਈਆਂ ਉਚੀਆਂ

ਪੀਂਘਾਂ ਪਈਆਂ ਉਚੀਆਂ,
ਨਨਾਣਾਂ ਮੇਰੀਆਂ ਚੁਚੀਆਂ
ਨਣਾਨ ਵੀਰਾ ਕਾਣਾ,
ਉਸੇ ਹੱਟੀ ਜਾਣਾ
ਕੋਰੇ ਕੁੱਜੇ ਦਹੀਂ ਜਮਾਇਆ,
ਜਿੱਥੇ ਰੁੱਗ ਮਲਾਈ ਦਾ
ਜੇ ਤੂੰ ਮੇਰਾ ਸਕਾ ਦਿਉਰ,
ਘੁੰਡ ਚੁੱਕੇਂ ਭਰਜਾਈ ਦਾ
ਛੱਲਾ ਲੈ ਲੈ, ਛਾਪ ਲੈ ਲੈ,
ਇਹੋ ਘੁੰਡ ਲੁਹਾਈ ਦਾ
ਆਲ ਮਾਲ ਹੋਇਆ ਥਾਲ।

---

### ਰਾਵੀ ਹਿੱਲੇ ਜੁੱਲੇ

ਰਾਵੀ ਹਿੱਲੇ ਜੁੱਲੇ।
ਝਨਾਂ ਹਿੱਲੇ ਜੁੱਲੇ।
ਨਿਆਣੀਏਂ ਜਿੰਦੇ ਨੀ ਲੈ ਬੁੱਲੇ।
ਆਹੋ ਨੀ ਸਤਲੁਜ, ਆਪ ਪਿਆ ਨੱਚੇ,
ਆਹੋ ਨੀ ਮਾਂ ਦੇ ਬੋਲ ਡਾਢੇ ਸੱਚੇ।
ਬਿਆਸ ਪਾਵੇ ਗਿੱਧਾ,
ਨੀ ਸਾਡਾ ਰਾਹ ਸਿੱਧਾ।

ਨ੍ਹੇਰੀਆਂ ਰਾਤਾਂ ਲਿਸ਼ਕਣ ਤਾਰੇ,
ਉਠੋ ਨੀ ਭਾਬੀਓ, ਕੰਤ ਜਗਾਓ।
ਵੇਖੋ ਨੀ ਕਿੱਡਾ ਦਿਨ ਚੜ੍ਹਿਆ,
ਨੀ ਸਾਡੇ ਵੀਰ ਜਗਾਓ।
ਤਖਤ ਹਜ਼ਾਰਾ ਜਾਗਦਾ,
ਲਾਹੌਰ ਸ਼ਹਿਰ ਸੁੱਤਾ।
ਜਾਗ ਪਈ ਜਾਗ ਪਈ,
ਗਲੀ ਲਾਹੌਰ ਦੀ,
ਅੰਬਰਸਰ ਵੀ ਜਾਗ ਰਿਹਾ
ਸਵੀਂ ਨਾ ਵੇ ਸਵੀਂ ਨਾ,
ਵੇ ਕੰਮ ਹਾਕਾਂ ਮਾਰਦਾ।
ਬਿੰਨ੍ਹੋ ਕੁੜੀ ਦੇ ਕੰਨ, ਭਾਬੋ!
ਵਿਹੜੇ ਚੜ੍ਹਿਆ ਚੰਨ, ਭਾਬੋ!
ਆਲ ਮਾਲ, ਹੋਇਆ ਥਾਲ।

# ਉਜੜਦੇ ਬਾਗ

ਮਿਨੀ ਕਹਾਣੀ

"ਮੰਮੀ, ਅੱਜ ਤਾਂ ਆਪਾਂ ਇਸ ਤਰੁੰਡ-ਮਰੁੰਡ ਰੁੱਖ 'ਤੇ ਆਲ੍ਹਣਾ ਪਾਈ ਬੈਠੇ ਹਾਂ, ਜੇ ਇਨਸਾਨ ਇਸੇ ਤਰ੍ਹਾਂ ਰੁੱਖ ਕੱਟਦਾ ਰਿਹਾ ਤਾਂ ਆਪਣਾ ਕੀ ਬਣੂ?" ਚਿੜੀ ਦੇ ਬੱਚੇ ਨੇ ਆਸੇ-ਪਾਸੇ ਦਰੱਖਤਾਂ ਦੀ ਕਟਾਈ ਵੇਖ ਚਿੰਤਾ ਜਾਹਰ ਕੀਤੀ।



"ਕੋਈ ਨਾ ਬੱਚੇ, ਕੁਦਰਤ ਨਾਲ ਰਹਿਣਾ ਸਿੱਖ। ਇਹ ਜਿਹੜਾ ਇਨਸਾਨ ਬਹੁਤਾ ਸਿਆਣਾ ਬਣਿਆ ਫਿਰਦਾ, ਇੱਕ ਦਿਨ ਇਸ ਦਾ ਭੈੜਾ ਹਾਲ ਹੋਊ। ਆਹ ਜਿਹੜੇ ਡੱਬੇ ਜਿਹੇ ਘਰ ਠੰਢਾ ਕਰਨ ਵਾਲੇ ਲਾਈ ਬੈਠਾ, ਦਿਨ ਰਾਤ ਕੈਂਅ-ਕੈਂਅ ਕਰਾਈ ਜਾਂਦਾ। ਵੇਖੀਂ ਇੱਕ ਦਿਨ ਇਸ ਦਾ ਆਪਣਾ ਸਾਹ ਵੀ ਇਸੇ ਤਰ੍ਹਾਂ ਕੈਂਅ-ਕੈਂਅ ਕਰਦਾ ਹੀ ਆਊ।" ਚਿੜੀ ਨੇ ਬੱਚੇ ਨੂੰ ਆਪਣੇ ਖੰਭਾਂ ਥੱਲੇ ਕਰ ਲਿਆ।

"ਹੀ...ਹੀ...।" ਚਿੜੀ ਦਾ ਬੱਚਾ ਹੱਸਦਾ ਬੋਲਿਆ, "ਮੰਮੀ ਉਹ ਤਾਂ ਠੀਕ ਹੈ, ਪਰ ਸਰਦੀ ਅਤੇ ਬਾਰਸ਼ਾਂ ਵੇਲੇ ਦਾ ਤਾਂ ਕੁਝ ਸੋਚਣਾ ਪਊ।" ਬੱਚਾ ਆਪਣੇ ਘਰ ਲਈ ਚਿੰਤਿਤ ਸੀ।

"ਫਿਕਰ ਨਾ ਕਰ ਮੇਰੇ ਬੱਚੇ। ਸਾਹਮਣੇ ਜਿਹੜੇ ਵੱਡੇ-ਵੱਡੇ ਘਰ ਦੇਖ ਰਿਹਾਂ, ਇਨ੍ਹਾਂ ਸਭਨਾਂ ਦੇ ਬੱਚੇ ਲੰਮੀਆਂ ਉਡਾਰੀਆਂ ਮਾਰੀ ਜਾਂਦੇ ਨੇ। ਇਹ ਘਰ ਆਪਣੇ ਜੋਗੇ ਹੀ ਰਹਿ ਜਾਣਗੇ।" ਚਿੜੀ ਨੇ ਹੋ ਰਹੇ ਪਰਵਾਸ ਸਬੰਧੀ ਸਮਝਾਇਆ।

"ਮੰਮੀ, ਫਿਰ ਤਾਂ ਜਿਵੇਂ ਇਨਸਾਨ ਕਹਿੰਦਾ, ਇੱਥੇ ਉਲੂ ਬੋਲਣਗੇ।" ਬੱਚੇ ਨੇ ਸੁਣੀ-ਸੁਣਾਈ ਗੱਲ ਕੀਤੀ।

"ਬਸ ਇਹੋ ਸਮਝ ਲੈ। ਇਨ੍ਹਾਂ ਘਰਾਂ ਵਿਚ ਪੰਛੀਆਂ ਦੇ ਆਲ੍ਹਣੇ ਜਾਂ ਉਲੂਆਂ ਵਾਂਗ ਰਾਹਾਂ ਵੱਲ ਝਾਕਦੇ ਬਜੁਰਗ ਹੋਣਗੇ। ਗਿਆਂ ਨੇ ਸ਼ਾਇਦ ਕਦੇ ਨਹੀਂ ਮੁੜਨਾ।" ਚਿੜੀ ਨੇ ਖਾਲੀ ਘਰਾਂ ਦੀ ਵਿਥਿਆ ਜਾਹਰ ਕੀਤੀ।

ਹੁਣ ਚਿੜੀ ਦਾ ਬੱਚਾ ਘਰ ਵੱਲੋਂ ਨਿਸਚਿੰਤ ਹੋ ਸੌਂ ਗਿਆ ਸੀ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

# ਹਿੰਦੂ-ਮੁਸਲਮਾਨ ਰਿਸ਼ਤਿਆਂ ਦੀ ਕਹਾਣੀ

*ਸਾਲ 1947 ਵਿਚ ਭਾਰਤ ਦੀ ਆਜ਼ਾਦੀ ਮੌਕੇ ਭਾਵੇਂ ਮੁਲਕ ਦੀ ਵੰਡ ਹੋਈ ਸੀ, ਪਰ ਅਸਲ ਵਿਚ ਇਹ ਵੰਡ ਪੰਜਾਬ ਅਤੇ ਬੰਗਾਲ ਦੀ ਹੀ ਸੀ। ਆਬਾਦੀ ਦੇ ਤਬਾਦਲੇ ਦੌਰਾਨ ਬਹੁਤ ਵੱਡੇ ਪੱਧਰ ਉਤੇ ਸ਼ੁਰੂ ਹੋਏ ਫਸਾਦਾਂ ਨਾਲ ਲੱਖਾਂ ਪੰਜਾਬੀ ਕਤਲ ਹੋਏ, ਲੱਖਾਂ ਉਜੜ ਗਏ ਅਤੇ ਪੰਜਾਬ ਦੀਆਂ ਧੀਆਂ-ਭੈਣਾਂ ਨੇ ਉਹ ਮਾੜਾ ਵਕਤ ਹੰਢਾਇਆ, ਜਿਸ ਦੀ ਸੰਸਾਰ ਭਰ ਵਿਚ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਹੋਣੀ। ਉਹ ਬੁਰਾ ਵਕਤ ਅੱਜ ਤਕ ਪੰਜਾਬੀਆਂ ਦਾ ਪਿਛਾ ਕਰ ਰਿਹਾ ਹੈ। ਬਹੁਤ ਸਾਰੇ ਵਿਦਵਾਨਾਂ-ਖੋਜੀਆਂ ਨੇ ਇਸ ਵਕਤ ਬਾਰੇ ਕਲਮ ਵਾਹੀ ਹੈ, ਫਿਰ ਵੀ ਇਸ ਵਕਤ ਦੀਆਂ ਬਹੁਤ ਸਾਰੀਆਂ ਪਰਤਾਂ ਅਜੇ ਵੀ ਫਰੋਲੀਆ ਨਹੀਂ ਗਈਆਂ। ਪਰਮਜੀਤ ਢੀਂਗਰਾ ਨੇ ਆਪਣੇ ਇਸ ਲੇਖ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਆਪਸੀ ਰਿਸ਼ਤਿਆਂ ਬਾਰੇ ਗੱਲ ਕੀਤੀ ਹੈ, ਜੋ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*



ਡਾ. ਪਰਮਜੀਤ ਢੀਂਗਰਾ

ਭਾਰਤ-ਪਾਕਿਸਤਾਨ ਵੰਡ ਅਜਿਹਾ ਨਾਸੂਰ ਹੈ, ਜੋ ਸਦੀਆਂ ਤਕ ਰਿਸਦਾ ਰਹੇਗਾ। ਜਿਉਂ-ਜਿਉਂ ਇਤਿਹਾਸ ਦੇ ਪੰਨੇ ਖੁੱਲ੍ਹਦੇ ਜਾਣਗੇ, ਨਵੇਂ-ਨਵੇਂ ਸਵਾਲ ਪੈਦਾ ਹੁੰਦੇ ਰਹਿਣਗੇ। ਸਦੀਆਂ ਤੋਂ ਇਕੱਠੇ ਰਹਿੰਦੇ, ਇਕ ਦੂਜੇ ਨਾਲ ਵਰਤੋਂ ਵਿਹਾਰ ਵਿਚ ਸੰਵੇਦਨਾ ਪ੍ਰਗਟ ਕਰਦੇ ਲੋਕਾਂ ਵਿਚ ਰਾਤੋ-ਰਾਤ ਨਫਰਤ ਦੀ ਹਨੇਰੀ ਕਿਵੇਂ ਝੁੱਲ ਗਈ ਕਿ ਉਹ ਇਕ ਦੂਜੇ ਦੇ ਖੂਨ ਦੇ ਪਿਆਸੇ ਹੋ ਗਏ। ਇਕ ਦੂਜੇ ਨਾਲ ਸਬੰਧਾਂ ਵਿਚ ਆਏ ਨਿਘਾਰ ਦੀ ਨਿਸ਼ਾਨਦੇਹੀ ਇਤਿਹਾਸ ਨੂੰ ਘੋਖ ਕੇ ਹੀ ਕੀਤੀ ਜਾ ਸਕਦੀ ਹੈ।

ਦਰਅਸਲ, ਹਿੰਦੂ-ਮੁਸਲਿਮ ਸਬੰਧ ਮੱਧ ਕਾਲ ਤੋਂ ਬੜੇ ਸਹਿਜ ਰੂਪ ਵਿਚ ਚਲੇ ਆ ਰਹੇ ਸਨ। ਇਸ ਦਾ ਵੱਡਾ ਕਾਰਨ ਇਹ ਵੀ ਹੈ ਕਿ ਬਹੁਤ ਵੱਡੀ ਗਿਣਤੀ ਲੋਕ ਸੂਫੀ ਸੰਤਾਂ ਦੀ ਪ੍ਰੇਰਨਾ ਸਦਕਾ ਮੁਸਲਿਮ ਬਣੇ। ਇਨ੍ਹਾਂ ਸਬੰਧਾਂ ਵਿਚ ਤ੍ਰੇੜ ਉਸ ਵੇਲੇ ਉਭਰਨ ਲੱਗੀ, ਜਦੋਂ 1923-24 ਵਿਚ ਕਾਂਗਰਸ ਦੇ ਉਘੇ ਨੇਤਾ ਲਾਲਾ ਲਾਜਪਤ ਰਾਏ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਦੋ ਵੱਖ-ਵੱਖ ਕੌਮਾਂ ਮੰਨ ਲਿਆ। ਉਸੇ ਆਧਾਰ 'ਤੇ 1928-29 ਵਿਚ ਵਿਨਾਇਕ ਦਮੋਦਰ ਸਾਵਰਕਰ ਨੇ ਆਪਣੀ ਹਿੰਦੂਵਾਦੀ ਸੋਚ 'ਤੇ ਹਿੰਦੂ ਰਾਸ਼ਟਰ ਦੀ ਪਰਿਕਲਪਨਾ ਤਿਆਰ ਕੀਤੀ ਸੀ। ਇਸ ਤੋਂ ਅੱਗੇ ਡਾ. ਹੇਡਗੇਵਾਰ, ਗੁਰੂ ਗੋਲਵਲਕਰ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਮੁਸਲਮਾਨਾਂ ਨੂੰ ਹਿੰਦੋਸਤਾਨੀ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ। ਸੱਤਾ 'ਤੇ ਕਬਜ਼ਾ ਕਰਨ ਦੀ ਕਸ਼ਮਕਸ਼ ਵਿਚ ਹਿੰਦੂਆਂ ਦੇ ਵੱਡੇ ਜਾਗਰੂਕ ਵਰਗ ਨੇ ਇਸੇ ਫਾਰਮੂਲੇ ਨੂੰ ਅਪਨਾਇਆ। ਇਸੇ 'ਤੇ ਟੇਕ ਰੱਖਦਿਆਂ ਕਦੇ ਕਾਂਗਰਸ ਅਤੇ ਗੋਖਲੇ ਦੇ ਨੇੜੇ ਰਹੇ ਮੁਹੰਮਦ ਅਲੀ ਜਿਨਾਹ ਨੇ 1940 ਵਿਚ ਰਾਜਨੀਤੀ ਦੀ ਬਿਸਾਤ 'ਤੇ 'ਟੂ-ਨੇਸ਼ਨ' (ਦੋ ਕੌਮਾਂ) ਦੇ ਮੋਹਰੇ ਨੂੰ ਅੱਗੇ ਕਰ ਦਿੱਤਾ। ਅੰਗਰੇਜ਼ਾਂ ਨੇ ਵੀ ਇਸ ਸਿਧਾਂਤ ਨੂੰ ਮੰਨ ਲਿਆ, ਪਰ ਇਸ ਦਾ ਅੰਤਿਮ ਸਿੱਟਾ ਭਿਆਨਕ ਦੁਖਾਂਤ ਦੇ ਰੂਪ ਵਿਚ ਨਿਕਲਿਆ।

ਹੁਣ ਆਪਸੀ ਸਬੰਧ ਵਿਗੜਦੇ-ਵਿਗੜਦੇ ਹਾਲਾਤ ਅਜਿਹੇ ਹੋ ਗਏ ਕਿ ਅਕਸਰ ਲੋਕ ਕਹਿੰਦੇ ਸਨ ਕਿ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਏਕਤਾ ਸੰਭਵ ਨਹੀਂ; ਹਾਲਾਂਕਿ ਇਤਿਹਾਸ ਨੂੰ ਵਾਚਿਆਂ ਆਪਸੀ ਮਤਭੇਦਾਂ ਦੇ ਮੁਕਾਬਲੇ ਜੋੜਨ ਵਾਲੇ ਤੱਤ ਵੱਧ ਨਜ਼ਰ ਆਉਣਗੇ। ਇਨ੍ਹਾਂ ਵਿਚ ਇਤਿਹਾਸਕ ਵਿਰਾਸਤੀ ਸਾਂਝ, ਸੰਗੀਤ, ਵਾਸਤੂਕਲਾ, ਭਾਸ਼ਾ, ਸੂਫੀਆਂ ਦੇ ਪ੍ਰਵਚਨ, ਖਾਨਗਾਹਾਂ ਤੇ ਹੋਰ ਅਨੇਕਾਂ ਤੱਤ ਸ਼ਾਮਲ ਹਨ, ਜੋ ਭਾਰਤ ਦੇ ਬਹੁਵੰਨੇ ਸਭਿਆਚਾਰ ਦੀ ਨਿਸ਼ਾਨੀ ਹਨ। ਅਫਸੋਸ, ਸੱਤਾ ਦੇ ਲਾਲਚ ਅਤੇ ਆਪਸੀ ਬੇਵਿਸਾਹੀ ਨੇ ਇਨ੍ਹਾਂ ਤੱਤਾਂ ਨੂੰ ਮਲੀਆਮੇਟ ਕਰਨ ਵਿਚ ਚਿਰ ਨਹੀਂ ਲਾਇਆ। ਆਜ਼ਾਦ ਹਿੰਦੋਸਤਾਨ ਵਿਚ ਬਹੁਤ ਵਾਰ ਹਿੰਦੂ-ਮੁਸਲਿਮ ਦੰਗੇ ਹੋਏ, ਜਿਨ੍ਹਾਂ ਕਰਕੇ ਆਪਸੀ ਸਬੰਧਾਂ ਵਿਚਲੀ ਤ੍ਰੇੜ ਲਗਾਤਾਰ ਡੂੰਘੀ ਹੁੰਦੀ ਰਹੀ ਹੈ। ਪਾਕਿਸਤਾਨ ਵਿਚ ਹਿੰਦੂ, ਸਿੱਖ ਅਤੇ ਇਸਾਈ ਘੱਟਗਿਣਤੀਆਂ ਦੀ ਦੁਰਦਸ਼ਾ ਕਿਸੇ ਕੋਲੋਂ ਲੁਕੀ ਹੋਈ ਨਹੀਂ। ਕਈ ਮਾਮਲਿਆਂ ਵਿਚ ਗਊ ਰੱਖਿਆ ਦੇ ਨਾਂ 'ਤੇ ਘੱਟਗਿਣਤੀ ਫਿਰਕੇ ਦੇ ਲੋਕਾਂ ਨੂੰ ਜਾਨੋਂ ਮਾਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਗਿਆ।

ਬ੍ਰਿਟਿਸ਼ ਰਾਜ ਵੇਲੇ ਵੀ ਗਊ ਹੱਤਿਆ ਦਾ ਮਸਲਾ ਬੜਾ ਵੱਡਾ ਸੀ। ਦਰਅਸਲ, ਇਹ ਗਾਂ ਦੀ ਬਲੀ ਜਾਂ ਕੁਰਬਾਨੀ ਨਾਲ ਜੁੜਿਆ ਹੋਇਆ ਸੀ। ਉਦੋਂ ਪੰਡਿਤ ਮਦਨ ਮੋਹਨ ਮਾਲਵੀਆ ਨੇ ਵਿਚਲਾ ਰਾਹ ਕੱਢਦਿਆਂ ਸੁਝਾਅ ਦਿੱਤਾ ਸੀ ਕਿ ਜਿਥੇ-ਜਿਥੇ ਗਾਂ ਦੀ ਕੁਰਬਾਨੀ ਦੇਣ ਦੀ ਰਵਾਇਤ ਹੈ, ਉਥੇ ਦੇ ਦਿੱਤੀ ਜਾਵੇ ਤੇ ਇਸ ਵਿਚ ਹਿੰਦੂ ਰੋੜੇ ਨਾ ਅਟਕਾਉਣ ਪਰ ਜਿਨ੍ਹਾਂ ਨਵੀਆਂ ਥਾਂਵਾਂ ਦੀ ਚੋਣ ਕੁਰਬਾਨੀ ਲਈ ਕੀਤੀ ਗਈ ਹੈ, ਉਸ ਨੂੰ ਮੁਸਲਮਾਨ ਰੱਦ ਕਰ ਦੇਣ। ਇੰਜ ਕਰਨ ਨਾਲ ਦੋਹਾਂ ਵਿਚ ਸਮਝੌਤਾ ਤਾਂ ਹੋ ਗਿਆ, ਪਰ ਮਨਾਂ ਵਿਚ ਕੁੜਿੱਤਣ ਬਣੀ ਰਹੀ। ਸਿਆਸੀ ਲਾਲਸਾ ਪੂਰੀ ਕਰਨ ਲਈ ਜਦੋਂ ਧਰਮ ਨੂੰ ਹਥਿਆਰ ਬਣਾ ਲਿਆ ਗਿਆ ਤਾਂ ਨਫਰਤ ਦੀ ਹਨੇਰੀ ਸਿਖਰ 'ਤੇ ਪੁੱਜ ਗਈ।



*ਜਵਾਹਰਲਾਲ ਨਹਿਰੂ, ਲੂਈ ਮਾਊਂਟਬੈਟਨ, ਮੁਹੰਮਦ ਅਲੀ ਜਿਨਾਹ ਅਤੇ ਹੋਰ ਆਗੂ ਇਕ ਮੀਟਿੰਗ 'ਚ ਹਿੱਸਾ ਲੈਂਦੇ ਹੋਏ।*

ਉਂਜ, ਇਹ ਵੀ ਵਿਰੋਧਾਭਾਸ ਹੈ ਕਿ ਜੋ ਪਾਕਿਸਤਾਨ ਬਣਾਉਣ ਲਈ ਬਜ਼ਿੱਦ ਸਨ, ਉਹ ਕੋਈ ਧਾਰਮਿਕ ਬੰਦੇ ਨਹੀਂ ਸਨ। ਉਹ ਵਿਦੇਸ਼ਾਂ ਵਿਚ ਪੜ੍ਹੇ ਅਤੇ ਅੰਗਰੇਜ਼ੀ ਭਾਸ਼ਾ, ਸਾਹਿਤ ਤੇ ਇਤਿਹਾਸ ਦੇ ਜਾਣਕਾਰ ਸਨ। ਇਨ੍ਹਾਂ ਲੋਕਾਂ ਨੇ ਸਿਆਸੀ ਲਾਹੇ ਲਈ ਮਜ਼ਹਬ ਦੀ ਦੁਹਾਈ ਦਿੱਤੀ ਤੇ ਹਕੂਮਤ ਕਾਇਮ ਕੀਤੀ। ਇਤਿਹਾਸ ਗਵਾਹ ਹੈ ਕਿ ਸੂਫੀਆਂ ਦੀਆਂ ਖਾਨਗਾਹਾਂ ਤੇ ਮਜ਼ਾਰਾਂ ਦੇ ਦਰਵਾਜੇ ਹਮੇਸ਼ਾ ਆਮ ਲੋਕਾਂ ਲਈ ਖੁੱਲ੍ਹੇ ਰਹਿੰਦੇ ਸਨ। ਸਮਾਜ ਵਿਚ ਹਿੰਦੂਆਂ ਤੇ ਮੁਸਲਮਾਨਾਂ-ਦੋਹਾਂ ਨੂੰ ਇਨ੍ਹਾਂ ਪ੍ਰਤੀ ਪੂਰੀ ਸ਼ਰਧਾ ਸੀ। ਇਸ ਆਸਥਾ ਨੇ ਲੋਕਾਂ ਨੂੰ ਸਾਂਝ ਬਖਸ਼ੀ, ਪਰ ਜਦੋਂ ਸਿਆਸਤ ਨੇ ਧਰਮ ਦੇ ਓਹਲੇ ਵਿਚ ਵੱਢ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਹਿੰਦੂ ਅਤੇ ਮੁਸਲਮਾਨਾਂ ਵਿਚਲੇ ਅੰਤਰ ਪ੍ਰਤੱਖ ਨਜ਼ਰ ਆਉਣ ਲੱਗੇ।

ਰਿਸ਼ਤਿਆਂ ਨੂੰ ਤੋੜਨ ਵਿਚ ਇਕ ਹੋਰ ਇਤਿਹਾਸਕ ਘਟਨਾ ਦਾ ਹਵਾਲਾ ਮਿਲਦਾ ਹੈ। ਜਦੋਂ ਬੰਗਾਲ ਦੀ ਵੰਡ ਹੋਈ ਤਾਂ 'ਬੰਗ-ਭੰਗ ਅੰਦੋਲਨ' ਦੌਰਾਨ ਹਿੰਦੂ-ਪੁਨਰ ਜਾਗ੍ਰਿਤੀ ਦੇ ਨਾਅਰੇ ਲਾਏ ਗਏ। ਬੰਕਿਮ ਚੰਦਰ ਦੇ ਸਾਹਿਤ ਵਿਚ 'ਵੰਦੇ ਮਾਤਰਮ' ਨੂੰ ਜਿਸ ਧਾਰਮਿਕ ਸੁਰ ਅਤੇ ਸਿਆਸੀ ਪਿਛੋਕੜ ਵਿਚ ਪੇਸ਼ ਕੀਤਾ ਗਿਆ, ਉਸ ਦਾ ਮੁਸਲਮਾਨਾਂ 'ਤੇ ਨਾਂਹਪੱਖੀ ਪ੍ਰਭਾਵ ਪਿਆ। ਹਿੰਦੋਸਤਾਨ ਨੂੰ ਕਾਲੀ ਦੇਵੀ ਅਤੇ ਦੁਰਗਾ ਮਾਤਾ ਦੇ ਰੂਪ ਵਿਚ ਪੇਸ਼ ਕਰਕੇ ਭਾਰਤ ਮਾਤਾ ਦਾ ਦਰਜਾ ਦਿੱਤਾ ਗਿਆ, ਜਿਸ ਦਾ ਮੁਸਲਮਾਨਾਂ ਨੇ ਵਿਰੋਧ ਕੀਤਾ। ਇਸ ਨਾਲ ਲੋਕਾਂ ਦੇ ਜ਼ਿਹਨ ਵਿਚ ਭਾਰਤੀ ਦੀ ਥਾਂ 'ਹਿੰਦੂ' ਜਾਂ 'ਮੁਸਲਿਮ' ਹੋਣ ਦੀ ਭਾਵਨਾ ਪੱਕੀ ਹੁੰਦੀ ਗਈ।

1882-83 ਵਿਚ ਰਿਪਨ ਸੁਧਾਰਾਂ ਦੇ ਸਿੱਟੇ ਵਜੋਂ ਪੰਜਾਬ ਵਿਚ ਮਿਉਂਸਿਪਲ ਚੋਣਾਂ ਵੇਲੇ ਸੰਪਰਦਾਇਕ ਮਾਹੌਲ ਪੈਦਾ ਹੋਇਆ। ਕੁਝ ਥਾਂਈਂ ਧਾਰਮਿਕ ਪਛਾਣ ਨੂੰ ਮੁੱਖ ਰੱਖ ਕੇ ਸੀਟਾਂ ਦਿੱਤੀਆਂ ਗਈਆਂ। ਇਸ ਨਾਲ ਦੋਹਾਂ ਧਿਰਾਂ ਵਿਚ ਨਫਰਤ ਦੀ ਅੱਗ ਸੁਲਘਣ ਲੱਗੀ।

ਹਿੰਦੂ-ਮੁਸਲਿਮ ਰਿਸ਼ਤਿਆਂ ਵਿਚ ਆਈ ਬੇਗਾਨਗੀ ਬਾਰੇ ਕਈ ਹੋਰ ਤੱਤ ਵੀ ਦੇਖੇ ਜਾ ਸਕਦੇ ਹਨ। ਇਨ੍ਹਾਂ ਵਿਚ ਮੁੱਖ ਹਨ: ਧਾਰਮਿਕ ਕੱਟੜਤਾ, ਆਰਥਕਤਾ, ਸਿਆਸੀ ਉਚਤਾ ਅਤੇ ਸੱਤਾ 'ਤੇ ਕਾਬਜ਼ ਹੋਣ ਦੀ ਲਾਲਸਾ। ਕੁਝ ਚਿੰਤਕਾਂ ਨੇ ਇਨ੍ਹਾਂ ਦੀਆਂ ਜੜ੍ਹਾਂ ਹਿੰਦੂਆਂ ਅਤੇ ਮੁਸਲਮਾਨਾਂ ਵਲੋਂ ਆਧੁਨਿਕ ਰੁਝਾਨ ਨਾ ਅਪਨਾਏ ਜਾਣ ਵਿਚ ਲੱਭੀਆਂ ਹਨ। ਉਨ੍ਹਾਂ ਦਾ ਖਿਆਲ ਹੈ ਕਿ ਮੁਸਲਮਾਨਾਂ ਵਿਚ ਕੱਟੜ ਜਗੀਰੂ ਰੁਝਾਨ ਦੀਆਂ ਜੜ੍ਹਾਂ ਵੱਧ ਡੂੰਘੀਆਂ ਹਨ, ਇਸ ਕਰਕੇ ਉਹ ਆਧੁਨਿਕਤਾ ਤੋਂ ਲੰਮਾ ਸਮਾਂ ਦੂਰ ਰਹੇ। ਬ੍ਰਿਟਿਸ਼ ਰਾਜ ਦੀਆਂ ਬਰਕਤਾਂ ਨੂੰ ਉਨ੍ਹਾਂ ਨੇ ਬੜੀ ਦੇਰ ਬਾਅਦ ਸਮਝਿਆ।

ਇਸ ਬਾਰੇ ਪੰਡਿਤ ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ ਹਿੰਦੂਆਂ ਤੇ ਮੁਸਲਮਾਨਾਂ ਦੀ ਮੱਧਵਰਗੀ ਜਮਾਤ ਵਿਚ ਇਕ ਪੀੜ੍ਹੀ ਜਾਂ ਇਸ ਤੋਂ ਵੱਧ ਦਾ ਫਰਕ ਹਮੇਸ਼ਾਂ ਰਿਹਾ ਹੈ ਤੇ ਇਹ ਫਰਕ ਅੱਜ ਵੀ ਸਿਆਸੀ, ਆਰਥਕ ਤੇ ਜ਼ਿੰਦਗੀ ਦੇ ਹੋਰ ਖੇਤਰਾਂ ਵਿਚ ਦੇਖਿਆ ਜਾ ਸਕਦਾ ਹੈ। ਇਸੇ ਫਰਕ ਤੇ ਪੱਛੜੇਪਣ ਨੇ ਮੁਸਲਮਾਨਾਂ 'ਚ ਅਹਿਸਾਸ-ਏ-ਕਮਤਰੀ ਅਤੇ ਖੌਫ ਦੀ ਮਾਨਸਿਕਤਾ ਪੈਦਾ ਕਰ ਦਿੱਤੀ।

ਦੋਹਾਂ ਫਿਰਕਿਆਂ ਵਿਚ ਸੁਲਘਦੀ ਨਫਰਤ ਦੀ ਅੱਗ ਨੇ ਸਪਸ਼ਟ ਕਰ ਦਿੱਤਾ ਕਿ ਭਾਵੇਂ ਉਤੋਂ ਸਭ ਕੁਝ ਠੀਕ ਠਾਕ ਲੱਗਦਾ ਸੀ, ਪਰ ਅੰਦਰ ਬੇਵਿਸਾਹੀ ਤੇ ਨਫਰਤ ਦੇ ਸੱਪ ਵਿਸ ਘੋਲ ਰਹੇ ਸਨ। ਦੋਹਾਂ ਦਾ ਨਿਬੇੜਾ ਕਰਨ ਲਈ ਹੀ ਦੇਸ਼ ਵੰਡ ਨੂੰ ਅਮਲੀ ਜਾਮਾ ਪੁਆਇਆ ਗਿਆ। ਇਸ ਬਾਰੇ ਡਾ. ਰਾਮ ਮਨੋਹਰ ਲੋਹੀਆ ਦਾ ਕਥਨ ਬੜਾ ਸਟੀਕ ਹੈ: ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਦੰਗੇ ਰੋਕਣ ਲਈ ਦੇਸ਼ ਦੀ ਵੰਡ ਹੋਈ। ਦੇਸ਼ ਦੀ ਵੰਡ ਕਾਰਨ ਉਹੀ ਚੀਜ਼ ਇੰਨੇ ਭਿਅੰਕਰ ਰੂਪ ਵਿਚ ਪੈਦਾ ਹੋਈ, ਜਿਸ ਤੋਂ ਬਚਣ ਲਈ ਵੰਡ ਨੂੰ ਸਵੀਕਾਰ ਕੀਤਾ ਗਿਆ ਸੀ। ਅਜਿਹੀ ਹਾਲਤ ਦੀ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ, ਜਿਸ ਨੂੰ ਦੇਖ ਕੇ ਮਨੁੱਖ ਦੀ ਅਕਲ ਅਤੇ ਚਿੰਤਨ 'ਤੇ ਸ਼ੱਕ ਹੋਣ ਲੱਗੇ।




*ਸੰਤਾਲੀ ਦੀ ਵੰਡ ਸਮੇਂ ਹੋਏ ਕਤਲੋਗਾਰਤ ਦੌਰਾਨ ਵਿਛੇ ਲਾਸ਼ਾਂ ਦੇ ਢੇਰ*

ਅਮਰੀਕਾ ਦੇ ਰਸਾਲੇ 'ਲਾਈਫ' ਦੀ ਪੱਤਰਕਾਰ ਮਾਰਗਰੇਟ ਬਰੁਕ ਵ੍ਹਾਈਟ 1947 ਵਿਚ ਹਿੰਦੋਸਤਾਨ ਵਿਚ ਰਿਪੋਰਟਿੰਗ ਅਤੇ ਫੋਟੋਗ੍ਰਾਫੀ ਲਈ ਆਈ ਸੀ। ਉਹ ਲਿਖਦੀ ਹੈ: ਜਿਸ ਸਮੇਂ ਮੈਂ ਫੋਟੋਆਂ ਖਿੱਚਣੀਆਂ ਸ਼ੁਰੂ ਕੀਤੀਆਂ, ਉਸ ਸਮੇਂ ਤਕ ਪੰਜਾਹ ਲੱਖ ਤੋਂ ਵੱਧ ਲੋਕ ਏਧਰ ਓਧਰ ਜਾ ਚੁਕੇ ਸਨ। ਆਜ਼ਾਦੀ ਦਾ ਸਭ ਤੋਂ ਪਹਿਲਾ ਕੌੜਾ ਫਲ ਇਨ੍ਹਾਂ ਕਰੋੜਾਂ ਲੁੱਟੇ-ਪੁੱਟੇ, ਬਰਬਾਦ ਹੋ ਚੁਕੇ ਲੋਕਾਂ ਨੂੰ ਚੱਖਣ ਲਈ ਮਿਲ ਰਿਹਾ ਸੀ। ਆਜ਼ਾਦੀ ਦੀ ਲੰਮੀ ਲੜਾਈ ਦੇ ਅਖੀਰਲੇ ਦਿਨਾਂ ਵਿਚ ਦੋ ਕੌਮਾਂ ਦੀ ਵਿਚਾਰਧਾਰਾ ਨੇ ਜ਼ੋਰ ਫੜਿਆ। ਆਜ਼ਾਦੀ ਦੀ ਲੜਾਈ ਵਿਚ ਕਰੀਬ ਸਾਰੀਆਂ ਧਾਰਮਿਕ ਇਕਾਈਆਂ ਨਾਲ ਜੁੜੇ ਲੋਕਾਂ ਨੇ ਸਮੂਹਿਕ ਰੂਪ ਵਿਚ ਅਹਿਮ ਰੋਲ ਅਦਾ ਕੀਤਾ, ਪਰ ਅੰਤ ਵਿਚ ਉਨ੍ਹਾਂ ਨੂੰ ਦੇਸ਼ ਦੀ ਵੰਡ ਲਈ ਮਜਬੂਰ ਹੋਣਾ ਪਿਆ ਅਤੇ ਅਜਿਹਾ ਨਕਸ਼ਾ ਸਾਹਮਣੇ ਆਇਆ, ਜਿਸ ਵਿਚ ਲੋਕਾਂ ਦੀਆਂ ਲੋੜਾਂ, ਇਛਾਵਾਂ ਅਤੇ ਹਿੱਤਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ। ਹਿੰਦੂ ਤੇ ਮੁਸਲਮਾਨ ਦੁਕਾਨਦਾਰਾਂ ਅਤੇ ਮਿਹਨਤੀ ਕਾਮਿਆਂ ਦੀਆਂ ਸਮੱਸਿਆਵਾਂ ਇਕੋ ਜਿਹੀਆਂ ਸਨ। ਸਾਰੇ ਹਿੰਦੋਸਤਾਨੀਆਂ ਸਾਹਮਣੇ ਸੁਖੀ ਜ਼ਿੰਦਗੀ ਜਿਉਣ ਅਤੇ ਆਮਦਨ ਵਿਚ ਵਾਧੇ ਦਾ ਸੁਪਨਾ ਸੀ, ਪਰ ਵੰਡ ਨੇ ਸਾਰਾ ਕੁਝ ਤਬਾਹ ਕਰ ਦਿੱਤਾ। ਇਹ ਵੰਡ ਪੂਰੀ ਤਰ੍ਹਾਂ ਗੈਰਵਾਜਬ ਅਤੇ ਤਰਕਹੀਣ ਸੀ, ਪਰ ਇਸ ਤਰਕਹੀਣ ਵੰਡ ਨੂੰ ਅਮਲੀ ਰੂਪ ਦੇਣ ਵਾਲੇ ਲੋਕ ਸਮੂਹ-ਦਰ-ਸਮੂਹ ਯਤਨਸ਼ੀਲ ਸਨ। ਸਰਹੱਦ ਦੇ ਆਰ-ਪਾਰ ਕਾਫਲਿਆਂ ਦੇ ਕਾਫਲੇ ਆ-ਜਾ ਰਹੇ ਸਨ। ਰਾਹ ਵਿਚ ਬੱਚੇ ਪੈਦਾ ਹੋ ਰਹੇ ਸਨ, ਲੋਕ ਮਰ ਰਹੇ ਸਨ, ਕੁਝ ਹੈਜ਼ੇ ਦਾ ਸ਼ਿਕਾਰ ਹੋ ਰਹੇ ਸਨ ਤੇ ਕੁਝ ਦੂਜੇ ਧਰਮ ਨੂੰ ਮੰਨਣ ਵਾਲੇ ਜਨੂਨੀਆਂ ਹੱਥੋਂ ਮਰ ਰਹੇ ਸਨ। ਬਹੁਤ ਸਾਰੇ ਥੱਕੇ ਹਾਰੇ ਤਾਂ ਸੜਕਾਂ ਕੰਢੇ ਪਏ ਮੌਤ ਦਾ ਇੰਤਜ਼ਾਰ ਕਰ ਰਹੇ ਸਨ। ਛੋਟੇ-ਛੋਟੇ ਬੱਚਿਆਂ ਨੂੰ ਮਾਂ ਪਿਓ ਜਾਂ ਬਜੁਰਗ ਨਾਲ ਨਾਲ ਘਸੀਟਦੇ ਦੇਖੇ ਜਾ ਸਕਦੇ ਸਨ। ਕਿੰਨੇ ਲੋਕ ਸੜਕਾਂ 'ਤੇ ਦਮ ਤੋੜ ਰਹੇ ਸਨ। ਸਮੱਸਿਆਵਾਂ ਉਲਝਦੀਆਂ ਜਾ ਰਹੀਆਂ ਸਨ।

ਪਾਕਿਸਤਾਨ ਦੇ ਬੈਂਕਾਂ ਦਾ ਕੰਮਕਾਜ ਠੱਪ ਹੋ ਗਿਆ ਸੀ, ਕਿਉਂਕਿ ਉਨ੍ਹਾਂ ਦੇ ਮਾਲਕ ਹਿੰਦੂ ਸਨ, ਜੋ ਏਧਰ ਆ ਗਏ ਸਨ ਤੇ ਉਨ੍ਹਾਂ ਨੇ ਆਪਣੀ ਜਮ੍ਹਾਂ ਪੂੰਜੀ ਏਧਰ ਮੰਗਵਾ ਲਈ ਸੀ। ਬਾਜ਼ਾਰ ਸੁੰਨਸਾਨ ਸਨ। ਹਿੰਦੂ ਸਿੱਖ ਵਪਾਰੀ ਜਾ ਚੁਕੇ ਸਨ। ਰੂੰ ਦੇ ਬਾਜ਼ਾਰ ਬੰਦ ਸਨ, ਪਟਸਨ ਦੇ ਢੇਰ ਪਏ ਸਨ ਕਿਉਂਕਿ ਮਿੱਲਾਂ ਹਿੰਦੋਸਤਾਨ ਵਿਚ ਸਨ। ਲੋਹੇ ਦੇ ਕਾਰਖਾਨੇ ਹਿੰਦੋਸਤਾਨ ਵਿਚ ਸਨ। ਪਾਕਿਸਤਾਨ ਵਿਚ ਤਾਂ ਮਾਚਿਸ ਵੀ ਨਹੀਂ ਸੀ ਬਣਦੀ। ਓਧਰ ਹਿੰਦੋਸਤਾਨ ਦੇ ਚਮੜੇ ਦੇ ਕਾਰੋਬਾਰੀ, ਦਰਜ਼ੀ, ਮਿਸਤਰੀ ਪਾਕਿਸਤਾਨ ਚਲੇ ਗਏ ਸਨ। ਇਹ ਸਾਰਾ ਕੁਝ ਜਿਸ ਸ਼ਾਂਤੀ ਤੇ ਅਮਨ ਚੈਨ ਲਈ ਕੀਤਾ ਗਿਆ ਸੀ, ਹੁਣ ਉਹ ਅਮਨ ਸ਼ਾਂਤੀ ਖੰਭ ਲਾ ਕੇ ਉਡ ਗਏ ਸਨ। ਇਹ ਸਦੀਆਂ ਪੁਰਾਣੇ ਰਿਸ਼ਤਿਆਂ ਦਾ ਦੁਖਦਾਈ ਅੰਤ ਸੀ।

ਇਤਿਹਾਸਕਾਰ ਲੈਰੀ ਕੋਲਿਨਜ਼ ਲਿਖਦਾ ਹੈ: ਅੰਮ੍ਰਿਤਸਰ ਤੋਂ ਲਾਹੌਰ ਤਕ ਅਜੀਬ ਕਿਆਮਤ ਦਾ ਦ੍ਰਿਸ਼ ਸੀ। 45 ਮੀਲ ਦੇ ਇਸ ਰਸਤੇ 'ਤੇ ਹਰ ਕਦਮ 'ਤੇ ਲੋਕਾਂ ਦੀ ਬੇਵਸੀ ਅਤੇ ਜ਼ੁਲਮ ਦੇ ਨਿਸ਼ਾਨ ਬਿਖਰੇ ਪਏ ਸਨ। ਹਰ ਕਦਮ 'ਤੇ ਲੋਕਾਂ ਦੀਆਂ ਲਾਸ਼ਾਂ ਅਤੇ ਸਰੀਰਾਂ ਦੇ ਅੰਗ ਖਿਲਰੇ ਪਏ ਸਨ। ਗਿਰਝਾਂ ਨੇ ਇੰਨਾ ਢਿੱਡ ਭਰ ਕੇ ਖਾ ਲਿਆ ਸੀ ਕਿ ਉਨ੍ਹਾਂ ਕੋਲੋਂ ਉਡਿਆ ਨਹੀਂ ਸੀ ਜਾ ਰਿਹਾ ਤੇ ਕੁੱਤੇ ਵੀ ਮਨੁੱਖਾਂ ਦੇ ਮਾਸ ਤੋਂ ਰੱਜ ਚੁਕੇ ਸਨ, ਸਿਰਫ ਗੁਰਦੇ ਤੇ ਕਲੇਜੀ ਖਾ ਕੇ ਉਨ੍ਹਾਂ ਨੇ ਲਾਸ਼ਾਂ ਨੂੰ ਗਲਣ ਸੜਨ ਲਈ ਛੱਡ ਦਿੱਤਾ ਸੀ।

ਪੂਰੇ ਪੰਜਾਬ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਮਰਨ ਤੇ ਜ਼ਖਮੀ ਹੋਣ ਵਾਲਿਆਂ ਦੀ ਗਿਣਤੀ ਕਰੀਬ ਬਰਾਬਰ ਸੀ। ਦੋਹਾਂ ਫਿਰਕਿਆਂ ਦੇ ਦੋ ਤੋਂ ਢਾਈ ਲੱਖ ਤਕ ਲੋਕ ਮਾਰੇ ਗਏ ਸਨ। ਇਤਿਹਾਸ ਨੂੰ ਚੀਰਦੀ ਕਾਲੀ ਲੀਕ ਵਿਸ਼ਾਲ ਨਕਸ਼ੇ 'ਤੇ ਟੇਢੀ-ਮੇਢੀ ਵਾਹ ਦਿੱਤੀ ਗਈ ਸੀ। ਇਹ ਸਥਿਰ ਲੀਕ ਹੈ, ਜਿਸ ਨੂੰ ਨਾ ਹੁਣ ਕੋਈ ਨਕਸ਼ੇ ਤੋਂ ਮਿਟਾ ਸਕਦਾ ਹੈ ਤੇ ਨਾ ਜ਼ਮੀਨ ਤੋਂ। ਭਾਗ ਵਿਧਾਤਾ ਵੀ ਇਹਦੇ ਵਿਚ ਕੋਈ ਦਖਲ ਨਹੀਂ ਦੇ ਸਕਦਾ। ਇਸੇ ਕਰਕੇ ਅੱਜ ਤਕ ਇਸ ਲੀਕ ਦੇ ਆਰ-ਪਾਰ ਹਿੰਦੋਸਤਾਨ ਜ਼ਿੰਦਾਬਾਦ, ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਗੂੰਜਦੇ ਹਨ, ਪਰ ਇਨਸਾਨੀਅਤ ਦਾ ਨਾਅਰਾ ਲਾਉਣ ਵਾਲਾ ਨਾ ਕੋਈ ਉਦੋਂ ਸੀ, ਨਾ ਅੱਜ ਹੈ।

## ਕਹਾਣੀ

# ਇੱਜਤ ਵਾਲਾ ਕੰਮ

*'ਆਤੂ ਖੋਜੀ' ਵਰਗੀ ਜ਼ੋਰਦਾਰ ਕਹਾਣੀ ਲਿਖਣ ਵਾਲੇ ਕਹਾਣੀਕਾਰ ਗੁਰਮੀਤ ਕੜਿਆਲਵੀ ਦੀ ਕਹਾਣੀ 'ਇੱਜਤ ਵਾਲਾ ਕੰਮ' ਪੰਜਾਬ ਦੇ ਅੱਜ ਦੇ ਹਾਲਾਤ ਦੀ ਬਾਤ ਪਾਉਂਦੀ ਹੈ। ਇਸ ਵਿਚ ਇਕ ਪਾਸੇ ਕਿਰਤੀ ਹਨ, ਤੇ ਦੂਜੇ ਪਾਸੇ ਕਿਸੇ ਨੂੰ ਦਰੜ ਕੇ ਅਗਾਂਹ ਲੰਘਣ ਵਾਲੇ 'ਜਰਵਾਣੇ' ਹਨ। ਲੇਖਕ ਨੇ ਕਿਰਤੀਆਂ ਅਤੇ ਜਰਵਾਣਿਆਂ ਦੀ ਸੋਚ ਉਡਾਰੀ ਨੂੰ ਇਸ ਕਹਾਣੀ ਦਾ ਧੁਰਾ ਬਣਾਇਆ ਹੈ। -ਸੰਪਾਦਕ*

ਵੱਡੇ ਭਰਾ ਬਲਦੇਵ ਵਾਂਗ ਪਿੰਡ ਦੇ ਬਹੁਤੇ ਲੋਕਾਂ ਲਈ ਇਹ ਝੂਠ ਮਾਰਨ ਵਾਲੀ ਗੱਲ ਸੀ ਕਿ ਦਾਈ ਕਿੱਲਿਆਂ ਦੇ ਆਸਰੇ ਹੀ ਸੁਖਦੇਵ ਸਿੰਘ ਆਪਣੀ ਕਬੀਲਦਾਰੀ ਦੀ ਗੱਡੀ ਨੂੰ ਹੱਕੀ ਤੁਰਿਆ ਆਉਂਦਾ, ਪਰ ਇਹ ਚਿੱਟੇ ਦਿਨ ਵਾਂਗ ਸੱਚ ਸੀ।

ਅਜੇ ਤਾਂ ਗੁਰਦੁਆਰੇ ਵਾਲਾ ਭਾਈ ਜੀ ਰਜਾਈ ਵਿਚ ਉਸਲਵੱਟੇ ਹੀ ਲੈ ਰਿਹਾ ਹੁੰਦਾ, ਜਦੋਂ ਸੁਖਦੇਵ ਖੇਤਾਂ 'ਚ ਜਾ ਵੜਦਾ। ਲੋਕ ਆਖਦੇ, "ਗੁਰਦੁਆਰੇ ਵਾਲਾ ਗ੍ਰੰਥੀ ਤਾਂ ਖੇਤ ਜਾਂਦੇ ਦੇਬੂ ਦੇ ਠਿੱਬੇ ਛਿੱਤਰਾਂ ਦੀ ਖੜੱਪ-ਖੜੱਪ ਸੁਣ ਕੇ ਜਾਗਦਾ।"

ਸੁਖਦੇਵ ਸਿੰਘ ਜਦੋਂ ਨੂੰ ਕੋਠੜੀ 'ਚੋਂ ਪੱਲੀਆਂ ਵਗੈਰਾ ਚੁੱਕ ਕੇ ਸਬਜ਼ੀਆਂ 'ਚ ਜਾਂਦਾ, ਉਦੋਂ ਨੂੰ ਪਾਲੋ ਵੀ ਵਿਹੜੇ 'ਚ ਬਹੁਕਰ ਬੁਹਾਰੀ ਕਰ ਤੇ ਲਵੇਰੀਆਂ ਨੂੰ ਪੱਠਾ-ਨੀਰਾ ਪਾ, ਧਾਰਾਂ ਚੋਅ ਲੈਂਦੀ।



**ਗੁਰਮੀਤ ਕੜਿਆਲਵੀ**
ਫੋਨ: +91-98726-40994

ਕਾਹਲੀ-ਕਾਹਲੀ ਕੰਮ ਨਿਬੇੜਦੀ ਅਤੇ ਜੁਆਕਾਂ ਨੂੰ ਲੈ ਕੇ ਖੇਤ ਪਹੁੰਚ ਜਾਂਦੀ। ਸਾਰੇ ਜੀਅ ਹੱਥੋ-ਹੱਥੀ ਅਗੇਤੀ ਲਾਈ ਸਬਜ਼ੀ ਤੋੜਦੇ ਤੇ ਮੰਡੀ ਲਿਜਾਣ ਲਈ ਪੱਲੀਆਂ 'ਚ ਬੰਨ੍ਹ ਦਿੰਦੇ। ਜਿਸ ਵੇਲੇ ਹਰਨਾਮੀ ਬੁੜੀ ਮਾਲਾ ਫੇਰਦੀ 'ਸਤਿਨਾਮ ਵਾਹਿਗੁਰੂ' ਬੋਲਦੀ ਵੱਡੇ ਗੁਰਦੁਆਰੇ ਨੂੰ ਜਾ ਰਹੀ ਹੁੰਦੀ, ਸੁਖਦੇਵ ਸਾਈਕਲ-ਰੇਹੜੀ 'ਤੇ ਸਬਜ਼ੀ ਲੈ ਕੇ ਮੰਡੀ ਨੂੰ ਤੁਰ ਪਿਆ ਹੁੰਦਾ।

ਅੱਠ ਵਰ੍ਹੇ ਪਹਿਲਾਂ ਜਦੋਂ ਦੋਵਾਂ ਭਰਾਵਾਂ ਨੇ ਵਾਹੀ ਅੱਡੋ-ਅੱਡ ਕੀਤੀ ਸੀ, ਵੱਡੇ ਭਰਾ ਬਲਦੇਵ ਸਿੰਘ ਦੇ ਹਿੱਸੇ ਵੀ ਦਾਈ ਕਿੱਲੇ ਹੀ ਆਏ ਸਨ, ਪਰ ਜਦੋਂ ਦੀ ਉਸ ਦੀ ਕੁੜੀ ਸੁਖਜੀਤ ਪੜ੍ਹਾਈ ਦੇ ਆਧਾਰ 'ਤੇ ਕੈਨੇਡਾ ਗਈ ਸੀ, ਉਹ ਆਪਣੇ ਆਪ ਨੂੰ ਪਿੰਡ ਦੇ ਸਿਆਣੇ ਅਤੇ ਸਹਿੰਦੇ ਬੰਦਿਆਂ 'ਚ ਗਿਣਨ ਲੱਗਾ ਸੀ। ਉਸ ਨੂੰ ਛੋਟੇ ਭਰਾ ਸੁਖਦੇਵ ਦਾ ਸਬਜ਼ੀ ਲਾਉਣ ਵਾਲਾ ਕੰਮ ਵੀ ਚੰਗਾ ਨਹੀਂ ਸੀ ਲੱਗਦਾ। ਉਹ ਇਸ ਨੂੰ ਕੰਮੀ ਕਮੀਨਾਂ ਵਾਲਾ ਕੰਮ ਸਮਝਦਾ ਸੀ। ਦੋਵਾਂ ਭਰਾਵਾਂ ਦੀ ਆਪਸ ਵਿਚ ਬਹੁਤੀ ਆਉਣੀ-ਜਾਣੀ ਤਾਂ ਨਹੀਂ ਸੀ, ਪਰ ਰਾਹ ਖਹਿੜੇ ਮਿਲਣ 'ਤੇ ਇਕ ਦੂਜੇ ਨੂੰ ਬੁਲਾ ਲੈਂਦੇ। ਅੱਜ ਕੱਲ੍ਹ ਉਸ ਨੂੰ ਸੁਖਦੇਵ 'ਤੇ ਕਈ ਗੱਲਾਂ ਕਰਕੇ ਗੁੱਸਾ ਚੜ੍ਹਦਾ ਰਹਿੰਦਾ। ਜਦੋਂ ਦਾ ਸੁਖਦੇਵ ਵਲੋਂ ਮੁੰਡੇ ਮਨੀ ਨੂੰ ਅੱਗੇ ਪੜ੍ਹਨ ਲਾਉਣ ਦਾ ਸੁਣਿਆ ਸੀ, ਉਦੋਂ ਦਾ ਤਾਂ ਖਾਸਾ ਹੀ ਔਖਾ ਭਾਰਾ ਹੋਇਆ ਪਿਆ ਸੀ।

"ਸੁਖਦੇਵ ਸਿਆਂ! ਲੱਗਦਾ ਤਾਂ ਤੂੰ ਆਵਦੀ ਜਨਾਨੀ ਮਗਰ ਈ ਐਂ। ਮੇਰੀ ਕਿਸੇ ਗੱਲ 'ਤੇ ਕੰਨ ਨ੍ਹੀ ਧਰਨਾ, ਪਰ ਇਕ ਗੱਲ ਧਿਆਨ ਨਾਲ ਸੁਣ ਲੈ, ਆਹ ਜੋ ਤੂੰ ਮਨੀ ਦੀ ਪੜ੍ਹਾਈ 'ਤੇ ਪੈਸਾ ਉਜਾੜੀ ਜਾਨੈਂ, ਸਿਰੇ ਦੀ ਬੇਵਕੂਫੀ ਐ। ਨੌਕਰੀ-ਨੂਕਰੀ ਕੋਈ ਨ੍ਹੀਂ ਮਿਲਣੀ ਹਮਾਤੜਾਂ ਨੂੰ। ਸਰਕਾਰੀ ਨੌਕਰੀਆਂ ਕਿਤੇ ਟਿੱਬਿਆਂ 'ਚ ਰੁਲਦੀਆਂ ਫਿਰਦੀਆਂ? ਲੋਕ ਤਾਂ ਵਜ਼ੀਰਾਂ ਮਗਰ ਨੋਟਾਂ ਦੀਆਂ ਥੱਦੀਆਂ ਚੱਕੀ ਫਿਰਦੇ। ਥੱਦੀਆਂ ਕੀ ਪੰਡਾਂ ਈ ਆਖ। ਉਤੋਂ ਵੱਡੀਆਂ-ਵੱਡੀਆਂ ਸਿਫਾਰਸ਼ਾਂ। ਨੌਕਰੀ ਮਿਲਦੀ ਜੀਹਦੇ ਕੋਲ ਦੋਵੇਂ ਹੋਣ, ਪੈਸਾ ਵੀ ਤੇ ਸਿਫਾਰਸ਼ ਵੀ।" ਇਕ ਦਿਨ ਤੁਰੇ ਜਾਂਦੇ ਸੁਖਦੇਵ ਨੂੰ ਰੋਕ ਕੇ ਬਲਦੇਵ ਨੇ ਏਧਰ ਓਧਰ ਦੀਆਂ ਗੱਲਾਂ ਕੀਤੇ ਬਿਨਾ ਸਿੱਧਾ ਠਾਹ ਸੋਟਾ ਮਾਰਿਆ ਸੀ।

"...ਤੇ ਭਾਈ ਸਾਹਬ! ਗੁੱਸਾ ਤਾਂ ਕਰੀਂ ਨਾ। ਨਾ ਤੇਰੇ ਕੋਲ ਪੈਸਾ ਤੇ ਨਾ ਤੇਰੇ ਕੋਲ ਸਿਫਾਰਸ਼।" ਬਲਦੇਵ ਸਿੰਘ ਨੇ ਗੱਲ ਨਿਬੇੜ ਦਿੱਤੀ। ਸੁਖਦੇਵ ਸਿੰਘ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਵੱਡੇ ਭਰਾ ਦੀ ਆਖੀ ਗੱਲ ਦਾ ਕੀ ਜਵਾਬ ਦੇਵੇ।

"ਬੱਸ ਬਾਈ ਪੜ੍ਹਾਈ ਜਾਨੇ ਆਂ ਔਖੇ ਸੌਖੇ। ਅੱਗੇ ਜੁਆਕ ਦੀ ਕਿਸਮਤ। ਜੇ ਕਰਮਾਂ 'ਚ ਹੋਈ ਤਾਂ ਸਰਕਾਰੀ ਨੌਕਰੀ ਮਿਲ ਜੂ, ਨਹੀਂ ਤਾਂ ਪ੍ਰਾਈਵੇਟ ਲੱਗ ਜੂ ਕਿਧਰੇ ਪੰਜ-ਸੱਤ ਹਜ਼ਾਰ 'ਤੇ। ਗੱਲ ਤਾਂ ਸਾਰੀ ਕਰਮਾਂ 'ਤੇ ਐ।" ਸੁਖਦੇਵ ਨੇ ਜਿਵੇਂ ਜਵਾਬ ਦੇਣ ਲਈ ਹੀ ਜਵਾਬ ਦਿੱਤਾ ਸੀ, ਉਂਜ ਉਸ ਨੂੰ ਪਤਾ ਸੀ ਕਿ ਐਨੇ ਕੁ ਜਵਾਬ ਨਾਲ ਵੱਡੇ ਭਰਾ ਦੀ ਤਸੱਲੀ ਨਹੀਂ ਹੋਣੀ।

"ਉਏ ਕਰਮ ਕਿਤੇ ਐਵੇਂ ਬਣਦੇ ਐ? ਇਹ ਤਾਂ ਬਣਾਉਣੇ ਪੈਂਦੇ ਐ ਛੋਟੇ ਭਾਈ। ਸਿਆਣੇ ਬਣ ਕੇ ਚੱਲਣਾ ਪੈਂਦਾ। ਸਿਆਣਾ ਹੋਣ ਦੀ ਲੋੜ ਹੁੰਦੀ।" ਵੱਡੇ ਭਰਾ ਦੀਆਂ ਊਲ-ਜਲੂਲ ਸੁਣ ਕੇ ਸੁਖਦੇਵ ਅੰਦਰੇ-ਅੰਦਰ ਵੱਟ ਖਾ ਗਿਆ ਸੀ।

"ਦੇਬੂ! ਭਾਈ ਸਿਆਣੇ ਬਣ ਕੇ ਚੱਲੋ ਸਿਆਣੇ। ਤੀਵੀਂ ਮਗਰ ਨ੍ਹੀਂ ਲੱਗੀਦਾ ਬਾਹਲਾ। ਹਾਹੋ। ਸਮਾਂ ਵੇਖ ਕੇ ਚੱਲੀਦਾ।"

"ਬਾਈ ਜੇ ਬੋਝੇ 'ਚ ਚਾਰ ਟਿੱਪਰ ਹੋਣ, ਸਿਆਣਪ ਵੀ ਆ ਜਾਂਦੀ ਐ ਆਪਣੇ ਆਪ ਈ। ਸਾਡੇ ਵਰਗੇ ਨੰਗ ਨੇ ਕੀ ਸਿਆਣਾ ਹੋਣਾ?"

"ਜੇ ਆਵਦੇ ਕੋਲ ਸਿਆਣਪ ਹੈਨੀ ਤਾਂ ਕਿਸੇ ਆਂਢੀ-ਗੁਆਂਢੀ ਤੋਂ ਲੈ ਲੋ।" ਛੋਟੇ ਭਰਾ ਦੇ ਬੋਲਾਂ ਵਿਚਲੇ ਵਿਅੰਗ ਨੂੰ ਸਮਝਦਿਆਂ ਬਲਦੇਵ ਸਿੰਘ ਵੱਟ ਖਾ ਗਿਆ।

"ਸਿਆਣੇ ਆਂਹਦੇ, ਜੇ ਬੰਦੇ ਨੂੰ ਆਪ ਸੋਝੀ ਨਾ ਆਵੇ ਤਾਂ ਕੰਧ ਕੋਲੋਂ ਪੁੱਛ ਲਈਦਾ, ਪਰ ਥੋਨੂੰ ਸਿਆਣਪ ਆ ਕਿਥੋਂ ਜਾਊ? ਤੇਰੀ ਤੀਵੀਂ ਦੀ ਤਾਂ ਆਕੜ 'ਚ ਨਹੁੰ ਨ੍ਹੀਂ ਖੁੱਭਦਾ। ਬੰਦਾ ਕਿਸੇ ਭੈਣ-ਭਰਾ ਨਾਲ ਈ ਰਾਇ ਮਸ਼ਵਰਾ ਕਰ ਲੈਂਦਾ। ਤੈਨੂੰ ਤਾਂ ਜਿਵੇਂ ਸਰਦਾਰਨੀ ਆਖਦੀ ਐ, ਉਵੇਂ ਤਿਵੇਂ ਕਰ ਲੈਂਦਾ। ਜੇ ਮੈਨੂੰ ਪੁੱਛਦਾ ਤਾਂ ਮੈਂ ਕਦੇ ਵੀ ਮਨੀ ਨੂੰ ਅੱਗੇ ਪੜ੍ਹਾਉਣ ਦੀ ਸਲਾਹ ਨਾ ਦਿੰਦਾ।"

"ਹੋਰ ਫਿਰ ਕੀ ਕਰਦੇ?"

"ਮੇਰੇ ਵੱਲੀਂ ਦੇਖਲਾ। ਮੈਂ ਨ੍ਹੀਂ ਸੀ ਹੀਰੇ ਨੂੰ ਅੱਗੇ ਪੜ੍ਹਾ ਸਕਦਾ? ਮੇਰੇ ਕੋਲ ਕਿਹੜਾ ਫੀਸ ਦੇਣ ਵਾਸਤੇ ਪੈਸੇ ਹੈਨੀ ਸੀ। ਸੁੱਖ ਨਾਲ ਗੁਰੂ ਮਾਰਾਜ ਦਾ ਦਿੱਤਾ ਸਭ ਕੁਛ ਐ, ਪਰ ਵੇਖ ਲਾ, ਨਹੀਂ ਲਾਇਆ। ਬਾਰ੍ਹਾਂ ਕਰਾਲੀਆਂ, ਵਾਧੂ ਐ। ਮੈਨੂੰ ਦੱਸ ਤਾਂ ਸਹੀ, ਧੀ-ਪੁੱਤ ਨੂੰ ਵੱਧ ਪੜ੍ਹਾਉਣ ਦਾ ਹੈ ਕੋਈ ਲਾਭ?"

"ਲਾਭ? ਲਾਭ ਕੀ ਐ? ਹੋਰ ਫਿਰ ਕੀ ਕਰਦੇ?" ਸੁਖਦੇਵ ਨੇ ਆਪਣਾ ਹੀ ਪਹਿਲਾ ਸਵਾਲ ਫੇਰ ਦੁਹਰਾਇਆ।

"ਹੀਰੇ ਨੂੰ ਸ਼ਹਿਰ ਸੀਮੇਂਟ ਸਰੀਏ ਦੀ ਦੁਕਾਨ ਕਰਾ ਦਿੱਤੀ ਐ। ਕੰਮ ਵੀ ਵਧੀਆ ਚੱਲ ਪਿਆ। ਸੁਰਜਨ ਸਿਹੁੰ ਆੜ੍ਹਤੀਏ ਦੇ ਮੁੰਡੇ ਨਾਲ ਸਾਂਝੀ ਆ। ਹੀਰਾ ਪੰਜ ਚਾਰ ਸਾਲ ਸਾਂਝਾ ਕੰਮ ਕਰ ਲੂ, ਫੇਰ ਅੱਡ ਕਰਲਾਂਗੇ। ਜੇ ਸੁਰਜਨ ਸਿਹੁੰ ਚੰਗੀ ਨਿਭਾਈ ਗਿਆ ਤਾਂ ਨਿਭੀ ਵੀ ਜਾਊ।" ਬਲਦੇਵ ਨੇ ਬੜਾ ਹੁੱਬ ਕੇ ਦੱਸਿਆ ਸੀ।

"ਚੰਗਾ ਕੀਤਾ!" ਸੁਖਦੇਵ ਮਸੀਂ ਇੰਨਾ ਹੀ ਆਖ ਸਕਿਆ। ਸੁਰਜਨ ਸਿੰਘ ਆੜ੍ਹਤੀਏ ਨਾਲ ਸਾਂਝਦਾਰੀ ਦੀ ਗੱਲ ਸੁਣਦਿਆਂ ਉਸ ਦਾ ਮੂੰਹ ਕੌੜਾ ਹੋ ਗਿਆ ਸੀ, ਜਿਵੇਂ ਕੁਨੈਨ ਦੀ ਕੌੜੀ ਗੋਲੀ ਸੰਘ 'ਚ ਆ ਫਸੀ ਹੋਵੇ। ਉਸ ਦਾ ਜੀਅ ਕੀਤਾ, ਆਖੇ, "ਸੁਰਜਨ ਸਿੰਘ ਨੇ ਨਿਭਾਈ ਤਾਂ ਬਾਪੂ ਨਾਲ ਵੀ ਬੜੀ ਵਧੀਆ ਸੀ। ਬੜੀ ਭੱਦਰਕਾਰੀ ਵਾਲਾ ਕੰਮ ਕੀਤਾ ਬੁੱਕਲ ਦੇ ਸੱਪ ਸੁਰਜਨ ਸਿੰਘ ਆੜ੍ਹਤੀਏ ਨਾਲ ਸਾਂਝਦਾਰੀ ਕਰਕੇ। ਕੋਈ ਅੰਤ ਨ੍ਹੀਂ ਤੇਰੀ ਸਿਆਣਪ ਦਾ। ਬਾਪੂ ਦੀ ਆਤਮਾ ਵੀ ਤੈਨੂੰ ਥਾਪੀਆਂ ਦਿੰਦੀ ਹੋਊ, ਬਈ ਮੇਰੀ ਔਲਾਦ ਨੇ ਬੜਾ ਨੇਕ ਕੰਮ ਕੀਤਾ।" ਪਰ ਉਹ ਚੁੱਪ ਰਿਹਾ। ਸੁਰਜਨ ਸਿੰਘ ਵਲੋਂ ਕਈ ਵਰ੍ਹੇ ਪਹਿਲਾਂ ਨੱਪੇ 3 ਕਿੱਲੇ ਉਸ ਦੀ ਹਿੱਕ 'ਚ ਰੜਕਣ ਲੱਗੇ ਸਨ।

ਉਦੋਂ ਬਲਦੇਵ ਤੇ ਸੁਖਦੇਵ ਅਜੇ ਗੱਭਰੂ ਨਹੀਂ ਸੀ ਹੋਏ। ਉਨ੍ਹਾਂ ਦੇ ਬਾਪ ਅਮਰ ਸਿੰਘ ਦੀ ਸੁਰਜਨ ਨਾਲ ਬੜੀ ਗੂੜ੍ਹੀ ਯਾਰੀ ਸੀ। ਦੋਵੇਂ ਪਿਆਲੇ ਦੇ ਸਾਂਝੀ। ਅਮਰ ਸਿੰਘ ਨੇ ਧੀ ਦੇ ਵਿਆਹ ਸਮੇਂ ਸੁਰਜਨ ਤੋਂ ਵਿਆਜੂ ਪੈਸੇ ਫੜੇ ਸਨ। ਪੈਸੇ ਦੇਣ ਲੱਗਿਆਂ ਸੁਰਜਨ ਨੇ ਸੁਖਦੇਵ ਹੋਰਾਂ ਦੇ ਬਾਪ ਤੋਂ ਪਰਨੋਟ 'ਤੇ ਤਿੰਨ ਕਿੱਲੇ ਗਹਿਣੇ ਲਿਖਾ ਲਏ। ਫਿਰ ਕਈ ਵਰ੍ਹੇ ਖੇਤਾਂ 'ਚ ਮਿੱਟੀ ਨਾਲ ਮਿੱਟੀ ਹੋਇਆ ਸਾਰਾ ਪਰਿਵਾਰ ਸੁਰਜਨ ਕਿਆਂ ਦੇ ਪੈਸੇ ਮੋੜਦਾ ਰਿਹਾ, ਪਰ ਉਸ ਦੇ ਪਰਨੋਟਾਂ ਤੋਂ ਅਮਰ ਸਿੰਘ ਦਾ ਨਾਂਵਾਂ ਸਾਫ ਨਾ ਹੋ ਸਕਿਆ। ਅਮਰ ਸਿੰਘ ਨੂੰ ਤਾਂ ਪਰਨੋਟਾਂ ਦੀ ਲੰਘਦੀ ਜਾਂਦੀ ਮਿਆਦ ਦਾ ਵੀ ਪਤਾ ਨਾ ਲੱਗਾ ਤੇ ਨਾ ਹੀ ਸੁਰਜਨ ਨੇ ਇਹਦੇ ਬਾਰੇ ਕਦੇ ਯਾਦ ਕਰਾਇਆ ਸੀ। ਉਸ ਨੂੰ ਤਾਂ ਉਦੋਂ ਹੀ ਪਤਾ ਲੱਗਾ, ਜਦੋਂ ਸੁਰਜਨ ਸਿੰਘ ਨੇ ਕਚਹਿਰੀ 'ਚ ਤਹਿਸੀਲਦਾਰ ਅੱਗੇ ਪੈਸੇ ਭਰ ਕੇ ਜ਼ਮੀਨ ਆਪਣੇ ਨਾਂ ਬੈਅ ਕਰਵਾ ਲਈ ਤੇ ਇਨ੍ਹਾਂ ਤਿੰਨ ਕਿੱਲਿਆਂ 'ਚ ਟਰੈਕਟਰ ਆਣ ਵਾੜਿਆ। ਅਮਰ ਸਿੰਘ ਯਾਰੀ ਦੇ ਮਿਹਣੇ ਵੀ ਮਾਰਦਾ ਰਿਹਾ ਤੇ ਆਪਣੇ ਨਾਲ ਹੋਏ ਧੱਕੇ ਬਾਰੇ ਪਰ੍ਹੇ ਪੰਚਾਇਤ 'ਚ ਵੀ ਰੌਲਾ ਪਾਉਂਦਾ ਰਿਹਾ। ਕੁਝ ਨਹੀਂ ਸੀ ਹੋਇਆ। ਸੁਰਜਨ ਸਿੰਘ ਦੇ ਘਰੋਂ ਮਹਿੰਗੀ ਸ਼ਰਾਬ ਪੀ ਕੇ ਮੁਰਗੇ ਖਾਣ ਵਾਲੀ ਪੰਚਾਇਤ ਨੇ ਥੋੜ੍ਹੇ ਬਹੁਤੇ ਹੋਰ ਪੈਸੇ ਦਿਵਾ ਕੇ ਗੱਲ ਨਿਬੇੜ ਦਿੱਤੀ ਸੀ।

"ਮੇਰੇ ਆਖੇ ਲੱਗੇਂ ਤਾਂ ਛੱਡ ਖਹਿੜਾ ਪੜ੍ਹਾਈਆਂ-ਪੜੂਈਆਂ ਦਾ। ਕੋਈ ਫਾਇਦਾ ਨਹੀਂ।



ਬਿਜਨਸ 'ਚ ਪਾ ਦੇ ਮੁੰਡੇ ਨੂੰ।" ਤੁਰਨ ਦੀ ਤਿਆਰੀ ਕਰਦਿਆਂ ਬਲਦੇਵ ਨੇ ਆਖਿਆ।

"ਬਾਈ, ਤੇਰੇ ਵਰਗੇ ਬਿਜਨਸ ਤਾਂ ਅਸੀਂ ਕਿਥੋਂ ਕਰਲਾਂਗੇ?" ਸੁਖਦੇਵ ਦੀ ਗੱਲ ਅਣਸੁਣੀ ਕਰਦਿਆਂ ਬਲਦੇਵ ਸਿੰਘ ਸੁਸਾਇਟੀ ਵੱਲ ਤੁਰ ਪਿਆ। ਅੱਜ ਕੱਲ੍ਹ ਉਹ ਪਿੰਡ ਦੀ ਖੇਤੀਬਾੜੀ ਸੁਸਾਇਟੀ ਦੀਆਂ ਚੋਣਾਂ ਲੜਨ ਦੀ ਤਿਆਰੀ ਕਰ ਰਿਹਾ ਸੀ।

"ਤੇਰੇ ਵੱਸ ਦੀ ਗੱਲ ਨਹੀਂ, ਤੇਰਾ ਖੂਨ ਚਿੱਟਾ ਹੋ ਗਿਆ। ਪੈਸਾ ਈ ਮੁੱਖ ਹੋ ਗਿਆ ਤੇਰੇ ਵਾਸਤੇ। ਪੈਸੇ ਵਾਸਤੇ ਤਾਂ ਤੂੰ ਕੁੜੀ ਨੂੰ ਹੋਰ ਵੀ ਦੋ ਥਾਂਈਂ ਵਿਆਹ ਸਕਦੈਂ।" ਪਿੰਡ ਕੀ, ਆਲੇ-ਦੁਆਲੇ ਦੇ ਕਈ-ਕਈ ਪਿੰਡ ਜਾਣਦੇ ਤੇਰੀ ਭੱਦਰਕਾਰੀ ਨੂੰ। ਮੁੰਡੇ ਵਾਲਿਆਂ ਨੇ ਸਾਰਾ ਖਰਚਾ ਕਰ ਕੇ ਕੁੜੀ ਨੂੰ ਕੈਨੇਡਾ ਭੇਜਿਆ ਸੀ, ਪੜ੍ਹਨ ਵਾਸਤੇ। ਤੇਰੇ ਕੋਲ ਤਾਂ ਸਿਰ ਦੀ ਜੂੰ ਵੀ ਹੈਨੀ ਸੀ ਲਾਉਣ ਨੂੰ। ਕੈਨੇਡਾ ਪਹੁੰਚਦਿਆਂ ਹੀ ਕੁੜੀ ਮੁੱਕਰ ਗਈ। ਮੁੰਡੇ ਨੂੰ ਸੱਦਣ ਤੋਂ ਇਨਕਾਰੀ ਹੋ'ਗੀ। ਮੁੱਕਰੀ ਨਹੀਂ, ਤੁਸੀਂ ਤੀਵੀਂ ਤੇ ਖਸਮ ਨੇ ਰਲ ਕੇ ਮੁਕਰਾ ਦਿੱਤੀ। ਮੁੰਡੇ ਵਾਲੇ ਵਿਚਾਰੇ ਰੌਲਾ ਪਾਉਂਦੇ ਰਹਿ ਗਏ। ਬਥੇਰੀਆਂ ਪੰਚਾਇਤਾਂ ਇਕੱਠੀਆਂ ਕੀਤੀਆਂ, ਪਰ ਕੋਈ ਨਿਆਂ ਨਹੀਂ ਮਿਲਿਆ ਅਗਲਿਆਂ ਨੂੰ। ਤੁਸੀਂ ਪੈਰਾਂ 'ਤੇ ਪਾਣੀ ਹੀ ਨਹੀਂ ਪੈਣ ਦਿੱਤਾ, ਅਖੇ ਜੀ, ਕੀ ਕਰੀਏ ਜਦੋਂ ਕੁੜੀ ਹੀ ਮੁੱਕਰ ਗਈ। ਅਖੇ, ਸਾਡੀ ਕੁੜੀ ਨੂੰ ਕਿਧਰੋਂ ਪਤਾ ਲੱਗ ਗਿਆ, ਥੋਡਾ ਮੁੰਡਾ ਤਾਂ ਨਸ਼ੇ ਕਰਦਾ। ਹੁਣ ਸਾਰੀ ਉਮਰ ਦਾ ਰੋਗ ਕਿਥੋਂ ਸਹੇੜ ਲਏ ਆਪਣੇ ਗਲ? ਮੁੰਡੇ ਵਾਲਿਆਂ ਦੇ ਪੈਸੇ ਮੋੜਨ ਤੋਂ ਵੀ ਨੰਗਾ ਚਿੱਟਾ ਜਵਾਬ ਦੇ'ਤਾ। ਅਖੇ, ਜਦੋਂ ਕੁੜੀ ਕਮਾਉਣ ਲੱਗ ਗਈ, ਆਪੇ ਮੋੜ ਦੇਊ। ਐਹੋ ਜਿਹੀਆਂ ਤਾਂ ਕਰਤੂਤਾਂ ਥੋਡੀਆਂ ਵੱਡੇ ਸਰਦਾਰਾਂ ਦੀਆਂ। ਏਥੇ ਕਿਹੜਾ ਬੱਸ ਕਰ'ਤੀ। ਜਿਥੇ ਕੁੜੀ ਦੂਜੀ ਥਾਂ ਮੰਗੀ, ਉਥੋਂ ਵੀ ਤੀਹ ਲੱਖ ਝੋਲੀ ਪੁਆ ਲਿਆ। ਕਾਗਜ਼ੀ ਪੱਤਰੀਂ ਵਿਆਹ। ਨਿਰਾ-ਪੁਰਾ ਵਪਾਰ। ਪੱਕੀ ਹੋ ਕੇ ਹੁਣ ਜੋ ਵਿਆਹ ਕਰਵਾ ਕੇ ਗਈ ਹੈ, ਸੁਣਨ 'ਚ ਤਾਂ ਆਇਆ, ਬਈ ਚਾਲੀ ਲੱਖ 'ਚ ਸੌਦਾ ਹੋਇਆ। ਅਜੇ ਵੀ ਪਤਾ ਨ੍ਹੀਂ ਵਿਆਹ ਅਸਲ ਐ ਕਿ...?" ਬਲਦੇਵ ਸਿੰਘ ਦੇ ਤੁਰ ਜਾਣ ਬਾਅਦ ਵੀ ਸੁਖਦੇਵ ਕਿੰਨਾ ਚਿਰ ਮੂੰਹ 'ਚ ਹੀ ਬੁੜਬੁੜ ਕਰਦਾ ਰਿਹਾ ਸੀ।

---

ਬਲਦੇਵ ਸਿੰਘ ਪਿੰਡ ਦੀ ਸੁਸਾਇਟੀ ਦਾ ਪ੍ਰਧਾਨ ਬਣ ਗਿਆ। ਉਸ ਦੀ ਮਹਿੰਦਰਾ ਜੀਪ ਅੱਗੇ ਅੰਗਰੇਜ਼ੀ ਅੱਖਰਾਂ ਵਿਚ 'ਪ੍ਰਧਾਨ ਐਗਰੀਕਲਚਰ ਸੁਸਾਇਟੀ' ਦੀ ਚਮਕਦੀ ਪਲੇਟ ਲੱਗ ਗਈ। ਪਿੱਤਲ ਦੇ ਅੱਖਰਾਂ ਵਾਲੀ ਵੱਡੀ ਪਲੇਟ ਵਾਲੀ ਜੀਪ ਦਿਨ 'ਚ ਪਿੰਡੋਂ-ਸ਼ਹਿਰ ਤੇ ਸ਼ਹਿਰੋਂ-ਪਿੰਡ ਦੇ ਚੱਕਰ ਲਾਉਂਦੀ ਰਹਿੰਦੀ। ਜੀਪ ਕਦੇ ਥਾਣੇ, ਕਦੇ ਕਚਹਿਰੀ ਤੇ ਕਦੇ ਹਲਕਾ ਵਿਧਾਇਕ ਦੇ ਬਾਰ ਮੂਹਰੇ ਖੜ੍ਹੀ ਦਿਖਾਈ ਦਿੰਦੀ। ਬਲਦੇਵ ਸਿੰਘ ਅੱਜ ਕੱਲ੍ਹ ਐਮ. ਐਲ. ਏ. ਸਾਹਿਬ ਦਾ ਪੂਰਾ ਚਹੇਤਾ ਬਣਿਆ ਪਿਆ ਸੀ। ਉਸ ਦੇ ਪਿੰਡ ਦਾ ਅਗਲਾ ਸਰਪੰਚ ਬਣ ਜਾਣ ਦੀ ਚਰਚਾ ਵੀ ਗਲੀਆਂ 'ਚੋਂ ਹੁੰਦੀ ਮੁਹੱਲਿਆਂ ਤੇ ਘਰਾਂ 'ਚ ਪਹੁੰਚ ਰਹੀ ਸੀ। ਪਿੰਡ ਦੇ ਚੱਲਦੇ ਫਿਰਦੇ ਤੇ ਚੱਕ-ਥਲ ਕਰਨ ਦੇ ਮਾਹਰ ਕਈ ਬੰਦੇ ਉਸ ਦੇ ਘਰ ਗੇੜਾ ਮਾਰਨ ਲੱਗੇ ਸਨ।

ਬਲਦੇਵ ਸਿੰਘ ਦੁੱਧ ਚਿੱਟੇ ਕੱਪੜੇ ਪਾ ਬਗਲਾ ਬਣ ਕੇ ਪਿੰਡ 'ਚੋਂ ਦੀ ਲੰਘਦਾ ਤਾਂ ਬੁਲਾਉਣ ਲਈ ਬਹੁਤ ਸਾਰੇ ਹੱਥ ਉਠਣ ਲੱਗੇ। ਉਹ ਆਪਣੇ ਆਪ ਨੂੰ ਪਿੰਡ ਦਾ ਬਹੁਤ ਹੀ ਅਹਿਮ ਬੰਦਾ ਹੋਣ ਦਾ ਅਹਿਸਾਸ ਕਰਦਾ ਰਹਿੰਦਾ। ਆਪਣੀ ਦਿਨੋ-ਦਿਨ ਹੁੰਦੀ ਤਰੱਕੀ ਨਾਲ ਉਹ ਨਸ਼ਿਆਇਆ ਰਹਿੰਦਾ। ਸ਼ਹਿਰ ਵਿਚਲੀ ਦੁਕਾਨ ਵੀ ਪੂਰੀ ਵਧੀਆ ਚੱਲ ਰਹੀ ਸੀ। ਹੁਣ ਤਾਂ ਉਹ ਉਨ੍ਹਾਂ ਦਿਨਾਂ ਨੂੰ ਯਾਦ ਵੀ ਨਹੀਂ ਸੀ ਕਰਨਾ ਚਾਹੁੰਦਾ, ਜਦੋਂ ਉਸ ਕੋਲ ਕੇਵਲ ਦਾਈ ਕਿੱਲੇ ਜ਼ਮੀਨ ਸੀ। ਜ਼ਿੰਦਗੀ ਪ੍ਰਤੀ ਉਸ ਨੂੰ ਕੋਈ ਰੰਜ ਨਹੀਂ ਸੀ ਰਿਹਾ।

ਬਲਦੇਵ ਸਿੰਘ ਨੂੰ ਜੇ ਕੋਈ ਰੰਜ ਸੀ ਤਾਂ ਛੋਟੇ ਭਰਾ ਸੁਖਦੇਵ ਨਾਲ। ਉਸ ਵਲੋਂ ਕੀਤੇ ਜਾਂਦੇ ਮਿਹਨਤ ਮੁਸ਼ੱਕਤ ਵਾਲੇ ਕੰਮਾਂ ਨੂੰ ਕੰਮੀਆਂ ਕਮੀਣਾਂ ਵਾਲੇ ਕੰਮ ਆਖਦਿਆਂ ਉਹ ਬੁਰਾ ਭਲਾ ਬੋਲਦਾ ਰਹਿੰਦਾ, "ਆਵਦੇ ਖੇਤਾਂ 'ਚ ਸਬਜ਼ੀ ਭਾਜੀ ਲਾਉਣੀ ਮਾੜੀ ਗੱਲ ਨ੍ਹੀਂ, ਪਰ ਰਿਕਸ਼ਾ ਰੇਹੜੀ 'ਤੇ ਲੱਦ ਕੇ ਮੰਡੀ 'ਚ ਜਾ ਖੜ੍ਹਨਾ, ਏਹ ਭਲਾ ਕੀ ਗੱਲ ਹੋਈ? ਸ਼ਰਮ ਆਉਂਦੀ ਐ ਜਦੋਂ ਕੋਈ ਆ ਕੇ ਦੱਸਦਾ ਕਿ ਪ੍ਰਧਾਨ ਸਾਬ੍ਹ, ਆਪਣਾ ਦੇਬੂ ਮੰਡੀ 'ਚ ਰੇਹੜੀ ਲਾਈ ਖੜ੍ਹੈ। ਅਖੇ ਜੀ ਕਿਰਤ ਕਰਦਾਂ। ਕੀ ਫਾਇਦਾ ਐਹੋ ਜ੍ਹੀ ਕਿਰਤ ਦਾ?"

ਬਲਦੇਵ ਸਿੰਘ ਸਿੱਧਾ ਤਾਂ ਸੁਖਦੇਵ ਨੂੰ ਸਬਜ਼ੀ ਵੇਚਣ ਵਾਲਾ ਕੰਮ ਛੱਡ ਦੇਣ ਲਈ ਨਾ ਆਖਦਾ, ਪਰ ਆਪਣੀਆਂ ਸਾਂਝੀਆਂ ਰਿਸ਼ਤੇਦਾਰੀਆਂ 'ਚ ਗੁੱਝ-ਗੁਭਾਟ ਕੱਢਦਾ ਤੇ ਸੁਖਦੇਵ ਨੂੰ ਸਮਝਾਉਣ ਲਈ ਆਖਦਾ।

"ਬਾਈ ਸੁਖਦੇਵ! ਪ੍ਰਧਾਨ ਦਾ ਭਰਾ ਐਂ ਹੁਣ ਤੂੰ। ਹਾਅ ਕੰਮ ਤਾਂ ਸੋਭਾ ਜਿਆ ਨ੍ਹੀਂ ਦਿੰਦਾ। ਉਥੇ ਈ ਤੂੰ ਖੜ੍ਹਾ ਹੁੰਨੈ ਰੇਹੜੀ ਲੈ ਕੇ, ਉਥੇ ਈ ਆਪਣੇ ਪਿੰਡ ਆਲੇ ਕੰਮੀ ਕਮੀਣ ਖੜ੍ਹੇ ਹੁੰਦੇ ਐ।" ਤਲਵੰਡੀ ਵਾਲੀ ਭੈਣ ਨੇ ਆਪਣੇ ਵਲੋਂ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ।

"ਬੀਬੀ ਸਰਜੀਤ! ਪ੍ਰਧਾਨ ਨੂੰ ਕਹੋ ਸਾਡੇ ਘਰੇ ਸਾਲ ਭਰ ਦੇ ਦਾਣੇ ਸਿੱਟ ਜਾਇਆ ਕਰੇ। ਸਾਰੇ ਜੀਆਂ ਦਾ ਲੀੜਾ ਲੱਤਾ ਬਣਵਾ ਦਿਆ ਕਰੇ ਚੜ੍ਹੇ ਸਿਆਲ। ਜੁਆਕਾਂ ਦੀ ਪੜ੍ਹਾਈ ਦੇ ਖਰਚੇ ਤਾਰ ਦਿਆ ਕਰੇ। ਦਸ ਵੀਹ ਹਜ਼ਾਰ ਦੇ ਦਿਆ ਕਰੇ ਰਿਸ਼ਤੇਦਾਰੀਆਂ 'ਚ ਆਉਣ-ਜਾਣ ਵਾਸਤੇ ਕਿਰਾਇਆ ਭਾੜਾ। ਹੋਰ ਕੀ ਚਾਹੀਦਾ? ਕੁਛ ਨ੍ਹੀਂ... ਛੱਡ ਦਿੰਨਾ ਅੱਜ ਈ ਇਹ ਕੰਮ ਜੇ ਬਹੁਤੀ ਸ਼ਰਮ ਆਉਂਦੀ ਆਪਣੇ ਲੀਡਰ ਨੂੰ।" ਸੁਖਦੇਵ ਨੇ ਵੱਡੀ ਭੈਣ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਅਧੂਰੀ ਛੱਡੀ ਗੱਲ ਪੂਰੀ ਕੀਤੀ।

"ਜਿਥੋਂ ਤੱਕ ਖੜ੍ਹਨ-ਖੜ੍ਹਾਉਣ ਦੀ ਗੱਲ ਐ, ਮੈਂ ਭੋਰਾ ਪਾਸੇ ਹੋ ਕੇ ਖੜ੍ਹ ਜਿਆ ਕਰੂ ਕੰਮੀ ਕਮੀਣਾਂ ਤੋਂ। ਫੇਰ ਤਾਂ ਠੀਕ ਐ ਨਾ?"

"ਤੂੰ ਤਾਂ ਗੱਲ ਦਾ ਵਲਾਅ ਪਾਉਨੈਂ। ਮੇਰਾ ਮਤਲਬ ਸੀ, ਜਾਣੀਦਾ ਕੰਮ ਕੁਛ ਜਚਦਾ ਨ੍ਹੀਂ।"

"ਬੀਬੀਏ ਭੈਣੇ! ਕੰਮ ਤਾਂ ਉਹੀ ਜਚਦਾ ਹੁੰਦੈ, ਜੋ ਟੱਬਰ ਦੇ ਜੀਆਂ ਮੂੰਹ ਬੁਰਕੀ ਪਾਵੇ। ਬਾਕੀ ਸਾਰਾ ਕੁਛ ਤਾਂ ਫਲੂਹੀਆਂ ਈ ਹੁੰਦੀਆਂ। ਆਪਣੀ ਬਥੇਰੀ ਜਨਤਾ ਮਾਰੀ ਜਾਂਦੀ ਫਲੂਹੀਆਂ।" ਸੁਖਦੇਵ ਸਿੰਘ ਦੀਆਂ ਕੋਰੀਆਂ ਕਰਾਰੀਆਂ ਸੁਣ ਕੇ ਭੈਣ ਕੰਨ ਵਲ੍ਹੇਟਦੀ ਤੁਰ ਗਈ।

"ਭੈਣ ਜੀ, ਆਵਦੇ ਬਾਈ ਪ੍ਰਧਾਨ ਸਾਬ੍ਹ ਨੂੰ ਇਹ ਵੀ ਦੱਸਦੀ, ਜਿਵੇਂ ਉਹ ਸੁਰਜਨ ਆੜ੍ਹਤੀਏ ਵਰਗੇ ਯਾਰਾਂ ਜੁੱਟਾਂ ਨਾਲ ਪਿਆਲਾ ਸਾਂਝਾ ਕਰਦੈ, ਉਵੇਂ ਮੈਂ ਵੀ ਸਬਜ਼ੀਆਂ ਵੇਚਣ ਵਾਲੇ ਕੰਮੀ ਕਮੀਣਾਂ ਨਾਲ ਗਿਲਾਸੀ ਖੜਕਾ ਲੈਨਾ।" ਸੁਖਦੇਵ ਦੇ ਬੋਲ ਤੁਰੀ ਜਾਂਦੀ ਸੁਰਜੀਤ ਕੌਰ ਦੇ ਨਾਲ ਜਾ ਰਲੇ।

ਬਲਦੇਵ ਸਿੰਘ ਨੂੰ ਅਸਲ ਤਕਲੀਫ ਤਾਂ ਉਸ ਦਿਨ ਹੋਈ ਸੀ, ਜਿਸ ਦਿਨ ਭਤੀਜੀ ਰਮਨ ਸ਼ਹਿਰ ਦੇ ਕਿਸੇ ਬਿਊਟੀ ਪਾਰਲਰ 'ਤੇ ਜਾਣ ਲੱਗੀ ਸੀ। ਉਹ ਕਈ ਦਿਨ ਅੰਦਰੋ ਅੰਦਰ ਕ੍ਰਿਝਦਾ ਰਿਹਾ ਸੀ।

"ਕਮਲ ਤਾਂ ਵੇਖ ਕੀ ਕੁੱਟਿਆ ਇਨ੍ਹਾਂ ਨੇ। ਆਪ ਤਾਂ ਕੰਮੀ ਕਮੀਣਾਂ ਵਾਲਾ ਕੰਮ ਕਰਦਾ ਈ ਸੀ, ਅੱਗਿਓਂ ਕੁੜੀ ਵੀ ਕੰਜਰਾਂ ਵਾਲੇ ਕਿੱਤੇ 'ਚ ਪਾ'ਤੀ। ਸਬਜ਼ੀ ਭਾਜੀ ਵਾਲੇ ਕੰਮ ਨਾਲ ਤਾਂ ਕੁਛ ਬਣਿਆ ਨ੍ਹੀਂ, ਹੁਣ ਬਿਊਟੀ ਪਾਰਲਰ ਦੀ ਕਮਾਈ ਨਾਲ ਪਾਉਣਗੇ ਕੋਠੀਆਂ।"

"ਗੱਲ ਸੁਣ ਲਾ ਮੇਰੀ! ਤੈਨੂੰ ਕੋਈ ਲੋੜ ਨ੍ਹੀ ਕਿਸੇ ਦੀ ਕਿਸੇ ਗੱਲ 'ਚ ਆਉਣ ਦੀ। ਜੀਹਦੀਆਂ ਅੱਖਾਂ ਦੁਖਣਗੀਆਂ, ਆਪੇ ਪੱਟੀਆਂ ਬੰਨੂ। ਜਿੰਦਣ ਟੰਗਰੀ ਨੇ ਕੋਈ ਚੰਦ ਚਾੜ੍ਹ'ਤਾ, ਫੇਰ ਅੱਖਾਂ 'ਚ ਘਸੁੰਨ ਦੇ-ਦੇ ਕੇ ਰੋਣਗੇ। ਤੈਨੂੰ ਆਖ'ਤਾ ਵ੍ਹੀ ਤੂੰ ਨ੍ਹੀਂ ਆਉਣਾ ਉਨ੍ਹਾਂ ਦੀ ਕਿਸੇ ਗੱਲ 'ਚ।" ਪ੍ਰੀਤੋ ਨੇ ਘਰਵਾਲੇ ਬਲਦੇਵ ਸਿੰਘ ਨੂੰ ਬੁਰੀ ਤਰ੍ਹਾਂ ਵਰਜ ਦਿੱਤਾ ਸੀ।

"ਇਹ ਕੋਈ ਇੱਜਤ ਵਾਲਾ ਕੰਮ ਐ? ਪਰਸ ਪਾ ਕੇ ਸ਼ਹਿਰ ਤੁਰ ਜਾਂਦੀ ਐ, ਕੀ ਪਤਾ ਕੀ ਕਰਦੀ ਫਿਰਦੀ ਓਥੇ। ਏਹਨੂੰ ਸਰਦਾਰ ਸੁਖਦੇਵ ਸਿਉਂ ਨੂੰ ਤਾਂ ਕਿਸੇ ਨੇ ਕੀ ਆਖਣਾ? ਲੋਕਾਂ ਨੇ ਛਿੱਥੀਆਂ ਤਾਂ ਮੇਰੇ ਮੂੰਹ 'ਚ ਦੇਣੀਆਂ। ਜੇ ਕੋਈ ਗੱਲਬਾਤ ਹੋ'ਗੀ, ਬੇਇੱਜਤੀ ਤਾਂ ਆਪਣੀਓ ਹੋਣੀ ਐ।"

"ਅੱਗੇ ਕਿੰਨੀਆਂ ਕੁ ਮੰਨੀਆਂ ਤੇਰੀਆਂ ਉਨ੍ਹਾਂ ਨੇ? ਚੁੱਪ ਕਰਕੇ ਬਹਿ ਜਾ ਘਰੇ। ਐਵੇਂ ਨਾ ਆਵਦਾ ਮੂੰਹ ਗੰਦਾ ਕਰੀਂ।"

ਬਲਦੇਵ ਸਿੰਘ ਦਾ ਜੀਅ ਤਾਂ ਕਰਦਾ ਸੀ ਕਿ ਛੋਟੇ ਭਰਾ ਦੇ ਘਰ ਜਾ ਕੇ ਰਮਨ ਨੂੰ ਬਿਊਟੀ ਪਾਰਲਰ ਦੇ ਕੰਮ ਤੋਂ ਹਟਾ ਲੈਣ ਬਾਰੇ ਆਖੇ, ਪਰ ਪ੍ਰੀਤੋ ਦੀ ਘੂਰ ਤੋਂ ਡਰਦਿਆਂ ਚੁੱਪ ਵੱਟ ਗਿਆ ਸੀ। ਉਂਜ, ਉਹ ਚਾਹੁੰਦਾ ਸੀ ਕਿ ਸੁਖਦੇਵ ਉਸ ਨੂੰ ਰਾਹ ਖਹਿੜੇ ਮਿਲ ਪਏ ਤੇ ਉਹ ਰਮਨ ਨੂੰ ਬਿਊਟੀ ਪਾਰਲਰ ਤੋਂ ਹਟਾ ਕੇ ਕੋਈ ਹੋਰ ਕੰਮ ਲਾਉਣ ਬਾਰੇ ਆਖੇ। ਉਸ ਨੇ ਤਾਂ ਦੇਣ ਵਾਲੇ ਸੁਝਾਅ ਬਾਰੇ ਵੀ ਸੋਚ ਰੱਖਿਆ ਸੀ। ਬਲਦੇਵ ਨੂੰ ਬਹੁਤੇ ਦਿਨ ਉਡੀਕ ਨਹੀਂ ਸੀ ਕਰਨੀ ਪਈ। ਸੁਖਦੇਵ ਸਾਈਕਲ ਧੂਹੀ ਆਉਂਦਾ ਪਿੰਡ ਦੀ ਫਿਰਨੀ 'ਤੇ ਮਿਲ ਗਿਆ ਸੀ।

"ਛੋਟੇ ਭਾਈ, ਤੇਰੇ ਨਾਲ ਗੱਲ ਕਰਨੀ ਸੀ ਕੋਈ ਜ਼ਰੂਰੀ।"

"ਵੱਡਾ ਭਰਾ ਏਂ, ਤੈਨੂੰ ਪੁੱਛਣ ਦੀ ਲੋੜ ਪੈਣੀ ਐ?"

"ਮੈਂ ਸੁਣਿਆ ਆਪਣੀ ਰਮਨਜੀਤ ਸ਼ਹਿਰ ਜਾਂਦੀ ਐ ਪਾਰਲਰ-ਪੂਰਲਰ ਦਾ ਕੰਮ ਸਿੱਖਣ?"

"ਸੁਣਿਆ ਤਾਂ ਤੂੰ ਠੀਕ ਈ ਐ ਬਾਈ। ਸੋਚਿਆ ਸਿੱਖ ਕੇ ਐਥੇ ਪਿੰਡ ਈ ਕੰਮ ਚਲਾ ਲਊ ਮਾੜਾ ਮੋਟਾ। ਹੁਣ ਤਾਂ ਪਿੰਡਾਂ 'ਚ ਵੀ ਵਿਆਹਾਂ 'ਤੇ ਬਥੇਰਾ ਕੰਮ ਚੱਲ ਜਾਂਦੈ।"

"ਇਹ ਕਿਹੜੇ ਕੰਮਾਂ 'ਚੋਂ ਕੰਮ ਐ! ਚੰਗਾ ਕੰਮ ਐ?"

"ਕੰਮ ਵੀ ਕੋਈ ਚੰਗਾ ਮਾੜਾ ਹੁੰਦੈ?" ਜਵਾਬ ਦੇਣ ਦੀ ਥਾਂ ਸੁਖਦੇਵ ਸਿੰਘ ਨੇ ਉਲਟਾ ਸਵਾਲ ਕਰ ਦਿੱਤਾ ਸੀ।

ਇਹ ਸੁਣ ਕੇ ਬਲਦੇਵ ਸਿੰਘ ਨੂੰ ਧੱਕਾ ਜਿਹਾ ਲੱਗਾ। ਉਸ ਨੇ ਤਾਂ ਸੋਚਿਆ ਸੀ ਕਿ ਸੁਖਦੇਵ ਪੁੱਛੇਗਾ, "ਹੋਰ ਫਿਰ ਕੀ ਕਰਾਈਏ ਬਾਈ?" ਤੇ ਉਹ ਜਵਾਬ 'ਚ ਕੁੜੀ ਨੂੰ ਆਈਲੈਟਸ ਕਰਾਉਣ ਦਾ ਸੁਝਾਅ ਦੇਵੇਗਾ ਤੇ ਬਾਹਰ ਭੇਜਣ ਲਈ ਹੋਣ ਵਾਲਾ ਖਰਚਾ ਕਿਸੇ ਮੁੰਡੇ ਵਾਲਿਆਂ ਤੋਂ ਕਰਵਾਉਣ ਦੀ ਜ਼ਿੰਮੇਵਾਰੀ ਵੀ ਲੈ ਲਵੇਗਾ।

"ਆਹ ਪਾਰਲਰ-ਪੂਰਲਰ ਵਾਲੇ ਕੰਮ ਨਾਲ ਇੱਜਤ ਨ੍ਹੀਂ ਬਣਦੀ। ਚੱਜ ਹਾਲ ਦੇ ਕੰਮ ਕਰਵਾਈਦੇ ਹੁੰਦੇ ਧੀ ਧਿਆਣੀ ਤੋਂ।" ਵੱਡੇ ਭਰਾ ਦੀ ਗੱਲ ਸੁਣ ਕੇ ਸੁਖਦੇਵ ਨੂੰ ਗੁੱਸਾ ਚੜ੍ਹ ਗਿਆ। ਉਹ ਕਿੰਨਾ ਹੀ ਚਿਰ ਗਹੁ ਨਾਲ ਵੱਡੇ ਭਰਾ ਦੀਆਂ ਅੱਖਾਂ 'ਚ ਵੇਖਦਾ ਰਿਹਾ।

"ਸਾਊ, ਜਿਹੜੇ ਕੰਮ ਤੂੰ ਕਰਾਏ ਐ ਧੀ-ਧਿਆਣੀ ਤੋਂ, ਇੱਜਤ ਤਾਂ ਉਹਦੇ ਨਾਲ ਵੀ ਨ੍ਹੀਂ ਬਣਦੀ।" ਆਖਦਿਆਂ ਸੁਖਦੇਵ ਸਿੰਘ ਨੇ ਸਾਈਕਲ ਰੋੜ੍ਹ ਲਿਆ। ਬਲਦੇਵ ਸਿੰਘ ਨੂੰ ਭਰੇ ਚੁਰਾਹੇ 'ਚ ਆਪਣਾ ਆਪ ਨੰਗਾ ਹੋ ਗਿਆ ਜਾਪਿਆ। ਠੰਢ ਦੇ ਦਿਨਾਂ 'ਚ ਉਸ ਦੇ ਮੱਥੇ 'ਤੇ ਪਸੀਨਾ ਵਗ ਆਇਆ ਸੀ।

# ਵਿਸ਼ਾ ਅਤੇ ਵਿਸ਼ੇ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਕੱਚੀ ਜਿਹੀ ਉਮਰ ਸੀ ਉਦੋਂ, ਤੇ ਜਮਾਤ ਵੀ ਕੱਚੀ ਹੀ ਸੀ ਜਦੋਂ ਤੋਂ ਵਿਸ਼ੇ ਆਪਣੇ ਪਿੱਛੇ ਪੈ ਗਏ। ਪੰਜਾਬੀ ਤੇ ਹਿਸਾਬ ਦੇ ਵਿਸ਼ਿਆਂ ਤੋਂ ਗੱਲ ਸ਼ੁਰੂ ਹੋਈ। ਪੰਜਾਬੀ ਕਾਹਦੀ, ਊੜਾ ਐੜਾ ਹੀ ਸੀ ਤੇ ਹਿਸਾਬ ਕਾਹਦਾ ਬਰਕਤ ਦੂਣੀ ਦੂਣੀ ਹੀ ਸੀ। ਫਿਰ ਜਿਉਂ ਜਿਉਂ ਜਮਾਤਾਂ ਦੀਆਂ ਪੌੜੀਆਂ ਚੜ੍ਹਦੇ ਰਹੇ, ਨਵੇਂ ਤੋਂ ਨਵੇਂ ਵਿਸ਼ੇ ਪੇਸ਼ ਆਉਂਦੇ ਰਹੇ। ਸਮਾਜ ਸ਼ਾਸਤਰ, ਡਰਾਇੰਗ, ਹਿੰਦੀ, ਅੰਗਰੇਜ਼ੀ, ਸਾਇੰਸ...ਗਿਆਰਵੀਂ ਜਮਾਤ ਵਿਚ ਤਾਂ ਸ਼ਾਇਦ ਗਿਆਰਾਂ ਵਿਸ਼ੇ ਪੜ੍ਹਨੇ ਪਏ, ਪਰ ਕਾਲਜ ਵਿਚ ਜਾ ਕੇ ਫਿਰ ਅਚਾਨਕ ਇਨ੍ਹਾਂ ਦੀ ਗਿਣਤੀ ਤਿੰਨ-ਚਾਰ ਹੀ ਰਹਿ ਗਈ। ਯੂਨੀਵਰਸਿਟੀ ਗਏ ਤਾਂ ਇਕੋ ਵਿਸ਼ਾ ਰਹਿ ਗਿਆ। ਲਗਦਾ ਸੀ ਹੁਣ ਮੌਜਾਂ ਹੀ ਮੌਜਾਂ, ਪਰ ਐਮ. ਏ. ਦਾ ਇਕੋ ਵਿਸ਼ਾ ਦਿਮਾਗ ਚੱਟ ਲੈਂਦਾ ਸੀ। ਜਵਾਨੀ ਦੀ ਉਮਰੇ ਵੱਡੀਆਂ ਜਮਾਤਾਂ ਕੀ ਚੜ੍ਹਿਆ, ਨਾਲ ਦੀ ਨਾਲ ਕਈ ਹੋਰ ਵਿਸ਼ੇ, ਜਿਨ੍ਹਾਂ ਨੂੰ ਵਧੇਰੇ ਕਰਕੇ ਵਿਸ਼ੇ-ਵਿਕਾਰ ਨਾਲ ਜਾਣਿਆ ਜਾਂਦਾ ਹੈ, ਵੀ ਚੰਬੜਦੇ ਗਏ: ਸ਼ਰਾਬਨੋਸ਼ੀ, ਡਿਸਕੋ ਚਸਕਾ, ਅੱਖਾਂ ਤੱਤੀਆਂ ਕਰਨਾ...। ਛੱਡੋ! ਕੀ ਆਪਣੇ ਪਰਦੇ ਫੋਲਣੇ ਹਨ? ਮੁੱਕਦੀ ਗੱਲ ਇਹ ਕਿ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਵਿਸ਼ਿਆਂ ਨੇ ਜਵਾਨੀ ਹੀ ਖਾ ਲਈ-ਪੜ੍ਹਾਈ ਦੇ ਮਜ਼ਮੂਨ ਅਤੇ ਇੰਦਰੀਆਂ ਦੀਆਂ ਵਾਸਨਾਵਾਂ। ਸਮਝੋ ਵਿਸ਼ਈ ਹੀ ਬਣ ਕੇ ਰਹਿ ਗਿਆ ਸੀ।

ਵਿਸ਼ਿਆਂ ਤੋਂ ਮੁਕਤ ਹੋਇਆ ਤਾਂ ਸੋਚਣ ਲੱਗਾ, ਇਹ ਦੋ ਕਿਸਮਾਂ ਦੇ ਵਿਸ਼ਿਆਂ ਵਿਚ ਕੋਈ ਸਾਂਝ ਤਾਂ ਲਗਦੀ ਨਹੀਂ, ਇੱਕ ਗਿਆਨ ਪ੍ਰਦਾਨ ਕਰਦਾ ਹੈ ਤੇ ਦੂਜਾ ਵਾਸਨਾ ਦੀ ਦੁਨੀਆਂ ਵੱਲ ਧਕੇਲਦਾ ਹੈ, ਫਿਰ ਦੋਹਾਂ ਦਾ ਖਾਸਾ ਬਿਆਨਣ ਲਈ ਇੱਕੋ ਸ਼ਬਦ ਕਿਉਂ ਧਰਿਆ ਗਿਆ ਹੈ? ਘੁੰਡੀ ਖੋਲ੍ਹਣ ਦੀ ਕੋਸ਼ਿਸ਼ ਕਰਦੇ ਹਾਂ। ਵਿਦਿਆ ਪ੍ਰਾਪਤੀ ਦੌਰਾਨ ਸਭ ਤੋਂ ਪਹਿਲਾਂ ਸਾਡਾ ਵਾਹ ਮਜ਼ਮੂਨ ਦੇ ਅਰਥਾਂ ਵਾਲੇ ਵਿਸ਼ਾ ਸ਼ਬਦ ਨਾਲ ਹੀ ਪੈਂਦਾ ਹੈ।

ਵਿਸ਼ਵ ਦੇ ਸਮੁੱਚੇ ਗਿਆਨ ਨੂੰ ਇਸ ਤਰ੍ਹਾਂ ਸ਼ਾਖਾਵਾਂ ਵਿਚ ਵੰਡਿਆ ਗਿਆ ਹੈ ਕਿ ਸਭ ਦਾ ਆਪੋ ਆਪਣਾ ਖੇਤਰ ਹੈ ਤੇ ਇੱਕ ਦਾ ਦੂਜੇ ਨਾਲੇ ਕੋਈ ਬਹੁਤਾ ਸਰੋਕਾਰ ਨਹੀਂ। ਮਿਸਾਲ ਵਜੋਂ ਪੰਜਾਬੀ ਤੇ ਗਣਿਤ ਦਾ ਇੱਕ ਦੂਜੇ ਤੋਂ ਮੁਕਾਬਲਤਨ ਸੁਤੰਤਰ ਤੌਰ 'ਤੇ ਅਧਿਐਨ ਹੋ ਸਕਦਾ ਹੈ; ਪਰ ਵਿਸ਼ਾ ਸ਼ਬਦ ਕਿਸੇ ਲਿਖਤ, ਭਾਸ਼ਣ, ਗੱਲਬਾਤ ਜਾਂ ਕਲਾਕ੍ਰਿਤ ਦੇ ਪ੍ਰਸੰਗ ਵਿਚ ਵੀ ਵਰਤਿਆ ਜਾਂਦਾ ਹੈ, ਇਹ ਦੱਸਣ ਲਈ ਕਿ ਇਨ੍ਹਾਂ ਦਾ ਉਦੇਸ ਕੀ ਹੈ, ਇਹ ਕੀ ਸਮਝਾਉਣ ਜਾਂ ਦਰਸਾਉਣ ਲਈ ਰਚੇ ਗਏ ਹਨ? ਮਿਸਾਲ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਫਲਾਣੀ ਲਿਖਤ ਦਾ ਵਿਸ਼ਾ ਹੈ, ਨਸ਼ਿਆਂ ਤੋਂ ਕਿਵੇਂ ਬਚਿਆ ਜਾਵੇ? ਆਮ ਭਾਸ਼ਾ ਵਿਚ ਅਸੀਂ ਕਿਸੇ ਵੀ ਵਿਚਾਰ ਗੋਚਰੀ ਜਾਂ ਗੌਲਣ ਵਾਲੀ ਗੱਲ ਨੂੰ ਵਿਸ਼ਾ ਕਹਿ ਦਿੰਦੇ ਹਾਂ ਜਿਵੇਂ ਵਧਦਾ ਪ੍ਰਦੂਸ਼ਣ ਚਿੰਤਾ ਦਾ ਵਿਸ਼ਾ ਹੈ। ਮੌਤ ਦਾ ਵਿਸ਼ਾ ਭਿਆਨਕ ਜਿਹਾ ਹੈ। ਮੋਦੀ ਦਾ ਲਿਬਾਸ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਅਧਵਾਟੇ ਹੀ ਇਹ ਗੱਲ ਦੱਸ ਦੇਈਏ ਕਿ ਵਿਸ਼ਾ ਸ਼ਬਦ ਦਾ ਸੰਸਕ੍ਰਿਤ ਪੂਰਵਜ 'ਵਿਸ਼ਯ' ਹੈ, ਜਿਸ ਵਿਚਲਾ 'ਸ਼' ਅੱਖਰ ਢਿਡ-ਪਾੜਵਾਂ ਹੈ। ਇਸ ਤਰ੍ਹਾਂ ਇਸ ਸ਼ਬਦ ਦਾ ਪੰਜਾਬੀ ਰੂਪ ਵਿਸ਼ੇ ਜਾਂ ਵਿਸ਼ੈ ਵੀ ਹੋ ਸਕਦਾ ਸੀ, ਜਿਵੇਂ ਵਿਜਯ ਦਾ ਵਿਜੈ ਅਤੇ ਲਯ ਦਾ ਲੈਅ, ਪਰ ਮਜ਼ਮੂਨ ਦੇ ਅਰਥਾਂ ਵਿਚ ਇਹ ਵਿਸ਼ਾ ਹੋਇਆ ਤੇ ਵਿਸ਼ੇ ਇਸ ਦਾ ਬਹੁਵਚਨ ਬਣਿਆ ਜਿਵੇਂ 'ਅੱਠਵੀਂ ਜਮਾਤ ਵਿਚ ਹੁਣ ਕਈ ਵਿਸ਼ੇ ਪੜ੍ਹਾਏ ਜਾਣ ਲੱਗੇ ਹਨ।' "ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਸ਼ੇ 'ਤੇ ਹੋਇਆ ਸੈਮੀਨਾਰ" ਜਿਹੇ ਵਾਕ ਵਿਚ ਵਿਸ਼ੇ ਸ਼ਬਦ ਬਹੁਵਚਨ ਨਾ ਹੋ ਕੇ ਇਕਵਚਨ ਹੀ ਹੈ, ਪਰ ਇਸ ਦਾ ਅਜਿਹਾ ਰੂਪ ਵਾਕ-ਬਣਤਰ ਦੇ ਨਿਯਮਾਂ ਕਰਕੇ ਹੈ। ਹੁਣ ਦੇਖੀਏ ਵਿਸ਼ਾ/ਵਿਸ਼ੇ ਸ਼ਬਦ ਵਿਚ ਵਿਕਾਰ, ਭੋਗ ਵਿਲਾਸ ਵਾਲੇ ਅਰਥ ਕਿਵੇਂ ਵਿਕਸਿਤ ਹੁੰਦੇ ਹਨ। ਜਿਵੇਂ ਪਹਿਲਾਂ ਦੱਸਿਆ ਜਾ ਚੁਕਾ ਹੈ, ਸੰਸਕ੍ਰਿਤ ਸ਼ਬਦ ਦੇ ਅੰਤ ਵਿਚ 'ਯ' ਧੁਨੀ ਅਕਸਰ 'ਏ' ਵਿਚ ਬਦਲ ਜਾਂਦੀ ਹੈ ਜਿਵੇਂ ਵਿਜਯ> ਵਿਜੇ। ਵਿਕਾਰ ਦੇ ਅਰਥਾਂ ਵਿਚ ਇਹੋ ਪਰਿਵਰਤਨ ਹੋਇਆ। ਸੋ ਅਜੋਕੀ ਪੰਜਾਬੀ ਵਿਚ ਵਾਸਨਾ ਦੇ ਅਰਥਾਂ ਲਈ ਵਿਸ਼ੇ ਸ਼ਬਦ ਹੀ ਚਲਦਾ ਹੈ ਤੇ ਉਹ ਵੀ ਬਹੁਤਾ ਵਿਸ਼ੇ-ਵਿਕਾਰ ਜਾਂ ਵਿਸ਼ੇ-ਵਾਸਨਾ ਜਿਹੇ ਸ਼ਬਦ ਜੁੱਟਾਂ ਵਿਚ।




ਵਿਕਾਰ ਵਾਲਾ ਵਿਸ਼ੇ ਵੀ ਵਿਸ਼ਯ ਤੋਂ ਹੀ ਬਣਿਆ ਹੈ, ਪਰ ਸ਼ਬਦ ਬਣਤਰ ਬਹੁਵਚਨ ਵਾਲੀ ਹੋਣ ਦੇ ਬਾਵਜੂਦ ਇਹ ਇਕਵਚਨ ਹੈ। ਭਾਰਤੀ ਅਧਿਆਤਮਕ ਤੇ ਨੈਤਿਕ ਪਰਿਵੇਸ਼ ਵਿਚ ਇਸ ਦੀ ਖਾਸੀ ਵਰਤੋਂ ਹੁੰਦੀ ਹੈ। ਵਿਸ਼ਯ/ਵਿਸ਼ੇ ਇੰਦਰੀ-ਸੁੱਖ, ਵਾਸਨਾਤਮਕ ਅਨੰਦ, ਭੋਗ ਲਾਲਸਾ, ਮਾਇਆ; ਇਥੋਂ ਤੱਕ ਕਿ ਪਾਪ ਦਾ ਅਰਥਾਵਾਂ ਵੀ ਬਣ ਗਿਆ ਹੈ। ਧਾਰਮਕ ਪ੍ਰਵਚਨਾਂ ਵਿਚ ਅਜਿਹੀ ਪ੍ਰਵ੍ਰਿਤੀ ਦੀ ਖੂਬ ਨਿੰਦਾ ਕੀਤੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦੀ ਅਜਿਹੀ ਵਰਤੋਂ ਦੀਆਂ ਕਈ ਮਿਸਾਲਾਂ ਮਿਲ ਜਾਂਦੀਆਂ ਹਨ, ਪਰ ਪਹਿਲਾਂ ਇਸ ਸ਼ਬਦ ਦੇ ਵਿਕਾਰ ਵਾਲੇ ਅਰਥਾਂ ਦੇ ਪ੍ਰਸੰਗ ਵਿਚ ਧੁਨੀ-ਪਰਿਵਰਤਨ ਦੇ ਕੁਝ ਨੇਮਾਂ ਤੇ ਨਿਗ੍ਹਾ ਮਾਰ ਲਈਏ। 'ਵ' ਧੁਨੀ ਕਈ ਵਾਰੀ ਪੰਜਾਬੀ ਤੇ ਹੋਰ ਭਾਸ਼ਾਵਾਂ ਵਿਚ 'ਬ' ਵਿਚ ਬਦਲ ਜਾਂਦੀ ਹੈ ਜਿਵੇਂ ਵਾਣੀ> ਬਾਣੀ; ਦੇਵਨਾਗਰੀ ਦੇ ਢਿਡ-ਪਾੜਵੇਂ 'ਸ਼' ਦੀ ਧੁਨੀ 'ਖ' ਜਾਂ 'ਛ' ਵਿਚ ਬਦਲ ਜਾਂਦੀ ਹੈ ਜਿਵੇਂ ਸ਼ੜਯੰਤਰ> ਖੜਯੰਤਰ/ਛੜਯੰਤਰ; 'ਯ' ਧੁਨੀ ਏ, ਐ, ਅ, ਆ ਜਾਂ ਜ ਵਿਚ ਬਦਲ ਜਾਂਦੀ ਹੈ ਜਿਵੇਂ ਵਿਜਯ> ਵਿਜੇ, ਜਯ> ਜੈ; ਸਤਯ> ਸੱਤ, ਹਿਰਦਯ> ਹਿਰਦਾ ਅਤੇ ਯਸ਼> ਜਸ, ਕਾਰਯ> ਕਾਰਜ।

ਉਕਤ ਨੇਮਾਂ ਅਨੁਸਾਰ ਵਿਸ਼ਯ ਸ਼ਬਦ ਬਿਖੈ



(ਹਿੰਦੀ ਵਿਚ ਬਿਸ਼ਯ ਵੀ ਹੈ) ਦਾ ਰੂਪ ਧਾਰਦਾ ਹੈ, 'ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤ ਮੈ ਹੋਇ ਧਿਆਈ॥' (ਗੁਰੂ ਨਾਨਕ ਦੇਵ); 'ਮਨ ਬਿਖੈ ਹੀ ਮਹਿ ਲੁਝੀ ਹੇ॥', 'ਬਿਖੈ ਨਾਦ ਕਰਨ ਸੁਣਿ ਭੀਨਾ॥', 'ਬਿਖੈਬਿਲਾਸ ਕਹੀਅਤ ਬਹੁਤੇਰੇ॥' (ਗੁਰੂ ਅਰਜਨ ਦੇਵ); 'ਬਿਖੈ ਬਿਖੈ ਕੀ ਬਾਸਨਾ ਤਜੀਅ ਨਹਿ ਜਾਈ॥' (ਭਗਤ ਕਬੀਰ)

ਬਿਖੈ ਸ਼ਬਦ ਵਿਸ਼ਈ ਅਰਥਾਤ ਵਿਸ਼ੇ ਭੋਗਣ ਵਾਲੇ ਅਰਥਾਂ ਵਿਚ ਵੀ ਵਰਤ ਹੋਇਆ ਹੈ, 'ਜੈਸੇ ਬਿਖੈ ਹੇਤ ਪਰ ਨਾਰੀ॥' (ਗੁਰੂ ਰਾਮ ਦਾਸ)। ਇਸ ਦਾ ਇੱਕ ਰੂਪ ਬਿਖਿਆ ਵੀ ਹੈ, 'ਬਿਖਿਆ ਮਹਿ ਕਿਨਹੀ ਤ੍ਰਿਪਤਿ ਨ ਪਾਈ॥' (ਗੁਰੂ ਅਰਜਨ ਦੇਵ) ਪਰ ਵਿਸ਼ਾ (ਮਜ਼ਮੂਨ) ਅਤੇ ਵਿਸ਼ੇ (ਵਿਕਾਰ) ਕਿੱਥੇ ਮਿਲਦੇ ਹਨ? ਜੇ ਅਸੀਂ ਦੋਹਾਂ ਸ਼ਬਦਾਂ ਅਤੇ ਇਨ੍ਹਾਂ ਦੇ ਅਰਥਾਂ ਲਈ (ਕਾਰਜ) ਖੇਤਰ, ਮਾਰ ਜਾਂ ਗੋਚਰ ਸ਼ਬਦ ਰੱਖੀਏ ਤਾਂ ਗੱਲ ਸਮਝ ਵਿਚ ਆ ਸਕਦੀ ਹੈ। ਮਜ਼ਮੂਨ ਦੇ ਅਰਥਾਂ ਵਿਚ ਵਿਸ਼ਾ ਉਹ ਹੈ, ਜੋ ਸਾਡੇ ਅਧਿਐਨ ਦਾ ਖੇਤਰ ਜਾਂ ਮਾਰ ਹੈ। ਭੋਗ ਵਿਲਾਸ, ਅਨੰਦ, ਵਿਕਾਰ ਆਦਿ ਸਾਡੀਆਂ ਇੰਦਰੀਆਂ ਦੇ ਖੇਤਰ ਜਾਂ ਮਾਰ ਸਦਕਾ ਹੀ ਗ੍ਰਹਿਣ ਕੀਤੇ ਜਾਂਦੇ ਹਨ। ਅਰਥਾਤ ਅਸੀਂ ਆਪਣੀਆਂ ਇੰਦਰੀਆਂ ਦੀ ਮਾਰ ਰਾਹੀਂ ਬਾਹਰੀ ਜਗਤ ਨੂੰ ਪ੍ਰਤੀਤ ਕਰਦੇ ਹਾਂ। ਸਾਡੇ ਧਰਮਾਂ ਵਿਚ ਬਾਹਰੀ ਦੁਨੀਆਂ ਵੱਲ ਖਚਿਤ ਹੋਣ ਜਾਂ ਮਾਣਨ ਨੂੰ ਨਿੰਦਿਆ ਗਿਆ ਹੈ, ਇਸ ਨੂੰ ਮਾਇਆ ਜਾਂ ਮੋਹ ਮਾਇਆ ਕਿਹਾ ਗਿਆ ਹੈ। ਵਿਸ਼ੇ ਪੰਜ ਤਰ੍ਹਾਂ ਦੇ ਹਨ: ਰੂਪ, ਰਸ, ਗੰਧ, ਸਪਰਸ਼ ਅਤੇ ਸ਼ਬਦ; 'ਬਿਖੈਬਿਲਾਸ ਕਹੀਅਤ ਬਹੁਤੇਰੇ॥' (ਗੁਰੂ ਅਰਜਨ ਦੇਵ)। ਇਨ੍ਹਾਂ ਪੰਜ ਵਿਸ਼ਿਆਂ ਦਾ ਸਬੰਧ ਕ੍ਰਮਵਾਰ ਅੱਖ, ਜੀਭ, ਨੱਕ, ਤਵਚਾ ਅਤੇ ਕੰਨ ਨਾਲ ਹੈ। ਇਨ੍ਹਾਂ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨਾਲ ਵੀ ਜੋੜਿਆ ਜਾਂਦਾ ਹੈ। ਗੁਰਬਾਣੀ ਵਿਚ ਕਈ ਥਾਂਈਂ ਬਿਖ ਜਾਂ ਬਿਖਿਆ ਆਦਿ ਸ਼ਬਦਾਂ ਦੀ ਵਿਆਖਿਆ ਜ਼ਹਿਰ ਦੇ ਅਰਥਾਂ ਵਿਚ ਵੀ ਕੀਤੀ ਮਿਲਦੀ ਹੈ, ਕਿਉਂਕਿ ਇਸ ਦਾ ਰੂਪ ਸੰਸਕ੍ਰਿਤ ਸ਼ਬਦ ਵਿਸ਼ (ਜ਼ਹਿਰ) ਨਾਲ ਮਿਲਦਾ ਜੁਲਦਾ ਹੈ। ਇਨ੍ਹਾਂ ਦਾ ਨਿਖੇੜਾ ਹੋਣਾ ਚਾਹੀਦਾ ਹੈ।

ਸੰਸਕ੍ਰਿਤ ਵਿਸ਼ਯ ਸ਼ਬਦ ਦੇ ਕੁਝ ਹੋਰ ਅਰਥ ਮਿਲਦੇ ਹਨ: ਕੋਈ ਵੱਡਾ ਪ੍ਰਦੇਸ਼, ਖਾਸ ਤੌਰ 'ਤੇ ਗ੍ਰਾਮ ਤੋਂ ਵੱਡਾ ਰਾਸ਼ਟਰ ਅਤੇ ਰਾਸ਼ਟਰ ਤੋਂ ਵੱਡਾ ਵਿਸ਼ਯ ਮੰਨਿਆ ਜਾਂਦਾ ਹੈ; ਭੌਤਿਕ ਵਸਤੂ ਅਰਥਾਤ ਜਿਸ ਦੀ ਪ੍ਰਤੀਤੀ ਹੋ ਸਕਦੀ ਹੈ; ਕਾਰੋਬਾਰ, ਕਿੱਤਾ ਅਰਥਾਤ ਕੰਮ ਦਾ ਖੇਤਰ; ਵੀਰਜ; ਪ੍ਰੇਮੀ ਪਤੀ ਅਰਥਾਤ ਪਤਨੀ ਦੇ ਪਿਆਰ ਦਾ ਖੇਤਰ; ਪੰਜ ਦੀ ਸੰਖਿਆ ਕਿਉਂਕਿ ਗਿਆਨ ਇੰਦਰੀਆਂ ਦੇ ਪੰਜ ਵਿਸ਼ੇ ਹਨ। ਇਸ ਸ਼ਬਦ ਦਾ ਧਾਤੂ 'ਵਿਸ਼' ਦੱਸਿਆ ਜਾਂਦਾ ਹੈ, ਜਿਸ ਵਿਚ ਦਾਖਲ ਹੋਣ, ਆਬਾਦ ਹੋਣ ਦੇ ਭਾਵ ਹਨ। ਸ਼ਾਇਦ ਵਿਖੇ ('ਸੇਵਾ ਵਿਖੇ' ਵਾਲਾ) ਸ਼ਬਦ ਇਸ ਤੋਂ ਬਣਿਆ ਹੈ। ਇਸ ਦੀ ਚਰਚਾ ਫਿਰ ਕਰਾਂਗੇ।

ਨਿਰੁਕਤ ਸ਼ਾਸਤਰੀਆਂ ਨੇ ਵਿਸ਼ਾ/ਵਿਸ਼ੇ ਸ਼ਬਦ ਨੂੰ ਭਾਰੋਪੀ ਮੰਨਿਆ ਹੈ। ਇਸ ਦਾ ਭਾਰੋਪੀ ਮੂਲ ਹੈ, Weik, ਜਿਸ ਵਿਚ ਕਬੀਲਾ ਅਰਥਾਤ ਘਰ ਤੋਂ ਵੱਡੀ ਇਕਾਈ ਦਾ ਭਾਵ ਹੈ। ਧਿਆਨ ਦਿਉ, ਉਪਰ ਸੰਸਕ੍ਰਿਤ ਵਿਸ਼ਯ ਦਾ ਇੱਕ ਅਰਥ ਕੋਈ ਵੱਡਾ ਪ੍ਰਦੇਸ਼ ਦੱਸਿਆ ਗਿਆ ਹੈ। ਅੰਗਰੇਜ਼ੀ ਵਿਚ ਇਸ ਦਾ ਇਕ ਰੂਪ Wick ਹੈ, ਜੋ ਸ਼ਹਿਰ ਜਾਂ ਨਗਰ ਦਾ ਅਰਥਸੂਚਕ ਸਮਾਸੀ ਰੂਪ ਬਣਦਾ ਹੈ ਜਿਵੇਂ Brunswick, Warwick, Greenwich ਆਦਿ (ਟਾਕਰਾ ਕਰੋ ਸਾਡੇ ਮਾਨਖੇੜਾ, ਤੇਜਾਖੇੜਾ ਆਦਿ ਨਾਲ); Vicinity (ਆਸਪਾਸ, ਨਿਕਟਤਾ, ਪਰਿਸੀਮਾ, ਖੇਤਰ); ਇਹ ਲਾਤੀਨੀ ਤੋਂ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਗਿਆ। ਇਹ ਸ਼ਬਦ ਲਾਤੀਨੀ ਦੇ Vicus ਤੋਂ ਵਿਕਸਿਤ ਹੋਇਆ, ਜਿਸ ਦਾ ਅਰਥ ਸੀ ਘਰਾਂ ਦਾ ਸਮੂਹ, ਪਿੰਡ। Village (ਪਿੰਡ): ਇਸ ਦਾ ਲਾਤੀਨੀ ਰੂਪ Villa ਸੀ, ਜਿਸ ਦਾ ਅਰਥ ਪੇਂਡੂ ਘਰ ਹੈ। ਅੰਗਰੇਜ਼ੀ ਵਿਚ Villa ਸ਼ਬਦ ਵੀ ਚਲਦਾ ਹੈ। ਅਮਰੀਕੀਆਂ ਨੇ Ville ਰੂਪ ਵਿਚ ਇਸ ਦਾ ਪਿਛੇਤਰ ਬਣਾ ਕੇ ਇਸ ਨਾਲ Louisville ਅਤੇ Greenville ਜਿਹੇ ਸ਼ਹਿਰਾਂ ਦਾ ਨਾਂ ਧਰ ਦਿੱਤਾ।

ਪ੍ਰਾਚੀਨ ਰੋਮਨ ਅਮੀਰ ਪੇਂਡੂ ਇਲਾਕਿਆਂ ਵਿਚ ਵੱਡੇ ਵੱਡੇ ਘਰ/ਕੋਠੀਆਂ ਬਣਾਉਣ ਦੇ ਸ਼ੌਕੀਨ ਸਨ, ਜਿਨ੍ਹਾਂ ਨੂੰ ਵਿਲਾ ਕਿਹਾ ਜਾਂਦਾ ਸੀ। Economy ਸ਼ਬਦ ਦਾ ਮੁਢਲਾ ਅਰਥ ਹੈ, ਘਰ ਦਾ ਪ੍ਰਬੰਧ ਜਾਂ ਘਰ ਚਲਾਉਣਾ। ਇਹ ਸ਼ਬਦ ਅੰਤਿਮ ਤੌਰ 'ਤੇ ਗਰੀਕ Oikos ਤੋਂ ਵਿਕਸਿਤ ਹੋਇਆ ਹੈ। ਗਰੀਕ ਵਿਚ ਇਸ ਦਾ ਅਰਥ ਹੈ-ਘਰ, ਰਿਹਾਇਸ਼, ਬਸੇਰਾ। ਇਹ ਲਾਤੀਨੀ Vicus ਦਾ ਹੀ ਸਜਾਤੀ ਹੈ। ਇੱਕ ਚਰਚ ਜਾਂ ਗਿਰਜੇ ਦੇ ਅਧਿਕਾਰ ਖੇਤਰ ਨੂੰ Parish ਕਿਹਾ ਜਾਂਦਾ ਹੈ। ਇਹ ਗਰੀਕ Paroikos ਤੋਂ ਬਣਿਆ ਹੈ। ਇਸ 'ਚ ਗਰੀਕ Oikos ਸਪਸ਼ਟ ਝਲਕਦਾ ਹੈ। Para ਦਾ ਅਰਥ ਹੈ-ਗਵਾਂਢ, ਪੜੋਸ। ਸੋ Paroikos ਦਾ ਸ਼ਾਬਦਿਕ ਅਰਥ ਬਣਿਆ-ਲਾਗਲਾ ਜਾਂ ਨਾਲ ਲਗਦਾ ਘਰ। ਕੁਝ ਇਸ ਤਰ੍ਹਾਂ ਜਿਵੇਂ ਕਹੀਏ 'ਤੁਹਾਨੂੰ ਕਿਹੜਾ ਗੁਰਦੁਆਰਾ ਲਗਦਾ ਹੈ?

ਖਲਨਾਇਕ ਦੇ ਅਰਥਾਂ ਵਾਲਾ ਅੰਗਰੇਜ਼ੀ Villain ਜਿਸ ਨੂੰ ਫਿਲਮਾਂ ਦੇ ਕਈ ਸ਼ੌਕੀਨ ਵਿਲੀਅਨ ਆਖਦੇ ਹਨ, ਦਾ ਮੁਢਲਾ ਅਰਥ ਗੰਵਾਰ, ਪੇਂਡੂ ਹੈ। ਇਸ ਦਾ ਅਰਥ ਵਿਕਾਸ ਕੁਝ ਇਸ ਤਰ੍ਹਾਂ ਹੋਇਆ ਹੋਵੇਗਾ: ਖੇਤਾਂ ਵਿਚ ਰਹਿਣ ਵਾਲਾ, ਕਿਸਾਨ, ਗੰਵਾਰ, ਉਜੱਡ, ਵਿਦੂਸ਼ਕ, ਦੁਸ਼ਟ, ਬਦਮਾਸ਼। ਵਿਚਾਰੇ ਵਿਲੇਨ ਦੀ ਦੁਰਗਤੀ ਉਸੇ ਤਰ੍ਹਾਂ ਹੋਈ ਜਿਵੇਂ ਗਾਂਵ ਵਿਚ ਰਹਿਣ ਵਾਲੇ ਗੰਵਾਰ ਦੀ।

# ਬਾਬਰ ਅਤੇ ਰਬਾਬ

ਹਿੰਦੁਸਤਾਨ ਦੇ ਇਤਿਹਾਸ ਵਿਚ ਗੁਰੂ ਨਾਨਕ ਦਾ ਪ੍ਰਕਾਸ਼ ਅਤੇ ਮੁਗਲ ਸਲਤਨਤ ਦਾ ਆਗਾਜ਼ ਕਰੀਬ ਇੱਕੋ ਸਮੇਂ ਹੋਇਆ। ਇੱਕ ਤਰਫ ਜਿਵੇਂ ਪ੍ਰੇਮ, ਗਿਆਨ ਅਤੇ ਅਭਿਆਸ ਨੇ ਮਿਲ ਕੇ ਗੁਰੂ ਨਾਨਕ ਦਾ ਰੂਪ ਧਾਰ ਲਿਆ ਹੋਵੇ ਤੇ ਦੂਜੇ ਪਾਸੇ ਜਿਵੇਂ ਧਰਮ ਦੇ ਬੁਰਕੇ ਵਿਚ ਛੁਪੀ ਰਾਜ ਦੀ ਹਵਸ ਨੇ ਜ਼ੁਲਮ ਨਾਲ ਸੁਲ੍ਹਾ ਕਰਕੇ ਬਾਬਰ ਦਾ ਭੇਸ ਵਟਾ ਲਿਆ ਹੋਵੇ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਇਤਿਹਾਸ ਦਾ ਉਹ ਕੇਹਾ ਮੋੜ ਹੋਵੇਗਾ, ਜਦੋਂ ਗੁਰੂ ਨਾਨਕ ਪਾਤਸ਼ਾਹ ਤੇ ਬਾਬਰ ਬਾਦਸ਼ਾਹ ਚਾਣਚੱਕ ਰੂਬਰੂ ਹੋ ਗਏ ਹੋਣਗੇ ਅਤੇ ਪਾਤਸ਼ਾਹ ਨੇ ਜਾਣ ਲਿਆ ਹੋਵੇਗਾ ਉਹ ਦਰਦ, ਜੋ ਬਾਬਰੀ ਜਲਾਲ ਨੇ ਮਾਸੂਮ ਮਨੁੱਖਤਾ ਦੀ ਹਿੱਕ ਵਿਚ ਪੁੜ ਦਿੱਤਾ ਤੇ ਪੁੜ ਦੇਣਾ ਸੀ।

ਕਹਿਰ ਕਹੀਏ ਜਾਂ ਕਮਾਲ ਕਿ ਗੁਰੂ ਜੋਤ ਦਾ ਜਮਾਲ ਅਤੇ ਬਾਬਰੀ ਜਲਾਲ ਜੀਵਨ-ਧਾਰਾ ਦੇ ਦੋ ਕਿਨਾਰਿਆਂ ਵਾਂਗ ਇਤਿਹਾਸ ਵਿਚ ਨਾਲੋ ਨਾਲ ਚੱਲੇ, ਪਰ ਇਨ੍ਹਾਂ ਕਿਨਾਰਿਆਂ ਦੀ ਪ੍ਰਕਿਰਤੀ ਤੇ ਪ੍ਰਵਿਰਤੀ ਵਿਚ ਵਿਕਾਸ ਤੇ ਵਿਨਾਸ਼ ਜਿੰਨਾ ਫਰਕ ਸੀ।

ਗੁਰੂ ਨਾਨਕ ਨੇ ਬਾਬਰੀ ਜਲਾਲ ਦੀ ਵਿਨਾਸ਼ਕਾਰੀ ਪ੍ਰਵਿਰਤੀ ਦੇ ਹੱਲ ਲਈ ਬਾਬਰ ਸ਼ਬਦ 'ਤੇ ਗੰਭੀਰਤਾ ਨਾਲ ਧਿਆਨ ਕੇਂਦ੍ਰਿਤ ਕੀਤਾ ਅਤੇ ਉਸ ਨੂੰ ਜਾਬਰ ਆਖਿਆ। ਜਾਬਰ ਸ਼ਬਦ ਬਾਬਰ ਦਾ ਤਰਜਮਾ ਹੀ ਸੀ।

ਪਾਤਸ਼ਾਹ ਨੇ ਬਾਬਰੀ ਜਬਰ ਦਾ ਹੱਲ ਬਾਬਰ ਸ਼ਬਦ ਵਿਚੋਂ ਹੀ ਲੱਭਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਬਾਬਰ ਦੇ ਅੱਖਰ ਜੋੜ ਦੀ ਅਰਬੀ ਤਰਤੀਬ ਨੂੰ ਗੁਰਮੁਖੀ ਤਰਤੀਬ ਵਿਚ ਦੇਖਿਆ ਤਾਂ ਉਹ ਰਬਾਬ ਪੜ੍ਹਿਆ ਗਿਆ।

ਫਿਰ ਗੁਰੂ ਨਾਨਕ ਪਾਤਸ਼ਾਹ ਨੇ ਬਾਬਰ ਦੇ ਜਬਰ ਦਾ ਜਵਾਬ ਰਬਾਬੀ ਸੰਗੀਤ ਵਿਚ ਦਿੱਤਾ ਅਤੇ ਬਾਬਰੀ ਜਲਾਲ ਨੂੰ ਰਬਾਬੀ ਕਮਾਲ ਨਾਲ ਚਿੱਤ ਕਰ ਦਿੱਤਾ। ਮੁਗਲ ਹਕੂਮਤ ਦੀਆਂ ਸੱਤ ਪੁਸ਼ਤਾਂ ਅਤੇ ਸਿੱਖ ਇਤਿਹਾਸ ਦੀਆਂ ਦਸ ਪਾਤਸ਼ਾਹੀਆਂ ਦਾ ਰਿਸ਼ਤਾ ਉਹੀ ਹੈ, ਜੋ ਬਾਬਰ ਅਤੇ ਰਬਾਬ ਦਾ ਅੱਖਰੀ ਰਿਸ਼ਤਾ ਹੈ।

ਬੱਬਾ+ਕੰਨਾ+ਬੱਬਾ+ਰਾਰਾ= ਬਾਬਰ
ਰਾਰਾ+ਬੱਬਾ+ਕੰਨਾ+ਬੱਬਾ= ਰਬਾਬ
B+A+B+U+R=BABUR
R+U+B+A+B=RUBAB

ਬਾਬਰ ਨੇ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ 'ਤੇ ਕਬਜ਼ਾ ਕਰਨ ਪਿਛੋਂ ਹਿੰਦੁਸਤਾਨ ਨੂੰ ਆ ਧਮਕਾਇਆ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਆਖਿਆ, "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥"

ਬਾਬਰ ਲਿਖਦਾ ਹੈ ਕਿ ਹਿੰਦੁਸਤਾਨ ਦੇ ਲੋਕ ਅਰਬੀ ਮੁਲਕਾਂ ਨੂੰ ਖੁਰਾਸਾਨ ਹੀ ਕਹਿੰਦੇ ਹਨ। ਜਿਵੇਂ ਪੱਛਮੀ ਮੁਲਕਾਂ ਨੂੰ ਅਸੀਂ ਵਲਾਇਤ ਕਹਿ ਦਿੰਦੇ ਹਾਂ।

ਰਬਾਬ ਅਫਗਾਨਿਸਤਾਨ ਦਾ ਰਾਸ਼ਟਰੀ ਸੰਗੀਤਕ ਸਾਜ਼ ਹੈ ਅਤੇ ਰਬਾਬ ਦਾ ਸ਼ਾਬਦਿਕ ਅਰਥ ਹੈ, ਹੁਸੀਨ ਔਰਤ। ਰਬਾਬ ਵਿਚ ਇਸਤਰੀ ਦੀ ਸੰਗੀਤਾਤਮਿਕਤਾ ਹੈ।

ਪ੍ਰੋ. ਪੂਰਨ ਸਿੰਘ ਨੇ ਆਪਣੀ ਪੁਸਤਕ 'ਸਪਿਰਟ ਬੌਰਨ ਪੀਪਲ' ਵਿਚ ਦੱਸਿਆ ਹੈ ਕਿ ਤਨ ਦੀ ਭੁੱਖ ਹਰ ਅਹਿਸਾਸ ਨੂੰ ਇਕ ਸ਼ੈਅ ਬਣਾ ਦਿੰਦੀ ਹੈ ਤੇ ਮਨ ਦੀ ਉਮੰਗ ਹਰ ਸ਼ੈਅ ਨੂੰ ਇਕ ਅਹਿਸਾਸ ਵਿਚ ਬਦਲ ਦਿੰਦੀ ਹੈ। ਤਨ ਅਤੇ ਮਨ ਦੋ ਖੰਭ ਹਨ, ਜਿਨ੍ਹਾਂ ਦੀ ਮਦਦ ਨਾਲ ਇਨਸਾਨੀ ਆਤਮਾ ਸੱਚ ਦੀ ਭਾਲ ਵਿਚ ਉਡਾਰੀ ਭਰਦੀ ਹੈ।

ਜਿਵੇਂ ਤਨ ਦੀ ਭੁੱਖ ਦਾ ਇਲਾਜ ਸਿਰਫ ਅੰਨ ਨਹੀਂ ਹੈ; ਸਗੋਂ ਅੰਨ ਦਾ ਵੀ ਸਹਿਜ ਅਤੇ ਸੁਹਜ ਹੁੰਦਾ ਹੈ। ਇਵੇਂ ਮਨ ਦੀ ਉਮੰਗ ਵੀ ਸਿਰਫ ਕਾਮ ਪੂਰਤੀ ਨਹੀਂ ਹੈ; ਕਾਮ ਦਾ ਵੀ ਕੋਈ ਸਹਿਜ ਅਤੇ ਸੁਹਜ ਹੁੰਦਾ ਹੈ। ਸਹਿਜ ਅਤੇ ਸੁਹਜ ਵਿਹੂਣਾ ਅੰਨ ਤੇ ਕਾਮ ਨਰਕਾਂ ਦੇ ਰਾਹ ਤੋਰ ਦਿੰਦਾ ਹੈ, ਪਰ ਸਹਿਜ ਅਤੇ ਸੁਹਜ ਭਰਪੂਰ ਅੰਨ ਤੇ ਕਾਮ ਨਾਮ ਮਾਰਗ ਨਾਲ ਜੋੜ ਦਿੰਦਾ ਹੈ।

ਤਨ ਦੀ ਭੁੱਖ ਦਾ ਸੁਹਜ ਅਤੇ ਸਹਿਜ ਲੰਗਰ ਦੀ ਪੰਗਤ ਵਿਚ ਜਲਵਾਗਰ ਹੁੰਦਾ ਹੈ। "ਅਸੀਂ ਲੰਗਰਾਂ ਦੇ ਭੋਰਿਆਂ 'ਤੇ ਵਾਰ ਦੇਈਏ ਪਾਤਸ਼ਾਹੀਆਂ" ਪ੍ਰੋ. ਪੂਰਨ ਸਿੰਘ ਦਾ ਕਾਵਿ ਕਥਨ ਹੈ।

ਸੰਗੀਤ ਅਹਿਸਾਸ ਦੀ ਬੁਲੰਦੀ ਦਾ ਨਾਂ ਹੈ। ਉਸ ਵਿਚ ਉਲਾਸ ਸ਼ਾਮਲ ਹੋ ਜਾਵੇ ਤਾਂ ਉਹ ਸੋਨੇ 'ਤੇ ਸੁਹਾਗੇ ਤੋਂ ਵੀ ਕੋਈ ਅਗਲੀ ਗੱਲ ਹੋ ਜਾਂਦੀ ਹੈ। ਅਜਿਹੀ ਉਮੰਗ ਦੇ ਸੁਹਜ ਅਤੇ ਸਹਿਜ ਦਾ ਨਾਂ ਰਬਾਬ ਹੈ, ਜਿਸ ਦਾ ਜਲੌ ਗੁਰੂ ਦੀ ਹਜ਼ੂਰੀ ਵਿਚ ਦੇਖਿਆ ਜਾ ਸਕਦਾ ਹੈ, "ਕਲਜੁਗ ਮਹਿ ਕੀਰਤਨੁ ਪਰਧਾਨਾ॥"

ਭਾਰਤੀ ਪਰੰਪਰਾ ਵਿਚ ਗਰੁੜ ਨੂੰ ਪੰਛੀਆਂ ਦਾ ਬਾਦਸ਼ਾਹ ਮੰਨਿਆ ਗਿਆ ਹੈ। ਕਹਿੰਦੇ ਹਨ, ਅਕਾਸ਼ ਵਿਚ ਉਡਦੇ ਗਰੁੜ ਨੂੰ ਧਰਤੀ 'ਤੇ ਰੀਂਘਦਾ ਸੱਪ ਨਜ਼ਰ ਆ ਜਾਵੇ ਤਾਂ ਝੱਟ ਝਪਟ ਪੈਂਦਾ ਹੈ।

ਭਾਈ ਸੰਤੋਖ ਸਿੰਘ ਨੇ 'ਸੂਰਜ ਪ੍ਰਕਾਸ਼' ਵਿਚ ਦਸਮੇਸ਼ ਪਿਤਾ ਨੂੰ 'ਖਗਿੰਦ' ਅਰਥਾਤ ਪੰਛੀਆਂ ਦੇ ਬਾਦਸ਼ਾਹ ਗਰੁੜ ਦੀ ਸੰਗਿਆ ਦਿੱਤੀ ਹੈ, ਜੋ 'ਸਰਪਿੰਦ' ਅਰਥਾਤ ਸੱਪਾਂ ਜਿਹੇ, ਗਿਰਿੰਦ (ਗਿਰ+ਇੰਦ) ਅਰਥਾਤ ਪਹਾੜੀ ਰਾਜਿਆਂ 'ਤੇ ਗਰੁੜ ਵਾਂਗ ਝਪਟ ਪਏ ਸਨ, "ਸਰਪਿੰਦ ਗਿਰਿੰਦ ਖਗਿੰਦ ਤੁਲੰ।"

ਅਕਾਸ਼ ਵਿਚ ਉਡਦੇ ਗੁਰੂ ਕੇ ਸਿੱਖ ਦਾ ਜਮਾਲ ਧਰਤੀ 'ਤੇ ਰੀਂਘਦੇ ਸੱਪ ਜਿਹੇ ਬਾਬਰੀ ਜਲਾਲ ਤੋਂ ਕਦੇ ਨਹੀਂ ਘਬਰਾਉਂਦਾ। ਪੰਚਮ ਪਾਤਸ਼ਾਹ ਆਖਦੇ ਹਨ ਕਿ ਗਰੁੜ ਦੇ ਮੁੱਖ 'ਤੇ ਸੱਪ ਦਾ ਕੋਈ ਡਰ ਨਹੀਂ ਹੁੰਦਾ, "ਗਰੁੜ ਮੁਖਿ ਨਹੀਂ ਸਰਪ ਤ੍ਰਾਸ॥"

ਪੰਗਤ ਵਿਚ ਵਰਤਦਾ ਲੰਗਰ ਤੇ ਸੰਗਤ ਵਿਚ ਵੱਜਦੀ ਰਬਾਬ ਇਨਸਾਨ ਨੂੰ ਧੁਰ ਕੀ ਬਾਣੀ ਨਾਲ ਜੋੜ ਦਿੰਦੇ ਹਨ ਤੇ ਉਸ ਦੇ ਚਿਹਰੇ ਤੋਂ ਹਰ ਪ੍ਰਕਾਰ ਦਾ ਭੈ ਖਤਮ ਹੋ ਜਾਂਦਾ ਹੈ, "ਸਿੰਘ ਸਰਨ ਕਤ ਜਾਈਐ ਜਉ ਜੰਬੁਕ ਗ੍ਰਾਸੈ॥"

ਅੱਜ ਸਿੱਖ ਸਮਾਜ ਨੇ ਰਬਾਬੀਆਂ ਨਾਲੋਂ ਨਾਤਾ ਤੋੜ ਕੇ ਰਬਾਬ ਤੋਂ ਮੂੰਹ ਮੋੜ ਲਿਆ ਹੈ। ਰਬਾਬ ਤੋਂ ਮੂੰਹ ਮੋੜਨਾ ਰੂਹਾਨੀ ਮੌਤ ਦੇ ਵਾਰੰਟ 'ਤੇ ਹਸਤਾਖਰ ਕਰਨ ਜਿਹੀ ਗੱਲ ਹੈ।

ਅਸਲ ਵਿਚ ਇਹ ਹਸਤਾਖਰ ਅਸੀਂ ਕਰ ਚੁਕੇ ਹਾਂ। ਇਸੇ ਲਈ ਅਸੀਂ ਹੁਣ ਦੇ ਬਾਬਰਾਂ ਦੇ ਪਿੱਠੂ ਬਣੇ ਹੋਏ ਹਾਂ। ਹੁਣ ਤਾਂ ਪਿੱਠੂਆਂ ਦੇ ਪਿੱਠੂ ਹੋਣ ਤੱਕ ਨੌਬਤ ਪੁੱਜ ਚੁਕੀ ਹੈ।

ਜੇ ਅਸੀਂ ਇਸ ਪਿਛਲੱਗ ਜਾਂ ਪਿੱਠੂ ਮਾਨਸਿਕਤਾ ਤੋਂ ਨਿਜਾਤ ਹਾਸਲ ਕਰਨੀ ਚਾਹੁੰਦੇ ਹਾਂ ਤਾਂ ਮੁੜ ਰਬਾਬੀਆਂ ਨੂੰ ਗਲ ਲਾ ਕੇ ਰਬਾਬ ਨਾਲ ਨਾਤਾ ਜੋੜਨਾ ਹੋਵੇਗਾ।

ਫਿਰ ਪੰਗਤ ਦਾ ਸਹਿਜ ਅਤੇ ਸੁਹਜ ਬਹਾਲ ਕਰਨਾ ਪਵੇਗਾ ਤੇ ਸੰਗਤ ਨੂੰ ਰਬਾਬੀ ਕੀਰਤਨ ਦੇ ਸੁਹਜ ਅਤੇ ਸਹਿਜ ਨਾਲ ਨਿਹਾਲ ਕਰਨਾ ਪਵੇਗਾ। ਵਿਨਾਸ਼ ਤੋਂ ਬਚਣ ਦਾ ਸਾਡੇ ਕੋਲ ਹੋਰ ਕੋਈ ਰਾਹ ਨਹੀਂ ਹੈ।

ਇਹ ਸਹਿਜ ਅਤੇ ਸੁਹਜ ਕਿਤੇ ਲੱਭਣ ਜਾਣ ਦੀ ਲੋੜ ਨਹੀਂ। ਅਸੀਂ ਇਸ ਦੇ ਬਹੁਤ ਨਜ਼ਦੀਕ ਹਾਂ। ਜਿਵੇਂ ਗੁਰੂ ਨਾਨਕ ਪਾਤਸ਼ਾਹ ਨੇ ਬਾਬਰ ਸ਼ਬਦ ਨੂੰ ਉਲਟਾ ਕੇ ਰਬਾਬ ਬਣਾ ਲਿਆ ਸੀ, ਇਵੇਂ ਸਾਨੂੰ ਵੀ ਅੱਜ ਸਿਰਫ ਏਨਾ ਕੁ ਯਤਨ ਕਰਨ ਦੀ ਲੋੜ ਹੈ ਅਤੇ ਆਪਣੇ ਮੁਤੱਸਬ ਤੇ ਸੰਕੀਰਣਤਾ ਤੋਂ ਮੁਕਤੀ ਹਾਸਲ ਕਰਨ ਦੀ ਜਰੂਰਤ ਹੈ।

# ਫਿਲਮੀ ਖਲਨਾਇਕਾਂ ਦੀ ਨਵੀਂ ਪਨੀਰੀ

ਫਿਲਮਾਂ ਵਿਚ ਜਦੋਂ ਤਕ ਖਲਨਾਇਕ ਦੀ ਗੱਲ ਨਾ ਹੋਵੇ, ਕਹਾਣੀ ਕੁਝ ਅਧੂਰੀ ਜਿਹੀ ਲੱਗਦੀ ਹੈ। ਬਾਲੀਵੁਡ ਵਿਚ ਹੀਰੋ-ਹੀਰੋਇਨ ਦੀਆਂ ਭੂਮਿਕਾਵਾਂ ਬੇਸ਼ੱਕ ਅਹਿਮ ਰਹਿੰਦੀਆਂ ਹਨ ਪਰ ਖਲਨਾਇਕ ਦੇ ਕਿਰਦਾਰ ਨੂੰ ਘੱਟ ਨਹੀਂ ਮੰਨਿਆ ਜਾ ਸਕਦਾ। ਇਕ ਦੌਰ ਵਿਚ ਰਾਜ ਬੱਬਰ ਵਰਗੇ ਸੁਨੱਖੇ ਅਦਾਕਾਰ ਨੇ ਖਲਨਾਇਕ ਬਣਨ ਦਾ ਰਾਹ ਚੁਣਿਆ ਸੀ ਅਤੇ ਉਹ ਖਲਨਾਇਕ ਦੇ ਰੂਪ ਵਿਚ ਛਾ ਗਿਆ ਸੀ। ਉਸ ਦੇ ਇਲਾਵਾ ਸ਼ਤਰੂਘਨ ਸਿਨਹਾ ਨੇ ਵੀ ਨਾਕਾਰਾਤਮਕ ਕਿਰਦਾਰ ਵਿਚ ਕਮਾਲ ਦੀ ਅਦਾਕਾਰੀ ਕੀਤੀ। ਅਮਿਤਾਭ ਬੱਚਨ, ਰਿਸ਼ੀ ਕਪੂਰ ਸਮੇਤ ਮਨੀਸ਼ ਬਹਿਲ ਵਰਗੇ ਕਈ ਵੱਡੇ ਕਲਾਕਾਰਾਂ ਨੇ ਕਦੇ ਨਾ ਕਦੇ ਖਲਨਾਇਕ ਦੀਆਂ ਭੂਮਿਕਾਵਾਂ ਪਰਦੇ 'ਤੇ ਅਦਾ ਕੀਤੀਆਂ ਹਨ ਅਤੇ ਉਹ ਦਰਸ਼ਕਾਂ ਨੂੰ ਪਸੰਦ ਵੀ ਆਈਆਂ ਹਨ। ਸ਼ਾਇਦ ਇਹੀ ਵਜ੍ਹਾ ਹੈ ਕਿ ਅੱਜ ਦੇ ਕਈ ਨਵੇਂ ਅਦਾਕਾਰ ਇਸ ਰਾਹ 'ਤੇ ਹਨ। ਰਣਵੀਰ ਸਿੰਘ, ਨਵਾਜ਼ੂਦੀਨ ਸਦੀਕੀ ਤੋਂ ਲੈ ਕੇ ਅਕਸ਼ੈ ਕੁਮਾਰ ਤਕ ਬਾਲੀਵੁਡ ਵਿਚ ਖਲਨਾਇਕ ਦੇ ਕਿਰਦਾਰ ਕਰਦੇ ਦਿਖਾਈ ਦਿੰਦੇ ਹਨ।

ਕਦੇ ਬਾਲੀਵੁੱਡ ਵਿਚ ਅਮਜ਼ਦ ਖਾਨ, ਅਮਰੀਸ਼ ਪੁਰੀ, ਅਜੀਤ, ਰਣਜੀਤ, ਗੁਲਸ਼ਨ ਗਰੋਵਰ, ਸ਼ਕਤੀ ਕਪੂਰ ਤੋਂ ਲੈ ਕੇ ਪ੍ਰੇਮ ਚੋਪੜਾ ਅਤੇ ਡੈਨੀ ਵਰਗੇ ਖਲਨਾਇਕਾਂ ਦੀ ਤੂਤੀ ਬੋਲਦੀ ਸੀ। ਇਹ ਅਦਾਕਾਰ ਨਾਕਾਰਾਤਮਕ ਕਿਰਦਾਰ ਲਈ ਹੀ ਜਾਣੇ ਜਾਂਦੇ ਸਨ। ਇਨ੍ਹਾਂ ਦੀ ਮੌਜੂਦਗੀ ਤੋਂ ਬਿਨਾ ਫਿਲਮ ਅਧੂਰੀ ਲੱਗਦੀ ਸੀ। ਮੌਜੂਦਾ ਦੌਰ ਵਿਚ ਬਾਲੀਵੁਡ ਵਿਚ ਰੁਝਾਨ ਬਦਲ ਰਿਹਾ ਹੈ। ਹੁਣ ਵੱਡੇ ਪਰਦੇ ਦੇ ਨਾਇਕ ਵੀ ਖਲਨਾਇਕ ਦੀਆਂ ਭੂਮਿਕਾਵਾਂ ਕਰਕੇ ਆਪਣੀ ਪ੍ਰਤਿਭਾ ਸਾਬਤ ਕਰਨ ਵਿਚ ਲੱਗੇ ਹੋਏ ਹਨ। ਰਣਵੀਰ ਸਿੰਘ ਨੂੰ 'ਪਦਮਾਵਤ' ਦੇ ਖਿਲਜੀ ਦੇ ਰੂਪ ਵਿਚ ਭਲਾ ਕੌਣ ਭੁੱਲ ਸਕਦਾ ਹੈ। ਅਕਸ਼ੈ ਕੁਮਾਰ ਕਈ ਫਿਲਮਾਂ ਵਿਚ ਨਾਕਾਰਾਤਮਕ ਕਿਰਦਾਰ ਨਿਭਾ ਚੁੱਕਿਆ ਹੈ। '2.0' ਵਿਚ ਖਲਨਾਇਕ ਦੀ ਭੂਮਿਕਾ ਚੰਗਾ ਸੰਦੇਸ਼ ਦਰਸ਼ਕਾਂ ਤਕ ਪਹੁੰਚਾਉਂਦੀ ਹੈ। ਉਹ ਪਹਿਲੀ ਵਾਰ ਫਿਲਮ 'ਖਿਲਾੜੀ 420' ਵਿਚ ਖਲਨਾਇਕ ਦੇ ਰੂਪ ਵਿਚ ਨਜ਼ਰ ਆਇਆ ਸੀ। 'ਵੰਸ ਅਪੌਨ ਏ ਟਾਈਮ ਇਨ ਮੁੰਬਈ ਦੋਬਾਰਾ', 'ਬਲੂ' ਦੇ ਇਲਾਵਾ 'ਅਜਨਬੀ' ਵਿਚ ਵੀ ਉਸ ਦਾ ਨਾਕਾਰਾਤਮਕ ਕਿਰਦਾਰ ਸੀ।

ਬਾਲੀਵੁੱਡ ਵਿਚ ਸਥਾਪਿਤ ਹੀਰੋ ਵੀ ਖਲਨਾਇਕ ਦਾ ਕਿਰਦਾਰ ਨਿਭਾ ਰਹੇ ਹਨ। ਰਣਵੀਰ ਸਿੰਘ ਤੋਂ ਇਲਾਵਾ ਚੰਕੀ ਪਾਂਡੇ ਫਿਲਮ 'ਸਾਹੋ' (ਦੇਵਰਾਜ), 'ਬੇਗਮ ਜਾਨ' (ਕਬੀਰ), ਹਾਸਰਸ ਅਦਾਕਾਰ ਸੌਰਭ ਸ਼ੁਕਲਾ ਫਿਲਮ 'ਰੇਡ' (ਰਾਮੇਸ਼ਵਰ), ਰਾਣਾ ਡੱਗੂਬਾਤੀ ਫਿਲਮ 'ਬਾਹੂਬਲੀ 2' (ਭਲਾਲਦੇਵ), ਪ੍ਰਿਥਵੀਰਾਜ ਸੁਕੁਮਾਰਨ, ਫਿਲਮ 'ਨਾਮ ਸ਼ਬਾਨਾ' (ਟੋਨੀ), ਸਿਧਾਰਥ ਮਲਹੋਤਰਾ ਫਿਲਮ 'ਇਤੇਫਾਕ' (ਵਿਕਰਮ ਸੇਠੀ), ਸਾਜਦ ਡੇਲਫਰੂਜ਼ ਫਿਲਮ


ਰਾਹੁਲ ਦੇਵ

'ਟਾਈਗਰ ਜ਼ਿੰਦਾ ਹੈ' (ਅੱਬੂ ਉਸਮਾਨ), ਰੋਹਿਤ ਰੌਇ ਤੇ ਰੋਨਿਤ ਰੌਇ ਫਿਲਮ 'ਕਾਬਿਲ' (ਮਾਧਵਰਾਵ ਤੇ ਅਮਿਤ ਸ਼ੇਲਰ) ਵਿਚ ਖਲਨਾਇਕ ਦੇ ਰੂਪ ਵਿਚ ਨਜ਼ਰ ਆ ਚੁੱਕੇ ਹਨ।

ਖਲਨਾਇਕਾਂ ਦੀ ਹਰਮਨਪਿਆਰਤਾ ਸੁਪਰਸਟਾਰਾਂ ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ। ਕਈ ਖਲਨਾਇਕਾਂ ਦੇ ਕਿਰਦਾਰਾਂ ਨੂੰ ਇੰਨਾ ਪਸੰਦ ਕੀਤਾ ਗਿਆ ਕਿ ਦਰਸ਼ਕਾਂ ਦੇ ਦਿਲਾਂ ਵਿਚ ਉਨ੍ਹਾਂ ਦੀ ਵਧੀਆ ਪਛਾਣ ਬਣ ਗਈ। ਇਨ੍ਹਾਂ ਦੀ ਸੂਚੀ ਲੰਮੀ ਹੈ। ਖਲਨਾਇਕ ਕੋਲ ਬੁਰਾ ਹੋਣ ਦੇ ਬਾਵਜੂਦ ਦਾਇਰਾ ਵੱਡਾ ਹੁੰਦਾ ਹੈ। ਹੀਰੋ ਤੋਂ ਉਸ ਦੀ ਹਾਰ ਅੰਤ ਵਿਚ ਹੀ ਹੁੰਦੀ ਹੈ, ਉਦੋਂ ਤਕ ਉਹ ਹੀਰੋ ਨੂੰ ਪਰੇਸ਼ਾਨ ਹੀ ਕਰਦਾ ਹੈ। 'ਧੂਮ 3' ਵਿਚ ਆਮਿਰ ਨੇ ਡਬਲ ਰੋਲ ਨਿਭਾਇਆ ਸੀ ਅਤੇ ਦੋਵੇਂ ਹੀ ਕਿਰਦਾਰ ਚੋਰ ਦੇ ਸਨ ਪਰ ਉਸ ਨੇ ਫਿਲਮ ਵਿਚ ਅਭਿਸ਼ੇਕ ਬੱਚਨ ਅਤੇ ਉਦੈ ਚੋਪੜਾ ਤੋਂ ਜ਼ਿਆਦਾ ਤਾਰੀਫ ਹਾਸਲ ਕੀਤੀ। ਜੇ 'ਧੂਮ' ਸੀਰੀਜ਼ ਦੀ ਹੀ ਗੱਲ ਕੀਤੀ ਜਾਵੇ ਤਾਂ ਹੀਰੋ ਤੋਂ ਜ਼ਿਆਦਾ ਉਤਸੁਕਤਾ ਇਹ ਜਾਣਨ ਵਿਚ ਰਹਿੰਦੀ ਹੈ ਕਿ ਫਿਲਮ ਦਾ


ਤਾਹਿਰ ਰਾਜ ਭਸੀਨ

ਖਲਨਾਇਕ ਕੌਣ ਹੋਵੇਗਾ? ਹੌਲੀਵੁੱਡ ਵਿਚ ਇਹ ਉਤਸੁਕਤਾ 'ਜੇਮਜ਼ ਬਾਂਡ' ਸੀਰੀਜ਼ ਵਿਚ ਰਹਿੰਦੀ ਹੈ ਕਿ ਬਾਂਡ ਦੇ ਸਾਹਮਣੇ ਖਲਨਾਇਕ ਕੌਣ ਹੋਵੇਗਾ?

ਦੂਜਾ ਉਦਾਹਰਨ ਲੈਂਦੇ ਹਾਂ ਸੈਫ ਅਲੀ ਖਾਨ ਦਾ। ਉਸ ਦੇ ਕਰੀਅਰ ਨੂੰ ਦੂਜੀ ਜ਼ਿੰਦਗੀ ਖਲਨਾਇਕ ਦਾ ਕਿਰਦਾਰ ਨਿਭਾਉਣ ਤੋਂ ਬਾਅਦ ਮਿਲੀ। 'ਓਂਕਾਰਾ' ਵਿਚ ਨਿਰਦੇਸ਼ਕ ਵਿਸ਼ਾਲ ਭਾਰਦਵਾਜ ਨੇ ਜੇ ਸੈਫ ਨੂੰ ਲੰਗੜਾ ਤਿਆਗੀ ਦਾ ਕਿਰਦਾਰ ਨਾ ਦਿੱਤਾ ਹੁੰਦਾ ਤਾਂ ਸੈਫ ਅੱਜ ਇੰਨਾ ਸਫਲ ਨਾ ਹੁੰਦਾ।

ਬਾਲੀਵੁਡ ਦਾ ਨੌਜਵਾਨ ਖਲਨਾਇਕ ਹੈ ਤਾਹਿਰ ਰਾਜ ਭਸੀਨ। ਉਸ ਨੇ ਵੀ ਫਰੇਡੀ ਦਾਰੂਵਾਲਾ ਵਾਂਗ ਫਿਲਮੀ ਸਫਰ ਦੀ ਸ਼ੁਰੂਆਤ ਖਲਨਾਇਕ ਤੋਂ ਕੀਤੀ ਅਤੇ ਸੁਪਰਹਿਟ ਵੀ ਹੋਇਆ। ਇਹ ਫਿਲਮ ਸੀ 'ਮਰਦਾਨੀ' (2014)। ਇਸ ਫਿਲਮ ਵਿਚ ਖਲਨਾਇਕ ਦੀ ਭੂਮਿਕਾ ਇੰਨੀ ਮਜ਼ਬੂਤ ਸੀ ਕਿ ਤਾਹਿਰ ਨੂੰ ਕਈ ਐਵਾਰਡ ਮਿਲੇ। ਫਿਲਮ 'ਫੋਰਸ 2' ਵਿਚ ਵੀ ਤਾਹਿਰ ਨੇ ਖਲਨਾਇਕ ਦੀ ਭੂਮਿਕਾ ਨਿਭਾਈ ਹੈ।

ਉਂਜ ਤਾਂ ਰਿਤੇਸ਼ ਦੇਸ਼ਮੁਖ ਨੂੰ ਸਾਰੇ ਦਰਸ਼ਕ ਕਾਮੇਡੀ ਕਿੰਗ ਦੇ ਨਾਂ ਨਾਲ ਜਾਣਦੇ ਹਨ ਪਰ 'ਏਕ ਵਿਲੇਨ' ਵਿਚ ਉਸ ਦੀ ਨਾਕਾਰਾਤਮਕ ਭੂਮਿਕਾ ਨੂੰ ਕਿਵੇਂ ਭੁੱਲਿਆ ਜਾ ਸਕਦਾ ਹੈ। ਦੱਖਣ ਭਾਰਤ ਦੀ ਫਿਲਮ ਸਨਅਤ ਦਾ ਵੱਡਾ ਸਟਾਰ ਹੈ


ਰਿਤੇਸ਼ ਦੇਸ਼ਮੁਖ

ਪ੍ਰਕਾਸ਼ ਰਾਜਾ। ਹਰ ਭਾਵ ਨੂੰ ਫਿਲਮੀ ਪਰਦੇ 'ਤੇ ਬਿਹਤਰ ਤਰੀਕੇ ਨਾਲ ਉਤਾਰਨ ਵਾਲਾ ਇਹ ਅਦਾਕਾਰ ਹਰਫਨਮੌਲਾ ਹੈ। ਬਾਲੀਵੁਡ ਵਿਚ ਪ੍ਰਕਾਸ਼ ਰਾਜ ਉਮਦਾ ਅਦਾਕਾਰੀ ਲਈ ਸ਼ਲਾਘਾ ਹਾਸਲ ਕਰਦਾ ਹੈ। ਉਸ ਨੂੰ ਫਿਲਮ 'ਵਾਂਟੇਡ' ਦੇ ਗਿੰਨੀ ਭਾਈ ਅਤੇ ਫਿਲਮ 'ਸਿੰਘਮ' ਵਿਚ ਜੈਸ਼ੰਕਰ ਸ਼ਿਕਰੇ ਨਾਲ ਵੱਡੀ ਪਛਾਣ ਮਿਲੀ।

ਗੁਲਸ਼ਨ ਗਰੋਵਰ ਕਿਸੇ ਖਾਸ ਪਛਾਣ ਦਾ ਮੁਹਤਾਜ ਨਹੀਂ ਹੈ। ਪਿਛਲੇ ਚਾਰ ਦਹਾਕਿਆਂ ਤੋਂ ਉਹ ਬਾਲੀਵੁਡ ਵਿਚ ਖਲਨਾਇਕ ਦੀ ਭੂਮਿਕਾ ਨਿਭਾ ਰਿਹਾ ਹੈ। ਫਿਲਮ 'ਸੱਤਿਆ' (1998) ਵਿਚ ਭੀਖੂ ਮਾਤਰੇ ਦੇ ਰੂਪ ਵਿਚ ਮਨੋਜ ਵਾਜਪਈ ਨੂੰ ਖਾਸ ਪਛਾਣ ਮਿਲੀ ਸੀ ਅਤੇ ਇਸ ਲਈ ਕਈ ਐਵਾਰਡ ਵੀ ਮਿਲੇ ਸਨ।

ਰੋਨਿਤ ਰੌਇ ਨੇ ਫਿਲਮੀ ਸਫਰ ਕਾਫੀ ਦੇਰੀ ਨਾਲ ਸ਼ੁਰੂ ਕੀਤਾ। ਉਸ ਨੇ ਟੀ.ਵੀ. ਤੋਂ ਅਦਾਕਾਰੀ ਦਾ ਸਫਰ ਸ਼ੁਰੂ ਕੀਤਾ। ਫਿਲਮੀ ਪਰਦੇ 'ਤੇ ਉਸ ਨੇ ਮੁੱਖ ਅਤੇ ਸਹਾਇਕ ਅਦਾਕਾਰ ਵਜੋਂ ਕੁਝ ਫਿਲਮਾਂ ਕੀਤੀਆਂ ਪਰ ਨਾ ਫਿਲਮਾਂ ਹਿਟ ਹੋਈਆਂ, ਨਾ ਹੀ ਉਸ ਦੀ ਨਾਕਾਰਾਤਮਕ ਅਦਾਕਾਰੀ ਹੀ ਹਿਟ ਹੋਈ। ਸੋਨੂੰ ਸੂਦ ਦੱਖਣ ਭਾਰਤੀ ਫਿਲਮ ਸਨਅਤ ਵਿਚ ਸਭ ਤੋਂ ਜ਼ਿਆਦਾ ਚਰਚਿਤ ਅਦਾਕਾਰ ਹੈ। ਉਹ ਫਿਲਮਾਂ ਵਿਚ ਸਹਾਇਕ ਅਤੇ ਨਾਕਾਰਾਤਮਕ ਕਿਰਦਾਰ ਨਿਭਾਉਂਦਾ ਹੈ। ਬਾਲੀਵੁਡ ਵਿਚ ਉਸ ਨੂੰ ਸਭ ਤੋਂ ਸੁਨੱਖਾ ਖਲਨਾਇਕ ਕਹਿਣਾ ਗਲਤ ਨਹੀਂ ਹੋਵੇਗਾ। ਫਿਲਮਾਂ 'ਸਿੰਬਾ', 'ਆਰ. ਰਾਜਕੁਮਾਰ' ਅਤੇ 'ਦਬੰਗ' ਵਿਚ ਉਸ ਨੇ ਖਲਨਾਇਕ ਦਾ ਯਾਦਗਾਰੀ ਕਿਰਦਾਰ ਨਿਭਾਇਆ ਸੀ।

ਖਲਨਾਇਕ ਲਈ ਵਧੀਆ ਅਦਾਕਾਰੀ ਹੀ ਕਾਫੀ ਨਹੀਂ, ਖਤਰਨਾਕ ਦਿੱਖ ਤੇ ਵੱਡੇ ਡੌਲਿਆਂ ਵਾਲਾ ਸਰੀਰ ਵੀ ਅਹਿਮ ਹੁੰਦਾ ਹੈ। ਇਸ ਮਾਪਦੰਡ ਵਿਚ ਰਾਹੁਲ ਦੇਵ ਬਿਲਕੁਲ ਫਿਟ ਹੈ। ਇਸ ਖਲਨਾਇਕ ਨੇ ਤਮਿਲ, ਤੇਲਗੂ, ਉੜੀਆ, ਪੰਜਾਬੀ, ਕੰਨੜ ਅਤੇ ਮਲਿਆਲਮ ਭਾਸ਼ਾ ਦੀਆਂ ਫਿਲਮਾਂ ਵਿਚ ਵੀ ਕੰਮ ਕੀਤਾ ਹੈ।

ਆਸ਼ੂਤੋਸ਼ ਰਾਣਾ ਨੇ ਪਿਛਲੇ ਦੋ ਦਹਾਕਿਆਂ ਤੋਂ ਯਾਦਗਾਰੀ ਖਲਨਾਇਕ ਦੀ ਭੂਮਿਕਾ ਨਿਭਾਈ ਹੈ। ਫਿਲਮ 'ਦੁਸ਼ਮਨ' (1999) ਅਤੇ 'ਸੰਘਰਸ਼' (2000) ਲਈ ਉਨ੍ਹਾਂ ਨੂੰ ਬਿਹਤਰੀਨ ਖਲਨਾਇਕ ਦਾ ਫਿਲਮਫੇਅਰ ਐਵਾਰਡ ਵੀ ਮਿਲ ਚੁੱਕਿਆ ਹੈ। ਫਰੇਡੀ ਦਾਰੂਵਾਲਾ ਨੌਜਵਾਨ ਖਲਨਾਇਕ ਹੈ। ਉਸ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਹੀ ਖਲਨਾਇਕ ਵਜੋਂ ਕੀਤੀ ਤੇ ਹਿਟ ਵੀ ਹੋਇਆ।

ਨਿਕਿਤਿਨ ਧੀਰ ਨੂੰ ਆਸ਼ੂਤੋਸ਼ ਗੋਵਾਰੀਕਰ ਦੀ ਫਿਲਮ 'ਜੋਧਾ ਅਕਬਰ' ਵਿਚ ਦੇਖਿਆ ਗਿਆ ਸੀ। ਇਸ ਵਿਚ ਉਸ ਨੇ ਰਿਤਿਕ ਰੌਸ਼ਨ ਨਾਲ ਸਹਾਇਕ ਅਦਾਕਾਰ ਦਾ ਕਿਰਦਾਰ ਨਿਭਾਇਆ ਸੀ। ਉਸ ਤੋਂ ਬਾਅਦ ਫਿਲਮ 'ਚੇਨਈ ਐਕਸਪ੍ਰੈਸ' ਨੇ ਉਸ ਨੂੰ ਹਰਮਨਪਿਆਰਾ ਬਣਾਇਆ। ਉਸ ਨੇ 'ਦਬੰਗ 2' ਅਤੇ 'ਰੈਡੀ' ਵਿਚ ਖਲਨਾਇਕ ਦੀ ਭੂਮਿਕਾ ਨਿਭਾ ਕੇ ਚਰਚਾ ਹਾਸਲ ਕੀਤੀ।


*-ਦੀਪਤੀ ਅੰਗਰੀਸ਼*

# ਆਮਿਰ ਖਾਨ ਉਰਫ ਲਾਲ ਸਿੰਘ ਚੱਢਾ

ਲਾਲ ਸਿੰਘ ਚੱਡਾ ਮਸ਼ਹੂਰ ਅਦਾਕਾਰ ਆਮਿਰ ਖਾਨ ਦੀ ਨਵੀਂ ਫਿਲਮ ਹੈ ਜਿਸ ਦੀ ਸ਼ੂਟਿੰਗ ਅੱਜ ਕੱਲ੍ਹ ਰੂਪ ਨਗਰ ਇਲਾਕੇ ਵਿਚ ਬੜੇ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਇਸ ਫਿਲਮ ਵਿਚ ਆਮਿਰ ਖਾਨ ਤੋਂ ਇਲਾਵਾ ਅਦਾਕਾਰਾ ਕਰੀਨਾ ਕਪੂਰ ਮੁੱਖ ਭੂਮਿਕਾ ਨਿਭਾਅ ਰਹੀ ਹੈ। ਅਗਲੇ ਸਾਲ ਕ੍ਰਿਸਮਸ ਮੌਕੇ ਰਿਲੀਜ਼ ਹੋਣ ਵਾਲੀ ਇਸ ਫਿਲਮ ਦਾ ਨਿਰਦੇਸ਼ਕ ਅਦਵੈਤ ਚੰਦਨ ਹੈ ਜੋ ਆਮਿਰ ਖਾਨ ਨਾਲ 'ਤਾਰੇ ਜ਼ਮੀਨ ਪਰ' ਫਿਲਮ ਬਣਾਉਣ ਦੇ ਸਮੇਂ ਤੋਂ ਜੁੜਿਆ ਹੋਇਆ ਹੈ। ਇਸ ਫਿਲਮ ਵਿਚ ਉਹ ਪ੍ਰੋਡਕਸ਼ਨ ਮੈਨੇਜਰ ਸੀ ਪਰ 2010 ਵਿਚ ਆਈ ਆਮਿਰ ਖਾਨ ਦੀ ਫਿਲਮ 'ਧੋਬੀ ਘਾਟ' ਵਿਚ ਉਹ ਅਸਿਸਟੈਂਟ ਡਾਈਰੈਕਟਰ ਬਣਿਆ ਅਤੇ ਫਿਰ 2017 ਵਿਚ ਆਈ ਫਿਲਮ 'ਸੀਕ੍ਰਿਟ ਸੁਪਰਸਟਾਰ' ਵਿਚ ਉਸ ਨੇ ਨਿਰਦੇਸ਼ਕ ਦੀ ਭੂਮਿਕਾ ਨਿਭਾਈ।

ਹੁਣ ਆਪਣੀ ਨਵੀਂ ਫਿਲਮ 'ਲਾਲ ਸਿੰਘ ਚੱਢਾ' ਦੀ ਪੂਰੀ ਕਮਾਨ ਵੀ ਆਮਿਰ ਖਾਨ ਨੇ ਅਦਵੈਤ ਚੰਦਨ ਨੂੰ ਸੌਂਪੀ ਹੈ। ਇਹ ਫਿਲਮ 1986 ਵਿਚ ਛਪੇ ਵਿੰਸਟਨ ਗਰੂਮ ਦੇ ਨਾਵਲ 'ਫੌਰੈਸਟ ਗੰਪ' ਉਤੇ ਆਧਾਰਤ ਹੈ। ਇਸ ਨਾਵਲ ਨੂੰ ਆਧਾਰ ਬਣਾ ਕੇ 1994 ਵਿਚ ਉਘੇ ਫਿਲਮਸਾਜ਼ ਰੌਬਰਟ ਜ਼ੈਮੇਕਿਸ ਨੇ ਫਿਲਮ ਬਣਾਈ ਸੀ ਅਤੇ ਇਸ ਫਿਲਮ ਦੀ ਦੁਨੀਆ ਭਰ ਵਿਚ ਖੂਬ ਚਰਚਾ ਹੋਈ ਸੀ। ਇਸ ਨਾਵਲ ਵਿਚ ਨਾਇਕ ਆਪਣੀ ਕਹਾਣੀ ਲਿਖਦਾ ਹੈ ਪਰ ਸ਼ਬਦ-ਜੋੜਾਂ ਅਤੇ ਵਿਆਕਰਨ ਦੀਆਂ ਗਲਤੀਆਂ ਬਹੁਤ ਕਰਦਾ ਹੈ। ਸਾਰੀ ਕਹਾਣੀ ਨਾਇਕ ਦੁਆਲੇ ਹੀ ਘੁੰਮਦੀ ਹੈ। ਯਾਦ ਰਹੇ ਕਿ ਆਮਿਰ ਖਾਨ ਨਵੇਂ ਵਿਚਾਰਾਂ ਵਾਲੀਆਂ ਫਿਲਮਾਂ ਲਈ ਬਹੁਤ ਚਰਚਿਤ ਰਿਹਾ ਹੈ। 'ਤਾਰੇ ਜ਼ਮੀਨ ਪਰ', 'ਪੀ.ਕੇ.', 'ਦੰਗਲ', '3 ਈਡੀਅਟ' ਆਦਿ ਫਿਲਮਾਂ ਉਸ ਨੇ ਵੱਡੀ ਕੋਸ਼ਿਸ਼ ਨਾਲ ਬਣਾਈਆਂ ਅਤੇ ਇਹ ਸਫਲ ਵੀ ਰਹੀਆਂ। 'ਤਾਰੇ ਜ਼ਮੀਨ ਪਰ' ਅਜਿਹੇ ਬੱਚੇ ਦੀ ਕਹਾਣੀ ਹੈ ਜੋ ਇਕ ਬਿਮਾਰੀ ਕਾਰਨ ਪੜ੍ਹਾਈ ਵਿਚ ਬਹੁਤ ਕਮਜ਼ੋਰ ਹੈ ਪਰ ਚਿੱਤਰਕਾਰੀ ਵਿਚ ਉਸ ਦੀ ਪ੍ਰਤਿਭਾ ਬੇਮਿਸਾਲ ਹੈ। ਫਿਲਮ ਦਾ ਸੁਨੇਹਾ ਇਹੀ ਹੈ ਕਿ ਸਾਨੂੰ ਆਪਣੇ ਬੱਚਿਆਂ 'ਤੇ ਪੜ੍ਹਾਈ ਦਾ ਦਬਾਅ ਪਾਉਣ ਦੀ ਥਾਂ ਉਨ੍ਹਾਂ ਦੀ ਖਾਸ ਦੀ ਪ੍ਰਤਿਭਾ ਨੂੰ ਪਛਾਨਣਾ ਚਾਹੀਦਾ ਹੈ। 'ਪੀ.ਕੇ.' ਫਿਲਮ ਵਿਚ ਉਸ ਨੇ ਧਾਰਮਿਕ ਕਰਮ-ਕਾਂਡਾਂ ਰਾਹੀਂ ਆਮ ਬੰਦੇ ਦੀ ਹੋਰ ਰਹੀ ਲੁੱਟ ਨੂੰ ਬਹੁਤ ਖੂਬਸੂਰਤ ਢੰਗ ਨਾਲ ਬਿਆਨ ਕੀਤਾ ਹੈ। 'ਦੰਗਲ' ਫਿਲਮ ਅਜਿਹੇ ਬਾਪ ਦੀ ਸੱਚੀ ਕਹਾਣੀ 'ਤੇ ਆਧਾਰਤ ਹੈ ਜੋ ਸਮਾਜ ਦੇ ਤਾਅਨੇ ਮਿਹਣਿਆਂ ਨੂੰ ਦਰਕਿਨਾਰ ਕਰਕੇ ਆਪਣੀਆਂ ਕੁੜੀਆਂ ਨੂੰ ਪਹਿਲਵਾਨ ਬਣਾਉਂਦਾ ਹੈ। '3 ਈਡੀਅਟ' ਫਿਲਮ ਵਿਚ ਮੁਲਕ ਦੇ ਸਿੱਖਿਆ ਢਾਂਚੇ 'ਤੇ ਬਹੁਤ ਤਿੱਖੀ ਚੋਟ ਕੀਤੀ ਗਈ ਹੈ। ਹੁਣ ਸਬ ਦੀਆਂ 'ਲਾਲ ਸਿੰਘ ਚੱਢਾ' ਉਤੇ ਟਿਕੀਆਂ ਹੋਈਆਂ ਹਨ।

*-ਗੁਰਜੰਟ ਸਿੰਘ*







ਆਮਿਰ ਖਾਨ ਦੀ ਫਿਲਮ 'ਲਾਲ ਸਿੰਘ ਚੱਢਾ' ਦਾ ਪੋਸਟਰ, ਨਿਰਦੇਸ਼ਕ ਅਦਵੈਤ ਚੰਦਨ ਅਤੇ ਅਦਾਕਾਰਾ ਕਰੀਨਾ ਕਪੂਰ।



# ਯਾਮੀ ਗੌਤਮ ਦੀ ਵਾਹ-ਵਾਹ

ਹਾਲ ਹੀ ਵਿਚ 7 ਨਵੰਬਰ ਨੂੰ ਰਿਲੀਜ਼ ਹੋਈ ਫਿਲਮ 'ਬਾਲਾ' ਵਿਚ ਟਿਕ-ਟੌਕ ਸਟਾਰ ਦਾ ਕਿਰਦਾਰ ਨਿਭਾ ਕੇ ਅਦਾਕਾਰਾ ਯਾਮੀ ਗੌਤਮ ਨੇ ਖੂਬ ਵਾਹ-ਵਾਹ ਖੱਟੀ ਹੈ। ਇਸ ਫਿਲਮ ਉਤੇ ਕੁੱਲ ਖਰਚਾ 25 ਕਰੋੜ ਦਾ ਹੋਇਆ ਸੀ ਅਤੇ ਹੁਣ ਤਕ ਇਹ ਫਿਲਮ 155 ਕਰੋੜ ਰੁਪਏ ਕਮਾ ਚੁਕੀ ਹੈ। ਫਿਲਮ ਦਾ ਮੁੱਖ ਪਾਤਰ ਗੰਜਾ ਹੋਣ ਕਾਰਨ ਬੜਾ ਪ੍ਰੇਸ਼ਾਨ ਰਹਿੰਦਾ ਹੈ ਅਤੇ ਸਾਰੀ ਫਿਲਮ ਦਾ ਤਾਣਾ-ਬਾਣਾ ਉਸੇ ਦੁਆਲੇ ਬੁਣਿਆ ਗਿਆ ਹੈ। ਫਿਲਮ ਵਿਚ ਯਾਮੀ ਗੌਤਮ ਤੋਂ ਇਲਾਵਾ ਆਯੂਸ਼ਮਾਨ ਖੁਰਾਣਾ, ਭੂਮੀ ਪੜਨੇਕਰ, ਜਾਵੇਦ ਜਾਫਰੀ, ਸੌਰਭ ਸ਼ੁਕਲਾ ਅਤੇ ਸੀਮਾ ਪਾਹਵਾ ਵੀ ਹਨ।

ਇਸੇ ਸਾਲ ਰਿਲੀਜ਼ ਹੋਈ ਉਸ ਦੀ ਇਕ ਹੋਰ ਫਿਲਮ 'ਉੜੀ' ਵੀ ਬੜੀ ਸਫਲ ਰਹੀ ਸੀ ਅਤੇ ਹੁਣ ਉਹ ਆਪਣੀ ਨਵੀਂ ਫਿਲਮ 'ਗਿੰਨੀ ਵੈੱਡਸ ਸਨੀ' ਵਿਚ ਰੁਝੀ ਹੋਈ ਹੈ। ਇਹ ਫਿਲਮ ਅਗਲੇ ਸਾਲ ਰਿਲੀਜ਼ ਹੋਣੀ ਹੈ। ਇਸ ਰੁਮਾਂਚਿਕ ਫਿਲਮ ਦਾ ਨਿਰਦੇਸ਼ਨ ਪੁਨੀਤ ਖੰਨਾ ਕਰ ਰਿਹਾ ਹੈ। ਇਸ ਫਿਲਮ ਵਿਚ ਯਾਮੀ ਗੌਤਮ ਨਾਲ ਵਿਕਰਾਂਤ ਮੈਸੀ ਨੂੰ ਲਿਆ ਗਿਆ ਹੈ। ਪ੍ਰਸਿੱਧ ਅਦਾਕਾਰ ਜਿੰਮੀ ਸ਼ੇਰਗਿਲ ਵੀ ਫਿਲਮ ਵਿਚ ਅਹਿਮ ਕਿਰਦਾਰ ਨਿਭਾਅ ਰਿਹਾ ਹੈ। ਫਿਲਮ ਦੀ ਸ਼ੂਟਿੰਗ ਦਿੱਲੀ, ਨੋਇਡਾ, ਗਾਜ਼ੀਆਬਾਦ ਅਤੇ ਮਨਾਲੀ ਵਿਚ ਹੋਣੀ ਹੈ। ਯਾਦ ਰਹੇ ਕਿ ਯਾਮੀ ਨੂੰ ਹਾਲ ਹੀ ਵਿਚ 'ਰਾਈਜ਼ਿੰਗ ਹਿਮਾਚਲ ਗਲੋਬਲ ਇਨਵੈਸਟਰਜ਼' ਮੀਟ ਦਾ ਬਰਾਂਡ ਅੰਬੈਸਡਰ ਵੀ ਚੁਣਿਆ ਗਿਆ ਹੈ।

*-ਹਰਸਿਮਰਨ ਕੌਰ*

Tel.: 317-426-5410
Ext 311 or 340

XPressCargo

Cell : 317-701-4230
Fax : 317-308-6424

Pay Every Week
Single upto 42 Cent + Team Upto 50 Cent

100%
OWNER OPERATOR
COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com